# 1919 ਦਾ ਪੰਜਾਬ



ਜੋਗਿੰਦਰ ਸ਼ਮਸ਼ੇਰ

Sri Satguru Jagjit Singh Ji eLibrary NamdhariElibrary@gmail.com

# 1919 ਦਾ ਪੰਜਾਬ

ਜੋਗਿੰਦਰ
ਸ਼ਮਸ਼ੇਰ

Sri Satguru Jagjit Singh Ji eLibrary NamdhariElibrary@gmail.com

# 1919
# ਦਾ
# ਪੰਜਾਬ

ਜੋਗਿੰਦਰ ਸ਼ਮਸ਼ੇਰ

ਨਵਯੁਗ ਪਬਲਿਸ਼ਰਜ਼, ਦਿੱਲੀ

Sri Satguru Jagjit Singh Ji eLibrary NamdhariElibrary@gmail.com

1919 Da Punjab
*by*
Joginder Shamsher

© ਲੇਖਕ : 1992

ਪ੍ਰਕਾਸ਼ਕ
ਨਵਯੁਗ ਪਬਲਿਸ਼ਰਜ਼
ਪਲਈਅਰ ਗਾਰਡਨ ਮਾਰਕਿਟ
ਚਾਂਦਨੀ ਚੌਕ, ਦਿੱਲੀ

ਛਾਪਕ
ਨਵਯੁਗ ਪ੍ਰੈਸ
ਪਲਈਅਰ ਗਾਰਡਨ ਮਾਰਕਿਟ
ਚਾਂਦਨੀ ਚੌਕ, ਦਿੱਲੀ

ਮੁੱਲ : 75 ਰੁਪਏ

ISBN 81-85267-77-4

Sri Satguru Jagjit Singh Ji eLibrary NamdhariElibrary@gmail.com

ਨਿਘੇ ਪਿਆਰ ਨਾਲ
ਸ. ਗੁਰਦਿਆਲ ਸਿੰਘ ਮੰਡੇਰ
ਆਈ.ਪੀ.ਐਸ.
ਨੂੰ ।

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

## ਤਤਕਰਾ


| | | |
|---|---|---|
| 1. | ਆਰਥਿਕ ਰਿਸ਼ਤੇ | 17 |
| 2. | ਪੰਜਾਬ ਅਤੇ ਪਹਿਲੀ ਸੰਸਾਰ ਜੰਗ | 31 |
| 3. | ਰੌਲਟ ਐਕਟ | 47 |
| 4. | ਘਟਨਾਵਾਂ | 63 |
| 5. | ਮਾਰਸ਼ਲ ਲਾਅ | 80 |
| 6. | ਪ੍ਰਤੀਕਰਮ | 117 |
| 7. | ਇਨਡੈਮਨਿਟੀ ਐਕਟ | 128 |
| 8. | ਹੰਟਰ ਕਮੇਟੀ (ਕਮੀਸ਼ਨ) | 132 |
| 9. | ਆਰਮੀ ਕੌਂਸਿਲ | 143 |
| 10. | ਬਰਿਟਿਸ਼ ਪਾਰਲੀਮੈਂਟ, ਪਰੈੱਸ ਅਤੇ ਡਾਇਰ | 152 |
| 11. | ਕਾਂਗਰਸ ਸਬ ਕਮੇਟੀ | 161 |
| 12. | ਅੰਤ | 165 |
| 13. | ਅੰਤਿਕਾ | 177 |
| 14. | ਤਰਤੀਬ | 183 |
| 15. | **Bibliography** | 190 |


Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

## ਮੁਖ ਸ਼ਬਦ

1967-68 ਵਿਚ ਪੀ. ਸੀ. ਜੋਸ਼ੀ ਆਪਣੀ ਕਿਸੇ ਖੋਜ ਦੇ ਸਿਲਸਿਲੇ ਵਿਚ ਬਰਲਿਨ ਤੋਂ ਲੰਡਨ ਆਏ ਸਨ। ਰਜਨੀ ਪਾਮ ਦੱਤ ਦੀ ਇਕ ਪੁਸਤਕ ਨੂੰ ਫੋਟੋ ਕਾਪੀ ਕਰਨ ਦੇ ਪ੍ਰਸੰਗ ਵਿਚ ਮੇਰਾ ਉਹਨਾਂ ਦਾ ਸੰਪਰਕ ਹੋਇਆ। ਉਹ ਸਾਡੇ ਘਰ ਵੀ ਆਏ। ਗੱਲਾਂ ਕਰਦਿਆਂ ਉਹਨਾਂ ਸੰਕੇਤ ਕੀਤਾ, ਕਿ ਇਥੇ ਬਰਤਾਨੀਆ ਦੀਆਂ ਅਨੇਕਾਂ ਲਾਇਬ੍ਰੇਰੀਆਂ ਅਤੇ ਸਰਕਾਰੀ ਦਫਤਰਾਂ ਵਿਚ ਭਾਰਤ ਦੇ ਇਤਿਹਾਸ ਨਾਲ ਸਬੰਧਤ ਅਨੇਕਾਂ ਪੁਸਤਕਾਂ, ਖਰੜੇ, ਫਾਈਲਾਂ, ਯਾਦਦਾਸ਼ਤਾਂ, ਰੀਕਾਰਡ, ਰੀਪੋਰਟਾਂ, ਅਤੇ ਸਮਾਚਾਰ ਪੱਤਰ ਆਦਿ ਸਭ ਕੁਝ ਪਿਆ ਹੈ। ਜੇ ਇਥੇ ਵੱਸਦੇ ਲੋਕਾਂ ਵਿਚੋਂ ਕੁਝ ਵੀ ਇਧਰ ਧਿਆਨ ਦੇਣ, ਤਾਂ ਕਾਫੀ ਕੰਮ ਹੋ ਸਕਦਾ ਹੈ।

ਮੈਂ 1919 ਦੇ ਪੰਜਾਬ ਤੇ ਕੰਮ ਕਰਨ ਦਾ ਫੈਸਲਾ ਲੈ ਲਿਆ। ਉਸ ਸਾਲ ਵਿਚ ਪੰਜਾਬ ਦੇ ਜਨ ਸਾਧਾਰਨ ਨੂੰ ਜਿਸ ਸੰਤਾਪ ਵਿਚ ਦੀ ਲੰਘਣਾ ਪਿਆ, ਮੇਰਾ ਮਨ ਉਸ ਨਾਲ ਪੀੜਤ ਸੀ। ਇਸ ਸਮੇਂ ਬਾਰੇ ਕੁਝ ਪੁਸਤਕਾਂ ਪੜ੍ਹੀਆਂ ਵੀ, ਪਰ ਉਹਨਾਂ ਦਾ ਢੰਗ ਰੁਮਾਂਟਿਕ ਅਤੇ ਜਾਣਕਾਰੀ ਤੋਂ ਰਹਿਤ ਸੀ। ਮੈਂ ਮਹਿਸੂਸ ਕਰ ਰਿਹਾ ਸਾਂ, ਕਿ ਰੁਮਾਂਟਿਕ ਢੰਗ ਨਾਲ ਲਿਖੀਆਂ ਇਤਿਹਾਸਕ ਲਿਖਤਾਂ ਦਾ ਸਮਾਂ ਨਹੀਂ ਰਿਹਾ। ਭਰੋਸੇ-ਰਹਿਤ ਸੋਮੇ ਸੱਚ ਤੀਕਰ ਪਹੁੰਚਣ ਲਈ ਸਹਾਇਤਾ ਨਹੀਂ ਕਰਦੇ। ਹੁਣ ਪਾਠਕ ਬੀਤੇ ਦੀਆਂ ਘਟਨਾਵਾਂ ਨੂੰ ਰੁਮਾਨੀ ਜਜ਼ਬਾਤ ਤੋਂ ਅਲੱਗ ਹੋ ਕੇ ਅਕਲ ਦੀਆਂ ਨੀਹਾਂ ਤੇ ਸਮਝਣ ਦੇ ਚਾਹਵਾਨ ਹਨ।

ਇਤਿਹਾਸ ਤੱਥਾਂ ਤੇ ਖੜਾ ਹੁੰਦਾ ਹੈ, ਤੱਥ ਬਦਲੇ ਨਹੀਂ ਜਾ ਸਕਦੇ। ਘਟਨਾਵਾਂ ਵਾਪਰ ਚੁੱਕੀਆਂ ਹੁੰਦੀਆਂ ਹਨ। ਮੇਰਾ ਵਿਸ਼ਵਾਸ ਹੈ ਕਿ ਇਤਿਹਾਸ ਨਿਰਾ ਘਟਨਾਵਾਂ ਦੀ ਤਰਤੀਬ ਦਾ ਨਾਮ ਨਹੀਂ। ਸਗੋਂ ਘਟਨਾਵਾਂ ਦੀ ਪਿੱਠ ਤੇ ਕੰਮ ਕਰਨ ਵਾਲੀਆਂ ਕਿਰਿਆਵਾਂ, ਅਤੇ ਪ੍ਰਤੀਕਿਰਿਆਵਾਂ ਦੇ ਸਿੱਟਿਆਂ ਦੇ ਸੰਗ੍ਰਹਿ ਦਾ ਨਾਮ ਹੈ। ਇਹਨਾਂ ਨੂੰ ਸਮਝਣਾ ਕਾਫੀ ਕਠਿਨ ਕੰਮ ਹੈ। ਪਰ ਇਸੇ ਕਠਿਨਾਈ ਤੇ ਕਾਬੂ ਪਾ ਕੇ ਹੀ ਅਸਲ ਕੰਮ ਹੁੰਦਾ ਹੈ। ਲਹਿਰਾਂ ਦਾ ਪੂਰਾ ਅੰਦਾਜ਼ਾ ਅਤੇ ਨਿਰਨਾ ਕੇਵਲ ਇਹਨਾਂ ਦੇ ਨਾਹਰਿਆਂ, ਅਤੇ ਐਲਾਨ-ਨਾਮਿਆਂ ਦੀਆਂ ਨੀਹਾਂ ਤੇ ਹੀ ਨਹੀਂ ਕੀਤਾ ਜਾ ਸਕਦਾ। ਇਸ ਲਈ ਇਹਨਾਂ ਦੇ ਕਾਰਜ ਅਤੇ ਕਾਰਨ ਦੇ ਪ੍ਰਣਾਮ ਨੂੰ ਸਾਹਮਣੇ ਰੱਖਣਾ ਹੁੰਦਾ ਹੈ। ਘਟਨਾਵਾਂ ਦੇ ਇਤਿਹਾਸ ਦਾ ਵਰਣਨ ਕਰਨ ਲੱਗਿਆਂ, ਅਤੇ ਇਹਨਾਂ ਦਾ

Sri Satguru Jagjit Singh Ji eLibrary NamdhariElibrary@gmail.com

ਨਿਰਨਾ ਕਰਨ ਤੋਂ ਪਹਿਲਾਂ ਉਸ ਸਮੇਂ ਦੇ ਸਮਾਜ ਨੂੰ ਸਾਹਮਣੇ ਰੱਖਣਾ ਪਵੇਗਾ । ਆਰਥਕ ਅਤੇ ਸਮਾਜੀ ਅਵਸਥਾ ਦੀ ਪ੍ਰਿਸ਼ਠ ਭੂਮੀ ਵਿਚ ਇਤਿਹਾਸ ਨੂੰ ਜਾਣਨਾ ਚਾਹੀਦਾ ਹੈ । ਨਹੀਂ ਤੇ ਮਨ ਵਿਚ ਅਨੇਕਾਂ ਪ੍ਰਸ਼ਨ ਕਾਇਮ ਰਹਿ ਜਾਣਗੇ ।

ਜਲ੍ਹਿਆਂ ਵਾਲੇ ਬਾਗ਼ ਦੀ ਘਟਨਾ, ਅਤੇ ਮਾਰਸ਼ਲ-ਲਾਅ ਨੇ ਬਰਤਾਨਵੀ ਰਾਜ ਦੇ ਅਸਲੀ ਰੂਪ ਨੂੰ ਹੋਰ ਨਿਖਾਰ ਕੇ ਸਾਹਮਣੇ ਲਿਆਂਦਾ । ਉਸ ਸਮਾਜੀ ਜੀਵਨ ਨੂੰ ਵੀ, ਜਿਸ ਵਿਚ ਵੱਖ ਵੱਖ ਸ਼੍ਰੇਣੀਆਂ, ਆਪਣੇ ਹਿੱਤਾਂ ਅਨੁਸਾਰ, ਰਾਜਨੀਤਕ ਕਰਮ ਵਿਚ ਕਾਰਜਸ਼ੀਲ ਸਨ । ਉਹਨਾਂ ਵਿਚੋਂ ਕੁਝ ਅੰਗਰੇਜ਼ ਸਰਕਾਰ ਦੀ ਹਮਾਇਤ ਤੇ ਵੀ ਖੜੀਆਂ ਸਨ । ਉਹ ਵੱਖ ਵੱਖ ਧਰਮਾਂ ਨਾਲ ਸਬੰਧ ਰੱਖਦੀਆਂ ਹੋਈਆਂ ਵੀ ਇਕੱਠੀਆਂ ਸਨ । ਦੇਖਣ ਨੂੰ ਇਉਂ ਲੱਗਦਾ ਸੀ, ਕੁਝ ਵਿਅਕਤੀ ਕਾਰਜ ਕਰਦੇ ਹਨ — ਪਰ ਨਿਰਨਾ ਕੀਤਿਆਂ ਉਹ ਆਪਣੀ ਸ਼੍ਰੇਣੀ ਦੀ ਪ੍ਰਤੀਨਿਧਤਾ ਤੋਂ ਵਧ ਕੁਝ ਨਹੀਂ ਕਰਦੇ ਸਨ ।

ਕਈ ਵਾਰ ਕਿਸੇ ਇਕੱਲੇ ਪੁਰਸ਼ ਦੇ ਲਏ ਨਿੱਜੀ ਫੈਸਲੇ ਘਟਨਾਵਾਂ ਦੇ ਉਤਰਾ ਚੜ੍ਹਾ ਤੇ ਪ੍ਰਭਾਵ ਪਾਉਂਦੇ ਹਨ । ਪਰ ਉਹਨਾਂ ਫੈਸਲਿਆਂ ਦੀ ਪੁਸ਼ਟੀ ਅਤੇ ਖੰਡਨ ਪਿੱਛੇ ਫਿਰ ਉਹੀ ਸਮਾਜਿਕ ਅਤੇ ਆਰਥਿਕ ਸ਼ਕਤੀਆਂ ਕੰਮ ਕਰਦੀਆਂ ਹਨ । ਰਾਜ ਪ੍ਰਬੰਧ ਵੀ ਉਸ ਦਾ ਇਕ ਭਾਗ ਹੈ ।

ਰਜਨੀ ਪਾਮ ਦੱਤ ਹੁਰਾਂ ਦੀ ਪੁਸਤਕ "ਇੰਡੀਆ ਟੂਡੇ" ਭਾਰਤੀ ਅਰਥਚਾਰੇ ਦੀਆਂ ਨੀਹਾਂ, ਅਤੇ ਬਰਤਾਨਵੀ ਰਾਜ ਦੇ ਖ਼ਾਸੇ, ਅਤੇ ਭਾਰਤ ਦੀਆਂ ਵੱਖ ਵੱਖ ਸ਼੍ਰੇਣੀਆਂ ਦੇ ਰਾਜਨੀਤਕ ਕਿਰਦਾਰ ਨੂੰ ਸਮਝਣ ਵਿਚ ਤੇ ਉਹਨਾਂ ਦੀ ਸਲਾਹ ਇਸ ਪੁਸਤਕ ਦਾ ਖਾਕਾ ਉਲੀਕਣ ਅਤੇ ਇਸ ਦੀ ਤਰਤੀਬ ਵਿਚ ਕਾਫੀ ਸਹਾਈ ਹੋਈ ।

ਲੰਡਨ ਦੀ ਰੁਝੇਵੇਂ ਭਰੀ ਜ਼ਿੰਦਗੀ ਵਿਚ, ਜਦੋਂ ਵੀ ਸਮਾਂ ਮਿਲਦਾ ਰਿਹਾ, ਮੈਂ ਇਸ 'ਤੇ ਕੰਮ ਕਰਦਾ ਰਿਹਾ । ਵੱਖ ਵੱਖ ਸਮਿਆਂ ਤੇ ਵੱਖ ਵੱਖ ਲੇਖ ਪ੍ਰਕਾਸ਼ਤ ਹੁੰਦੇ ਰਹੇ । ਪਰ ਨਿੱਠ ਕੇ ਪੂਰੀ ਪੁਸਤਕ ਨੂੰ ਸਿਰੇ ਚੜ੍ਹਾਉਣ ਦਾ ਕੰਮ 1991 ਤੀਕਰ ਨਾ ਹੋ ਸਕਿਆ । ਪੁਸਤਕ ਲਈ ਸਾਮੱਗਰੀ ਦੀ ਤਲਾਸ਼, ਪ੍ਰਾਪਤੀ, ਅਧਿਅਨ, ਟਾਕਰਾ, ਨਿਰਨੇ-ਆਤਮਕ ਅਧਿਅਨ, ਲਿਖਾਈ, ਸੁਧਾਈ, ਲਾਇਬ੍ਰੇਰੀਆਂ ਤੀਕਣ ਆਉਣਾ ਜਾਣਾ, ਉਥੇ ਬੈਠਣਾ, ਬੜਾ ਸਮਾਂ ਮੰਗਦਾ ਹੈ । ਰੋਟੀ ਰੁਜ਼ਗਾਰ ਦੇ ਧੰਦਿਆਂ ਵਿਚੋਂ ਸਮਾਂ ਕੱਢ ਕੇ ਲਿਖਣਾ ਤਪੱਸਿਆ ਹੈ । ਯੂਨੀਵਰਸਿਟੀਆਂ ਅਤੇ ਸਕਾਲਰਸ਼ਿਪਾਂ ਦੇ ਸਿਰਾਂ 'ਤੇ ਕੰਮ ਕਰਨਾ ਹੋਰ ਗੱਲ ਹੈ ।

ਮੈਂ ਆਪਣੇ ਯਤਨ ਵਿਚ ਕਿੰਨਾ ਕੁ ਸਫਲ ਹੋ ਸਕਿਆ ਹਾਂ, ਇਸ ਦਾ ਨਿਰਨਾ ਤਾਂ ਪਾਠਕ ਕਰ ਸਕਦੇ ਹਨ । ਕੋਈ ਵਸਤੂ ਸੰਪੂਰਨ ਨਹੀਂ ।

ਮੈਂ ਪੀ. ਸੀ. ਜੋਸ਼ੀ ਅਤੇ ਰਜਨੀ ਪਾਮ ਦੱਤ ਹੁਰਾਂ ਦਾ ਰਿਣੀ ਹਾਂ, ਜੋ ਮੇਰੇ ਪਥ-ਪ੍ਰਦਰਸ਼ਕ ਸਨ ।

ਮੈਂ ਆਪਣੀ ਸਵਰਗੀਆ ਪਤਨੀ ਪ੍ਰਕਾਸ਼ ਕੌਰ ਦਾ ਵੀ ਰਿਣੀ ਹਾਂ, ਜੋ ਇਸ ਪੁਸਤਕ ਨੂੰ ਸਿਰੇ ਚੜ੍ਹਦਾ ਦੇਖਣਾ ਚਾਹੁੰਦੀ ਸੀ ।

Sri Satguru Jagjit Singh Ji eLibrary NamdhariElibrary@gmail.com

ਮੈਂ ਸ਼ਰਨ ਅਤੇ ਉਸ ਦੇ ਪਤੀ ਡਾਕਟਰ ਪਰਮਜੀਤ ਸਿੰਘ ਤਪੀਆ (ਜੋ ਸਾਊਥੈਂਪਟਨ ਯੂਨੀਵਰਸਿਟੀ ਵਿਚ ਮੈਡੀਕਲ ਰੀਸਰਚ ਸਾਇੰਟਿਸਟ ਹਨ) ਦਾ ਵੀ ਧੰਨਵਾਦ ਕਰਨਾ ਚਾਹਾਂਗਾ, ਜਿਹਨਾਂ ਅਤਿ ਉਦਾਸ ਦਿਨਾਂ ਵਿਚ ਆਪਣੇ ਨਾਲ ਰੱਖ ਕੇ ਪੁਸਤਕ ਨੂੰ ਮੁਕੰਮਲ ਕਰਨ ਲਈ ਸੁਖਾਵਾਂ ਵਾਤਾਵਰਨ ਦਿੱਤਾ।

ਸ਼ਾਇਦ ਪੁਸਤਕ ਮੁਕੰਮਲ ਹੋ ਕੇ ਵੀ ਛਪਣੋਂ ਪਈ ਰਹਿੰਦੀ, ਜੇ ਭਾਪਾ ਪ੍ਰੀਤਮ ਸਿੰਘ (ਨਵਯੁਗ ਪਬਲਿਸ਼ਰਜ਼ ਦਿੱਲੀ) ਰੀਝ ਨਾਲ ਪੁਸਤਕ ਛਾਪਣ ਦਾ ਭਰੋਸਾ ਨਾ ਦਿਵਾਉਂਦੇ। ਉਹਨਾਂ ਦਾ ਧੰਨਵਾਦ ਕਰਨਾ ਤਾਂ ਫ਼ਰਜ਼ ਬਣਦਾ ਹੈ। ਹੋਰ ਸਹਾਇਤਾ ਲਈ ਪ੍ਰਸਿੱਧ ਲੇਖਕਾ ਅਜੀਤ ਕੌਰ ਹੁਰਾਂ ਦਾ ਵੀ।

ਸਾਊਥੈਂਪਟਨ ਜੋਗਿੰਦਰ ਸ਼ਮਸ਼ੇਰ
1-12-91

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਆਰਥਿਕ ਰਿਸ਼ਤੇ

ਇਰਫ਼ਾਨ ਹਬੀਬ ਦੀ ਲਿਖਤ ਅਨੁਸਾਰ "ਮੁਗ਼ਲੀਆ ਕਾਲ ਵਿਚ ਹੀ ਨਹੀਂ, ਸਗੋਂ ਪੂਰੇ ਮੱਧ ਕਾਲ ਵਿਚ ਹੀ ਹਕੂਮਤ ਦੀ ਇਹ ਮੁਖ ਵਿਸ਼ੇਸ਼ਤਾ ਰਹੀ ਹੈ, ਕਿ ਉਹ ਕੇਵਲ ਲੁੱਟ ਘਸੁੱਟ ਕਰਨ ਵਾਲੀ ਸ਼੍ਰੇਣੀ ਦੀ ਰਖਵਾਲੀ ਹੀ ਨਹੀਂ ਕਰਦੀ ਰਹੀ, ਬਲਕਿ ਆਪ ਵੀ ਲੁੱਟ ਘਸੁੱਟ ਦਾ ਵਿਸ਼ੇਸ਼ ਆਲਾਕਾਰ ਰਹੀ ਹੈ।"

ਜਮਨਾ ਤੇ ਸਿੰਧ ਦੇ ਵਿਚਕਾਰ ਦੀ ਧਰਤੀ ਜਿਸ ਨੂੰ ਵੈਦਿਕ ਸਮੇਂ ਵਿਚ ਸਪਤ ਸੰਧੂ ਕਹਿੰਦੇ ਸਨ, ਅਤੇ ਜੋ ਅਕਬਰ ਦੇ ਸਮੇਂ ਤੋਂ ਪੰਜਾਬ ਕਹਾਉਂਦੀ ਚਲੀ ਆ ਰਹੀ ਹੈ, ਮੁਖ ਤੌਰ ਤੇ ਖੇਤੀਬਾੜੀ ਤੇ ਨਿਰਭਰ ਆਰਥਕਤਾ ਵਾਲਾ ਖਿੱਤਾ ਰਿਹਾ ਹੈ। ਭਾਵੇਂ ਪੰਜਾਬ ਵਿਚ ਰਾਜਨੀਤਿਕ ਤੌਰ ਤੇ ਅਨੇਕਾਂ ਪ੍ਰੀਵਰਤਨ ਆਏ ਹਨ, ਵੱਖ ਵੱਖ ਰਾਜਾਂ ਸਮੇਂ ਇਸ ਦੀ ਇਲਾਕਾਈ ਹੱਦਬੰਦੀ ਵਿਚ ਵੀ ਅਨੇਕਾਂ ਵਾਰ ਅਦਲਾ ਬਦਲਾ ਹੋਈ ਹੈ, ਪਰ ਅੰਗਰੇਜ਼ੀ ਰਾਜ ਦੇ ਆਉਣ ਤੀਕਰ ਇਸ ਦੇ ਆਰਥਕ ਰਿਸ਼ਤਿਆਂ ਵਿਚ ਕੋਈ ਤਬਦੀਲੀ ਨਹੀਂ ਸੀ ਆਈ।

ਮਹਾਰਾਜਾ ਰਣਜੀਤ ਸਿੰਘ ਦੇ ਅਹਿਦ ਵਿਚ ਵੀ ਜ਼ਮੀਨ ਤੇ ਲਗਾਨ ਦਾ ਪ੍ਰਬੰਧ, ਜੋ ਮੁਗ਼ਲਾਂ ਤੋਂ ਲਿਆ ਗਿਆ ਸੀ, ਉਹੀ ਥੋੜ੍ਹੀ ਬਹੁਤ ਤਬਦੀਲੀ ਨਾਲ ਚਲਦਾ ਰਿਹਾ। ਸਾਰੀ ਜ਼ਮੀਨ ਦੀ ਮਾਲਕ ਸਰਕਾਰ ਸੀ। ਜ਼ਮੀਨ ਦਾ ਬਹੁਤ ਵਧੀਆ ਤੇ ਵੱਡਾ ਹਿੱਸਾ ਸ਼ਾਹੀ ਖਾਨਦਾਨ ਕੋਲ ਨਿੱਜੀ ਜਾਗੀਰ (Crown land) ਦੇ ਰੂਪ ਵਿਚ ਸੀ। ਇਕ ਹੋਰ ਵੱਡਾ ਹਿੱਸਾ ਸਰਵਿਸ ਜਾਗੀਰਾਂ ਦੇ ਰੂਪ ਵਿਚ ਮਹਾਰਾਜੇ ਦੇ ਮਨਸਬਦਾਰਾਂ ਕੋਲ ਅਤੇ ਇਨਾਮੀ ਜਾਗੀਰਾਂ ਦੇ ਰੂਪ ਵਿਚ ਹੋਰਨਾਂ ਜਾਗੀਰਦਾਰਾਂ ਦੇ ਕੋਲ ਸੀ। ਇਸ ਤੋਂ ਬਿਨਾਂ ਧਾਰਮਕ ਜਾਗੀਰਾਂ ਸਨ, ਜੋ ਕਰਤਾਰਪੁਰ ਦੇ ਸੋਢੀਆਂ, ਊਨੇ ਦੇ ਬੇਦੀਆਂ, ਸ੍ਰੀ ਦਰਬਾਰ ਸਾਹਿਬ, ਤੇ ਹੋਰ ਗੁਰਦਵਾਰਿਆਂ, ਪੰਜਾ ਸਾਹਿਬ, ਨਨਕਾਣਾ ਸਾਹਿਬ ਅਤੇ ਬਿਬੇਦਕਰ ਆਦਿ ਤੋਂ ਬਿਨਾਂ ਹਿੰਦੂਆਂ ਦੇ ਪਵਿੱਤਰ ਅਸਥਾਨਾਂ ਜੁਆਲਾਮੁਖੀ, ਹਰਦੁਆਰ ਅਤੇ ਥਾਨੇਸਰ ਦੇ ਪ੍ਰੋਹਤਾਂ ਨੂੰ ਦਿੱਤੀਆਂ ਗਈਆਂ ਸਨ।

ਪੰਜਾਬੀ ਕਵੀ ਹਾਸ਼ਮ ਅਤੇ ਕਾਂਗੜੇ ਦਾ ਚਿੱਤਰਕਾਰ ਨਿੱਕਾ ਵੀ ਇਨਾਮੀ ਜਾਗੀਰਾਂ ਲੈਣ ਵਾਲਿਆਂ ਵਿਚੋਂ ਸਨ। ਇਹ ਜਾਗੀਰਦਾਰ ਸਦਾ ਮਹਾਰਾਜੇ ਦੇ ਰਹਿਮੋ ਕਰਮ



Sri Satguru Jagjit Singh Ji eLibrary NamdhariElibrary@gmail.com

ਤੇ ਸਨ, ਜੋ ਮਹਾਰਾਜੇ ਦੀ ਹੁਕਮ ਅਦੂਲੀ ਕਰਦਾ, ਜਾਂ ਨਾਰਾਜ਼ਗੀ ਸਹੇੜ ਲੈਂਦਾ, ਉਸ ਦੀ ਜਾਗੀਰ ਜ਼ਬਤ ਹੋ ਜਾਂਦੀ।

ਆਮ ਕਿਸਾਨ ਇਹਨਾਂ ਜਾਗੀਰਦਾਰਾਂ ਦੇ ਰਹਿਮੋ ਕਰਮ ਤੇ ਸਨ, ਜੋ ਸਦਾ ਮਹਾਰਾਜੇ ਦੀਆਂ ਲੋੜਾਂ ਪੂਰੀਆਂ ਕਰਨ ਤੇ ਉਹਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਲਈ ਆਪਣੀਆਂ ਜਾਗੀਰਾਂ ਤੋਂ ਵਧ ਤੋਂ ਵਧ ਰਕਮ ਵਸੂਲ ਕਰਦੇ। ਲਾਜ਼ਮੀ ਤੌਰ ਤੇ ਇਹ ਸਾਰਾ ਬੋਝ ਆਮ ਕਿਸਾਨਾਂ ਤੇ ਪੈਂਦਾ, ਜਿਹਨਾਂ ਨੂੰ ਜਾਗੀਰਦਾਰਾਂ ਤੇ ਸਰਕਾਰ ਦੇ ਤਕਾਜ਼ੇ ਪੂਰੇ ਕਰਨੇ ਪੈਂਦੇ ਸਨ।

ਕਈ ਵਾਰ ਨਵੇਂ ਜਿੱਤੇ ਹੋਏ ਇਲਾਕੇ, ਜਾਂ ਜਿਸ ਇਲਾਕੇ ਦੇ ਕਿਸਾਨ ਸਰਕਸ਼ ਹੁੰਦੇ, ਕਿਸੇ ਕਾਰਦਾਰ ਨੂੰ ਲੀਜ਼ ਤੇ ਦੇ ਦਿੱਤਾ ਜਾਂਦਾ। ਕਈ ਇਲਾਕਿਆਂ ਦੀ ਨਿਲਾਮੀ ਵੀ ਹੁੰਦੀ, ਜੋ ਵਧ ਕੇ ਬੋਲੀ ਦਿੰਦਾ, ਉਹ ਉਸ ਨੂੰ ਦੇ ਦਿੱਤਾ ਜਾਂਦਾ। ਉਹ ਮੁਕੱਰਰ ਹੋਈ ਰਕਮ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਵਾ ਦਿੰਦੇ ਅਤੇ ਆਪ ਕਿਸਾਨਾਂ ਤੋਂ ਜੋ ਜੀ ਚਾਹੁੰਦੇ ਵਸੂਲ ਕਰਦੇ।

ਸਰਕਾਰੀ ਜ਼ਮੀਨਾਂ ਦਾ ਪ੍ਰਬੰਧ ਇਜਾਰੇਦਾਰ ਕਰਦੇ। ਕਈਆਂ ਪਿੰਡਾਂ ਵਿਚ ਜ਼ਮੀਨ ਸਾਰੇ ਪਿੰਡ ਦੀ ਗਿਣੀ ਜਾਂਦੀ ਸੀ। ਕਾਸ਼ਤ ਲਈ ਜ਼ਮੀਨਾਂ ਤੇ ਨਿੱਜੀ ਕਬਜ਼ਾ ਸੀ। ਜਿੰਨੀ ਜ਼ਮੀਨ ਕਿਸੇ ਕੋਲ ਹੁੰਦੀ, ਓਨਾ ਮਾਮਲਾ ਉਹ ਪੰਚਾਇਤ ਨੂੰ ਦੇ ਦਿੰਦਾ। ਕਈ ਵਾਰੀ ਅਜਿਹੇ ਪਿੰਡ ਵੀ ਜਾਗੀਰਦਾਰਾਂ ਨੂੰ ਬਖਸ਼ ਦਿੱਤੇ ਜਾਂਦੇ ਤੇ ਮਾਮਲਾ ਸਰਕਾਰੀ ਖਜ਼ਾਨੇ ਦੀ ਬਜਾਏ, ਜਾਗੀਰਦਾਰਾਂ ਕੋਲ ਜਾਂਦਾ।

ਕਿਸਾਨਾਂ ਤੋਂ ਲਗਾਨ ਦੀ ਵਸੂਲੀ ਦੇ ਬਟਾਈ, ਕਣਕੂਤ ਅਤੇ ਜ਼ਬਤ ਕਈ ਤਰੀਕੇ ਸਨ। ਜਾਗੀਰਦਾਰਾਂ, ਕਾਰਦਾਰ ਤੇ ਇਜਾਰੇਦਾਰ ਫਸਲ ਦਾ ਅੱਧਾ ਹਿੱਸਾ ਤੀਕਰ ਬਟਾਈ ਲੈ ਜਾਂਦੇ। ਕਈ ਥਾਈਂ ਖੜ੍ਹੀ ਫਸਲ ਦਾ ਜਾਇਜ਼ਾ ਲਾ ਕੇ ਵਸੂਲੀ ਕਰ ਲਈ ਜਾਂਦੀ।

ਕਪਾਹ, ਗੰਨਾ, ਤੰਬਾਕੂ, ਪੋਸਤ, ਮਿਰਚਾਂ, ਸਰ੍ਹੋਂ, ਸਬਜ਼ੀਆਂ ਆਦਿ ਲਈ ਨਕਦ ਲਗਾਨ ਦੀ ਮੰਗ ਕੀਤੀ ਜਾਂਦੀ। ਬੰਨੂ ਕੋਹਾਟ ਦੇ ਪਠਾਣਾਂ ਤੋਂ ਬੰਦੂਕਾਂ ਤੇ ਤਲਵਾਰਾਂ ਆਦਿ ਮਾਮਲੇ ਵਿਚ ਲੈਣ ਦੀਆਂ ਉਦਾਹਰਣਾਂ ਵੀ ਮਿਲਦੀਆਂ ਹਨ।

ਇਹਨਾਂ ਜਾਗੀਰਦਾਰਾਂ ਤੇ ਇਜਾਰੇਦਾਰਾਂ ਨੂੰ ਪੂਰੀ ਖੁੱਲ੍ਹ ਸੀ ਕਿ ਉਹ ਕਾਸ਼ਤਕਾਰਾਂ ਨਾਲ ਜਿਵੇਂ ਚਾਹੁਣ ਸਿੱਝਣ। ਮਹਾਰਾਜੇ ਦਾ ਮਕਸਦ ਘੱਟ ਖਰਚ ਤੇ ਮਾਮਲੇ ਦੀ ਫਰਾਹਮੀ ਸੀ। ਆਮ ਕਾਸ਼ਤਕਾਰਾਂ ਦੀ ਹਾਲਤ ਮੰਦੀ ਸੀ। ਉਹਨਾਂ ਦੇ ਹੱਕਾਂ ਦੀ ਰੱਖਿਆ ਦਾ ਕਾਨੂੰਨੀ ਤੌਰ ਤੇ ਕੋਈ ਪ੍ਰਬੰਧ ਨਹੀਂ ਸੀ। ਫਸਲ ਨਾ ਹੋਣ ਦੀ ਸੂਰਤ ਵਿਚ ਉਹ ਮੁਆਫੀ ਦੇ ਤਲਬਗਾਰ ਸਨ, ਜੋ ਮਹਾਰਾਜੇ ਦੀ ਮਿਹਰ ਦੀ ਨਿਗਾਹ ਤੇ ਨਿਰਭਰ ਕਰਦਾ ਸੀ। ਕਈ ਵਾਰੀ ਉਹਨਾਂ ਨੂੰ ਮਾਮਲੇ ਦੀ ਪੂਰੀ ਛੋਟ ਦੇ ਦਿੱਤੀ ਜਾਂਦੀ ਸੀ। ਕਈ ਵਾਰੀ ਘੱਟ ਫਸਲ ਹੋਣ ਦੀ ਸੂਰਤ ਵਿਚ ਘੱਟ ਮਾਮਲਾ ਦੇਣਾ ਪੈਂਦਾ ਸੀ। ਕਿਉਂਕਿ ਜ਼ਮੀਨ ਦੀ ਮਾਲਕੀ ਸਾਰੀ ਸਰਕਾਰ ਦੀ ਸੀ, ਇਸ ਲਈ ਜ਼ਮੀਨ ਨੂੰ ਖਰੀਦਣ ਜਾਂ ਵੇਚਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ ਸੀ।

ਪੰਜਾਬ ਉੱਤੇ ਅੰਗਰੇਜ਼ਾਂ ਦੇ ਪਹਿਲੇ ਵੀਹਾਂ ਸਾਲਾਂ ਵਿਚ ਜਿੱਥੇ ਲਾਰਡ ਹੈਨਰੀ



Sri Satguru Jagjit Singh Ji eLibrary NamdhariElibrary@gmail.com

ਲਾਰੰਸ, ਪੰਜਾਬ ਦੇ ਸਰਦਾਰਾਂ ਨਾਲ ਆਪਣੀ ਮਿੱਤਰਤਾ ਕਾਇਮ ਕਰ ਕੇ, ਉਹਨਾਂ ਦੇ ਪ੍ਰਭਾਵ ਨੂੰ ਅੰਗਰੇਜ਼ੀ ਸਰਕਾਰ ਦੀ ਹਮਾਇਤ ਵਿਚ ਵਰਤਣਾ ਚਾਹੁੰਦਾ ਸੀ, ਉੱਥੇ ਜਾਨ੍ਹ ਲਾਰੰਸ ਤੇ ਲਾਰਡ ਡਲਹੌਜ਼ੀ ਉਹਨਾਂ ਨੂੰ ਜਾਰੀ ਰੱਖਣ ਦੇ ਹੱਕ ਵਿਚ ਨਹੀਂ ਸਨ। ਉਹਨਾਂ ਹੌਲੀ ਹੌਲੀ ਜਾਗੀਰਦਾਰਾਂ ਦੀ ਤਾਕਤ ਖਤਮ ਕਰਨੀ ਸ਼ੁਰੂ ਕੀਤੀ। ਜਿਸ ਕਾਸ਼ਤਕਾਰ ਕੋਲ ਜਿੰਨੀ ਜ਼ਮੀਨ ਸੀ, ਉਸ ਉੱਤੇ ਉਸ ਦਾ ਹੱਕ ਮੰਨ ਲਿਆ ਗਿਆ ਅਤੇ ਮਾਮਲਾ ਸਿੱਧਾ ਉਹਨਾਂ ਤੋਂ ਲਿਆ ਜਾਣ ਲੱਗ ਪਿਆ। ਨਹਿਰਾਂ, ਬੰਜਰ ਜ਼ਮੀਨਾਂ ਅਤੇ ਜੰਗਲਾਂ ਤੇ ਸਿੱਧਾ ਸਰਕਾਰ ਦਾ ਕਬਜ਼ਾ ਮਿਥਿਆ ਗਿਆ। ਪਰ ਜਾਨ੍ਹ ਲਾਰੰਸ ਨੇ ਵੀ ਪਿੱਛੋਂ ਜਾ ਕੇ ਆਪਣੀ ਨੀਤੀ ਬਦਲ ਲਈ। ਅੰਗਰੇਜ਼ੀ ਰਾਜ ਨੂੰ ਪੱਕੀ ਤਰ੍ਹਾਂ ਲਾਗੂ ਕਰਨ ਲਈ, ਉਹਨਾਂ ਨੂੰ ਇਕ ਐਸੀ ਸ਼੍ਰੇਣੀ ਦੀ ਲੋੜ ਮਹਿਸੂਸ ਹੋਈ ਜਿਸ ਦਾ ਸਮਾਜਕ ਤੌਰ ਤੇ ਪ੍ਰਭਾਵ ਹੋਵੇ ਅਤੇ ਜੋ ਆਪਣੀ ਸਮਾਜਕ ਤੇ ਆਰਥਕ ਵਿਵਸਥਾ ਨੂੰ ਕਾਇਮ ਰੱਖਣ ਲਈ ਅੰਗਰੇਜ਼ੀ ਸਰਕਾਰ ਤੇ ਨਿਰਭਰ ਕਰੇ।

ਉਂਜ ਤਾਂ ਪੰਜਾਬ ਦੇ ਰਾਜਿਆਂ ਤੇ ਜਾਗੀਰਦਾਰਾਂ ਦਾ ਇਕ ਭਾਗ 1839 ਤੋਂ 1849 ਦੇ ਸਮੇਂ ਦੇ ਵਿਚਕਾਰ ਵੀ ਅੰਗਰੇਜ਼ੀ ਸਰਕਾਰ ਨਾਲ ਗੰਢ ਤਰੁਪ ਕਰ ਕੇ, ਸਿੱਖ ਦਰਬਾਰ ਵਿਰੁਧ ਸਾਜ਼ਸ਼ਾਂ ਕਰਦਾ ਰਿਹਾ ਸੀ। ਪਰ ਪੰਜਾਬ ਉੱਤੇ ਅੰਗਰੇਜ਼ਾਂ ਦੇ ਕਬਜ਼ੇ ਦੇ ਫੌਰੀ ਬਾਦ ਮੁਸਲਮਾਨ ਜਾਗੀਰਦਾਰਾਂ ਅਤੇ ਕੁਝ ਸਮਾਂ ਪਾ ਕੇ ਸਿੱਖ ਸਰਦਾਰਾਂ ਦੇ ਬਹੁਤ ਵੱਡੇ ਹਿੱਸੇ ਨੇ ਅੰਗਰੇਜ਼ੀ ਸਰਕਾਰ ਦੀ ਅਧੀਨਗੀ ਵਿਚ ਹੀ ਆਪਣਾ ਭਲਾ ਸਮਝਿਆ। ਜਿਹਨਾਂ ਨੂੰ ਸਿੱਖ ਰਾਜ ਦੇ ਖੁੱਸਣ ਦਾ ਸਦਮਾ ਪਹੁੰਚਿਆ ਸੀ, ਉਹ ਵੀ ਹੌਲੀ ਹੌਲੀ ਅੰਗਰੇਜ਼ਾਂ ਦੀ ਝੋਲੀ ਵਿਚ ਡਿੱਗਦੇ ਗਏ। ਜਿੰਨੇ ਜਾਗੀਰਦਾਰਾਂ ਤੇ ਰਾਜਿਆਂ ਤੋਂ ਹੋ ਸਕਿਆ, ਉਹਨਾਂ ਨੇ 1857 ਦੀ ਜੰਗੇ ਆਜ਼ਾਦੀ ਵੇਲੇ ਅੰਗਰੇਜ਼ੀ ਸਰਕਾਰ ਦੀ ਪੂਰੀ ਹਮਾਇਤ ਕੀਤੀ। ਗਾਰਡਨ ਦੇ ਕਹਿਣ ਮੁਤਾਬਿਕ —

"ਕਈ ਸਿੱਖ ਸਰਦਾਰ ਗਿਲੇ ਦੇ ਤੌਰ ਤੇ ਇਹ ਸ਼ਕਾਇਤ ਕਰਦੇ ਹਨ ਕਿ ਉਹਨਾਂ ਨੂੰ ਸਾਡੀ ਸੇਵਾ ਵਾਸਤੇ ਕਿਉਂ ਨਹੀਂ ਬੁਲਾਇਆ ਗਿਆ।"

ਜਿਹਨਾਂ ਰਾਜਿਆਂ, ਨਵਾਬਾਂ ਤੇ ਜਾਗੀਰਦਾਰਾਂ ਨੇ ਅੰਗਰੇਜ਼ੀ ਸਰਕਾਰ ਦੀ ਖਿਦਮਤ ਕੀਤੀ, ਉਹਨਾਂ ਨੂੰ ਹੋਰ ਜਾਗੀਰਾਂ ਤੇ ਖਿਤਾਬਾਂ ਨਾਲ ਨਿਵਾਜਿਆ ਗਿਆ।

ਸਰਕਾਰ ਦੀ ਜਾਗੀਰਦਾਰਾਂ ਨਾਲ ਯਾਰਾਨੇ ਦੀ ਨੀਤੀ ਸਦਕਾ ਸਰਕਾਰ ਦੀ ਜ਼ਰਈ ਨੀਤੀ ਵਿਚ ਵੀ ਤਬਦੀਲੀ ਆਈ। ਬਿਨਾਂ ਕਬਜ਼ੇ ਤੋਂ ਵੀ ਜ਼ਮੀਨ ਉੱਤੇ ਮਾਲਕੀ ਦੇ ਹੱਕ ਨੂੰ ਮੰਨ ਕੇ ਸਰਕਾਰ ਨੇ ਜਾਗੀਰਦਾਰਾਂ ਦੀਆਂ ਜ਼ਮੀਨਾਂ ਨੂੰ ਕਾਨੂੰਨੀ ਕਰ ਦਿੱਤਾ ਅਤੇ ਜਾਗੀਰਾਂ ਉੱਤੇ ਜਾਗੀਰਦਾਰਾਂ ਦੀ ਸਰਦਾਰੀ ਮੰਨ ਲਈ ਗਈ।

ਵਟਾਈ ਦਾ ਪੁਰਾਣਾ ਪ੍ਰਬੰਧ ਖਤਮ ਕਰ ਕੇ ਨਕਦ ਲਗਾਨ ਦਾ ਸਿਸਟਮ ਲਾਗੂ ਕੀਤਾ ਗਿਆ। 1860 ਤੋਂ ਲੈ ਕੇ 1875 ਤੀਕਰ ਸਾਰੀ ਜ਼ਮੀਨ ਦੀ ਪੈਮਾਇਸ਼, ਉਸ ਦੀ ਮਲਕੀਅਤ, ਉਹਦੀ ਕਿਸਮ ਆਦਿ ਦਾ ਨਿਰਨਾ ਕਰਨ ਲਈ ਬੰਦਬਸਤ ਕੀਤਾ ਗਿਆ, ਜਿਸ ਵਿਚ ਸਰਕਾਰ ਪ੍ਰਸਤਾਂ ਤੇ ਜਾਗੀਰਦਾਰਾਂ ਦੇ ਕਲੇਮਾਂ ਵਲ ਵਧੇਰੇ ਧਿਆਨ ਦਿੱਤਾ ਗਿਆ। ਆਮ ਕਿਸਾਨਾਂ ਦੀ ਜ਼ਮੀਨ ਦੀ ਪੈਮਾਇਸ਼ ਨੁਕਸਾਨਦੇਹ



Sri Satguru Jagjit Singh Ji eLibrary NamdhariElibrary@gmail.com

ਢੰਗ ਨਾਲ ਕੀਤੀ ਗਈ। ਜ਼ਮੀਨ ਦੀ ਪੈਦਾਵਾਰ ਦਾ ਅੰਦਾਜ਼ਾ ਵੀ ਗਲਤ ਢੰਗ ਨਾਲ ਲਾਇਆ ਗਿਆ। ਕੋਸ਼ਿਸ਼ ਕੀਤੀ ਗਈ ਕਿ ਆਮ ਕਿਸਾਨ ਉੱਤੇ ਵਧ ਤੋਂ ਵਧ ਮਾਮਲਾ ਠੋਸਿਆ ਜਾਵੇ।

ਜਿਉਂ ਹੀ ਜਾਗੀਰਦਾਰਾਂ ਨੂੰ ਜ਼ਮੀਨਾਂ ਤੇ ਮਾਲਕੀ ਦੇ ਅਧਿਕਾਰ ਪ੍ਰਾਪਤ ਹੋਏ, ਉਹਨਾਂ ਨੇ ਪੁਰਾਣੇ ਕਾਸ਼ਤਕਾਰਾਂ ਨੂੰ ਬੇਦਖਲ ਕਰ ਕੇ ਉਹਨਾਂ ਤੋਂ ਛੁਟਕਾਰਾ ਪਾਉਣ ਦੀ ਨੀਤੀ ਅਪਣਾ ਲਈ, ਜਿਸ ਨਾਲ ਮੁਜ਼ਾਰੇ ਕਿਸਾਨਾਂ ਵਿਚ ਬੇਚੈਨੀ ਦੇ ਆਸਾਰ ਪ੍ਰਗਟ ਹੋਣੇ ਸ਼ੁਰੂ ਹੋ ਗਏ। 1868 ਵਿਚ ਮੁਜ਼ਾਰਾ ਬਿੱਲ ਬਣਾਇਆ ਗਿਆ, ਪਰ ਉਸ ਵਿਚ ਜਾਗੀਰਦਾਰਾਂ ਦਾ ਹੱਕ ਵੀ ਨਾਲ ਲਿਆ ਗਿਆ, ਜਿਸ ਅਨੁਸਾਰ ਜ਼ਮੀਨ ਤੇ ਮਾਲਕੀ ਤਾਂ ਜਾਗੀਰਦਾਰਾਂ ਦੀ ਮੰਨੀ ਗਈ, ਪਰ ਮੁਜ਼ਾਰਿਆਂ ਨੂੰ ਵੀ ਕੁਝ ਹੱਕ ਦਿੱਤੇ ਗਏ। ਜਿਵੇਂ 12 ਸਾਲ ਤੋਂ ਕਬਜ਼ੇ ਵਾਲੇ ਮੁਜ਼ਾਰੇ ਨੂੰ ਬੇਦਖਲ ਨਹੀਂ ਕੀਤਾ ਜਾ ਸਕਦਾ ਸੀ। ਮੁਜ਼ਾਰਿਆਂ ਨੂੰ ਜੱਦੀ ਮੁਜ਼ਾਰੇ ਅਤੇ ਤਾਬਿਆ ਮਰਜ਼ੀ ਮੁਜ਼ਾਰੇ, ਦੋ ਕਿਸਮਾਂ ਵਿਚ ਵੰਡ ਦਿੱਤਾ ਗਿਆ।

(1) ਮਾਲਕ ਮੁਜ਼ਾਰੇ—ਜਿਹਨਾਂ ਨੂੰ ਬੇਦਖਲ ਨਹੀਂ ਸੀ ਕੀਤਾ ਜਾ ਸਕਦਾ, ਪਰ ਜਿਹਨਾਂ ਨੂੰ ਜ਼ਮੀਨ ਵੇਚਣ ਜਾਂ ਗਹਿਣੇ ਰੱਖਣ ਦੀ ਆਗਿਆ ਨਹੀਂ ਸੀ। ਨਾ ਹੀ ਉਹ ਜ਼ਮੀਨ ਕਿਸੇ ਨੂੰ ਪੱਕੇ ਤੌਰ ਤੇ ਦੇ ਸਕਦੇ ਸਨ, ਨਾ ਖੂਹ ਲੁਆ ਸਕਦੇ ਸਨ। ਉਹ ਜਾਗੀਰਦਾਰਾਂ ਨੂੰ ਨਕਦ ਲਗਾਨ ਜਾਂ ਭੋਲੀ ਦਿੰਦੇ ਸਨ।

(2) ਤਾਬਿਆ ਮਰਜ਼ੀ ਮੁਜ਼ਾਰੇ—ਜੇ ਉਹ ਪਿੰਡ ਵਿਚ ਰਹਿਣ ਤਾਂ ਉਹਨਾਂ ਤੋਂ ਜ਼ਮੀਨ ਨਹੀਂ ਸੀ ਛੁਡਾਈ ਜਾ ਸਕਦੀ। ਉਹ ਜਾਗੀਰਦਾਰਾਂ ਨੂੰ ਵਟਾਈ ਦਿੰਦੇ ਸਨ।

ਬਹੁਤ ਕੇਸਾਂ ਵਿਚ ਗਰੀਬ ਮੁਜ਼ਾਰਿਆਂ ਲਈ 12 ਸਾਲ ਤੋਂ ਕਬਜ਼ੇ ਦਾ ਹੱਕ ਸਾਬਤ ਕਰਨਾ ਬੜਾ ਕਠਿਨ ਸੀ। ਉਂਜ ਵੀ ਜਾਗੀਰਦਾਰਾਂ ਲਈ ਅਫਸਰਾਂ ਨਾਲ ਮਿਲ ਜੁਲ ਕੇ ਮੁਜ਼ਾਰਿਆਂ ਨੂੰ ਦਬਾ ਕੇ ਰੱਖਣਾ ਸੌਖਾ ਸੀ।

ਚੂੰਕਿ ਲਗਾਨ ਦਾ ਪੁਰਾਣਾ ਪ੍ਰਬੰਧ ਬਦਲ ਚੁੱਕਾ ਸੀ, ਫਸਲ ਹੋਵੇ ਜਾਂ ਨਾ, ਲਗਾਨ ਦੇਣਾ ਹੀ ਪੈਂਦਾ ਸੀ ਅਤੇ ਉਹ ਵੀ ਨਕਦੀ ਦੀ ਸ਼ਕਲ ਵਿਚ। ਫਸਲ ਨਾ ਹੋਣ ਜਾਂ ਮਾੜੀ ਹੋਣ ਤੇ ਕਿਸਾਨਾਂ ਕੋਲ ਇਕੋ ਹੀ ਰਾਹ ਹੁੰਦਾ ਸੀ ਕਿ ਜਾਂ ਤਾਂ ਉਹ ਲਗਾਨ ਨਾ ਦੇਣ ਦੇ ਦੋਸ਼ ਵਿਚ ਸਰਕਾਰੀ ਸਜ਼ਾ ਦੇ ਭਾਗੀ ਹੋਣ ਜਾਂ ਸ਼ਾਹੂਕਾਰਾਂ ਕੋਲ ਜ਼ਮੀਨ, ਪਸ਼ੂ ਜਾਂ ਗਹਿਣੇ ਆਦਿ ਵੇਚ ਕੇ ਜਾਂ ਗਹਿਣੇ ਰੱਖ ਕੇ ਇਹ ਲਗਾਨ ਦੇਣ।

ਸਰਕਾਰੀ ਚਰਾਂਦਾ ਉਤੇ ਪਸ਼ੂ ਚਰਾਉਣ, ਤੇ ਸਰਕਾਰੀ ਜੰਗਲਾਂ ਤੋਂ ਲੱਕੜ ਲੈਣ ਆਦਿ ਤੇ ਵੀ ਟੈਕਸ ਦੇਣਾ ਪੈਂਦਾ ਸੀ। ਆੜ੍ਹਤੀਆਂ, ਸ਼ਾਹੂਕਾਰਾਂ ਤੇ ਸਰਕਾਰ ਦੀ ਲੁੱਟ ਘਸੁੱਟ ਨੇ ਪੰਜਾਬੀ ਕਿਸਾਨਾਂ ਦਾ ਲੱਕ ਤੋੜਨਾ ਸ਼ੁਰੂ ਕਰ ਦਿੱਤਾ ਸੀ। ਕਿਸਾਨ ਆਰਥਕ ਅਰਾਜਕਤਾ ਦੇ ਦੌਰ ਵਿਚੋਂ ਲੰਘ ਰਹੇ ਸਨ। ਕਈ ਕਿਸਾਨ ਜ਼ਮੀਨਾਂ ਨੂੰ ਛੱਡ ਕੇ ਦੌੜਨ ਲੱਗ ਪਏ ਸਨ। 1849 ਤੋਂ 1869 ਤੀਕਰ ਕੋਈ ਜ਼ਮੀਨ ਨਹੀਂ ਸੀ ਵਿਕੀ, ਪਰ ਇਸ ਤੋਂ ਬਾਦ ਜ਼ਮੀਨ ਵਿਕਣੀ ਸ਼ੁਰੂ ਹੋਈ ਮਿਲਦੀ ਹੈ। 1871-72 ਵਿਚ-66.5 ਫੀ ਸਦੀ ਜ਼ਮੀਨ ਗਹਿਣੇ ਰੱਖੀ ਗਈ ਅਤੇ 63 ਫੀਸਦੀ ਜ਼ਮੀਨ ਤਕੜੇ ਕਿਸਾਨਾਂ ਕੋਲ ਵਿਕੀ।



Sri Satguru Jagjit Singh Ji eLibrary NamdhariElibrary@gmail.com

1869-70 ਵਿਚ ਜ਼ਮੀਨ ਦੀ ਕੀਮਤ ਮਾਮਲੇ ਤੋਂ ਦਸ ਗੁਣਾ ਵੱਧ ਸੀ। 1875-76 ਵਿਚ ਜ਼ਮੀਨ ਦੀ ਆਮ ਕੀਮਤ 20 ਰੁਪੈ ਤੋਂ 31 ਰੁਪੈ ਫੀ ਏਕੜ ਸੀ।

ਜ਼ਮੀਨਾਂ ਦੇ ਝਗੜਿਆਂ ਨੇ ਮੁਕੱਦਮੇਬਾਜ਼ੀ ਵਿਚ ਵੀ ਵਾਧਾ ਕੀਤਾ। ਜੁਡੀਸ਼ਲ ਸਿਸਟਮ ਦੇ ਬਦਲਣ ਨਾਲ ਵਕੀਲਾਂ, ਮੁਣਸ਼ੀਆਂ ਤੇ ਕਲਰਕਾਂ ਆਦਿ ਦੀਆਂ ਨਵੀਆਂ ਸ਼੍ਰੇਣੀਆਂ ਵੀ ਪੈਦਾ ਹੋਈਆਂ। ਆਮ ਕਿਸਾਨਾਂ ਦੇ ਹੱਥੋਂ ਜ਼ਮੀਨ ਏਨੀ ਤੇਜ਼ੀ ਨਾਲ ਨਿਕਲਣੀ ਸ਼ੁਰੂ ਹੋਈ ਕਿ 1901 ਵਿਚ ਸਰਕਾਰ ਨੂੰ ਐਕਟ ਇੰਤਕਾਲ ਅਰਾਜ਼ੀ ਬਣਾਉਣ ਤੇ ਮਜਬੂਰ ਹੋਣਾ ਪਿਆ। ਇਸ ਦੇ ਬਾਵਜੂਦ ਵੀ ਕਿਸਾਨਾਂ ਦੇ ਹੱਥੋਂ ਜ਼ਮੀਨ ਨਿਕਲਦੀ ਗਈ ਤੇ ਪੰਜਾਬ ਵਿਚ ਮੁਜ਼ਾਰਿਆਂ ਦੀ ਗਿਣਤੀ ਵਿਚ ਵਾਧਾ ਹੁੰਦਾ ਗਿਆ। ਜੋ ਤਕੜੇ ਕਿਸਾਨ ਜਾਂ ਜਾਗੀਰਦਾਰਾਂ ਤੋਂ ਬਟਾਈ ਤੇ ਜ਼ਮੀਨਾ ਲੈ ਕੇ ਗੁਜ਼ਾਰਾ ਕਰਨ ਲੱਗੇ। 1892-93 ਵਿਚ 40 ਫੀਸਦੀ ਜ਼ਮੀਨ ਮੁਜ਼ਾਰਿਆਂ ਹੇਠ ਸੀ। 1918-19 ਵਿਚ ਇਹ ਵਧ ਕੇ 51 ਫੀ ਸਦੀ ਹੋ ਗਈ। ਜਿਹਨਾਂ ਵਿਚ ਮਾਲਕ ਮੁਜ਼ਾਹਰਿਆਂ ਦੀ ਗਿਣਤੀ ਕੇਵਲ 8.2 ਫੀਸਦੀ ਸੀ। ਬਾਕੀ ਤਾਬਿਆ ਮਰਜ਼ੀ ਮੁਜ਼ਾਹਰਿਆਂ ਦੀ 1872-73 ਵਿਚ ਸਿੱਖ ਕਾਸ਼ਤਕਾਰਾਂ ਵਿਚੋਂ 23 ਫੀਸਦੀ ਮੁਸਲਮਾਨਾਂ ਵਿਚੋਂ 61 ਫੀਸਦੀ ਅਤੇ ਹਿੰਦੂਆਂ ਵਿਚੋਂ 61 ਫੀਸਦੀ ਮੁਜ਼ਾਰੇ ਸਨ।

ਜ਼ਮੀਨ ਦੀ ਮਾਲਕੀ ਦੇ ਸੰਬੰਧ ਵਿਚ ਪੰਜਾਬ ਦੀ ਜ਼ਮੀਨ ਦੀ ਵੰਡ ਇਸ ਤਰ੍ਹਾਂ ਸੀ—

17.9 ਫੀਸਦੀ ਮਾਲਕਾਂ ਕੋਲ 1 ਫੀਸਦੀ ਜ਼ਮੀਨ ਅਰਥਾਤ 1 ਏਕੜ ਤੋਂ ਘੱਟ, 40.4 ਫੀਸਦੀ ਮਾਲਕਾਂ ਕੋਲ 4.4 ਫੀਸਦੀ ਅਰਥਾਤ 5 ਏਕੜ ਤੋਂ ਘੱਟ 26.2 ਫੀਸਦੀ ਮਾਲਕਾਂ ਕੋਲ 26.6 ਫੀਸਦੀ ਅਰਥਾਤ 15 ਏਕੜ ਤੋਂ ਘੱਟ, 11.8 ਫੀਸਦੀ ਮਾਲਕਾਂ ਕੋਲ 35.6 ਫੀਸਦੀ ਅਰਥਾਤ 50 ਏਕੜ ਤੋਂ ਘੱਟ, 3.7 ਫੀਸਦੀ ਮਾਲਕਾਂ ਕੋਲ 25.7 ਫੀਸਦੀ ਅਰਥਾਤ 50 ਏਕੜ ਤੋਂ ਉਤੇ। ਇਸ ਨੂੰ ਇਵੇਂ ਵੀ ਲਿਆ ਜਾ ਸਕਦਾ ਹੈ—84.5 ਫੀਸਦੀ ਮਾਲਕ ਕਿਸਾਨਾਂ ਕੋਲ ਕੁੱਲ ਜ਼ਮੀਨ ਦਾ ਕੇਵਲ 32 ਫੀਸਦੀ ਸੀ ਅਰਥਾਤ 15 ਏਕੜ ਤੋਂ ਵੀ ਘੱਟ ਸੀ। 58.5 ਫੀ ਸਦੀ ਮਾਲਕ ਕਿਸਾਨਾਂ ਕੋਲ 5 ਏਕੜ ਤੋਂ ਵੀ ਘੱਟ ਸੀ। 15.5 ਫੀ ਸਦੀ ਲੋਕਾਂ ਕੋਲ ਜ਼ਮੀਨ ਦਾ 58 ਫੀ ਸਦੀ ਅਰਥਾਤ 50 ਏਕੜ ਤੋਂ ਉਤੇ ਸੀ।

ਇਹ ਅੰਕੜੇ ਇਸ ਗੱਲ ਦਾ ਪ੍ਰਗਟਾਵਾ ਕਰਦੇ ਹਨ ਕਿ ਪੰਜਾਬ ਦੀ ਜ਼ਮੀਨ ਦਾ ਬਹੁਤਾ ਵੱਡਾ ਭਾਗ ਜਾਗੀਰਦਾਰਾਂ ਅਤੇ ਧਨੀ ਕਿਸਾਨਾਂ ਦੇ ਕਬਜ਼ੇ ਵਿਚ ਸੀ। ਆਮ ਕਿਸਾਨਾਂ ਕੋਲ ਗੁਜ਼ਾਰੇ ਜੋਗੀ ਜ਼ਮੀਨ ਨਹੀਂ ਸੀ।

ਪੰਜਾਬ ਕਾਲ ਰੀਪੋਰਟ 1878-79 ਦੇ ਮੁਤਾਬਕ ਪੰਜਾਬ ਦੇ ਕਿਸਾਨਾਂ ਦੀ ਇਹ ਹਾਲਤ ਸੀ—

83 ਫੀਸਦੀ ਕਿਸਾਨ ਕਰਜ਼ੇ ਹੇਠ ਸਨ, 45 ਫੀਸਦੀ ਜ਼ਮੀਨ ਗਹਿਣੇ ਸੀ, ਕਿਸਾਨਾਂ ਸਿਰ 75 ਕਰੋੜ ਰੁਪਿਆ ਕਰਜ਼ਾ ਸੀ 467 ਰੁਪੈ ਔਸਤ ਫੀ ਕਿਸਾਨ ਕਰਜ਼ਾ ਸੀ, 15 ਕਰੋੜ ਰੁਪਿਆ ਖੇਤ ਮਜ਼ਦੂਰਾਂ ਤੇ ਮੁਜ਼ਾਰਿਆਂ ਸਿਰ ਕਰਜ਼ਾ ਸੀ ਅਰਥਾਤ 150 ਰੁਪੈ ਫੀ ਕੇਸ, ਵਧੇਰੇ ਜ਼ਮੀਨ ਵਾਲੇ ਮਾਲਕਾਂ ਸਿਰ ਵਧੇਰੇ ਕਰਜ਼ਾ ਸੀ। 13



Sri Satguru Jagjit Singh Ji eLibrary NamdhariElibrary@gmail.com

ਕਰੋੜ ਰੁਪਈਆ ਵਿਆਜ ਦਾ ਜਾਂਦਾ ਸੀ ਜਿਹੜਾ ਕਿ ਮਾਮਲੇ ਤੋਂ ਤਿੰਨ ਗੁਣਾ ਵਧ ਬਣਦਾ ਸੀ ।

ਇਹ ਹਾਲਤ ਤਾਂ ਸਿਰਫ ਪੰਜਾਬ ਦੀ ਸੀ । ਉਂਜ ਸਾਰੇ ਹਿੰਦੁਸਤਾਨ ਦੇ ਕਿਸਾਨ 600 ਕਰੋੜ ਰੁਪਏ ਦੇ ਕਰਜ਼ੇ ਹੇਠ ਸਨ ।

ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿਚ ਕਿਸਾਨਾਂ ਦੀ ਵੱਖ ਵੱਖ ਹਾਲਤ ਸੀ ।

ਸਿਆਲਕੋਟ, ਗੁਰਦਾਸਪੁਰ, ਅੰਬਾਲਾ ਅਤੇ ਹੁਸ਼ਿਆਰਪੁਰ ਦੇ ਕਿਸਾਨਾਂ ਸਿਰ ਔਸਤਨ 490 ਰੁਪਏ ਫੀ ਕਿਸਾਨ ਕਰਜ਼ਾ ਸੀ । ਅਰਥਾਤ 89 ਫੀਸਦੀ ਕਿਸਾਨ ਕਰਜ਼ੇ ਹੇਠ ਸਨ । ਹੁਸ਼ਿਆਰਪੁਰ ਵਿਚ ਹਾਲਤ ਵਧੇਰੇ ਮਾੜੀ ਸੀ । ਇਥੇ 678 ਰੁਪੈ ਫੀ ਕਿਸਾਨ ਕਰਜ਼ਾ ਸੀ । ਇਕ ਪ੍ਰੀਵਾਰ ਦੇ ਗੁਜ਼ਾਰੇ ਲਈ 14 ਏਕੜ ਜ਼ਮੀਨ ਦੀ ਲੋੜ ਮਹਿਸੂਸ ਕੀਤੀ ਜਾਂਦੀ ਸੀ । 10–15 ਏਕੜ ਜ਼ਮੀਨ ਵਾਲੇ ਕਿਸਾਨ ਵੀ ਕਰਜ਼ੇ ਹੇਠ ਸਨ ।

ਸਿਆਲਕੋਟ ਵਿਚ ਜ਼ਮੀਨ ਦੀ ਔਸਤ ਸਾਢੇ ਚਾਰ ਤੋਂ ਸੱਤ ਏਕੜ ਸੀ । ਇਸ ਜ਼ਿਲ੍ਹੇ ਦੇ ਲੋਕਾਂ ਨੂੰ ਦੋ ਲੱਖ ਏਕੜ ਜ਼ਮੀਨ ਬਾਰ ਵਿਚ ਮਿਲੀ । ਇਹਨਾਂ ਜ਼ਿਲਿਆਂ ਵਿਚ ਜ਼ਮੀਨ ਦਾ ਭਾ 289 ਰੁਪਏ ਫੀ ਏਕੜ ਸੀ । ਜਦ ਕਿ ਕਰਜ਼ਾ 53 ਰੁਪੈ ਫੀ ਏਕੜ ਸੀ । ਜਦ ਕਿ ਕਰਜ਼ਾ 53 ਰੁਪੈ ਫੀ ਏਕੜ ਸੀ । ਗੁਰਦਾਸਪੁਰ ਤੇ ਹੁਸ਼ਿਆਰਪੁਰ ਵਿਚ ਜ਼ਜੀਨ ਦੀ ਸਾਲਾਨਾ ਆਮਦਨ 45 ਰੁਪਏ ਫੀ ਏਕੜ ਹੁੰਦੀ ਸੀ, ਜਦੋਂ ਕਿ ਕਰਜ਼ਾ 56 ਰੁਪੈ ਫੀ ਏਕੜ ਸੀ ।

ਰਾਵਲਪਿੰਡੀ ਵਿਚ ਔਸਤ 4 ਏਕੜ ਸੀ, ਜਿਹੜੀ ਕਿ ਮਰੀ ਦੇ ਇਲਾਕੇ ਵਿਚ ਢਾਈ ਏਕੜ ਰਹਿ ਜਾਂਦੀ ਸੀ । ਰਾਵਲਪਿੰਡੀ ਵਿਚ 76 ਫੀ ਸਦੀ ਅਤੇ ਜ਼ਿਲਾ ਜੇਹਲਮ ਵਿਚ 70 ਫੀ ਸਦੀ ਕਿਸਾਨ ਕਰਜ਼ੇ ਹੇਠ ਹੋ ਗਏ ਸਨ । ਕਈ ਥਾਈਂ ਸਿਰਫ ਖੋਤਿਆਂ ਨਾਲ ਹੀ ਵਾਹੀ ਕਰਦੇ ਸਨ । ਜੀਵਨ ਪੱਧਰ ਬਹੁਤ ਨੀਵਾਂ ਸੀ ।

ਰਿਵਾੜੀ ਤੋਂ ਬਠਿੰਡੇ ਤੀਕ 200 ਮੀਲ ਦਾ ਇਲਾਕਾ ਨਿਰਾ ਬੰਜਰ ਸੀ । ਇਥੇ ਇਕ ਵੀ ਖੇਤ ਦਿਖਾਈ ਨਹੀਂ ਦਿੰਦਾ ਸੀ । ਰੋਹਤਕ ਵਿਚ 77 ਫੀ ਸਦੀ ਅਤੇ ਕਰਨਾਲ ਵਿਚ 94 ਫੀਸਦੀ ਕਿਸਾਨ ਕਰਜ਼ੇ ਦੇ ਬੋਝ ਥੱਲੇ ਦੱਬੇ ਹੋਏ ਸਨ ।

1919–21 ਵਿਚ ਸਰਸੇ ਵਿਚ 40 ਫੀਸਦੀ ਪਸ਼ੂ ਮਰੇ, 5 ਵਾਰੀ ਫਸਲ ਮਾਰੀ ਗਈ, 8 ਆਨੇ ਮਣ ਤੂੜੀ ਹੁੰਦੀ ਸੀ, 4 ਰੁਪੈ ਮਣ ਤੀਕਰ ਵਿਕ ਗਈ । ਕਿਸਾਨਾਂ ਨੇ ਗਹਿਣੇ ਵੇਚ ਕੇ ਗੁਜ਼ਾਰਾ ਕੀਤਾ । ਇਕ ਦਿਨ ਵਿਚ 20 ਹਜ਼ਾਰ ਰੁਪੈ ਤੀਕਰ ਗਹਿਣੇ ਵਿਕ ਗਏ । 1916 ਦੇ ਗੁੜਗਾਵਾਂ ਗਜ਼ਟੀਅਰ ਦੇ ਮੁਤਾਬਕ 30 ਸਾਲਾਂ ਵਿਚ ਦੁੱਗਣੀ ਜ਼ਮੀਨ ਗਹਿਣੇ ਪਈ ।

ਅਟਕ ਦੇ ਜ਼ਿਲ੍ਹੇ ਵਿਚ ਤਾਂ ਬੀ ਵੀ ਨਹੀਂ ਸੀ ਮੁੜਦਾ । 18 ਮਹੀਨਿਆਂ ਵਿਚ ਸਾਢੇ ਛੇ ਤੋਂ ਸਾਢੇ ਦਸ ਫੀਸਦੀ ਤਕ ਜ਼ਮੀਨ ਗਹਿਣੇ ਪਈ । ਮੀਆਂਵਾਲੀ, ਮੁਜ਼ਫਰਗੜ੍ਹ, ਡੇਰਾ ਗ਼ਾਜ਼ੀ ਖਾਂ ਤੇ ਮੁਲਤਾਨ ਦੀ 40 ਫੀਸਦੀ ਜ਼ਮੀਨ ਜਾਗੀਰਦਾਰਾਂ ਦੇ ਕਬਜ਼ੇ ਵਿਚ ਸੀ । ਪੀਰ, ਕਰਾੜ ਤੇ ਜਾਗੀਰਦਾਰ ਸਾਰੇ ਇਲਾਕੇ ਤੇ ਛਾਏ ਹੋਏ ਸਨ । ਹਰ ਪੰਜ ਮੀਲ ਤੇ ਕੋਈ ਨਾ ਕੋਈ ਪੀਰ ਹੁੰਦਾ ਸੀ, ਜਿਹੜਾ ਆਪਣੇ ਪਾਲੇ ਹੋਏ ਬਦਮਾਸ਼ਾਂ ਦੀ



Sri Satguru Jagjit Singh Ji eLibrary NamdhariElibrary@gmail.com

ਮਦਦ ਨਾਲ ਗਰੀਬਾਂ ਨੂੰ ਦਬਾ ਕੇ ਰਖਦਾ ਸੀ। ਆਮ ਲੋਕਾਂ ਦੇ ਪਸ਼ੂ ਖੁਲ੍ਹਾ ਦੇਣੇ, ਤੋਵੀਆਂ ਚੁਕਵਾ ਦੇਣੀਆਂ, ਝੂਠੇ ਮੁਕੱਦਮਿਆਂ ਵਿਚ ਫਸਾ ਦੇਣਾ ਇਹਨਾਂ ਦੇ ਕੰਮ ਸਨ। ਪੁਲਸ, ਜਾਗੀਰਦਾਰਾਂ, ਸ਼ਾਹੂਕਾਰਾਂ ਤੇ ਇਹਨਾਂ ਪੀਰਾਂ ਦੀ ਆਪਸੀ ਸਾਂਝ ਹੁੰਦੀ ਸੀ। ਆਨਰੇਰੀ ਮੈਜਿਸਟਰੇਟ ਤੇ ਹੋਰ ਸਰਕਾਰੀ ਅਫਸਰ ਇਹਨਾਂ ਦੇ ਅਸਰ ਥੱਲੇ ਹੁੰਦੇ ਸਨ। ਮੁਜਾਰੇ ਤੇ ਥੋੜੀ ਮਾਲਕੀ ਵਾਲੇ ਕਿਸਾਨਾਂ ਦੀ ਦਸ਼ਾ ਬੜੀ ਮੰਦੀ ਸੀ ਤੇ ਜਾਗੀਰਦਾਰ ਹੰਕਾਰੇ ਤੇ ਰੱਜੇ ਹੋਏ ਸਨ। ਹਰ ਜਾਇਜ਼ ਨਾਜਾਇਜ਼ ਢੰਗ ਵਰਤ ਕੇ ਜਾਗੀਰਦਾਰਾਂ ਨੇ ਆਪਣੀਆਂ ਜ਼ਮੀਨਾਂ ਦੁੱਗਣੀਆਂ ਕਰ ਲਈਆਂ। ਜਦ ਕਿ ਮਾਲਕ ਕਿਸਾਨਾਂ ਦਾ ਇਕ ਹਿੱਸਾ ਜ਼ਮੀਨ ਤੋਂ ਹੱਥ ਧੋ ਕੇ ਮੁਜਾਰਿਆਂ ਦੇ ਰੂਪ ਵਿਚ ਬਦਲ ਗਿਆ, ਜਾਂ ਖੇਤ ਮਜ਼ਦੂਰ ਬਣ ਗਿਆ। ਖੇਤ ਮਜ਼ਦੂਰ (ਸੀਰੀ) ਨੂੰ 30 ਰੁਪੈ ਤੋਂ 50 ਰੁਪੈ ਸਾਲਾਨਾ ਤਨਖਾਹ ਜਾਂ ਇੰਨੀ ਕੁ ਰਕਮ ਦੇ ਦਾਣੇ ਮਿਲਦੇ ਹੁੰਦੇ ਸਨ।

ਮੁਲਤਾਨ ਵਿਚ ਹਾਲਤ ਕੁਝ ਬਿਹਤਰ ਸੀ। ਦੀਵਾਨ ਸਾਵਣ ਮੱਲ ਦੀ ਗਵਰਨਰੀ (1821–41) ਵੇਲੇ ਇਸ ਇਲਾਕੇ ਦੇ ਵਿਕਾਸ ਵਲ ਧਿਆਨ ਦਿੱਤਾ ਗਿਆ ਸੀ। ਮੁਲਤਾਨ ਤੋਂ ਬਿਨਾਂ ਇਲਾਕੇ ਵਿਚ ਸੌ ਫੀਸਦੀ ਲੋਕਾਂ ਕੋਲ 1 ਤੋਂ 5 ਏਕੜ ਤਕ ਜ਼ਮੀਨ ਸੀ। ਅਲੀਪੁਰ ਤਹਿਸੀਲ ਵਿਚ 3 ਫੀਸਦੀ ਲੋਕਾਂ ਕੋਲ ਅੱਧੀ ਜ਼ਮੀਨ ਸੀ ਤੇ ਬਾਕੀ 97 ਫੀਸਦੀ ਲੋਕਾਂ ਕੋਲ 2 ਏਕੜ ਤੋਂ ਵੀ ਘੱਟ।

ਗੁਜਰਾਤ, ਲਾਹੌਰ, ਜਲੰਧਰ ਤੇ ਫੀਰੋਜ਼ਪੁਰ ਪੰਜਾਬ ਦੇ ਕੇਂਦਰੀ ਇਲਾਕੇ ਗਿਣੇ ਜਾਂਦੇ ਸਨ। ਇਸ ਇਲਾਕੇ ਦੇ ਵੀ 80 ਫੀਸਦੀ ਕਿਸਾਨ ਕਰਜ਼ਾਈ ਸਨ। ਭਾਵੇਂ 454 ਰੁਪੈ ਫੀਸਦੀ ਜੀਅ ਕਰਜ਼ੇ ਦੀ ਔਸਤ ਸੀ, ਪਰ ਲਾਹੌਰ ਤੇ ਫ਼ੀਰੋਜ਼ਪੁਰ ਵਿਚ ਇਹ 655 ਰੁਪਏ ਤੋਂ 624 ਰੁਪਏ ਦੀ ਤਰਤੀਬ ਨਾਲ ਸੀ। ਇਹ ਕਰਜ਼ਾ ਲੋਕਾਂ ਦਾ ਸਾਹ ਸੂਤ ਰਿਹਾ ਸੀ। ਜਲੰਧਰ ਦਾ ਜ਼ਿਲ੍ਹਾ ਜਿਹੜਾ ਇਸਸੈਕਸ ਦੀ ਕਾਊਂਟੀ ਤੋਂ ਵੱਡਾ ਹੈ ਅਤੇ ਜਿਥੋਂ ਦੇ ਵਸਨੀਕ ਚੀਨ ਤੋਂ ਲੈ ਕੇ ਚਿੱਲੀ ਤੀਕਰ ਪਹੁੰਚੇ ਹੋਏ ਸਨ, ਆਮ ਮਲਕੀਅਤ ਭੋਂ ਪੰਜ ਏਕੜ ਤੀਕਰ ਦੀ ਸੀ।

1917 ਵਿਚ ਜ਼ਮੀਨ ਦਾ ਭਾਅ 405 ਰੁਪੈ ਤੋਂ ਲੈ ਕੇ 597 ਰੁਪਏ ਫੀ ਏਕੜ ਸੀ। 1885 ਤੋਂ ਲੈ ਕੇ 1915 ਤੀਕਰ ਜ਼ਮੀਨ ਦਾ ਭਾਅ ਪੰਜ ਗੁਣਾ ਵੱਧ ਚੁੱਕਾ ਸੀ। 25 ਤੋਂ 30 ਲੱਖ ਰੁਪਿਆ ਸਾਲਾਨਾ ਬਾਹਰੋਂ ਆਉਣ ਕਰਕੇ ਜ਼ਮੀਨ ਮਹਿੰਗੀ ਹੁੰਦੀ ਜਾ ਰਹੀ ਸੀ।

ਤਹਿਸੀਲ ਨਵਾਂ ਸ਼ਹਿਰ ਵਿਚ ਇਹ ਭਾਅ 8 ਗੁਣਾ ਵਧ ਪਹੁੰਚ ਗਿਆ ਸੀ। ਅੰਮ੍ਰਿਤਸਰ ਵਿਚ ਕਰਜ਼ੇ ਦੀ ਔਸਤ ਘੱਟ ਸੀ। ਫੇਰ ਵੀ ਸਾਰੇ ਜ਼ਿਲੇ ਦੇ ਕਿਸਾਨਾਂ ਸਿਰ 480 ਲੱਖ ਰੁਪਏ ਦਾ ਕਰਜ਼ਾ ਸੀ।

ਪੰਜਾਬ ਉਤੇ ਅੰਗਰੇਜ਼ਾਂ ਦੇ ਕਬਜ਼ੇ ਦੇ ਅਗਲੇ ਸਾਲ ਦਸੰਬਰ 1850 ਵਿਚ ਲਾਰਡ ਡਲਹੌਜ਼ੀ ਨੇ ਆਪਣੇ ਪੰਜਾਬ ਦੇ ਦੌਰੇ ਵਿਚ ਇਹ ਦੇਖ ਲਿਆ ਸੀ ਕਿ—

"ਹਰ ਥਾਂ ਮੈਨੂੰ ਬੜੀ ਜ਼ਰਖੇਜ਼ ਜ਼ਮੀਨ ਮਿਲੀ ਹੈ, ਜਿਹੜੀ ਕਿ ਹਾਲੇ ਬੰਜਰ ਹੈ। ਇਸ ਨੂੰ ਸਿਰਫ ਪਾਣੀ ਦੀ ਲੋੜ ਹੈ, ਜਿਹੜਾ ਇਸ ਨੂੰ ਭਰਪੂਰ ਕਾਸ਼ਤ ਦੇ ਮੈਦਾਨ ਵਿਚ ਬਦਲ ਦੇਵੇਗਾ।"



Sri Satguru Jagjit Singh Ji eLibrary NamdhariElibrary@gmail.com

ਲਾਰਡ ਡਲਹੌਜ਼ੀ ਦਾ ਬਿਆਨ ਸਮਾਜੀ ਇਛਾਵਾਂ ਦੇ ਦ੍ਰਿਸ਼ਟੀਕੋਣ ਤੋਂ ਸੀ ਜਿਸ ਦੇ ਅਧੀਨ ਉਹਨਾਂ ਨੇ ਪਹਿਲਾਂ ਹਿੰਦੁਸਤਾਨ ਤੇ ਫਿਰ ਪੰਜਾਬ ਤੇ ਕਬਜ਼ਾ ਕੀਤਾ ਸੀ। ਉਹ ਦ੍ਰਿਸ਼ਟੀਕੋਣ ਇਹ ਸੀ—

''ਬ੍ਰਤਾਨਵੀ ਸਨਅਤ ਵਾਸਤੇ ਹਿੰਦੁਸਤਾਨ ਵਿਚ ਕੱਚੇ ਮਾਲ ਦੀ ਪੈਦਾਵਾਰ ਅਤੇ ਬ੍ਰਤਾਨੀਆਂ ਵਿਚ ਤਿਆਰ ਕੀਤੀਆਂ ਚੀਜ਼ਾਂ ਦੀ ਹਿੰਦੁਸਤਾਨ ਵਿਚ ਖਪਤ ਇੰਗਲੈਂਡ ਦੀ ਮੁਢਲੀ ਵਪਾਰਕ ਪਾਲਸੀ ਦਾ ਇਹ ਦੋ ਧਾਰਾ ਮੰਤਵ ਸੀ।''

ਇਸੇ ਪਾਲਸੀ ਦੇ ਅਧੀਨ ਸ਼ਾਹਪੁਰ, ਮਿੰਟਗੁੰਮਰੀ, ਸ਼ੇਖੂਪੁਰ ਅਤੇ ਲਾਇਲਪੁਰ ਦੇ ਇਲਾਕਿਆਂ ਵਿਚ ਬਾਰਾਂ ਨੂੰ ਵਸਾਇਆ ਗਿਆ। ਕਪਤਾਨ ਪੋਪਹਮ ਯੰਗ ਪਹਿਲਾ ਅਬਾਦਕਾਰੀ ਅਫਸਰ ਸੀ, ਜਿਸ ਨੇ ਜ਼ਮੀਨ ਵੰਡ ਦੀ ਯੋਜਨਾ ਤਿਆਰ ਕੀਤੀ। ਭਾਵੇਂ ਨਵੀਆਂ ਜ਼ਮੀਨਾਂ ਦੀ ਅਬਾਦਕਾਰੀ ਦਾ ਕੰਮ ਬੜਾ ਮੁਸ਼ਕਲ ਸੀ, ਪਰ ਜ਼ਮੀਨ ਦੀ ਆਮ ਥੁੜੋਂ ਅਤੇ ਪੰਜਾਬੀ ਕਿਸਾਨਾਂ ਦੇ ਮਿਹਨਤੀ ਸੁਭਾਅ ਨੇ ਬੰਜਰ ਜ਼ਮੀਨਾਂ ਵਿਚ ਫਸਲਾਂ ਦੀ ਬਹਾਰ ਲਾ ਦਿੱਤੀ। ਕੇਂਦਰੀ ਪੰਜਾਬ ਤੇ ਸਿਆਲਕੋਟ ਦੇ ਜ਼ਿਲਿਆਂ ਵਿਚੋਂ ਹਜ਼ਾਰਾਂ ਕਿਸਾਨ ਘਰਾਣੇ ਆਪਣੇ ਜੱਦੀ ਪਿੰਡ ਛੱਡ ਕੇ ਬਾਰਾਂ ਨੂੰ ਆਬਾਦ ਕਰਨ ਆਏ। ਇਕ ਕਿਸਾਨ ਦੇ ਕਹਿਣ ਮੁਤਾਬਿਕ—

''ਅਸੀਂ ਜਦੋਂ ਕਬਜ਼ਾ ਲੈਣ ਵਾਸਤੇ ਆਏ, ਸਾਨੂੰ ਬਾਹਰ ਪੱਧਰੇ ਹੀ ਡੇਰਾ ਕਰਨਾ ਪਿਆ। ਅਸੀਂ ਨਹਿਰ ਦਾ ਪਾਣੀ ਪੀਂਦੇ ਸਾਂ ਅਤੇ ਜਦ ਨਹਿਰ ਬੰਦ ਹੋ ਜਾਂਦੀ, ਸਾਨੂੰ ਛੱਪੜਾਂ ਦਾ ਜੰਮ੍ਹਿਆਂ ਹੋਇਆ ਪਾਣੀ ਪੀਣਾ ਪੈਂਦਾ, ਉਥੋਂ ਹੀ ਮੱਝਾਂ ਪਾਣੀ ਪੀਂਦੀਆਂ ਅਤੇ ਉਹ ਕਈ ਵਾਰੀ ਵਿਚ ਪੇਸ਼ਾਬ ਵੀ ਕਰ ਦਿੰਦੀਆਂ।''

ਜ਼ਮੀਨ ਦੀ ਵੰਡ ਵੇਲੇ ਵੀ ਜਾਗੀਰਦਾਰਾਂ ਨੂੰ 6 ਤੋਂ 20 ਮੁਰੱਬੇ, ਫੌਜੀ ਸਰਦਾਰਾਂ ਤੇ ਹੋਰ ਜੀ-ਹਜ਼ੂਰੀਆਂ ਨੂੰ 4 ਤੋਂ 5 ਮੁਰੱਬੇ ਅਤੇ ਆਮ ਕਿਸਾਨਾਂ ਨੂੰ ਇਕ ਇਕ ਮੁਰੱਬਾ ਦਿੱਤਾ ਗਿਆ। ਕਾਫੀ ਜ਼ਮੀਨ ਰਾਖਵੀਂ ਰੱਖ ਲਈ ਗਈ, ਜੋ ਸਮੇਂ ਸਮੇਂ ਸਰਕਾਰ ਪ੍ਰਸਤਾਂ ਨੂੰ ਸਰਕਾਰ ਦੀ ਇਮਦਾਦ ਦੇ ਬਦਲੇ ਦਿੱਤੀ ਜਾਂਦੀ ਰਹੀ। ਇਹਨਾਂ ਵਿਚ ਦੇਸ਼ ਭਗਤਾਂ ਵਿਰੁਧ ਗਵਾਹੀਆਂ ਦੇਣ ਵਾਲੇ ਵੀ ਸ਼ਾਮਲ ਕੀਤੇ ਜਾ ਸਕਦੇ ਹਨ। ਇਸੇ ਤਰ੍ਹਾਂ ਜ਼ਮੀਨ ਦਾ ਇਕ ਹੋਰ ਭਾਗ ਫੌਜੀ ਮੰਤਵਾਂ ਲਈ ਰਾਖਵਾਂ ਕਰ ਲਿਆ ਗਿਆ ਅਤੇ ਇਹ ਮੁਰੱਬੇ ਉਹਨਾਂ ਫੌਜੀਆਂ ਨੂੰ ਦਿੱਤੇ ਜਾਂਦੇ, ਜੋ ਫੌਜ ਲਈ ਘੋੜੇ, ਖੱਚਰਾਂ ਤੇ ਊਠ ਪਾਲਦੇ।

ਲਾਇਲਪੁਰ ਵਿਚ ਲੱਗਪਗ 80 ਫੀਸਦੀ ਮਾਲਕ ਕਿਸਾਨ ਸਨ ਤੇ ਲੱਗਪਗ 15 ਫੀਸਦੀ ਜਾਗੀਰਦਾਰ। ਨੀਲੀਬਾਰ ਵਿਚ ਮੁਜ਼ਾਰਿਆਂ ਦੀ ਗਿਣਤੀ ਬੜੀ ਵੱਡੀ ਸੀ। ਬਾਰਾਂ ਆਮ ਤੌਰ ਤੇ ਖੁਸ਼ਹਾਲ ਇਲਾਕਾ ਗਿਣਿਆਂ ਜਾਂਦਾ ਸੀ। ਪਰ ਲਾਇਲਪੁਰ ਵਿਚ 793 ਰੁਪੈ ਫੀ ਅਬਾਦਕਾਰ ਕਰਜ਼ਾ ਸੀ। ਅਰਥਾਤ 78 ਫੀਸਦੀ ਕਿਸਾਨ ਕਰਜ਼ੇ ਹੇਠ ਸਨ। ਸ਼ਾਹਪੁਰ ਵਿਚ ਇਹ ਦਰ 66 ਫੀਸਦੀ ਸੀ। ਔਸਤਨ ਇਹ ਕਰਜ਼ਾ ਮਾਮਲੇ ਨਾਲੋਂ ਚੌਗਣਾ ਸੀ। 1919-20 ਵਿਚ ਮਿੰਟਗੁੰਮਰੀ ਵਿਚ 600 ਰੁਪਏ ਏਕੜ ਜ਼ਮੀਨ ਦਾ ਭਾਅ ਸੀ ਅਤੇ ਲਾਇਲਪੁਰ ਵਿਚ 34000 ਦਾ ਮੁਰੱਬਾ ਮਿਲਦਾ ਹੁੰਦਾ ਸੀ।



Sri Satguru Jagjit Singh Ji eLibrary NamdhariElibrary@gmail.com

ਸ਼ਾਹਪੁਰ ਦਾ 4800 ਮੁਰੱਬਾ ਮੀਲ ਦਾ ਇਲਾਕਾ ਜਾਗੀਰਦਾਰਾਂ, ਪਸ਼ੂ ਚੋਰਾਂ, ਅਤੇ ਨਹਿਰਾਂ ਕਰਕੇ ਵੱਖਰੀ ਹੈਸੀਅਤ ਰਖਦਾ ਸੀ। ਵਧੇਰੇ ਕਰਕੇ ਇਸ ਦੇ ਜਾਗੀਰਦਾਰ ਕਰਜ਼ਾਈ ਸਨ ਅਤੇ ਕਈ ਇਹਨਾਂ ਵਿਚੋਂ ਸੂਬੇ ਭਰ ਵਿਚ ਬੜੇ ਰਸੂਖ ਵਾਲੇ ਮੰਨੇ ਜਾਂਦੇ ਸਨ।"

ਇਸ ਤੋਂ ਬਿਨਾਂ ਹਜ਼ਾਰਾਂ ਏਕੜ ਜ਼ਮੀਨ ਸਰਕਾਰੀ ਫਾਰਮਾਂ, ਬਾਗ਼ਾਂ, ਅਤੇ ਅੰਗਰੇਜ਼ ਕੰਪਨੀਆਂ ਨੂੰ ਵੀ ਦਿੱਤੀ ਗਈ। ਜਿਉਂ ਜਿਉਂ ਜ਼ਮੀਨ ਦੀ ਮੰਗ ਵਧਣੀ ਸ਼ੁਰੂ ਹੋਈ, ਸਰਕਾਰ ਨੇ ਜ਼ਮੀਨ ਵੇਚਣੀ ਸ਼ੁਰੂ ਕਰ ਦਿੱਤੀ। 1886-97 ਤੋਂ ਲੈ ਕੇ 1916-17 ਤੀਕਰ 21 ਸਾਲਾਂ ਵਿਚ 33 ਕਰੋੜ ਰੁਪਏ ਦੀ ਜ਼ਮੀਨ ਵੇਚੀ ਗਈ।

ਜਾਗੀਰਦਾਰ ਪੰਜਾਬ ਦੇ ਸਿਰ ਤੇ ਬੜੀ ਵੱਡੀ ਲਾਹਨਤ ਸਨ। ਇਹ ਇਕ ਐਸੀ ਅਯਾਸ਼ ਤੇ ਵਿਹਲੜ ਸ਼੍ਰੇਣੀ ਸੀ,ਜਿਹੜੀ ਮੁਜ਼ਾਰਿਆਂ ਅਤੇ ਹੋਰ ਖੇਤ ਮਜ਼ਦੂਰਾਂ ਦੀ ਮਿਹਨਤ ਦੇ ਸਿਰ ਤੇ ਪਲਦੀ ਸੀ। ਜਾਗੀਰਦਾਰ ਨਾਸਿਰਫ ਉਹਨਾਂ ਦੀ ਪੈਦਾਵਾਰ ਦਾ ਵੱਡਾ ਹਿੱਸਾ ਵੰਡਾ ਕੇ ਲੈ ਜਾਂਦੇ ਸਨ, ਬਲਕਿ ਨਜ਼ਰਾਨਿਆਂ ਦੀ ਸ਼ਕਲ ਵਿਚ ਵੀ। ਇਕ ਰੀਪੋਰਟ ਦੇ ਮੁਤਾਬਕ ਕਈ ਜਾਗੀਰਦਾਰ ਹਰ ਮੁਜ਼ਾਰੇ ਪ੍ਰਤੀ ਇਸ ਪ੍ਰਕਾਰ ਦੇ ਨਜ਼ਰਾਨੇ ਲੈਂਦੇ ਸਨ—

ਕੁੜੀ ਦੇ ਵਿਆਹ ਤੇ 5 ਸੇਰ ਅਨਾਜ, ਡੇਢ੍ਹ ਸੇਰ ਚਾਵਲ, 1 ਸੇਰ ਗੁੜ, ਅੱਧਾ ਸੇਰ ਘਿਉ।

ਮੁੰਡੇ ਦੇ ਵਿਆਹ ਤੇ—ਇਕ ਰੁਪਿਆ, ਚਰਾਈ—ਮੱਝ ਅੱਠ ਆਨੇ, ਗਾਂ 4 ਆਨੇ, ਬੱਕਰੀ ਇਕ ਆਨਾ, ਭੇਡ 2 ਆਨੇ।

ਚੌਕੀਦਾਰ ਵੱਖਰਾ ਦੇਣਾ ਪੈਂਦਾ ਸੀ। ਸਰਕਾਰੀ ਅਫਸਰਾਂ ਦੇ ਦੌਰੇ ਦਾ ਖਰਚ ਵੱਖਰਾ ਸੀ। ਜਾਗੀਰਦਾਰਾਂ ਦੇ ਘਰ ਵਿਚ ਕੰਮ ਬੇਗਾਰ ਦੇ ਤੌਰ ਤੇ ਲਿਆ ਜਾਂਦਾ ਸੀ। ਜਾਗੀਰਦਾਰਾਂ ਦੇ ਕੋਠੇ ਲਿੱਪਣੇ ਜਾਂ ਹੋਰ ਉਸਾਰੀ ਵੇਲੇ ਮੁਫ਼ਤ ਮੁਸ਼ੱਕਤ ਲਈ ਜਾਂਦੀ ਸੀ।

ਕਈ ਜਾਗੀਰਦਾਰ ਬੜੇ ਅਨਿਆਈ ਅਤੇ ਜ਼ਾਲਮ ਸਨ। ਕਿਸੇ ਮੁਜ਼ਾਰੇ ਦੀ ਸੋਹਣੀ ਧੀ ਭੈਣ ਦੀ ਇੱਜ਼ਤ ਮਹਿਫੂਜ਼ ਨਹੀਂ ਸੀ। ਕਈ ਥਾਵਾਂ ਤੇ ਹਰ ਨਵੀਂ ਵਹੁਟੀ ਨੂੰ ਪਹਿਲੀ ਰਾਤ ਜਾਗੀਰਦਾਰ ਨਾਲ ਸੌਣਾ ਪੈਂਦਾ ਸੀ। ਜਿਹੜੇ ਕਿਸਾਨ ਜਾਗੀਰਦਾਰਾਂ ਦੀ ਵਿਰੋਧਤਾ ਕਰਦੇ, ਉਹਨਾਂ ਤੇ ਤਸ਼ੱਦਦ ਕੀਤਾ ਜਾਂਦਾ ਅਤੇ ਉਹਨਾਂ ਨੂੰ ਬਦਮਾਸ਼ਾਂ ਦੀ ਮਦਦ ਨਾਲ ਦਬਾ ਕੇ ਰੱਖਿਆ ਜਾਂਦਾ। ਉਹਨਾਂ ਦੇ ਪਸ਼ੂ ਖੁਲ੍ਹਾ ਦਿੱਤੇ ਜਾਂਦੇ, ਤੀਵੀਆਂ ਚੁੱਕ ਲਈਆਂ ਜਾਂਦੀਆਂ। ਉਹਨਾਂ ਤੇ ਝੂਠੇ ਮੁਕੱਦਮੇਂ ਬਣਵਾ ਦਿੱਤੇ ਜਾਂਦੇ। ਕਈ ਵਾਰ ਤਾਂ ਉਹਨਾਂ ਦਾ ਕਤਲ ਵੀ ਕਰਵਾ ਦਿੱਤਾ ਜਾਂਦਾ।

ਇਹ ਜਾਗੀਰਦਾਰ ਤਬਕਾ ਸੀ, ਜਿਸ ਉਤੇ ਅੰਗਰੇਜ਼ ਸਰਕਾਰ ਨਿਰਭਰ ਕਰਦੀ ਸੀ। ਵੱਡੇ ਵੱਡੇ ਅੰਗਰੇਜ਼ ਅਫਸਰ ਇਹਨਾਂ ਦੇ ਮਹਿਮਾਨ ਬਣਦੇ, ਇਹਨਾਂ ਕੋਲ ਆ ਕੇ ਇਹਨਾਂ ਦੀ ਸੰਗਤ ਵਿਚ ਸ਼ਿਕਾਰ ਖੇਡਦੇ। ਛੋਟੇ ਅਫਸਰ ਇਹਨਾਂ ਤੋਂ ਡਰਦੇ ਅਤੇ ਵੱਡੇ ਇਹਨਾਂ ਦਾ ਪੱਖ ਪੂਰਦੇ। ਇਹਨਾਂ ਜਾਗੀਰਦਾਰਾਂ ਵਿਚੋਂ ਹੀ ਗਵਰਨਰਾਂ ਦੀ ਕੌਂਸਲ ਵਿਚ ਮੈਂਬਰ ਲਏ ਜਾਂਦੇ ਅਤੇ ਇਹਨਾਂ ਨੂੰ ਹੀ ਪੰਜਾਬੀ ਲੋਕਾਂ ਦੇ ਪ੍ਰਤੀਨਿਧ



Sri Satguru Jagjit Singh Ji eLibrary NamdhariElibrary@gmail.com

ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ।

ਪਰ ਜਾਗੀਰਦਾਰਾਂ ਦੀ ਬਹੁ-ਗਿਣਤੀ ਵੀ ਕਰਜ਼ਾਈ ਸੀ । ਵਧੇਰੇ ਖਰਚ ਕਰਨ ਦੀਆਂ ਆਦਤਾਂ ਨੇ ਸ਼ਾਹੂਕਾਰਾਂ ਦੇ ਕਰਜ਼ੇ ਤੇ ਨਿਰਭਰ ਕਰ ਦਿੱਤਾ ਸੀ । ਇਹਨਾਂ ਨੂੰ ਵੀ ਨਕਦ ਮਾਮਲੇ ਤੇ ਆਬਿਆਨੇ ਦੀ ਅਦਾਇਗੀ ਵੇਲੇ ਕਿਸੇ ਦਾ ਸਹਾਰਾ ਤੱਕਣਾ ਪੈਂਦਾ ਸੀ ।

ਇਕ ਲੇਖਕ ਲਿਖਦਾ ਹੈ—

"ਇਕ ਦਿਨ ਮੈਂ ਇਕ ਜਾਗੀਰਦਾਰ ਨੂੰ ਮਿਲਿਆ । ਉਸ ਨੇ ਦਸਿਆ ਕਿ ਉਸ ਨੇ ਇਸ ਸਾਲ 16000 ਰੁਪਿਆ ਦੇਣਾ ਹੈ ਅਤੇ ਉਸ ਦੀ ਅਦਾਇਗੀ ਵੇਲੇ ਉਸ ਨੂੰ 12 ਫੀਸਦੀ ਸੂਦ ਤੇ ਕੁਝ ਜ਼ੇਵਰ ਗਹਿਣੇ ਰੱਖਣੇ ਪਏ ।"

ਆਮ ਕਿਸਾਨ ਬੜੇ ਪਸਮਾਂਦਾ ਸਨ । ਉਹਨਾਂ ਕੋਲ ਵਧੀਆ ਖੇਤੀ ਬਾੜੀ ਦੇ ਕੋਈ ਸਾਧਨ ਨਹੀਂ ਸਨ । ਥੋਹੜੀ ਜ਼ਮੀਨ ਵਿਚੋਂ ਏਨੀ ਆਮਦਨ ਨਹੀਂ ਸੀ ਹੁੰਦੀ, ਜਿਸ ਵਿਚ ਉਹ ਆਪਣਾ ਗੁਜ਼ਾਰਾ ਕਰ ਸਕਦੇ । ਕਈ ਥਾਈਂ ਜ਼ਮੀਨ ਏਨੀ ਮਾੜੀ ਹੁੰਦੀ ਸੀ ਕਿ ਬੀ ਵੀ ਨਹੀਂ ਸੀ ਮੁੜਦਾ । ਕਈਆਂ ਪਰਿਵਾਰਾਂ ਨੂੰ ਤਾਂ ਅਨਾਜ ਪੱਠਾ ਵੇਚਣ ਦੀ ਥਾਂ ਖਰੀਦਣਾ ਪੈਂਦਾ ਸੀ । ਪਸ਼ੂਆਂ ਦੀਆਂ ਮੌਤਾਂ ਆਮ ਸਨ । ਲਵੇਰੀ ਮੱਝ ਜਾਂ ਬੋਲਦ ਦੇ ਮਰਨ ਨਾਲ ਕਿਸਾਨਾਂ ਦਾ ਲੱਕ ਟੁੱਟ ਜਾਂਦਾ ਸੀ । ਨਵੇਂ ਪਸ਼ੂ ਖਰੀਦਣ ਲਈ ਜਾਂ ਨਵਾਂ ਖੂਹ ਲਵਾਉਣ ਲਈ ਲਿਆ ਕਰਜ਼ਾ ਪੁਸ਼ਤਾਂ ਤੀਕਰ ਨਹੀਂ ਸੀ ਮੁੱਕਦਾ । 500 ਰੁਪਏ ਤੋਂ ਘੱਟ ਖੂਹ ਨਹੀਂ ਸੀ ਲੱਗਦਾ ।

ਗੁਜ਼ਾਰੇ ਲਈ ਆਮ ਲੋਕਾਂ ਨੂੰ ਹੋਰ ਰਾਹ ਅਪਣਾਉਣੇ ਪੈਂਦੇ ਸਨ, ਜਿਵੇਂ ਡੇਹਰਾ ਗਾਜ਼ੀ ਖਾਂ ਵਿਚ ਘਿਓ ਵੇਚਣ ਦਾ ਆਮ ਰਿਵਾਜ ਸੀ ।

"ਮੀਆਂਵਾਲੀ ਗਜ਼ਟੀਅਰ" 1915 ਦੇ ਮੁਤਾਬਕ ਆਮ ਕਿਸਾਨ ਸਭ ਤੋਂ ਘਟੀਆ ਸਟੈਂਡਰਡ ਵਿਚ ਰਹਿ ਰਹੇ ਸਨ । ਆਮ ਖੁਰਾਕ ਸ਼ਲਗਮ ਤੇ ਗੰਢੇ ਸਨ ।

ਇਕ ਲੰਬੜਦਾਰ ਨੇ ਦਸਿਆ, "ਮੇਰੇ ਕੋਲ ਉਹੀ ਕੱਪੜੇ ਹਨ, ਜੋ ਮੇਰੇ ਸਰੀਰ ਤੇ ਹਨ ।"

ਮੁਜ਼ਾਰਿਆਂ ਦੀ ਦਸ਼ਾ ਮਾਲਕ ਕਿਸਾਨਾਂ ਤੋਂ ਕਿਤੇ ਮੰਦੀ ਸੀ । ਉਹਨਾਂ ਨੂੰ ਨਾ ਕੇਵਲ ਜਾਗੀਰਦਾਰਾਂ ਨੂੰ ਹੀ ਬਟਾਈ ਦੇਣੀ ਪੈਂਦੀ ਸੀ, ਸਗੋਂ ਸ਼ਾਹੂਕਾਰਾਂ, ਦੁਕਾਨਦਾਰਾਂ, ਵਪਾਰੀ, ਮੁੱਲਾਂ, ਫਕੀਰ, ਗੁਮਾਸ਼ਤੇ, ਪਟਵਾਰੀ, ਚੌਕੀਦਾਰ ਅਤੇ ਬਹਿਸ਼ਤੀ ਆਦਿ ਦੀ ਲੁੱਟ ਦਾ ਵੀ ਸ਼ਿਕਾਰ ਹੋਣਾ ਪੈਂਦਾ ।

ਇਹ ਆਮ ਦਸ਼ਾ ਸੀ, ਜਿਸ ਦੇ ਅਧੀਨ ਲੋਕਾਂ ਕੋਲ ਫੌਜਾਂ ਵਿਚ ਭਰਤੀ ਹੋਣ ਜਾਂ ਪਰਦੇਸ ਵਿਚ ਜਾਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ । ਇਕ ਸਾਲ 'ਚ 2,35,84,000 ਰੁਪੈ ਦੇ ਮਨੀਆਰਡਰ ਫੌਜੀਆਂ ਦੇ ਅਤੇ 58,69,000 ਰੁਪਿਆ ਪਰਦੇਸਾਂ ਤੋਂ ਆਇਆ । ਹਾਂ, ਕਈ ਖਾਸ ਕੇਸਾਂ ਵਿਚ ਕਿਸਾਨਾਂ ਨੇ ਵੀ ਆਪਣੇ ਬੱਚਿਆਂ ਨੂੰ ਵਿਦਿਆ ਦਵਾ ਕੇ ਸਰਕਾਰੀ ਨੌਕਰੀਆਂ ਵਿਚ ਦਾਖਲ ਕਰਵਾਇਆ । ਇਹਦੇ ਨਾਲ ਘਰ ਦੀ ਆਮਦਨ ਵਿਚ ਵਾਧਾ ਹੋਇਆ । ਕਈ ਅਮੀਰ ਕਿਸਾਨਾਂ ਤੇ ਜਾਗੀਰਦਾਰਾਂ ਤੇ ਸ਼ਾਹੂਕਾਰਾਂ ਦੇ ਪੁੱਤਰ ਪੋਤਰੇ ਉੱਚੀ ਵਿਦਿਆ ਪ੍ਰਾਪਤ ਕਰ ਕੇ



Sri Satguru Jagjit Singh Ji eLibrary NamdhariElibrary@gmail.com

ਇੰਡੀਅਨ ਸਿਵਲ ਸਰਵਿਸਾਂ ਵਿਚ ਗਏ, ਵਕੀਲ ਤੇ ਜੱਜ ਬਣੇ। ਇੰਜੀਨੀਅਰਿੰਗ, ਮੈਡੀਕਲ ਤੇ ਹੋਰ ਖੇਤਰਾਂ ਵਿਚ ਅਗਾਂਹ ਵਧੇ।

ਕੁਝ ਸ਼ਾਹੂਕਾਰਾਂ ਨੇ ਪੰਜਾਬ ਵਿਚ ਵਪਾਰ ਤੇ ਸਨਅਤਾਂ ਦੀ ਤਰੱਕੀ ਵਲ ਵੀ ਧਿਆਨ ਦਿੱਤਾ। ਕੁਝ ਫੈਕਟਰੀਆਂ ਵੀ ਵਜੂਦ ਵਿਚ ਆਈਆਂ। 23 ਜੂਨ 1908 ਨੂੰ ਪੰਜਾਬ ਐਂਡ ਸਿੰਧ ਬੈਂਕ ਸਥਾਪਤ ਕੀਤਾ ਗਿਆ। ਇਸ ਬਾਰੇ "ਖਾਲਸਾ ਸਮਾਚਾਰ" ਵਿਚ ਦਰਜ ਹੈ —

"23 ਜੂਨ 1908 ਸਿੱਖਾਂ ਦੇ ਇਤਿਹਾਸ ਵਿਚ ਪਹਿਲਾ ਦਿਨ ਆਇਆ ਹੈ ਕਿ ਗਰੀਬ ਸਿੱਖ ਕੌਮ ਨੇ ਤਜਾਰਤ ਦੇ ਮੈਦਾਨ ਵਿਚ ਪਹਿਲਾ ਕਦਮ ਧਰਿਆ ਹੈ।" (ਇਸ ਦੇ ਮੋਢੀਆਂ ਵਿਚ ਸਰ ਸੁਰਿੰਦਰ ਸਿੰਘ ਮਜੀਠੀਆ, ਸ: ਤਰਲੋਚਨ ਸਿੰਘ ਅਤੇ ਭਾਈ ਵੀਰ ਸਿੰਘ ਸਨ।)

ਪੰਜਾਬੀ ਸਰਮਾਏਦਾਰਾਂ ਨੇ "ਪੰਜਾਬ ਨੈਸ਼ਨਲ ਬੈਂਕ" ਅਤੇ ਲਕਸ਼ਮੀ ਇੰਸ਼ੋਰੈਂਸ ਕੰਪਨੀ ਆਦਿ ਦਾ ਸ੍ਰੀ ਗਣੇਸ਼ ਕੀਤਾ। ਵਿਦਿਆ ਦੇ ਪ੍ਰਭਾਵ ਨਾਲ ਕਾਮਰਸ ਅਤੇ ਟਰੇਡ ਦੇ ਖੇਤਰ ਵਿਚ ਉਤਸ਼ਾਹ ਲੈਣ ਵਾਲਾ ਇਕ ਅਜੇਹਾ ਤਬਕਾ ਪੈਦਾ ਹੋਇਆ, ਜਿਸ ਨੇ ਬਾਦ ਵਿਚ ਜਾ ਕੇ ਪੰਜਾਬ ਵਿਚ ਸਰਮਾਏਦਾਰੀ ਆਰਥਕਤਾ ਦੇ ਵਿਕਾਸ ਦਾ ਰਾਹ ਖੋਹਲਿਆ।

ਜਿੱਥੇ ਅੰਗਰੇਜ਼ੀ ਸਰਕਾਰ, ਜਾਗੀਰਦਾਰ ਤਬਕੇ ਦੀ ਪਿੱਠ ਥਾਪੜਦੀ ਸੀ, ਉੱਥੇ ਉਹ ਇਸ ਉੱਠ ਰਹੇ ਨਵੇਂ ਤਬਕੇ ਦੀ ਵਿਰੋਧੀ ਸੀ। ਕਿਉਂਕਿ ਇਹ ਤਬਕਾ ਅਜੇਹਾ ਸੀ ਜਿਸ ਕੋਲ ਰਾਜਸੀ ਚੇਤਨਤਾ ਵੀ ਸੀ ਤੇ ਵਪਾਰਕ ਦਿਮਾਗ ਵੀ। ਇਹ ਸਿੱਧਾ ਅੰਗਰੇਜ਼ਾਂ ਦੇ ਰਾਜਸੀ ਤੇ ਵਪਾਰਕ ਹਿੱਤਾਂ ਤੇ ਸੱਟ ਮਾਰਦਾ ਸੀ। ਇਸ ਤਬਕੇ ਨੇ ਪੰਜਾਬ ਵਿਚ ਵਿਦਿਆ ਦੇ ਵਿਕਾਸ ਵਿਚ ਸੁਚੱਜੇ ਯਤਨ ਕੀਤੇ ਤੇ ਕੌਮੀ ਪ੍ਰੈਸ ਦੀ ਸਥਾਪਨਾ ਕੀਤੀ।

ਭਾਵੇਂ ਇਸ ਤਬਕੇ ਵਿਚ ਵੀ ਸਰਕਾਰ-ਪ੍ਰਸਤਾਂ ਦੀ ਕੋਈ ਕਮੀ ਨਹੀਂ ਸੀ, ਪਰ ਇਹਨਾਂ ਦੇ ਆਪਣੇ ਹਿਤਾਂ ਦੇ ਤਕਾਜ਼ੇ ਮੁਤਾਬਕ ਇਹਨਾਂ ਵਿਚੋਂ ਬਹੁ-ਗਿਣਤੀ ਦੀਆਂ ਹਮਦਰਦੀਆਂ ਕੌਮੀ ਲਹਿਰਾਂ ਨਾਲ ਸਨ। ਇਸ ਤਬਕੇ ਨੂੰ ਵੀ ਸਰਕਾਰੀ ਨੀਤੀਆਂ ਦਾ ਸ਼ਿਕਾਰ ਹੋਣਾ ਪਿਆ। ਅਨੇਕਾਂ ਬੈਂਕ ਫੇਹਲ ਹੋ ਗਏ। ਕਈ ਜਾਇੰਟ ਸਟਾਕ ਕੰਪਨੀਆਂ ਦਾ ਦੀਵਾਲਾ ਨਿਕਲਿਆ।

ਪ੍ਰਸਿੱਧ ਅਰਥ ਸ਼ਾਸਤਰੀ ਸ੍ਰੀ ਰਮੇਸ਼ ਚੰਦਰ ਦੱਤ ਦੀ ਲਿਖਤ ਮੁਤਾਬਕ "ਭਵਿੱਖ ਦੇ ਇਤਿਹਾਸਕਾਰਾਂ ਕੋਲ ਦੱਸਣ ਵਾਸਤੇ ਇਹ ਅਫਸੋਸਨਾਕ ਕਹਾਣੀ ਹੋਵੇਗੀ, ਕਿ ਸਲਤਨਤ ਨੇ ਭਾਰਤ ਦੇ ਲੋਕਾਂ ਨੂੰ ਅਮਨ ਦਿੱਤਾ, ਪਰ ਖੁਸ਼ਹਾਲੀ ਨਹੀਂ। ਸਨਅਤਕਾਰਾਂ ਦੀ ਸਨਅਤ ਤਬਾਹ ਹੋ ਗਈ। ਕਾਸ਼ਤਕਾਰਾਂ ਉੱਤੇ ਭਾਰੇ ਅਤੇ ਅਸਹਿ ਟੈਕਸ ਲੱਗੇ, ਜਿਸ ਕਰ ਕੇ ਉਹਨਾਂ ਕੋਲ ਕੁਝ ਵੀ ਨਾ ਰਿਹਾ ਅਤੇ ਮੁਲਕ ਦੀ ਆਮਦਨ ਦਾ ਚੋਖਾ ਭਾਗ ਇੰਗਲੈਂਡ ਭੇਜ ਦਿੱਤਾ ਜਾਂਦਾ ਰਿਹਾ ਅਤੇ ਆਬਾਦੀ ਦੇ ਲੱਖਾਂ ਲੋਕ ਕਾਲ ਹੱਥੋਂ ਤਬਾਹ ਹੁੰਦੇ ਜਾਂਦੇ ਰਹੇ।

"ਦੂਜੇ ਬੰਨੇ ਇੰਗਲੈਂਡ ਦੇ ਅੰਗਰੇਜ਼ ਵੀ ਅੰਗਰੇਜ਼ਾਂ ਨੂੰ ਕਹਾਣੀਆਂ ਸੁਣਾਉਣਗੇ ਕਿ



Sri Satguru Jagjit Singh Ji eLibrary NamdhariElibrary@gmail.com

ਅਸੀਂ ਨਹਿਰਾਂ ਕੱਢੀਆਂ, ਰੇਲਾਂ ਦਾ ਜਾਲ ਵਿਛਾਇਆ, ਜਮਹੂਰੀ ਰਾਜ ਦੀ ਨੀਂਹ ਰੱਖੀ ਤੇ ਹਿੰਦੁਸਤਾਨ ਦੇ ਲੋਕਾਂ ਨੂੰ ਇਹ ਮਾਣ ਬਖ਼ਸ਼ਿਆ ਕਿ ਉਹ ਇਕ ਮਹਾਨ ਰਾਜ ਦੇ ਨਾਗਰਿਕ ਹਨ।"

ਜਿੱਥੋਂ ਤੀਕਰ ਨਹਿਰਾਂ ਤੇ ਰੇਲਾਂ ਦਾ ਸਬੰਧ ਹੈ, ਸਰਕਾਰੀ ਅਫਸਰਾਂ ਦੀਆਂ ਲਿਖਤਾਂ ਅੰਗਰੇਜ਼ੀ ਸਰਕਾਰ ਦੇ ਮੰਤਵਾਂ ਤੇ ਬੜਾ ਸੋਹਣਾ ਚਾਨਣਾ ਪਾਉਂਦੀਆਂ ਹਨ।

ਪੰਜਾਬ ਵਿਚ ਪਹਿਲੀ ਰੇਲਵੇ ਲਾਈਨ ਲਾਹੌਰ ਤੋਂ ਅੰਮ੍ਰਿਤਸਰ 1862 ਵਿਚ ਬਣਾਈ ਗਈ। 1870 ਵਿਚ ਅੰਮ੍ਰਿਤਸਰ ਨੂੰ ਗਾਜ਼ੀਆਬਾਦ ਨਾਲ ਮਿਲਾ ਦਿੱਤਾ ਗਿਆ ਅਤੇ 1873 ਵਿਚ ਲਾਹੌਰ ਨੂੰ ਮੁਲਤਾਨ ਤੇ ਜਿਹਲਮ ਨਾਲ। ਜਿਹਲਮ ਤੋਂ ਪਿਸ਼ਾਵਰ 1883 ਵਿਚ ਵਧਾਈ ਗਈ, ਲਾਇਲਪੁਰ ਨੂੰ 1896 ਵਿਚ ਸਬੰਧਤ ਕੀਤਾ ਕੀਤਾ ਗਿਆ। ਇਹ ਰੇਲਾਂ ਬਨਾਉਣ ਦਾ ਮੰਤਵ ਫੌਜੀ ਤੇ ਵਪਾਰਕ ਦੋਨੋਂ ਹੀ ਸੀ। ਸਰਕਾਰੀ ਰੀਪੋਰਟਾਂ ਦੇ ਮੁਤਾਬਕ —

"ਪੰਜਾਬ ਨਾਰਦਰਨ ਸਟੇਟ ਰੇਲਵੇ ਜਦੋਂ ਇਹ ਲਾਹੌਰ ਤੋਂ ਜਿਹਲਮ ਅਤੇ ਫਿਰ ਪਿਸ਼ਾਵਰ ਤੀਕਰ ਉਸਾਰੀ ਗਈ — ਦਿਖਾਈ ਦਿੰਦਾ ਹੈ ਕਿ ਉਸਾਰੀ ਦਾ ਮੰਤਵ ਵਪਾਰਕ ਕਾਰਨਾਂ ਨਾਲੋਂ ਫੌਜੀ ਵਧੇਰੇ ਸੀ।"

ਇਹ ਵੀ ਕਿਹਾ ਜਾ ਸਕਦਾ ਹੈ ਕਿ ਰੇਲਵੇ ਰਾਹੀਂ ਉਹਨਾਂ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਬਿਨਾਂ ਬਾਰਾਂ ਦੀ ਮਾਲੀ ਸਫਲਤਾ ਕਦੇ ਵੀ ਨਹੀਂ ਸੀ ਹੋ ਸਕਦੀ। ਨਹਿਰੀ ਪ੍ਰਬੰਧ ਦੇ ਸਬੰਧ ਵਿਚ ਵੀ ਇਹੀ ਕਿਹਾ ਜਾ ਸਕਦਾ ਹੈ।"

ਰੇਲਵੇ ਦਾ ਮੰਤਵ ਜਿੱਥੇ ਕੱਚੇ ਮਾਲ ਨੂੰ ਬੰਦਰਗਾਹਾਂ ਤੀਕਰ ਪਹੁੰਚਾਉਣਾ ਸੀ, ਉੱਥੇ ਇੰਗਲੈਂਡ ਤੋਂ ਬਰਾਮਦ ਕੀਤੀਆਂ ਵਸਤੂਆਂ ਨੂੰ ਦੇਸ਼ ਦੀਆਂ ਅੰਦਰਲੀਆਂ ਮੰਡੀਆਂ ਤੀਕ ਪਹੁੰਚਾਉਣਾ ਵੀ ਸੀ। ਇਸ ਤੋਂ ਇਲਾਵਾ ਰਾਜਨੀਤਕ ਵਿਦਰੋਹ ਵਾਲੀਆਂ ਥਾਵਾਂ ਤੇ ਫੌਜਾਂ ਦੀ ਤੇਜ਼ੀ ਨਾਲ ਆਵਾਜਾਈ ਵੀ ਸੀ। ਰੇਲਵੇ ਦਾ ਮਕਸਦ ਫੌਜੀ ਅਤੇ ਵਪਾਰਕ ਦੋਨੋਂ ਹੀ ਸੀ।

ਰੇਲਵੇ ਆਪਣੇ ਆਪ ਵਿਚ ਇਕ ਇੰਡਸਟਰੀ ਵੀ ਸੀ, ਜਿਸ ਵਿਚ ਜਿਹਨਾਂ ਲੋਕਾਂ ਨੇ ਸਰਮਾਇਆ ਲਾਇਆ ਸੀ, ਉਹਨਾਂ ਨੂੰ 485 ਲੱਖ ਰੁਪਿਆ ਸਾਲਾਨਾ ਵਿਆਜ ਦਾ ਹੀ ਜਾਂਦਾ ਸੀ।

ਇਹੋ ਹਾਲਤ ਨਹਿਰਾਂ ਦੀ ਸੀ। ਭਾਵੇਂ ਨਹਿਰਾਂ ਹਿੰਦੁਸਤਾਨ ਲਈ ਨਵੀਂ ਗੱਲ ਨਹੀਂ ਸਨ। ਦਰਿਆ ਰਾਵੀ ਵਿਚੋਂ ਹੰਸਲੀ ਨਹਿਰ 1633 ਵਿਚ ਕੱਢੀ ਗਈ ਸੀ। ਸਤਾਰ੍ਹਵੀਂ ਸਦੀ ਵਿਚ ਹੀ ਸ਼ਾਹ ਜਹਾਨ ਨੇ ਸ਼ਾਹ ਨਹਿਰ ਅਪਰ ਬਾਰੀ ਦੁਆਬ ਵਿਚ ਬਣਾਈ ਸੀ। ਫੀਰੋਜ਼ਸ਼ਾਹ ਤੇ ਨਹਿਰ ਪੱਛਮੀ ਉਸ ਤੋਂ ਵੀ ਪਹਿਲਾਂ ਦੀਆਂ ਸਨ। ਪਰ ਅੰਗਰੇਜ਼ ਸਰਕਾਰ ਇਹ ਜਾਣਦੀ ਸੀ, ਕਿ ਪੰਜਾਬ ਵਿਚ ਸੋਨਾ ਉਗਲਣ ਵਾਲੀ ਜ਼ਮੀਨ ਤੋਂ ਵਲਾਇਤ ਦੀਆਂ ਟੈਕਸਟਾਈਲ ਮਿੱਲਾਂ ਲਈ ਕੱਚੇ ਮਾਲ ਦੀ ਸਪਲਾਈ ਵਾਸਤੇ ਇਸ ਜ਼ਮੀਨ ਨੂੰ ਪਾਣੀ ਦੇਣਾ ਜ਼ਰੂਰੀ ਹੈ।

ਪੰਜਾਬ ਵਿਚ ਨਹਿਰਾਂ ਦਾ ਜਾਲ ਤਾਂ ਵਿਛਾਇਆ ਗਿਆ, ਪਰ ਇਸ ਦਾ ਅਸਹਿ



Sri Satguru Jagjit Singh Ji eLibrary NamdhariElibrary@gmail.com

ਭਾਰ ਵੀ ਪੰਜਾਬ ਦੇ ਕਿਸਾਨਾਂ ਤੇ ਹੀ ਪਾਇਆ ਗਿਆ। ਇਸ ਤੇ ਲੱਗੇ ਸਰਮਾਏ ਦਾ ਵਿਆਜ, ਇਸ ਦੇ ਪ੍ਰਬੰਧ ਤੇ ਇਸ ਨੂੰ ਚਾਲੂ ਰੱਖਣ ਵਾਲੀ ਮਸ਼ੀਨਰੀ, ਇਸ ਦਾ ਸਾਰਾ ਬੋਝ ਆਬਿਆਨੇ ਦੀ ਸ਼ਕਲ ਵਿਚ ਕਿਸਾਨਾਂ ਸਿਰ ਪਾਇਆ ਗਿਆ। ਪਾਣੀ ਦੀ ਵੰਡ ਵੇਲੇ ਵੀ ਜਾਗੀਰਦਾਰਾਂ ਤੇ ਤਕੜੇ ਕਿਸਾਨਾਂ ਦੇ ਮੁਫ਼ਾਦ ਨੂੰ ਤਰਜੀਹ ਦਿੱਤੀ ਗਈ। ਮਾੜੇ ਕਿਸਾਨਾਂ ਨੂੰ ਹਮੇਸ਼ਾਂ ਵਿਤਕਰੇ ਦਾ ਸ਼ਿਕਾਰ ਹੋਣਾ ਪਿਆ। ਪਾਣੀ ਦੀ ਵਾਰੀ ਅਤੇ ਪਾਣੀ ਵੱਢ ਲੈਣ ਤੋਂ ਅਨੇਕਾਂ ਕਤਲ ਤੇ ਲੜਾਈਆਂ ਹੁੰਦੀਆਂ। ਨਹਿਰਾਂ ਦਾ ਅਮਲਾ ਫੈਲਾ, ਮਾੜੇ ਕਿਸਾਨਾਂ ਦੀ ਪਾਣੀ ਦੀ ਵਾਰੀ ਤਕੜੇ ਜਾਗੀਰਦਾਰਾਂ ਨੂੰ ਦੇ ਦਿੰਦਾ। ਨਹਿਰਾਂ ਦੀ ਬਣਤਰ ਤੇ ਵੀ ਜੋ ਰਕਮ ਖਰਚ ਕੀਤੀ ਗਈ ਉਸ ਦਾ ਵਿਆਜ ਵੀ ਕਰੋੜਾਂ ਰੁਪੈ ਦਿੱਤਾ ਜਾਂਦਾ ਰਿਹਾ। ਇਕ ਸਰਕਾਰੀ ਰਿਪੋਰਟ ਦੇ ਮੁਤਾਬਕ 1931-32 ਵਿਚ ਨਹਿਰਾਂ ਦਾ ਬਜਟ ਇਵੇਂ ਸੀ —

ਲੱਗਾ ਸਰਮਾਇਆ—33,17,70,723 ਰੁਪੈ, ਆਬਿਆਨਾ—4,00,75,043 ਰੁਪੈ, ਖਰਚ—1,54,23,490 ਰੁਪੈ, ਮੁਨਾਫਾ—2,46,54,553 ਰੁਪੈ, ਨਿਰਾ ਮੁਨਾਫਾ —1,14,81,203 ਰੁਪੈ।

ਬਾਵਜੂਦ ਮੁਨਾਫੇ ਦੇ ਇਸ ਆਬਿਆਨੇ ਨੂੰ ਕਈ ਵਾਰੀ ਵਧਾਉਣ ਦਾ ਯਤਨ ਵੀ ਕੀਤਾ ਗਿਆ। ਇਸ ਦੇ ਇਲਾਵਾ 1907 ਵਿਚ ਨਵਾਂ ਆਬਾਦਕਾਰੀ ਐਕਟ ਬਣਾ ਕੇ ਕਿਸਾਨਾਂ ਹੱਥੋਂ ਆਬਾਦ ਕੀਤੀਆਂ ਜ਼ਮੀਨਾਂ ਨੂੰ ਇਹ ਸਰਕਾਰੀ ਮਲਕੀਅਤ ਬਣਾਉਣ ਦਾ ਉਪਰਾਲਾ ਵੀ ਕੀਤਾ ਗਿਆ, ਜਿਸ ਦੇ ਫਲਸਰੂਪ ਲਾਲਾ ਲਾਜਪਤ ਰਾਏ ਅਤੇ ਸ: ਅਜੀਤ ਸਿੰਘ ਦੀ ਅਗਵਾਈ ਹੇਠ ਬੜੀ ਜ਼ੋਰਦਾਰ ਲਹਿਰ ਚੱਲੀ। ਫੌਜੀਆਂ ਵਲੋਂ ਵੀ ਇਸ ਦੇ ਵਿਰੁਧ ਪ੍ਰੋਟੈਸਟ ਕੀਤਾ ਗਿਆ।

ਕਮਾਂਡਰ-ਇਨ-ਚੀਫ ਵਲੋਂ ਜ਼ੋਰ ਦੇਣ ਉੱਤੇ ਸਰਕਾਰ ਨੇ ਇਸ ਨੂੰ ਵਾਪਸ ਲਿਆ।

ਪੰਜਾਬ ਵਿਚ ਅਜੇ ਕਿਸੇ ਵੱਡੀ ਇੰਡਸਟਰੀ ਦਾ ਮੁੱਢ ਨਹੀਂ ਸੀ ਬੱਝਿਆ। ਛੋਟੇ ਛੋਟੇ ਕਾਰਖਾਨੇ ਜ਼ਰੂਰ ਸਨ। ਆਮ ਮਜ਼ਦੂਰ ਤਬਕੇ ਦੇ ਛੋਟੇ ਮੁਲਾਜ਼ਮਾਂ ਦੀ ਹਾਲਤ ਮਾੜੇ ਕਿਸਾਨਾਂ ਵਰਗੀ ਹੀ ਸੀ। ਤਨਖਾਹਾਂ ਬਹੁਤ ਘੱਟ ਸਨ। 1919-20 ਵਿਚ ਆਮ ਕਲਰਕ ਨੂੰ 18 ਤੋਂ 45 ਰੁਪੈ ਤੀਕਰ, ਪੁਲਿਸ ਦੇ ਸਿਪਾਹੀਆਂ ਨੂੰ ਸਾਢੇ ਸੱਤ ਰੁਪੈ, ਤੇ ਮਿੱਲਾਂ ਦੇ ਮਜ਼ਦੂਰਾਂ ਨੂੰ 8 ਜਾਂ 9 ਰੁਪੈ ਮਹੀਨਾ ਮਿਲਦਾ ਸੀ। ਪ੍ਰੋਫੈਸਰ ਨੂੰ 75 ਰੁਪੈ ਤੇ ਪ੍ਰਿੰਸੀਪਲ ਨੂੰ 120 ਰੁਪੈ ਮਹੀਨਾ ਵੀ ਮਿਲਦਾ ਰਿਹਾ ਹੈ।

ਖੇਤੀਬਾੜੀ ਕਰਨ ਵਾਲਿਆਂ ਵਿਚੋਂ ਬਹੁ-ਗਿਣਤੀ ਜੱਟਾਂ ਦੀ ਸੀ। ਰਾਜਪੂਤ, ਪਠਾਣ, ਬਲੋਚ, ਗੱਖੜ, ਅਵਾਣ, ਜੰਜੂਏ, ਗੁੱਜਰ, ਖਰਲ, ਅਰਾਈਂ, ਕੰਬੋ, ਲੁਬਾਣੇ ਸਭ ਜ਼ਰਾਇਤ-ਪੇਸ਼ਾ ਲੋਕ ਸਨ। ਪਿੰਡਾਂ ਦੇ ਚੂਹੜੇ, ਚਮਾਰ, ਨਾਈ, ਮੋਚੀ, ਜੁਲਾਹੇ, ਤੇਲੀ, ਝਿਉਰ, ਛੀਂਬੇ, ਤਰਖਾਣ, ਲੁਹਾਰ, ਧੋਬੀ ਸਭ ਪਿੰਡਾਂ ਦੀ ਜਰੱਈ ਆਰਥਕ ਪ੍ਰਣਾਲੀ ਨਾਲ ਬੱਝੇ ਪਏ ਸਨ।

ਵਪਾਰ ਉੱਤੇ ਪੱਛਮੀ ਪੰਜਾਬ ਵਿਚ ਅਰੋੜੇ ਅਤੇ ਪੂਰਬੀ ਪੰਜਾਬ ਵਿਚ ਬਾਣੀਏ



Sri Satguru Jagjit Singh Ji eLibrary NamdhariElibrary@gmail.com

ਤੇ ਖੱਤਰੀ, ਮੁਸਲਮਾਨਾਂ ਵਿਚੋਂ ਖੋਜੇ ਤੇ ਪਰਾਚੇ ਕਬਜ਼ਾ ਕਰੀ ਬੈਠੇ ਸਨ। ਲੱਗਪਗ ਸਾਰਾ ਸ਼ਾਹੂਕਾਰਾ ਇਹਨਾਂ ਦੇ ਹੱਥ ਸੀ। ਅੰਗਰੇਜ਼ਾਂ ਨੇ ਪੰਜਾਬ ਨੂੰ ਜੱਟ ਤੇ ਗ਼ੈਰ ਜੱਟ, ਪੇਂਡੂ ਤੇ ਸ਼ਹਿਰੀ, ਮਾਰਸ਼ਲ ਤੇ ਗ਼ੈਰ ਮਾਰਸ਼ਲ ਕੌਮਾਂ ਵਿਚ ਵੰਡਿਆ ਹੋਇਆ ਸੀ। ਥੋਹੜੇ ਜਿਹੇ ਜਾਗੀਰਦਾਰਾਂ ਤੇ ਸ਼ਾਹੂਕਾਰਾਂ ਨੂੰ ਛੱਡ ਕੇ ਜਮਨਾ ਤੇ ਸਿੰਧ ਦੇ ਵਿਚਕਾਰ ਦੀ ਇਹ ਪਵਿੱਤਰ ਧਰਤੀ ਗਰੀਬੀ ਤੇ ਜਹਾਲਤ ਦੇ ਦੌਰ ਵਿਚ ਦੀ ਲੰਘ ਰਹੀ ਸੀ। ਉਂਜ ਹਿੰਦੁਸਤਾਨ ਦੀ ਸਾਲਾਨਾ ਕੌਮੀ ਆਮਦਨ ਵੀ ਤਾਂ 2 ਪੌਂਡ ਸੀ। ਜਦੋਂ ਕਿ ਇਸ ਦੇ ਮੁਕਾਬਲੇ ਦੇ ਕਨੇਡਾ ਦੀ ਸਾਲਾਨਾ ਕੌਮੀ ਆਮਦਨ 48 ਪੌਂਡ ਅਤੇ ਬਰਤਾਨੀਆ ਦੀ 42 ਪੌਂਡ ਸੀ।



Sri Satguru Jagjit Singh Ji eLibrary NamdhariElibrary@gmail.com

# ਪੰਜਾਬ ਅਤੇ ਪਹਿਲੀ ਸੰਸਾਰ ਜੰਗ

ਪੰਜਾਬ ਵਿਚੋਂ ਸਿੱਖ ਰਾਜ ਦੇ ਅੰਤ ਉਤੇ ਜੇਤੂ ਅੰਗਰੇਜ਼ ਹਾਕਮ ਕਾਫ਼ੀ ਦੇਰ ਤੀਕਰ ਇਸ ਦੁਚਿੱਤੀ ਵਿਚ ਪਏ ਰਹੇ ਕਿ ਪੰਜਾਬ ਉਤੇ ਸਿੱਧਾ ਅੰਗਰੇਜ਼ੀ ਰਾਜ ਲਾਗੂ ਕਰ ਦਿੱਤਾ ਜਾਏ ਜਾਂ ਇਥੇ ਇਕ ਕਠਪੁਤਲੀ ਦੇਸੀ ਸਰਕਾਰ ਕਾਇਮ ਕਰਕੇ ਆਪਣੇ ਲਾਭ ਰਾਖਵੇਂ ਕਰ ਲਏ ਜਾਣ। ਪੰਜਾਬ ਦਾ ਰੈਜੀਡੈਂਟ ਸਰ ਹੈਨਰੀ ਲਾਰੰਸ, ਪੰਜਾਬ ਨੂੰ ਨਾਲ ਮਿਲਾਉਣ ਦੇ ਵਿਰੁਧ ਸੀ। ਜਦ ਕਿ ਉਸ ਦਾ ਭਰਾ ਜਾਨ ਲਾਰੰਸ, ਸਿੱਧੇ ਕੰਟਰੋਲ ਦੇ ਹੱਕ ਵਿਚ ਸੀ। ਕਿਉਂਕਿ ਪੰਜਾਬ ਉਤੇ ਹਮਲੇ ਦੇ ਦੌਰਾਨ, ਉਸ ਦੀ ਤੇਜ਼ ਅੱਖ ਨੇ ਪੰਜਾਬ ਦੀ ਉਪਜਾਊ ਸਰ ਜ਼ਮੀਨ ਅਤੇ ਪੰਜਾਬੀ ਲੋਕਾਂ ਦੀ ਲੜਾਕੂ ਸਪਿਰਟ ਨੂੰ ਭਾਂਪ ਲਿਆ ਸੀ। ਉਸ ਦੇ ਦਿਮਾਗ ਵਿਚ ਸੀ ਕਿ ਇਕੱਲੇ ਪੰਜਾਬ ਵਿਚ ਹੀ ਨਰਮੇ ਤੇ ਕਪਾਹ ਦੀ ਪੈਦਾਵਾਰ ਦੇ ਸਿਰ ਤੇ ਲੰਕਾ ਸ਼ਾਇਰ ਦੀਆਂ ਕਪੜੇ ਦੀਆਂ ਮਿੱਲਾਂ ਨੂੰ ਕਿਤਿਉਂ ਹੋਰ ਕੱਚਾ ਮਾਲ ਲੈਣ ਦੀ ਲੋੜ ਨਹੀਂ।

1849 ਵਿਚ ਪੰਜਾਬ ਅੰਗਰੇਜ਼ੀ ਰਾਜ ਵਿਚ ਮਿਲਾਇਆ ਗਿਆ। ਉਸ ਵੇਲੇ ਹਿੰਦੁਸਤਾਨ ਦਾ ਗਵਰਨਰ ਜਨਰਲ ਲਾਰਡ ਡਲਹੌਜ਼ੀ ਸੀ। 1850 ਵਿਚ ਪੰਜਾਬ ਦੇ ਦੌਰੇ ਸਮੇਂ 6 ਦਸੰਬਰ ਨੂੰ ਉਸ ਨੇ ਆਪਣੀ ਡਾਇਰੀ ਵਿਚ ਲਿਖਿਆ ਹੈ ਕਿ "ਹਰ ਥਾਂ ਮੈਨੂੰ ਅਧਿਕ ਤੌਰ ਤੇ ਉਪਜਾਊ ਜ਼ਮੀਨ ਮਿਲੀ, ਜਿਹੜੀ ਕਿ ਅਜੇ ਬੰਜਰ ਲਗਦੀ ਹੈ, ਪਰ ਉਸ ਨੂੰ ਸਿਰਫ਼ ਪਾਣੀ ਦੀ ਲੋੜ ਹੈ, ਜਿਹੜਾ ਕਿ ਉਸ ਨੂੰ ਮਹਾਨ ਪੈਦਾਵਾਰੀ ਖਿਤਿਆਂ ਵਿਚ ਬਦਲ ਦੇਵੇਗਾ।"

1849 ਤੋਂ ਲੈ ਕੇ 1857 ਤਕ ਦਾ ਸਮਾਂ ਪੰਜਾਬ ਵਿਚ ਮਾਨਸਿਕ ਤਬਦੀਲੀ ਅਤੇ ਨਵੇਂ ਰਾਜਸੀ ਰਿਸ਼ਤਿਆਂ ਦਾ ਸਮਾਂ ਸੀ। ਸਿੱਖ ਜਾਗੀਰਦਾਰ ਸ਼੍ਰੇਣੀ ਹੌਲੀ ਹੌਲੀ ਅੰਗਰੇਜ਼ੀ ਸਰਕਾਰ ਦੀ ਵਫ਼ਾਦਾਰੀ ਤੇ ਚਾਪਲੂਸੀ ਦਾ ਪ੍ਰਗਟਾ ਕਰਕੇ ਆਪਣੀ ਆਰਥਕ ਤੇ ਸਮਾਜੀ ਦਿਸ਼ਾ ਨੂੰ ਕਾਇਮ ਰਖਣ ਦਾ ਉਪਰਾਲਾ ਕਰ ਰਹੀ ਸੀ। 1857 ਦੇ ਗਦਰ ਵੇਲੇ ਅੰਗਰੇਜ਼ਾਂ ਨੇ ਸਿੱਖ ਸਰਦਾਰਾਂ ਤੇ ਰਾਜਿਆਂ ਨੂੰ ਅੰਗਰੇਜ਼ੀ ਸਾਮਰਾਜ ਵੱਲ ਆਪਣੀ ਵਫ਼ਾਦਾਰੀ ਨੂੰ ਅਸਲੀ ਰੂਪ ਦਾ ਪ੍ਰਗਟਾ ਕਰਨ ਲਈ ਆਖਿਆ। ਜਿਨ੍ਹਾਂ ਨੇ ਅੰਗਰੇਜ਼ ਸਰਕਾਰ ਦੀ ਪੂਰੀ ਮਦਦ ਕੀਤੀ ਅਤੇ ਅੰਗਰੇਜ਼ਾਂ ਦੇ ਦਿੱਲੀ ਅਤੇ ਲਖਨਊ



Sri Satguru Jagjit Singh Ji eLibrary NamdhariElibrary@gmail.com

ਦੇ ਕਬਜ਼ੇ ਵਿਚ ਪੂਰਾ ਸਾਥ ਦਿੱਤਾ। ਜਿਵੇਂ ਕਿ ਸਰ ਸੁੰਦਰ ਸਿੰਘ ਮਜੀਠੀਏ ਦਾ ਪਿਓ ਰਾਜਾ ਸੂਰਤ ਸਿੰਘ, ਗ਼ਦਰ ਵੇਲੇ ਬਨਾਰਸ ਵਿਖੇ 37ਵੀਂ ਨੇਟਿਵ ਇਨਫ਼ੈਂਟਰੀ ਵਿਚ ਸ਼ਾਮਲ ਹੋ ਕੇ ਅੰਗਰੇਜ਼ਾਂ ਵਲੋਂ ਲੜਿਆ, ਹਮਲੇ ਵੇਲੇ ਜ਼ਖ਼ਮੀ ਹੋਇਆ। 4800 ਰੁਪਿਆ ਸਾਲਾਨਾ ਪੈਨਸ਼ਨ ਅਤੇ ਯੂ. ਪੀ. ਦੇ ਜ਼ਿਲ੍ਹਾ ਗੋਰਖਪੁਰ ਵਿਚ ਜਾਗੀਰ ਮਿਲੀ। 1875 ਵਿਚ ਮਜਿਸਟਰੇਟ ਬਣਿਆ ਅਤੇ 'ਕੰਪੈਨੀਅਨਸ਼ਿਪ ਆਫ਼ ਦੀ ਸਟਾਰ ਆਫ਼ ਇੰਡੀਆ' ਦਾ ਖ਼ਿਤਾਬ ਹਾਸਲ ਕੀਤਾ। ਇਸ ਖ਼ਾਨਦਾਨ ਦੀਆਂ ਜਾਗੀਰਾਂ, ਖ਼ਿਤਾਬਾਂ ਅਤੇ ਵਫ਼ਾਦਾਰੀ ਦੇ ਕਾਰਨਾਮਿਆਂ ਵਿਚ ਲਗਾਤਾਰ ਵਾਧਾ ਹੁੰਦਾ ਗਿਆ।

ਇਵੇਂ ਹੀ ਰਾਜਾਸਾਂਸੀ ਦੇ ਜਾਗੀਰਦਾਰ ਸ਼ਮਸ਼ੇਰ ਸਿੰਘ ਸੰਧਾਵਾਲੀਏ ਨੂੰ ਜਿਸ ਨੇ ਸਿੱਖ ਰਾਜ ਦੇ ਅੰਤਲੇ ਦਿਨਾਂ ਵਿਚ ਹੀ ਅੰਗਰੇਜ਼ੀ ਸਰਕਾਰ ਨਾਲ ਅੰਦਰੋਂ-ਅੰਦਰੀਂ ਗਾਂਢਾ-ਸਾਂਢਾ ਕਰ ਲਿਆ ਸੀ ਅਤੇ ਜਿਸ ਨੂੰ ਪੰਜਾਬ ਦੇ ਮਿਲਣ ਉਤੇ ਅੰਗਰੇਜ਼ਾਂ ਨੇ 40250 ਦੀ ਜ਼ਾਤੀ ਜਾਗੀਰ ਅਤੇ 30250 ਦੀ ਸਰਵਿਸ ਜਾਗੀਰ ਦਿੱਤੀ ਸੀ। ਜੋ ਗਦਰ ਵੇਲੇ 1857 ਵਿਚ 125 ਘੋੜ ਸੁਆਰਾਂ ਦੀ ਇਕ ਕੰਪਨੀ ਬਣਾਕੇ ਅੰਗਰੇਜ਼ਾਂ ਦੀ ਮਦਦ ਲਈ ਗਿਆ, ਜਿਸ ਨੂੰ ਕਿ ਹਡਸਨ ਹਾਰਸ ਦਾ ਹਿੱਸਾ ਬਣਾਇਆ ਗਿਆ ਜੋ ਬਾਅਦ ਵਿਚ ਦਸਵੀਂ ਬੰਗਾਲ ਲਾਂਸਰਜ਼ ਬਣੀ।

ਇਵੇਂ ਹੋਰ ਸਿੱਖ ਜਾਗੀਰਦਾਰਾਂ ਨੇ ਅੰਗਰੇਜ਼ੀ ਗ਼ੁਲਾਮੀ ਨੂੰ ਪੂਰੀ ਤਰ੍ਹਾਂ ਕਬੂਲ ਕਰ ਲਿਆ। ਪੰਜਾਬ ਦੀ ਸਿੱਖ ਕਿਸਾਨੀ ਤੇ ਹੋਰ ਹੇਠਲੀ ਸ਼ਰੇਣੀ, ਜਿਹੜੀ ਕਿ ਦੇਸ਼ ਨੂੰ ਪਿਆਰ ਕਰਦੀ ਸੀ, ਜਿਸ ਨੂੰ ਪੰਜਾਬ ਵਿਚੋਂ ਆਪਣੇ ਰਾਜ ਦੇ ਖੋਹੇ ਜਾਣ ਦਾ ਗ਼ਮ ਸੀ, ਕਿਸੇ ਠੋਸ ਰੂਪ ਵਿਚ ਜਥੇਬੰਦ ਨਹੀਂ ਸੀ। ਨਾਮਧਾਰੀ ਕੂਕਾ ਲਹਿਰ, ਜੋ ਇਨ੍ਹਾਂ ਭਾਵਾਂ ਦੇ ਪ੍ਰਗਟਾ ਲਈ ਪੈਦਾ ਹੋਈ, ਕਾਫ਼ੀ ਦੇਰ ਪਿਛੋਂ ਜਾ ਕੇ ਆਪਣੇ ਯਤਨਾਂ ਦੀ ਪ੍ਰਦਰਸ਼ਨੀ ਕਰ ਸਕੀ।

ਪਰ 1857 ਦੇ ਗ਼ਦਰ ਪਿਛੋਂ ਅੰਗਰੇਜ਼ ਇਹ ਜਾਣਨ ਲਗ ਪਏ ਸਨ — "ਅਸੀਂ ਇਸ ਗੱਲ ਨੂੰ ਪਹਿਲਾਂ ਹੀ ਨੋਟ ਕਰ ਲਿਆ ਹੈ ਕਿ ਦੂਜੀ ਸਿੱਖ ਜੰਗ ਦੇ ਅੰਤ ਦੇ ਦਸਾਂ ਸਾਲਾਂ ਤੋਂ ਵੀ ਘਟ ਅਰਸੇ ਵਿਚ ਬ੍ਰਿਟਿਸ਼ ਅਤੇ ਪੰਜਾਬੀਆਂ ਨੇ ਰਲ ਕੇ ਹਿੰਦੁਸਤਾਨ ਨੂੰ ਗ਼ਦਰ ਤੋਂ ਬਚਾ ਲਿਆ ਹੈ। ਉਦੋਂ ਤੋਂ ਲੈ ਕੇ ਹੁਣ ਤਕ ਹਿੰਦੁਸਤਾਨ (ਭਾਵ ਅੰਗਰੇਜ਼ੀ ਸਰਕਾਰ) ਸਭ ਤੋਂ ਵਧੇਰੇ ਆਪਣੀ ਲੜਾਕੂ ਸ਼ਕਤੀ ਦੇ ਵਡੇ ਭਾਗ ਲਈ ਪੰਜਾਬ ਵਲ ਤੱਕਦਾ ਹੈ।"

ਪਹਿਲੀ ਸੰਸਾਰ ਲੜਾਈ ਵੇਲੇ ਦਾ ਸਾਂਝਾ ਪੰਜਾਬ ਅੱਜ ਦੇ ਟੋਟੇ ਹੋ ਚੁਕੇ ਪੰਜਾਬ ਨਾਲੋਂ ਕਿਤੇ ਵਿਸ਼ਾਲ ਸੀ। ਇਸ ਦੀ ਵਸੋਂ ਉਦੋਂ 2 ਕਰੋੜ 23 ਲੱਖ 23 ਹਜ਼ਾਰ ਸੀ, ਜੋ ਸਾਰੇ ਬਰਤਾਨੀਆਂ ਦੀ ਆਬਾਦੀ ਦਾ 3/4 ਹਿੱਸਾ ਬਣਦੀ ਸੀ। ਇਹ ਪੰਜਾਬ ਇਕ ਲੱਖ 35 ਹਜ਼ਾਰ 773 ਮਰੱਬਾ ਮੀਲ ਵਿਚ ਫੈਲਿਆ ਹੋਇਆ ਸੀ। ਉਦੋਂ ਪੰਜਾਬ ਦੀਆਂ ਪੰਜ ਕਮਿਸ਼ਨਰੀਆਂ ਹੁੰਦੀਆਂ ਸਨ, ਜਿਨ੍ਹਾਂ ਵਿਚ 29 ਜ਼ਿਲੇ ਸਨ। ਇਸ ਤੋਂ ਬਿਨਾ 43 ਰਿਆਸਤਾਂ ਸਨ, ਜਿਨ੍ਹਾਂ ਵਿਚੋਂ 28 ਪਹਾੜੀ ਰਿਆਸਤਾਂ ਤਾਂ ਸ਼ਿਮਲੇ ਦੀ ਪਹਾੜੀ ਰੇਂਜ ਵਿਚ ਹੀ ਸਨ ਅਤੇ ਜੋ ਸ਼ਿਮਲੇ ਦੇ ਡੀ. ਸੀ. ਅਧੀਨ ਹੀ ਸਨ। ਬਾਕੀ ਰਿਆਸਤਾਂ ਦਾ ਸੰਬੰਧ ਪੁਲੀਟੀਕਲ ਏਜੰਟ ਜਾਂ ਰੇਜ਼ੀਡੈਂਟ ਨਾਲ



Sri Satguru Jagjit Singh Ji eLibrary NamdhariElibrary@gmail.com

ਹੁੰਦਾ ਸੀ।

ਪੰਜਾਬ ਦੀ ਬਹੁਤੀ ਵਸੋਂ ਪਿੰਡਾਂ ਵਿਚ ਵਸਦੀ ਸੀ। ਪਿੰਡਾਂ ਦੀ ਗਿਣਤੀ 44400 ਸੀ। ਜਦ ਕਿ ਵੀਹ ਹਜ਼ਾਰ ਤੋਂ ਉਤੇ ਦੀ ਆਬਾਦੀ ਦੇ 22 ਸ਼ਹਿਰ ਸਨ। ਹਰ ਦਸਾਂ ਵਿਚੋਂ 9 ਪਿੰਡਾਂ ਵਿਚ ਵਸਦੇ ਸਨ ਤੇ ਇਕ ਸ਼ਹਿਰਾਂ ਵਿਚ। ਪਿੰਡਾਂ ਵਿਚ ਵੀ ਹਰ ਦਸਾਂ ਪਿਛੇ 6 ਖੇਤੀ ਬਾੜੀ ਤੇ ਨਿਰਭਰ ਕਰਦੇ ਸਨ ਅਤੇ ਚਾਰ ਪੇਂਡੂ ਦਸਤਕਾਰੀਆਂ ਜਾਂ ਖੇਤ ਮਜ਼ਦੂਰੀ ਤੇ। 13 ਆਦਮੀਆਂ ਤੇ 11 ਇਸਤਰੀਆਂ ਦਾ ਤਨਾਸਬ ਸੀ, ਜਿਸ ਦੇ ਫਲਸਰੂਪ ਇਸਤਰੀਆਂ ਦੀ ਘਾਟ ਤੇ ਛੜਿਆਂ ਦੀ ਅਧਿਕਤਾ ਸੀ। ਸਾਰੇ ਪੰਜਾਬ ਵਿਚ ਸਿਰਫ਼ 6 ਫ਼ੀਸਦੀ ਲੋਕ ਪੜ੍ਹੇ ਲਿਖੇ ਸਨ। ਬਾਕੀ ਪੰਜਾਬ ਦੀ ਵਸੋਂ ਅਨਪੜ੍ਹ ਸੀ। ਪੰਜਾਬ ਵਿਚ ਉਦੋਂ ਲਗਭਗ 40 ਲੱਖ ਬੰਦੇ ਫ਼ੌਜੀ ਉਮਰ ਦੇ ਸਨ।

ਨਹਿਰੀ ਆਬਾਦੀਆਂ ਦੇ ਵਧਣ ਨਾਲ ਪੰਜਾਬੀਆਂ ਤੇ ਫ਼ੌਜੀਆਂ ਦੇ ਸੰਬੰਧ ਹੋਰ ਵੀ ਵਧੇਰੇ ਜੁੜੇ। ਇਕ ਸਰਕਾਰੀ ਰਿਪੋਰਟ ਦੇ ਮੁਤਾਬਿਕ ਕਈ ਆਬਾਦਕਾਰਾਂ ਨੂੰ ਉਥੇ ਇਸ ਸ਼ਰਤ ਤੇ ਜ਼ਮੀਨ ਦਿੱਤੀ ਗਈ ਕਿ ਉਹ ਰਸਾਲੇ ਤੇ ਆਵਾਜਾਈ ਲਈ ਘੋੜੇ ਪਾਲਣ। ਫ਼ੌਜੀ ਨਿਗਰਾਨੀ ਹੇਠ ਰਸਾਲੇ ਵਾਲੀਆਂ ਰਜਮੈਂਟਾਂ ਦੇ ਫਾਰਮ ਵੀ ਸਨ। ਕਾਲੋਨੀਆਂ ਵਿਚ ਕਈ ਥਾਈਂ ਬਿਲਕੁਲ ਫ਼ੌਜੀ ਵਾਤਾਵਰਨ ਸੀ, ਜਿਥੇ ਬਿਗਲ ਵੱਜਣ ਨਾਲ ਸਾਰਾ ਕੰਮ ਸ਼ੁਰੂ ਹੁੰਦਾ ਸੀ।

ਇਸ ਮਾਹੌਲ ਤੋਂ ਬਿਨਾ ਜਿਹੜਾ ਕਿ ਪੰਜਾਬ ਦੇ ਹਾਕਮਾਂ ਵਲੋਂ ਆਪਣੇ ਹਿੱਤਾਂ ਦੀ ਰਖਿਆ ਲਈ ਉਤਪਨ ਕੀਤਾ ਜਾ ਰਿਹਾ ਸੀ, ਪੰਜਾਬ ਦੀ ਆਪਣੀ ਆਰਥਿਕ ਦਿਸ਼ਾ ਵੀ ਇਸ ਪ੍ਰਕਾਰ ਦੀ ਸੀ ਕਿ ਪੰਜਾਬ ਜਿਹੜਾ ਕਿ ਬਹੁਤਾ ਖੇਤੀਬਾੜੀ ਦੇ ਸਿਰ ਤੇ ਨਿਰਭਰ ਕਰਦਾ ਸੀ, ਇਸ ਦੀ ਜ਼ਮੀਨੀ ਵੰਡ ਤੇ ਪੈਦਾਵਾਰੀ ਢੰਗ ਇਸ ਪ੍ਰਕਾਰ ਦੇ ਸਨ ਕਿ ਉਹ ਬਹੁ ਗਿਣਤੀ ਨੂੰ ਪਾਲਣ ਤੋਂ ਅਸਮਰਥ ਸਨ।

1878-79 ਦੀ ਪੰਜਾਬ ਕਾਲ ਕਮੀਸ਼ਨ ਦੀ ਰਿਪੋਰਟ ਦੇ ਮੁਤਾਬਿਕ ਪੰਜਾਬ ਦੇ 83 ਫੀਸਦੀ ਜੱਟ ਕਰਜ਼ੇ ਹੇਠ ਸਨ ਅਤੇ 45 ਫੀਸਦੀ ਜ਼ਮੀਨ ਗਹਿਣੇ ਸੀ। 463 ਰੁਪਏ ਔਸਤਨ ਫੀ ਜੱਟ ਕਰਜ਼ਾ ਸੀ। ਸਾਰੇ ਪੰਜਾਬ ਦੇ ਜੱਟਾਂ ਸਿਰ ਕੁਲ 75 ਕਰੋੜ ਰੁਪਿਆ ਕਰਜ਼ਾ ਸੀ। ਖੇਤ ਮਜ਼ਦੂਰਾਂ ਤੇ ਮੁਜ਼ਾਰਿਆਂ ਸਿਰ ਇਸ ਤੋਂ ਵੱਖਰਾ ਸੀ। ਮਾਮਲੇ ਤੋਂ ਤਿੰਨ ਗੁਣਾਂ ਵਧ, ਲਗਭਗ ਤੇਰ੍ਹਾਂ ਕਰੋੜ ਰੁਪਿਆ ਹਰ ਸਿਆਲ ਵਿਆਜ ਦਾ ਹੀ ਜਾਂਦਾ ਸੀ। ਸ਼ਾਹ ਬਿਨਾ ਪੱਤ ਰਖਣੀ ਮੁਸ਼ਕਲ ਹੋ ਗਈ ਸੀ।

58 ਫੀਸਦੀ ਪੰਜਾਬੀ ਜੱਟਾਂ ਕੋਲ ਪੰਜ ਏਕੜ ਤੋਂ ਘਟ ਜ਼ਮੀਨ ਸੀ, ਜਿਨ੍ਹਾਂ ਨੂੰ ਵਾਹੁਣ ਵਾਲੇ 51 ਫੀਸਦੀ ਲੋਕ ਮੁਜ਼ਾਰੇ ਸਨ।

ਥੋੜ੍ਹੀ ਜ਼ਮੀਨ ਵਾਲੇ ਅਤੇ ਬੇ-ਜ਼ਮੀਨੇ ਲੋਕਾਂ ਕੋਲ ਖੇਤੀ ਬਾੜੀ ਕਰਨ ਤੋਂ ਬਿਨਾ ਹੋਰ ਕੋਈ ਧੰਦਾ ਨਹੀਂ ਸੀ। ਪੰਜਾਬ ਵਿਚ ਸਨਅਤੀ ਵਿਕਾਸ ਨੂੰ ਜਾਣ ਬੁਝ ਕੇ ਰੋਕਿਆ ਜਾ ਰਿਹਾ ਸੀ ਤਾਕਿ ਪੰਜਾਬੀਆਂ ਕੋਲ ਰੁਜ਼ਗਾਰ ਵਾਸਤੇ ਭਰਤੀ ਤੋਂ ਬਿਨਾ ਹੋਰ ਕੋਈ ਚਾਰਾ ਨਾ ਰਹੇ।

ਇਕ ਸਰਕਾਰੀ ਰਿਪੋਰਟ ਦੇ ਮੁਤਾਬਿਕ "ਪਹਾੜੀ ਇਲਾਕੇ ਵਿਚ ਵਾਹੀ ਹੇਠ



Sri Satguru Jagjit Singh Ji eLibrary NamdhariElibrary@gmail.com

ਜ਼ਮੀਨ ਬੜੀ ਘੱਟ ਹੈ ਅਤੇ ਖੇਤੀ ਬਾੜੀ ਲਈ ਲੋੜੀਂਦੇ ਆਦਮੀ ਪੂਰੇ ਕਰਨ ਤੋਂ ਪਿਛੋਂ ਕਾਫੀ ਆਦਮੀ ਵਿਹਲੇ ਹੁੰਦੇ ਹਨ। ਆਦਮੀ ਸੁਭਾਵਕ ਤੌਰ ਤੇ ਸਖਤ ਹਨ ਅਤੇ ਸੂਬੇ ਦੇ ਇਸ ਹਿੱਸੇ ਵਿਚ ਤੀਵੀਆਂ ਦੀ ਬੜੀ ਘਾਟ ਹੈ। ਇਸ ਲਈ ਉਨ੍ਹਾਂ ਲਈ ਕੋਈ ਐਸੀ ਜਕੜ ਨਹੀਂ ਜੋ ਘਰ ਨਾਲ ਬੰਨ੍ਹ ਸਕੇ। ਇਸ ਲਈ ਇਹੀ ਆਸ ਰੱਖੀ ਗਈ ਕਿ ਕਾਂਗੜਾ, ਰਾਵਲਪਿੰਡੀ ਅਤੇ ਜਿਹਲਮ ਦੇ ਪਹਾੜੀ ਇਲਾਕੇ ਦੇ ਲੋਕ ਭਾਰੀ ਗਿਣਤੀ ਵਿਚ ਆਪਣਾ ਨਾਮਾ ਲਿਖਾਉਣ ਲਈ ਤਿਆਰ ਰਹਿੰਦੇ ਸਨ।"

ਪਹਾੜੀ ਇਲਾਕੇ ਤੋਂ ਬਿਨਾਂ, ਪਹਾੜ ਦਿਆਂ ਪੈਰਾਂ ਅਤੇ ਗੰਗਾ ਤੇ ਸਿੰਧ ਦੇ ਮੈਦਾਨੀ ਇਲਾਕੇ ਵਿਚ ਵੀ ਭਾਵੇਂ ਜ਼ਮੀਨ ਕੁਝ ਵਧੇਰੇ ਸੀ ਪਰ ਪੈਰਾਂ ਅਤੇ ਹੋਰ ਕੰਮਾਂ ਦੀ ਘਾਟ ਸੀ। ਸੁੱਖਾਂ ਦਾ ਪੱਧਰ ਪਹਾੜੀ ਇਲਾਕੇ ਨਾਲੋਂ ਬਹੁਤ ਉੱਚਾ ਸੀ। ਇਸ ਲਈ ਇਥੇ ਵੀ ਕਈ ਆਦਮੀ ਸਦਾ ਹੀ ਤਿਆਰ ਰਹਿੰਦੇ ਸਨ ਕਿ ਘਰ ਤੋਂ ਦੂਰ ਦੀ ਨੌਕਰੀ ਲੈ ਕੇ ਵੀ ਪਰਿਵਾਰ ਦੀ ਆਮਦਨ ਵਿਚ ਵਾਧਾ ਕਰਨ। ਫ਼ੌਜ ਅਜਿਹੇ ਆਦਮੀਆਂ ਦਾ ਸੁਆਗਤ ਕਰਦੀ ਸੀ।

ਲੋਕਾਂ ਕੋਲ ਦੋ ਹੀ ਰਾਹ ਸਨ ਕਿ ਜਾਂ ਤਾਂ ਉਹ ਪ੍ਰਦੇਸਾਂ ਨੂੰ ਨਿਕਲ ਜਾਣ ਜਾਂ ਫ਼ੌਜੀ ਗਿਣਤੀ ਵਿਚ ਵਾਧਾ ਕਰਨ।

ਪੰਜਾਬ ਦੀ ਆਮਦਨ ਦਾ ਵੱਡਾ ਵਸੀਲਾ ਮਨੀਆਰਡਰਾਂ ਦੀ ਰਕਮ ਸੀ।

ਇਹ ਵੇਖਣ ਵਿਚ ਆਇਆ ਹੈ ਕਿ ਫ਼ੌਜ ਵਿਚ ਵਧੇਰੇ ਗਿਣਤੀ ਪਿੰਡਾਂ ਤੇ ਉਨ੍ਹਾਂ ਇਲਾਕਿਆਂ ਦੀ ਸੀ, ਜੋ ਆਰਥਕ ਤੌਰ ਤੇ ਵਧੇਰੇ ਪਛੜੇ ਹੋਏ ਸਨ। ਸ਼ਹਿਰੀ ਇਲਾਕਿਆਂ ਜਾਂ ਪੜ੍ਹੇ ਲਿਖੇ ਲੋਕਾਂ ਵਿਚ ਫ਼ੌਜ ਵਿਚ ਕੋਈ ਵਧੇਰੇ ਕਸ਼ਸ਼ ਨਹੀਂ ਸੀ। ਕਿਉਂਕਿ 1917 ਤੀਕਰ ਫ਼ੌਜ ਵਿਚ ਕੋਈ ਕਮੀਸ਼ਨ ਨਹੀਂ ਸੀ ਦਿੱਤਾ ਜਾਂਦਾ। 5 ਅਗਸਤ 1917 ਨੂੰ ਕਿੰਗ ਐਮਪਰਰ ਪਹਿਲੀ ਵਾਰੀ ਖ਼ੁਸ਼ ਹੋਏ ਅਤੇ ਨੌਂਆਂ ਇੰਡੀਅਨ ਅਫ਼ਸਰਾਂ ਨੂੰ ਕਿੰਗ ਕਮੀਸ਼ਨ ਮਿਲਿਆ। ਉਹ ਵੀ ਇਸ ਲਈ ਕਿ ਹਿੰਦ ਵਿਚਲੀਆਂ ਫ਼ੌਜਾਂ ਦੇ ਕਮਾਂਡਰ ਇਨ ਚੀਫ਼ ਨੇ ਇਸ ਲਈ ਬਹੁਤ ਦਬਾਓ ਪਾਇਆ ਕਿ ਹਿੰਦੁਸਤਾਨੀ ਜੁਆਨਾਂ ਵਾਸਤੇ ਕਿੰਗ ਕਮੀਸ਼ਨ ਨੂੰ ਹੋਰ ਸਮੇਂ ਲਈ ਰੋਕੀ ਰਖਣਾ ਸੰਭਵ ਨਹੀਂ।

ਜੰਗ ਤੋਂ ਪਹਿਲਾਂ ਪੰਜਾਬ ਦੀ ਆਰਥਿਕ ਹਾਲਤ ਬੜੀ ਮੰਦੀ ਸੀ। ਪੰਜਾਬ ਦੀ ਔਸਤ ਆਮਦਨ 30 ਰੁਪਏ ਸਾਲਾਨਾ ਸੀ। ਜ਼ਮੀਨ ਦੀ ਉਪਜ ਦੇ ਭਾਅ ਸਸਤੇ ਹੋਣ ਕਰ ਕੇ ਜੱਟਾਂ ਦੀ ਹਾਲਤ ਨਿੱਘਰ ਰਹੀ ਸੀ। ਇਸ ਦਾ ਅਸਰ ਵਿਉਪਾਰ ਤੇ ਵੀ ਪੈ ਰਿਹਾ ਸੀ। ਪੰਜਾਬ ਇਕ ਅਜਿਹੇ ਮਾਲੀ ਸੰਕਟ ਵਿਚ ਦੀ ਲੰਘ ਰਿਹਾ ਸੀ ਜਦੋਂ ਕਈ ਬੈਂਕ ਫੇਲ੍ਹ ਹੋ ਰਹੇ ਸਨ ਅਤੇ ਉਹਨਾਂ ਤੇ ਨਿਰਭਰ ਜਾਇੰਟ ਸਟਾਕ ਕੰਪਨੀਆਂ ਦਾ ਕਾਰੋਬਾਰ ਤਬਾਹ ਹੋ ਰਿਹਾ ਸੀ।

ਇਹ ਇਕ ਮਹੱਤਵ ਪੂਰਨ ਕਾਰਨ ਸੀ, ਜਿਸ ਕਰ ਕੇ ਸਰਕਾਰ ਨੂੰ ਜੰਗ ਦੇ ਮੁੱਢਲੇ ਦਿਨਾਂ ਵਿਚ ਫ਼ੌਜਾਂ ਵਿਚ ਰੰਗਰੂਟ ਭਰਤੀ ਕਰਨ ਲਈ ਕੋਈ ਵਧੇਰੇ ਮੁਸ਼ਕਿਲ ਨਹੀਂ ਆਈ। ਇਕੱਲੇ ਪੰਜਾਬ ਵਿਚੋਂ 395492 ਫ਼ੌਜਾਂ ਵਿਚ ਭਰਤੀ ਕੀਤੇ ਗਏ ਅਤੇ ਲਗਭਗ ਦੋ ਕਰੋੜ ਰੁਪਿਆ ਵਾਰ ਫੰਡ ਉਗਰਾਹਿਆ ਗਿਆ। ਗਿਆਰਾਂ ਕਰੋੜ



Sri Satguru Jagjit Singh Ji eLibrary NamdhariElibrary@gmail.com

ਰੁਪਿਆ ਜੰਗੀ ਕਰਜ਼ਾ ਇਕੱਠਾ ਕੀਤਾ ਗਿਆ। ਭਰਤੀ ਕੀਤੇ ਗਿਆਂ ਵਿਚੋਂ 51.4 ਫੀਸਦੀ ਮੁਸਲਮਾਨ, 22.6 ਫੀਸਦੀ ਹਿੰਦੂ ਅਤੇ 26 ਫੀਸਦੀ ਸਿੱਖ ਸਨ। ਉਦੋਂ ਸਿੱਖਾਂ ਦੀ ਵਸੋਂ ਪੰਜਾਬ ਵਿਚ 12 ਫੀਸਦੀ ਸੀ, ਹਿੰਦੂਆਂ ਦੀ 36 ਫੀਸਦੀ ਅਤੇ ਮੁਸਲਮਾਨਾਂ ਦੀ 51 ਫੀਸਦੀ।

ਭਾਰਤ ਤੇ ਕਾਬਜ਼ ਅੰਗਰੇਜ਼ੀ ਸਰਕਾਰ ਪੰਜਾਬ ਦੀ ਫ਼ੌਜੀ ਅਹਿਮੀਅਤ ਨੂੰ ਪੂਰੀ ਤਰ੍ਹਾਂ ਸਮਝਦੀ ਸੀ। ਇਸ ਲਈ ਇਥੇ ਸਦਾ ਹੀ ਅਜਿਹਾ ਲੈਫਟੀਨੈਂਟ ਗਵਰਨਰ ਮੁਕਰਰ ਕੀਤਾ ਜਾਂਦਾ ਰਿਹਾ, ਜਿਹੜਾ ਪੰਜਾਬ ਵਿਚ ਕਿਸੇ ਕਿਸਮ ਦੀ ਵੀ ਸਿਆਸੀ ਲਹਿਰ ਨਾ ਉਤਪਨ ਹੋਣ ਦੇਵੇ। ਸਰ ਡੈਨਜਿਲ ਇਬਟਸਨ ਅਤੇ ਜੰਗ ਦੇ ਦੌਰਾਨ ਸਰ ਮਾਈਕਲ ਉਡਵਾਇਰ ਦੇ ਨਾਮ ਇਸ ਸੰਬੰਧ ਵਿਚ ਵਰਨਣਯੋਗ ਹਨ।

ਸਰ ਮਾਈਕਲ ਉਡਵਾਇਰ ਨੇ ਸਾਰੇ ਪੰਜਾਬ ਵਿਚ ਫ਼ੌਜੀ ਭਰਤੀ ਦਾ ਐਸਾ ਮਾਹੌਲ ਬਣਾ ਦਿੱਤਾ ਸੀ, ਜਿਵੇਂ ਪਹਿਲੀ ਜੰਗ ਸਿਰਫ ਪੰਜਾਬ ਨੇ ਹੀ ਲੜਨੀ ਹੈ।

ਭਰਤੀ ਹੋਣ ਵਾਲਿਆਂ ਵਿਚ ਜ਼ਿਲਾ ਜਲੰਧਰ ਦੇ ਮਹਿਤੋਂ, ਜ਼ਿਲਾ ਜਿਹਲਮ ਦੇ ਗਖੜ ਅਤੇ ਜ਼ਿਲਾ ਰਾਵਲਪਿੰਡੀ ਦੇ ਸਟੀ, 90 ਫੀਸਦੀ ਫੌਜ ਵਿਚ ਸਨ। ਜ਼ਿਲਾ ਗੁਰਦਾਸਪੁਰ ਤੇ ਜ਼ਿਲਾ ਗੁਜਰਾਤ ਦੇ ਲੁਬਾਣੇ 70 ਫੀਸਦੀ, ਜ਼ਿਲਾ ਰਾਵਲਪਿੰਡੀ ਦੇ ਖੇਤਵਾਲ ਧਨਿਆਲ, ਜ਼ਿਲਾ ਹੁਸ਼ਿਆਰਪੁਰ ਦੇ ਹਿੰਦੂ ਰਾਜਪੂਤ, ਜ਼ਿਲਾ ਗੁਜਰਾਂਵਾਲੇ ਦੇ ਅਵਾਸ, ਜ਼ਿਲਾ ਮੀਆਂਵਾਲੀ ਦੇ ਭੰਗੀ ਖੇਲ ਦੇ 50 ਫੀਸਦੀ, ਜ਼ਿਲਾ ਲੁਧਿਆਣਾ, ਅੰਮ੍ਰਿਤਸਰ ਅਤੇ ਸ਼ਾਹਪੁਰ ਦੇ ਸਿੱਖ ਜੱਟ, ਜੰਜੂਏ, ਟਿਵਾਣੇ, ਮੁਸਲਮਾਨ ਜੱਟ, ਸੈਣੀ, ਅਹੀਰ ਅਤੇ ਰਾਜਪੂਤ 30 ਫੀਸਦੀ, ਜ਼ਿਲਾ ਰਵਾਲਪਿੰਡੀ ਤੇ ਗੁਜਰਾਤ ਦੇ ਗੁਜਰ ਅਤੇ ਜ਼ਿਲਾ ਰੋਹਤਕ ਦੇ ਜਾਟਾਂ ਦੀ ਗਿਣਤੀ 20 ਫੀਸਦੀ ਸੀ। ਇਸ ਤੋਂ ਬਿਨਾਂ ਅਰਾਈਂ, ਬਾਓਰੀਏ, ਵਿਸ਼ਨੋਈ, ਮੇਓ, ਕੰਬੋ, ਡੋਗਰੇ, ਮਜ਼ਬੀ ਸਿੱਖ ਆਦਿ ਵੀ ਇਨ੍ਹਾਂ ਫ਼ੌਜਾਂ ਦੇ ਲੜਾਕੇ ਅਤੇ ਅਲੜਾਕੇ ਦਸਤਿਆਂ ਵਿਚ ਸ਼ਾਮਲ ਸਨ।

ਅੰਗਰੇਜ਼ੀ ਸਰਕਾਰ ਮਾਈ ਬਾਪ ਨੂੰ ਖ਼ੁਸ਼ ਕਰਨ ਵਾਸਤੇ ਕਈ ਹਿੰਦੁਸਤਾਨੀ ਅੰਗਰੇਜ਼ੀ ਅਫਸਰਾਂ ਤੋਂ ਵੀ ਵਧ ਕਾਹਲੇ ਸਨ, ਜਿਵੇਂ ਸਰਦਾਰ ਬਹਾਦਰ ਬੂਟਾ ਸਿੰਘ ਨੇ ਆਪਣੇ ਪਿਛਲਗਾਂ ਦੀ ਭਰਤੀ ਲਈ ਏਜੰਸੀ ਖੋਲ੍ਹੀ। ਮੁਸਲਮਾਨਾਂ ਵਿਚੋਂ ਵੱਡੇ ਵੱਡੇ ਜਾਗੀਰਦਾਰਾਂ, ਸਰ ਉਮਰ ਹਿਆਤ ਖਾਂ ਟਿਵਾਣਾ, ਨਵਾਬ ਸਰ ਖ਼ੁਦਾ ਬਖ਼ਸ਼, ਨਵਾਬ ਗੁਲਾਮ ਮੁਹੰਮਦ ਖਾਂ ਘੇਬਾ, ਮਲਕ ਮੁਹੰਮਦ ਅਮੀਨ ਖਾਂ ਅਵਾਵ, ਸਈਅਦ ਸਰ ਮਹਿਦੀ ਸ਼ਾਹ, ਨਵਾਬ ਫਤਿਹ ਅਲੀ ਖਾਂ ਕਜ਼ਲਬਾਸ਼, ਨਵਾਬ ਸਰ ਬਹਿਰਾਮ ਖਾਂ, ਖਾਨ ਬਹਾਦਰ ਮਲਿਕ ਫਤਿਹ ਖਾਂ, ਸਰਦਾਰ ਜਮਾਲ ਖਾਂ ਲਗਾਰੀ ਆਦਿ। ਸਿੱਖਾਂ ਵਿਚ ਮਜੀਠੀਏ, ਸੰਧਾਵਾਲੀਏ, ਮਾਨਾਂ ਵਾਲੇ, ਅਲਾਵਲਪੁਰੀਏ, ਮੋਰੋਂ ਵਾਲੇ ਸਰਦਾਰ, ਸਰਦਾਰ ਬਹਾਦਰ ਗਜਣ ਸਿੰਘ ਨਾਰੰਗਵਾਲ, ਗੋਪਾਲ ਸਿੰਘ ਗੁਰਦਾਸਪੁਰੀਆ, ਅਵਤਾਰ ਸਿੰਘ ਚਾਹਲ ਅਤੇ ਅਰੂੜ ਸਿੰਘ ਨੁਸ਼ਹਿਰਾ ਨੰਗਲ ਆਦਿ। ਹਰਿਆਣੇ ਦੇ ਹਿੰਦੂ ਜਾਟਾਂ ਵਿਚੋਂ ਚੌਧਰੀ ਲਾਲ ਚੰਦ ਅਤੇ ਚੌਧਰੀ ਛੋਟੂ ਰਾਮ, ਸਿੱਖ ਰਾਜਿਆਂ ਅਤੇ ਮਾਲੇਰ ਕੋਟਲੇ ਦੇ ਨਵਾਬ ਤੋਂ ਬਿਨਾਂ ਜ਼ਿਲਾ ਕਰਨਾਲ ਦੇ ਕੰਜੂਪੁਰਾ ਅਤੇ ਮੰਡਲ ਦੇ ਨਵਾਬ, ਕਾਂਗੜੇ ਦੇ ਗੁਲੇਰ, ਲੰਬਾ ਗਾਓਂ ਅਤੇ ਕੁਥਲੇਰ ਦੇ ਰਾਜੇ,



Sri Satguru Jagjit Singh Ji eLibrary NamdhariElibrary@gmail.com

ਲਾਹੁਲ ਦੇ ਠਾਕਰ, ਹੁਸ਼ਿਆਰਪੁਰ ਵਿਚ ਮਨਾ ਵਾਲੀ ਦਾ ਰਾਣਾ, ਲੁਧਿਆਣੇ ਦੇ ਮਲੌਦ, ਪਖੋਂ ਅਤੇ ਲਧੜਾਂ ਦੇ ਸਰਦਾਰ, ਭਾਈ ਸਾਹਿਬ ਬਾਗੜੀਆ ਅੰਬਾਲੇ ਵਿਚ, ਬੂੜੀਆ, ਸ਼ਾਹਜ਼ਾਦਪੁਰ ਅਤੇ ਮੁਸਤਫਾਬਾਦ ਅਤੇ ਗੁਜਰਾਂਵਾਲੇ ਦੇ ਠਲੂਏ ਸਰਦਾਰ, ਸਭ ਜੰਗੀ ਸਰਗਰਮੀਆਂ ਵਿਚ ਵੱਧ ਤੋਂ ਵੱਧ ਹਿੱਸਾ ਪਾ ਕੇ ਨਾਮਣਾ ਖਟਣ ਦੇ ਯਤਨ ਵਿਚ ਸਨ ।

ਇਹਨਾਂ ਵਿਚੋਂ ਅਨੇਕਾਂ ਪੰਜਾਬ ਦੇ ਸੂਬਾਈ ਰੰਗਰੂਟਿੰਗ ਬੋਰਡ ਦੇ ਵੀ ਮੈਂਬਰ ਸਨ, ਜਿਸ ਦਾ ਪ੍ਰਧਾਨ ਲੈਫਟੀਨੈਂਟ ਗਵਰਨਰ ਸਰ ਮਾਈਕਲ ਉਡਵਾਇਰ ਆਪ ਸੀ । ਇਸ ਬੋਰਡ ਦਾ ਮੰਤਵ, ਫ਼ੌਜੀ ਭਰਤੀ ਦੀਆਂ ਸਰਗਰਮੀਆਂ ਨੂੰ ਬੜ੍ਹਾਵਾ ਦੇਣਾ ਸੀ ਅਤੇ ਉਹ ਵਾਯੂ ਮੰਡਲ ਕਾਇਮ ਕਰਨਾ ਸੀ, ਜਿਸ ਨਾਲ ਵੱਧ ਤੋਂ ਵੱਧ ਭਰਤੀ ਹੋ ਸਕੇ ।

ਇਸ ਸੂਬਾਈ ਭਰਤੀ ਬੋਰਡ ਵਲੋਂ ਸੂਬੇ ਭਰ ਵਿਚ ਭਰਤੀ ਦੇ ਹੱਕ ਵਿਚ ਮੁਹਿੰਮ ਚਲਾਈ ਗਈ । ਲੋਕਾਂ ਨੂੰ ਭਰਤੀ ਅਤੇ ਜੰਗੀ ਫੰਡ ਦੇਣ ਲਈ ਪਰੇਰਤ ਕੀਤਾ ਗਿਆ । ਇਸ ਦੇ ਅਧੀਨ, ਜ਼ਿਲ੍ਹਿਆਂ ਵਿਚ ਦਰਬਾਰ ਕੀਤੇ ਗਏ, ਜਿਥੇ ਲੈਫਟੀਨੈਂਟ ਗਵਰਨਰ ਆਪ ਜਾਂ ਹੋਰ ਵੱਡੇ ਅਫਸਰ ਜਾਂਦੇ ਅਤੇ ਆਪਣੀਆਂ ਤਕਰੀਰਾਂ ਵਿਚ ਪੰਜਾਬੀਆਂ ਦੀ ਅਣਖ ਨੂੰ ਵੰਗਾਰਦੇ, ਉਨ੍ਹਾਂ ਦੀਆਂ ਬਹਾਦਰੀ ਦੀਆਂ ਰਵਾਇਤਾਂ ਨੂੰ ਸਲਾਹੁੰਦੇ ਅਤੇ ਉਹਨਾਂ ਦੇ ਜਜ਼ਬਾਤਾਂ ਨੂੰ ਉਭਾਰਦੇ । ਜ਼ਿਲ੍ਹਿਆਂ ਅਤੇ ਡਿਵੀਜ਼ਨਾਂ ਅਤੇ ਮਜ਼੍ਹਬਾਂ ਤੇ ਨਸਲਾਂ ਦੇ ਮੁਕਾਬਲੇ ਦੇ ਨਾਮ ਤੇ ਉਹਨਾਂ ਨੂੰ ਵੱਧ ਤੋਂ ਵੱਧ ਭਰਤੀ ਦੇਣ ਲਈ ਕਿਹਾ ਜਾਂਦਾ । ਡਿਪਟੀ ਕਮਿਸ਼ਨਰ, ਤਹਿਸੀਲਦਾਰ ਤੇ ਹੋਰ ਲੋਕਲ ਝੋਲੀ ਚੁਕ ਜ਼ੈਲਦਾਰ, ਲੰਬੜਦਾਰ, ਤੀਕਰ ਭਰਤੀ ਦੇ ਕੰਮਾਂ ਵਿਚ ਰੁਝ ਗਏ । ਵੱਧ ਤੋਂ ਵੱਧ ਭਰਤੀ ਦੇਣ ਵਾਲੇ ਪਿੰਡਾਂ ਨੂੰ ਬੋਨਸ ਦਿੱਤਾ ਜਾਂਦਾ । ਸਰਕਾਰ ਵਲੋਂ ਇਕ ਅਖ਼ਬਾਰ 'ਹੱਕ' ਕਢਿਆ ਗਿਆ, ਜਿਸ ਦੀਆਂ ਅੰਗਰੇਜ਼ੀ, ਉਰਦੂ ਤੇ ਗੁਰਮੁਖੀ ਵਿਚ 77000 ਕਾਪੀਆਂ ਵੰਡੀਆਂ ਜਾਂਦੀਆਂ । ਅੰਗਰੇਜ਼ੀ ਦੇ ਅਖ਼ਬਾਰ 'ਸਿਵਲ ਐਂਡ ਮਿਲਟਰੀ ਗਜ਼ਟ' ਤੋਂ ਬਿਨਾਂ ਜਿਹੜਾ ਕਿ ਸਰਕਾਰ ਦਾ ਪੂਰਾ ਵਫ਼ਾਦਾਰ ਸੀ, ਦੂਜੇ ਦੇਸੀ ਅਖ਼ਬਾਰ ਵੀ ਜੰਗੀ ਸਰਗਰਮੀਆਂ ਵਿਚ ਸਰਕਾਰ ਦੀ ਪੂਰੀ ਹਮਾਇਤ ਕਰਦੇ ਰਹੇ । ਕਿਉਂਕਿ ਮਹਾਤਮਾ ਗਾਂਧੀ ਦੇ ਕਹਿਣ ਮੁਤਾਬਿਕ — "ਯੋਰਪ ਦੀ ਜੰਗ ਵਿਚ ਸਾਡੀ ਭਾਰਤ ਦੀ ਕੀ ਥਾਂ ਹੈ, ਅਸੀਂ ਸਭ ਤੋਂ ਪਹਿਲਾਂ ਮਹਾਨ ਬ੍ਰਿਟਿਸ਼ ਰਾਜ ਦੇ ਸ਼ਹਿਰੀ ਹਾਂ, ਬ੍ਰਿਟਿਸ਼ ਲੋਕ ਹੁਣ ਮਨੁੱਖੀ ਸਤਿਕਾਰ ਤੇ ਸਭਿਅਤਾ ਦੀ ਸ਼ਾਨ ਅਤੇ ਭਲਾਈ ਦੇ ਨੇਕ ਕੰਮ ਲਈ ਲੜ ਰਹੇ ਹਨ । ਸਾਡਾ ਕਰਤਵ ਸਾਫ਼ ਹੈ । ਬਰਤਾਨੀਆ ਦੀ ਵਧ ਚੜ੍ਹ ਕੇ ਸਹਾਇਤਾ ਕਰਨੀ ਆਪਣੇ ਤਨ ਤੇ ਧਨ ਨਾਲ ਲੜਨਾ ।"

ਜੰਗ ਦੇ ਪਹਿਲੇ ਦੌਰ ਵਿਚ ਪੰਜਾਬ ਸਰਕਾਰ ਨੂੰ ਭਰਤੀ ਦੇ ਖੇਤਰ ਵਿਚ ਕਾਫੀ ਸਫਲਤਾ ਮਿਲੀ ਅਤੇ ਫੰਡ ਉਗਰਾਹੀ ਵਿਚ ਵੀ, ਭਾਵੇਂ ਫ਼ੌਜ ਵਿਚ ਕੁਰਬਾਨੀਆਂ ਦਾ ਵਧੇਰੇ ਬੋਝ ਪੇਂਡੂ ਖੇਤੀਅਰ ਸ਼੍ਰੇਣੀ ਤੇ ਪਿਆ । ਸ਼ਹਿਰੀ ਵਸੋਂ ਜੋ ਆਬਾਦੀ ਦਾ 1/10 ਹਿੱਸਾ ਸੀ, ਬਹੁਤ ਘੱਟ ਭਰਤੀ ਹੋਈ । ਇਕ ਵਾਰ ਕੋਸ਼ਿਸ਼ ਕੀਤੀ ਗਈ ਕਿ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀ ਡਬਲ ਕੰਪਨੀ ਸਥਾਪਤ ਕੀਤੀ ਜਾਵੇ,



Sri Satguru Jagjit Singh Ji eLibrary NamdhariElibrary@gmail.com

ਇੰਡੀਅਨ ਡੀਫੈਂਸ ਫੋਰਸ ਲਈ ਸ਼ਹਿਰੀ ਹਲਕੇ ਵਿਚੋਂ ਹਜ਼ਾਰ ਲੋਕਾਂ ਦੀ ਬਟਾਲੀਅਨ ਤਿਆਰ ਕੀਤੀ ਜਾਵੇ । ਯੂਨੀਵਰਸਿਟੀ ਵਿਚੋਂ ਸਿਰਫ਼ ਸੌ ਵਿਦਿਆਰਥੀ ਮਿਲਿਆ, ਜਿਹੜੇ ਕਿ ਸਿਗਨਲ ਕੋਰਾਂ ਵਿਚ ਗਏ । ਸ਼ਹਿਰੀਆਂ ਦੀ ਬਟਾਲੀਅਨ ਵਾਸਤੇ ਹੋਰ ਵੀ ਨਿਰਾਸਤਾ ਹੋਈ ਜਿਸ ਵਿਚ ਸਿਰਫ਼ 156 ਬੰਦੇ ਭਰਤੀ ਲਈ ਮਿਲੇ ।

ਪਰ ਆਮ ਲੋਕਾਂ ਵਿਚ ਵੀ ਭਰਤੀ ਦਾ ਜੋਸ਼ ਹੌਲੀ ਹੌਲੀ ਮੱਠਾ ਪੈਣਾ ਸ਼ੁਰੂ ਹੋ ਗਿਆ, ਜਿਸ ਦਾ ਕਾਰਨ ਅਮਰੀਕਾ ਤੋਂ ਆਏ ਗ਼ਦਰੀ ਸੂਰਬੀਰਾਂ ਦੀ ਆਮਦ ਵੀ ਸੀ, ਜਿਨ੍ਹਾਂ ਦੇ ਪ੍ਰਚਾਰ, ਪਕੜ-ਦਕੜ, ਨਜ਼ਰਬੰਦੀਆਂ ਅਤੇ ਸਾਜ਼ਸ਼ ਕੇਸਾਂ ਦਾ ਪੰਜਾਬ ਦੇ ਲੋਕਾਂ ਤੇ ਚੇਤ ਜਾਂ ਅਚੇਤ ਪ੍ਰਭਾਵ ਪੈਣਾ ਸ਼ੁਰੂ ਹੋ ਗਿਆ ਅਤੇ ਪੰਜਾਬ ਵਿਚ ਰਾਜਸੀ ਚੇਤਨਾ ਆਉਣੀ ਸ਼ੁਰੂ ਹੋ ਗਈ । 17 ਫਰਵਰੀ, 1917 ਦੇ ਗ਼ਦਰ ਅਖ਼ਬਾਰ ਵਿਚ ਭਾਰਤੀ ਫ਼ੌਜੀਆਂ ਨੂੰ ਸੰਬੋਧਨ ਕਰਕੇ ਇਹ ਲਿਖਿਆ — "ਤੁਹਾਨੂੰ ਸ਼ਰਮ ਨਹੀਂ ਆਉਂਦੀ ਕਿ ਜੰਗ ਦੇ ਦਿਨਾਂ ਵਿਚ ਤੁਹਾਨੂੰ ਮੋਰਚਿਆਂ ਵਿਚ ਭੇਜਿਆ ਜਾਂਦਾ ਹੈ । ਬਰਤਾਨਵੀ ਫ਼ੌਜਾਂ ਪਿੱਛੇ ਮਹਿਫ਼ੂਜ਼ ਰਹਿੰਦੀਆਂ ਹਨ । ਉਹਨਾਂ ਸਾਰੇ ਖਤਰਿਆਂ ਲਈ, ਜੋ ਤੁਹਾਡੀ ਜ਼ਿੰਦਗੀ ਨੂੰ ਹਨ, ਸਿਰਫ਼ 9 ਰੁਪਏ ਮਹੀਨਾ ਮਿਲਣਗੇ ਜਿਨ੍ਹਾਂ ਵਿਚ ਤੁਸੀਂ ਆਪਣੇ ਕਪੜੇ ਵੀ ਲੈਣੇ ਹਨ, ਖਾਣਾ ਪੀਣਾ ਵੀ ਹੈ ਅਤੇ ਆਪਣੇ ਪਰਿਵਾਰ ਲਈ ਵੀ ਬਚਾਉਣਾ ਹੈ । ਜਦ ਕਿ ਅੰਗਰੇਜ਼ ਸਿਪਾਹੀਆਂ ਨੂੰ ਦਿਹਾੜੀ ਵਿਚ ਤਿੰਨ ਵਾਰ ਵਧੀਆ ਖਾਣਾ ਮਿਲਦਾ ਹੈ, ਸੋਹਣੀ ਵਰਦੀ ਦਿੱਤੀ ਜਾਂਦੀ ਹੈ, ਤਲਬ ਵਜੋਂ 45 ਰੁਪਏ ਮਹੀਨਾ ਅਤੇ ਬੋਨਸ ਵੱਖਰਾ ।"

ਦੂਜੇ ਬੰਨੇ ਚੀਜ਼ਾਂ ਦੀਆਂ ਕੀਮਤਾਂ ਵਧਣ ਨਾਲ, ਲੋਕੀਂ ਆਪੋ ਆਪਣੇ ਕਾਰੋਬਾਰ ਅਤੇ ਖੇਤੀਬਾੜੀ ਵਿਚ ਵੀ ਵਧੇਰੇ ਦਿਲਚਸਪੀ ਲੈਣ ਲਗ ਪਏ ਸਨ । ਤੀਜੇ, ਗਭਰੂਆਂ ਦੀ ਘਾਟ ਜੋ ਕਿ ਪਹਿਲਾਂ ਹੀ ਚੋਖੀ ਗਿਣਤੀ ਵਿਚ ਫ਼ੌਜ ਵਿਚ ਜਾ ਚੁਕੇ ਸਨ, ਸਰਕਾਰ ਇਸ ਬਾਰੇ ਕਾਫ਼ੀ ਚਿੰਤਾਜਨਕ ਹੋਈ ।

ਆਰਮੀ ਡੀਪਾਰਟਮੈਂਟ ਵਲੋਂ ਚਿੱਠੀ ਨੰਬਰ 8584, ਮਿਤੀ 11 ਜੂਨ 1917 ਨੂੰ ਕਿਹਾ ਗਿਆ — "ਜੇ ਫ਼ੌਜੀ ਹਾਲਾਤ ਦਾ ਸਫਲਤਾ ਪੂਰਵਕ ਮੁਕਾਬਲਾ ਕਰਨਾ ਹੈ ਤਾਂ ਰੰਗਰੂਟਾਂ ਦੇ ਪਹਿਲੇ ਬਹਾਓ ਨੂੰ ਲਗਭਗ ਦੁਗਨਾ ਕਰਨਾ ਪਵੇਗਾ ।"

ਕੇਂਦਰੀ ਰੰਗਰੂਟਿੰਗ ਬੋਰਡ ਵਲੋਂ ਵੀ, 27 ਜੂਨ 1917 ਨੂੰ ਪੰਜਾਬ ਤੋਂ ਮੰਗ ਕੀਤੀ ਗਈ ਕਿ ਉਹ ਹਰ ਮਹੀਨੇ 14290 ਲੜਾਕੇ, 1790 ਖਚਰ ਪਾਤਰੀ ਅਤੇ 860 ਅਣ-ਲੜਾਕੇ ਪਹਿਲੀ ਜੁਲਾਈ 1917 ਤੋਂ ਦੇਵੇ ।

ਭਰਤੀ ਦੀਆਂ ਪਹਿਲੀਆਂ ਸ਼ਾਨਦਾਰ ਰਵਾਇਤਾਂ ਕਾਇਮ ਕਰਨ ਕਾਰਨ ਪੰਜਾਬ ਸੂਬਾਈ ਭਰਤੀ ਬੋਰਡ ਨੇ ਵੀ ਨਵੇਂ ਨਵੇਂ ਢੰਗ ਅਪਣਾਣੇ ਸ਼ੁਰੂ ਕੀਤੇ ਤਾਂ ਕਿ ਕੇਂਦਰੀ ਰੰਗਰੂਟਿੰਗ ਬੋਰਡ ਦੀ ਮੰਗ ਨੂੰ ਪੂਰਾ ਕੀਤਾ ਜਾ ਸਕੇ ।

ਭਾਵੇਂ ਮੰਦੀ ਆਰਥਿਕ ਦਿਸ਼ਾ ਵਾਲੇ ਲੋਕਾਂ ਲਈ ਫ਼ੌਜੀਆਂ ਨੂੰ ਮਿਲਣ ਵਾਲੀਆਂ ਰਿਆਇਤਾਂ ਵਧੇਰੇ ਖਿੱਚ ਰਖਦੀਆਂ ਸਨ, ਫਿਰ ਵੀ ਇਹ ਮੰਗ ਦੇ 1/3 ਹਿੱਸੇ ਤੋਂ ਵਧ ਪੂਰਾ ਕਰਨ ਤੋਂ ਅਸਮਰਥ ਸਨ । ਫਰਵਰੀ 1915 ਤੀਕਰ ਇਹ ਸਭ ਕੁਝ ਮਹਿਸੂਸ ਹੋਣ ਲੱਗ ਪਿਆ । ਮਹੀਨੇ ਦੇ ਅੰਤ ਤੇ ਰਾਵਲਪਿੰਡੀ ਡਵੀਜ਼ਨ ਦੇ ਕਮਿਸ਼ਨਰ



Sri Satguru Jagjit Singh Ji eLibrary NamdhariElibrary@gmail.com

ਨੇ ਲਿਖਿਆ — 'ਲਹਿਰ ਥਕਾਵਟ ਦਾ ਆਮ ਇਤਿਹਾਸ ਪੈਦਾ ਕਰ ਰਹੀ ਹੈ ਅਤੇ ਤਨਾਓ ਦੀਆਂ ਨਿਸ਼ਾਨੀਆਂ ਉੱਭਰ ਰਹੀਆਂ ਹਨ ।'

ਗੱਲ ਇਹ ਸੀ ਕਿ ਜਿਉਂ-ਜਿਉਂ ਭਰਤੀ ਦੇਣ ਵਾਲੇ ਲੋਕਾਂ ਦੀ ਗਿਣਤੀ ਘਟ ਰਹੀ ਸੀ, ਤਿਉਂ-ਤਿਉਂ ਲੋਕਾਂ ਨੂੰ ਭਰਤੀ ਕਰਨ ਲਈ ਉਹਨਾਂ ਤੇ ਵੱਖ ਵੱਖ ਤਰੀਕਿਆਂ ਨਾਲ ਦਬਾਉ ਵਧਣਾ ਸ਼ੁਰੂ ਹੋ ਗਿਆ ਸੀ । ਜ਼ਿਲ੍ਹਿਆਂ ਦੇ ਅਫਸਰ ਆਪਣੇ ਕੋਟੇ ਪੂਰੇ ਕਰਨ ਲਈ ਅਤੇ ਮਾਤਹਿਤਾਂ ਦਾ ਅਮਲਾ ਫੈਲਾ, ਝੋਲੀ ਚੁਕ ਲਾਣਾ ਅਤੇ ਮੁਰੱਬਿਆਂ ਦੇ ਖਾਹਿਸ਼ਮੰਦ ਲੋਕਾਂ ਤੇ ਹਰ ਕਿਸਮ ਦਾ ਜਾਇਜ਼ ਨਾਜਾਇਜ਼ ਦਬਾਓ ਪਾ ਰਹੇ ਸਨ, ਜਿਸ ਦਾ ਨਤੀਜਾ ਸਾਫ ਤੌਰ ਤੇ ਲੋਕਾਂ ਵਿਚ ਬੇਚੈਨੀ ਵਧਣ ਦੀ ਸ਼ਕਲ ਵਿਚ ਹੋਇਆ । ਸਰਕਾਰੀ ਰੀਕਾਰਡ ਵਿਚ ਦਰਜ ਹੈ —

ਇਸ ਰੀਪੋਰਟ ਦੇ ਨਤੀਜੇ ਦੇ ਤੌਰ ਤੇ ਅਤੇ ਹੋਰ ਕਈ ਅਫ਼ਸੋਸਨਾਕ ਘਟਨਾਵਾਂ ਦੇ ਵਾਪਰਨ ਤੇ ਪੰਜਾਬ ਸਰਕਾਰ ਨੇ ਭਰਤੀ ਦੀ ਮੁਹਿੰਮ ਨੂੰ ਆਰਜ਼ੀ ਤੌਰ ਤੇ ਰੋਕ ਦਿੱਤਾ ।

ਪਹਿਲੀ ਅਪਰੈਲ ਤੋਂ ਲੈ ਕੇ ਢਾਈ ਮਹੀਨੇ ਤੀਕਰ ਇਹ ਮੁਹਿੰਮ ਮੁਲਤਵੀ ਕਰਨ ਦਾ ਫੈਸਲਾ ਕੀਤਾ ਗਿਆ ।

ਜ਼ਿਲ੍ਹਾ ਅਫਸਰਾਂ ਨਾਲ ਇਨ੍ਹਾਂ ਆਦੇਸ਼ਾਂ ਬਾਰੇ ਖਤ-ਪੱਤਰ ਵੇਲੇ ਸਰਕਾਰ ਨੇ ਇਸ ਅਵਸਰ ਤੇ ਉਨ੍ਹਾਂ ਨੂੰ ਇਹ ਗੱਲ ਦਰਸਾਈ ਕਿ ਲੋਕਾਂ ਤੇ ਅਜਿਹੇ ਦਬਾਓ ਪਾਉਣ ਤੋਂ ਪ੍ਰਹੇਜ਼ ਕਰਨਾ ਜ਼ਰੂਰੀ ਹੈ, ਜਿਹੜੇ ਕਿ ਉਹਨਾਂ ਦੀ ਹਮਦਰਦੀ ਖਿੱਚਣ ਤੋਂ ਦੂਰ ਲਿਜਾਣ ।

ਪਰ ਆਪ ਸਰਕਾਰ ਨੇ 13 ਅਪਰੈਲ ਨੂੰ ਹੀ ਇਹ ਹੁਕਮ ਭੰਗ ਕਰ ਦਿੱਤਾ । ਹਿੰਦ ਸਰਕਾਰ ਨੇ ਪਹਿਲੀ ਜੂਨ ਤੋਂ 5 ਲੱਖ ਦੀ ਭਰਤੀ ਸ਼ੁਰੂ ਕਰਨ ਦਾ ਫੈਸਲਾ ਕੀਤਾ । ਕੇਂਦਰੀ ਰੰਗਰੂਟਿੰਗ ਬੋਰਡ ਨੇ ਪੰਜਾਬ ਦਾ ਕੋਟਾ 180000 ਮੁਕੱਰਰ ਕੀਤਾ ।

4 ਮਈ ਨੂੰ ਲਾਹੌਰ ਵਿਚ ਸੂਬਾਈ ਭਰਤੀ ਕਾਨਫਰੰਸ ਹੋਈ, ਜਿਸ ਵਿਚ ਇਸ ਕੋਟੇ ਤੋਂ ਬਿਨਾਂ 20000 ਹੋਰ ਅਣ-ਲੜਾਕੇ ਭਰਤੀ ਕਰਨ ਦਾ ਫੈਸਲਾ ਕੀਤਾ ਗਿਆ । ਇਹ ਭਰਤੀ ਦੀ ਆਮ ਰਫਤਾਰ ਨਾਲੋਂ 25 ਫੀ ਸਦੀ ਵਧ ਸੀ । ਪਰ ਲੋਕਾਂ ਵਲੋਂ ਭਰਤੀ ਨਾ ਦੇਣ ਕਾਰਨ ਸੂਬਾਈ ਕਾਨਫਰੰਸ ਨੇ ਪਾਸ ਕੀਤਾ ਕਿ ਜੇ ਰਜ਼ਾਕਾਰਾਨਾ ਸਿਸਟਮ ਫੇਲ੍ਹ ਹੋ ਜਾਏ ਤਾਂ ਗੌਰਮਿੰਟ ਅਜਿਹੇ ਕਦਮ ਚੁੱਕੇ ਜੋ ਰੰਗਰੂਟ ਹਾਸਲ ਕਰਨ ਲਈ ਜ਼ਰੂਰੀ ਹੋਣ ।

ਉਸੇ ਦਿਨ ਹੀ ਡਿਵੀਜ਼ਨਲ ਕਮਿਸ਼ਨਰਾਂ ਦੀ ਮੀਟਿੰਗ ਵਿਚ ਵੀ ਇਹ ਮੰਗ ਹੋਈ ਕਿ ਸਥਾਨਕ ਸਰਕਾਰਾਂ ਨੂੰ ਐਕਟ ਅਤੇ ਆਰਡੀਨੈਂਸਾਂ ਰਾਹੀਂ ਇਹ ਤਾਕਤ ਦਿੱਤੀ ਜਾਵੇ ਕਿ ਉਹ ਜ਼ਿਲ੍ਹੇ, ਇਲਾਕੇ ਜਾਂ ਪਿੰਡ ਵਿਚ, ਜਿੱਥੇ ਵੀ ਕੋਟਾ, ਰਜ਼ਾਕਾਰਾਨਾ ਤੌਰ ਤੇ ਪੂਰਾ ਨਾ ਹੋਵੇ, ਜਬਰੀ ਭਰਤੀ ਕਰ ਸਕਣ ।

8 ਜੂਨ ਨੂੰ ਸੂਬਾਈ ਭਰਤੀ ਬੋਰਡ ਨੇ ਜਿਸ ਦਾ ਪ੍ਰਧਾਨ ਸਰ ਮਾਈਕਲ ਉਡਵਾਇਰ ਸੀ, ਇਕ ਸਬ ਕਮੇਟੀ ਕਾਇਮ ਕੀਤੀ, ਜੋ ਪੰਜਾਬ ਵਿਚ ਜਬਰੀ ਭਰਤੀ ਵਾਸਤੇ ਕਿਸੇ



Sri Satguru Jagjit Singh Ji eLibrary NamdhariElibrary@gmail.com

ਸ਼ਕਲ ਵਿਚ ਕਿਸੇ ਬਿਲ ਦਾ ਖਰੜਾ ਤਿਆਰ ਕਰਨ ਤੇ ਗ਼ੌਰ ਕਰੇ । ਇਸ ਸਬ ਕਮੇਟੀ ਦੇ ਹੇਠ ਲਿਖੇ ਮੈਂਬਰ ਸਨ —

ਲੈਫਟੀਨੈਂਟ ਕਰਨਲ—ਸਰ ਫ: ਪੋਪਹੈਮ ਯੰਗ,
ਲੈਫਟੀਨੈਂਟ ਕਰਨਲ—ਸੀ. ਪੌਨੀ ਥਾਮਸਨ,
ਸੀ. ਐਮ. ਕਿੰਗ—
ਖਾਨ ਬਹਾਦਰ ਮਲਿਕ ਮੁਹੰਮਦ ਅਮੀਨ,
ਰਾਓ ਬਹਾਦਰ ਚੌਧਰੀ ਲਾਲ ਚੰਦ,
ਖਾਨ ਬਹਾਦਰ ਸਈਅਦ ਮਹਿਦੀ ਸ਼ਾਹ,
ਸਰਦਾਰ ਬਹਾਦਰ ਗੱਜਣ ਸਿੰਘ,
ਮੇਜਰ ਸਰ ਉਮਰ ਹਿਆਤ ਖਾਂ,
ਸਰਦਾਰ ਰਘਬੀਰ ਸਿੰਘ,
ਸ: ਵ: ਗਰੇਸੀ, (ਕਾਨੂੰਨੀ ਮਾਹਿਰ)
ਲ: ਫਰੈਂਚ ਆਦਿ ।

9, 10 ਜੂਨ ਨੂੰ ਇਸ ਕਮੇਟੀ ਦੀ ਮੀਟਿੰਗ ਸ਼ਿਮਲੇ ਹੋਈ । ਇਸ ਕਮੇਟੀ ਨੇ ਇਸ ਗੱਲ ਤੇ ਵਿਚਾਰ ਕੀਤਾ ਕਿ ਜੇ ਲੋਕ ਆਪਣੇ ਆਪ ਭਰਤੀ ਨਾ ਹੋਣ ਤਾਂ ਕੀ ਤਰੀਕਾ ਅਖਤਿਆਰ ਕੀਤਾ ਜਾਵੇ । ਇਸ ਗੱਲ ਤੇ ਵੀ ਕਿ ਕੀ ਭਰਤੀ ਦਾ ਵਰਤਮਾਨ ਤਰੀਕਾ ਨਾਰਮਲ ਹੈ, ਕੀ ਇਸ ਨੂੰ ਜਾਰੀ ਰੱਖਣਾ ਚਾਹੀਦਾ ਹੈ, ਕੀ ਇਹ ਤਰੀਕਾ ਜਾਇਜ਼ ਵੀ ਸੀ ।

ਸਬ ਕਮੇਟੀ ਦੀ ਮੀਟਿੰਗ ਵਿਚ ਇਹ ਗੱਲ ਨਿੱਖਰ ਕੇ ਸਾਹਮਣੇ ਆਈ ਕਿ ਲੋਕ ਭਰਤੀ ਨਹੀਂ ਹੋਣਾ ਚਾਹੁੰਦੇ ।

ਰਘਬੀਰ ਸਿੰਘ ਸੰਧਾਵਾਲੀਏ ਨੇ ਆਖਿਆ ਕਿ ਜਿਹੜੇ ਲੋਕ ਆਪਣਾ ਫਰਜ਼ ਪੂਰਾ ਕਰ ਚੁੱਕੇ ਹਨ, ਉਹਨਾਂ ਤੇ ਹੋਰ ਦਬਾਓ ਨਾ ਪਾਇਆ ਜਾਏ । ਉਹਨਾਂ ਇਹ ਵੀ ਕਿਹਾ ਕਿ ਅੰਮ੍ਰਿਤਸਰ (ਜ਼ਿਲ੍ਹਾ) ਪਹਿਲਾਂ ਹੀ ਕਾਫੀ ਰੰਗਰੂਟ ਦੇ ਚੁੱਕਾ ਹੈ, ਉਨ੍ਹਾਂ ਕੋਲੋਂ ਹੋਰ ਕੋਟਾ ਨਹੀਂ ਪੂਰਾ ਕੀਤਾ ਜਾ ਸਕਦਾ, ਜੇ ਕਿਸੇ ਸ਼ਕਲ ਵਿਚ ਜਬਰੀ ਭਰਤੀ ਨਾ ਕੀਤੀ ਜਾਵੇ । ਲਾਹੌਰ ਵਿਚ ਭਰਤੀ ਦੀ ਹਾਲਤ ਮੰਦੀ ਸੀ । ਇਹੋ ਹਾਲ ਸਿਆਲਕੋਟ ਦਾ ਸੀ ।

ਗੱਜਣ ਸਿੰਘ ਨੇ ਕਿਹਾ ਕਿ ਸਾਨੂੰ ਆਪਣਾ ਹਲਫ ਪੂਰਾ ਕਰਨਾ ਚਾਹੀਦਾ ਹੈ ਪਰ ਜਬਰੀ ਭਰਤੀ ਕਰਨ ਤੋਂ ਪਹਿਲਾਂ ਕੁਝ ਸਮਾਂ ਹੋਰ ਰਜ਼ਾਕਾਰਾਨਾ ਤੋਰ ਤੇ ਦੇਣਾ ਚਾਹੀਦਾ ਹੈ ਪਰ ਕੁਝ ਸਮੇਂ ਤੀਕਰ ਹੀ ਉਨ੍ਹਾਂ ਕਿਹਾ ਕਿ ਲੁਧਿਆਣਾ ਆਪਣਾ ਕੋਟਾ ਪੂਰਾ ਕਰੇਗਾ, ਜਲੰਧਰ ਤੇ ਫੀਰੋਜ਼ਪੁਰ ਦੇ ਜ਼ਿਲ੍ਹੇ ਨਹੀਂ । ਉਨ੍ਹਾਂ ਇਸ ਗੱਲ ਤੇ ਵੀ ਸ਼ੰਕਾ ਪ੍ਰਗਟ ਕੀਤਾ ਕਿ ਅੰਬਾਲਾ ਡਿਵੀਜਨ ਜਬਰੀ ਭਰਤੀ ਕੀਤੇ ਬਿਨਾਂ ਆਪਣਾ ਕੋਟਾ ਪੂਰਾ ਕਰ ਸਕੇਗਾ । ਉਸ ਨੇ ਇਹ ਵੀ ਕਿਹਾ ਕਿ ਗੈਰ ਸਰਕਾਰੀ ਮੈਂਬਰਾਂ ਦਾ ਇਹ ਵੀ ਫਰਜ਼ ਹੈ ਕਿ ਉਹ ਇਹ ਵੀ ਦੱਸਣ ਕਿ ਸੂਬੇ ਵਿਚ ਜਬਰੀ ਭਰਤੀ ਨਾਲ ਕਈ ਖਤਰੇ ਵੀ ਸਹੇੜੇ ਜਾ ਸਕਦੇ ਹਨ ।



Sri Satguru Jagjit Singh Ji eLibrary NamdhariElibrary@gmail.com

ਰਾਓ ਬਹਾਦਰ ਚੌਧਰੀ ਲਾਲ ਚੰਦ ਦਾ ਵਿਚਾਰ ਸੀ ਕਿ ਕਰਨਾਲ ਕੋਟਾ ਪੂਰਾ ਨਹੀਂ ਕਰੇਗਾ। ਸ਼ਾਇਦ ਅੰਬਾਲਾ ਕਰ ਦੇਵੇ। ਹਿਸਾਰ ਬਾਰੇ ਸ਼ੱਕ ਹੈ। ਰੋਹਤਕ ਤੇ ਗੁੜਗਾਓਂ ਸ਼ਾਇਦ ਕਰ ਹੀ ਦੇਣ।

ਖਾਨ ਬਹਾਦਰ ਸਈਅਦ ਮਹਿਦੀ ਸ਼ਾਹ ਨੇ ਆਪਣੇ ਵਿਚਾਰ ਦੱਸੇ ਕਿ ਲਾਇਲਪੁਰ ਆਪਣਾ ਕੋਟਾ ਦੇ ਦੇਵੇਗਾ ਕਿਉਂਕਿ ਇਹ ਵਧੇਰੇ ਨਹੀਂ, ਨਾਲੇ ਜਾਂਗਲੀ ਵੀ ਭਰਤੀ ਹੋਣ ਲੱਗ ਪਏ ਹਨ। ਉਨ੍ਹਾਂ ਇਸ ਗੱਲ ਵਿਚ ਵਿਸ਼ਵਾਸ ਪ੍ਰਗਟ ਕੀਤਾ ਕਿ ਆਮ ਲਾਮਬੰਦੀ ਕਰਨ ਨਾਲ ਰੰਗਰੂਟਾਂ ਦੀ ਖਰੀਦ ਵੀ ਬੰਦ ਹੋ ਜਾਏਗੀ। ਉਸ ਦਾ ਵਿਸ਼ਵਾਸ ਸੀ ਕਿ ਮੁਲਤਾਨ ਡਿਵੀਜ਼ਨ ਚਾਹੀਦੇ ਬੰਦੇ ਨਹੀਂ ਹੋ ਸਕਦਾ।

ਮੇਜਰ ਸਰ ਉਮਰ ਹਿਆਤ ਖਾਂ ਟਿਵਾਣੇ ਨੇ ਕਿਹਾ ਕਿ ਸ਼ਾਹਪੁਰ ਦਾ ਕੋਟਾ ਵਧੇਰੇ ਮੁਕੱਰਰ ਕੀਤਾ ਹੈ। ਜੇ ਘੱਟ ਜਾਏ ਤਾਂ ਜਬਰੀ ਭਰਤੀ ਜ਼ਰੂਰੀ ਨਹੀਂ। ਉਹਦਾ ਖਿਆਲ ਸੀ ਕਿ ਮੀਆਂਵਾਲੀ ਵਿਚੋਂ ਜਬਰੀ ਤੋਂ ਬਿਨਾਂ ਕੋਟਾ ਪੂਰਾ ਨਹੀਂ ਕੀਤਾ ਜਾ ਸਕਦਾ।

ਸਾਰੇ ਮੈਂਬਰ ਇਸ ਗੱਲ ਨੂੰ ਤਾਂ ਮਹਿਸੂਸ ਕਰਦੇ ਸਨ ਕਿ ਜਬਰੀ ਭਰਤੀ ਤੋਂ ਬਿਨਾਂ ਕੋਟਾ ਪੂਰਾ ਕਰਨਾ ਅਸੰਭਵ ਹੈ। ਪਰ ਇਸ ਗੱਲ ਦਾ ਵੀ ਅਹਿਸਾਸ ਸੀ ਕਿ ਜਬਰੀ ਭਰਤੀ ਨਾਲ ਲੋਕਾਂ ਦੀ ਬੇਚੈਨੀ ਵਿਚ ਵਾਧਾ ਹੋਵੇਗਾ ਅਤੇ ਹੋਰ ਖਤਰੇ ਪੈਦਾ ਹੋਣਗੇ। ਜਿਵੇਂ ਕਿ ਮਹਿਦੀ ਸ਼ਾਹ ਨੇ ਕਿਹਾ — 'ਰੰਗਰੂਟ ਤਾਂ ਹਰ ਹਾਲਤ ਵਿਚ ਚਾਹੀਦੇ ਹਨ ਪਰ ਇਹ ਅਹਿਸਾਸ ਹੈ ਕਿ ਜੇ ਇਕੱਲੇ ਪੰਜਾਬ ਵਿਚ ਹੀ ਜਬਰੀ ਦਾ ਤਰੀਕਾ ਅਖਤਿਆਰ ਕੀਤਾ ਗਿਆ ਤਾਂ ਬਾਗੀ ਐਜੀਟੇਟਰਾਂ ਨੂੰ ਲੋਕਾਂ ਵਿਚ ਕੰਮ ਕਰਨ ਦਾ ਵਧੀਆ ਮੌਕਾ ਮਿਲ ਜਾਏਗਾ। ਉਹ ਕਹਿਣਗੇ ਜੋ ਕੁਝ ਤੁਸਾਂ ਗੌਰਮਿੰਟ ਲਈ ਕੀਤਾ ਹੈ, ਇਹ ਉਸ ਦਾ ਫਲ ਹੈ।'

ਸਰ ਉਮਰ ਹਿਆਤ ਨੇ ਕਿਹਾ — 'ਫੌਜੀ ਦ੍ਰਿਸ਼ਟੀਕੋਨ ਤੋਂ ਅਸੀਂ ਮੰਨਦੇ ਹਾਂ ਕਿ ਤਜਵੀਜ਼ ਕੀਤੇ ਗਏ ਐਕਟ ਦੀ ਲੋੜ ਹੈ। ਇਹ ਸਿਰਫ ਸਿਆਸੀ ਪਹਿਲੂ ਹੈ ਕਿ ਅਸੀਂ ਇਸ ਦੀ ਸਿਫਾਰਸ਼ ਕਰਨ ਤੋਂ ਝਕਦੇ ਹਾਂ। ਲੋਕੀਂ ਸਾਡੇ ਨਜ਼ਰੀਏ ਨਾਲ ਸਹਿਮਤ ਨਹੀਂ।'

ਇਸ ਮੀਟਿੰਗ ਦੀ ਕਾਰਵਾਈ ਤੋਂ ਪਤਾ ਲੱਗਦਾ ਹੈ ਕਿ ਭਰਤੀ ਦੀ ਮੁਹਿੰਮ ਵਿਚ ਪਹਿਲਾਂ ਹੀ ਜਬਰੀ ਭਰਤੀ ਵਾਲੇ ਢੰਗ ਵਰਤੇ ਜਾ ਰਹੇ ਸਨ, ਜਿਵੇਂ ਕਿ ਸੀ. ਐਮ. ਕਿੰਗ ਨੇ ਗੱਲ ਨੂੰ ਸਾਹਮਣੇ ਲਿਆਂਦਾ।

'ਜ਼ਿਮੀਂਦਾਰਾਂ ਦੀ ਸ਼ਿਕਾਇਤ ਹੈ ਕਿ ਹੇਠਲੇ ਸਰਕਾਰੀ ਅਫਸਰ ਉਨ੍ਹਾਂ ਤੇ ਦਬਾਓ ਪਾ ਕੇ ਜਾਂ ਅਤਿਆਚਾਰ ਕਰ ਕੇ, ਉਨ੍ਹਾਂ ਨੂੰ ਫੌਜ ਵਲ ਧੱਕ ਰਹੇ ਹਨ। ਜੇ ਇਹ ਕਾਨੂੰਨ ਪਾਸ ਹੋ ਜਾਏ ਤਾਂ ਉਹ ਇਹ ਮਹਿਸੂਸ ਕਰਨਗੇ ਕਿ ਉਹ ਅਫਸਰਾਂ ਕਰ ਕੇ ਨਹੀਂ, ਸਿਰਫ ਸਰਕਾਰ ਦੇ ਕਾਨੂੰਨ ਨਾਲ ਜਾ ਰਹੇ ਹਨ।'

ਇਸ ਸਬ ਕਮੇਟੀ ਨੂੰ ਇਹ ਅਹਿਸਾਸ ਸੀ ਕਿ ਹੁਣ ਦੇ ਸਿਸਟਮ ਨਾਲ ਉਹ ਸਾਲ ਵਿਚ 100000 ਤੋਂ ਲੈ ਕੇ 120000 ਤੋਂ ਵਧ ਬੰਦੇ ਨਹੀਂ ਹਾਸਲ ਕਰ ਸਕਦੇ। ਜੇ 180000 ਜਾਂ 200000 ਲੈਣੇ ਹਨ ਤਾਂ ਜਬਰੀ ਭਰਤੀ ਦਾ ਕਾਨੂੰਨ ਪਾਸ ਕਰਨਾ ਪਵੇਗਾ।



Sri Satguru Jagjit Singh Ji eLibrary NamdhariElibrary@gmail.com

ਸਬ ਕਮੇਟੀ ਦੇ ਗੈਰ-ਸਰਕਾਰੀ ਮੈਂਬਰਾਂ ਨੇ ਮੰਗ ਕੀਤੀ ਕਿ ਜੇ ਜਬਰੀ ਭਰਤੀ ਦਾ ਕਾਨੂੰਨ ਬਣਾਉਣਾ ਹੈ ਤਾਂ ਸਾਰੇ ਹਿੰਦੁਸਤਾਨ ਲਈ ਬਣਾਇਆ ਜਾਏ ਤੇ ਪੰਜਾਬ ਵਿਚ ਵੀ ਇਸ ਤੇ ਅਮਲ ਕੀਤਾ ਜਾਏ ।

ਹਿੰਦ ਸਰਕਾਰ ਵਲੋਂ ਇਹ ਤਜਵੀਜ਼ ਰੱਦ ਕਰ ਦਿੱਤੀ ਗਈ ਤੇ ਸਰ ਮਾਇਕਲ ਉਡਵਾਇਰ ਤੇ ਸੂਬਾਈ ਭਰਤੀ ਬੋਰਡ ਦੇ ਸਰਕਾਰੀ ਮੈਂਬਰਾਂ ਵਲੋਂ ਪੰਜਾਬ ਸਿਰ ਜਬਰੀ ਭਰਤੀ ਦਾ ਕਾਨੂੰਨ ਮੜ੍ਹਨ ਦੀ ਤਜਵੀਜ਼ ਸਿਰੇ ਨਾ ਚੜ੍ਹ ਸਕੀ ।

ਭਾਵੇਂ ਜਬਰੀ ਭਰਤੀ ਕਾਨੂੰਨੀ ਤੌਰ ਤੇ ਲਾਗੂ ਨਾ ਕੀਤੀ ਗਈ ਪਰ ਸੂਬੇ ਵਿਚ ਹਾਲਤ ਜਬਰੀ ਵਰਗੀ ਹੀ ਸੀ ਅਤੇ ਭਰਤੀ ਲਈ ਆਮ ਤੌਰ ਤੇ ਦੂਰਲੀ ਜੱਥੇ ਦੀ ਵਰਤੋਂ ਕੀਤੀ ਜਾਂਦੀ ਸੀ ।

ਭਰਤੀ ਯੋਗ ਸਾਰੇ ਲੋਕਾਂ ਦੀਆਂ ਲਿਸਟਾਂ ਪਹਿਲਾਂ ਹੀ ਬਣਾਈਆਂ ਜਾ ਚੁੱਕੀਆਂ ਸਨ । ਡਿਪਟੀ ਕਮਿਸ਼ਨਰ, ਤਹਿਸੀਲਦਾਰ ਤੇ ਮਜਿਸਟਰੇਟ, ਰੰਗਰੂਟਿੰਗ, ਜ਼ੈਲਦਾਰਾਂ, ਨੰਬਰਦਾਰਾਂ ਅਤੇ ਹੋਰ ਝੋਲੀ ਚੁੱਕਾਂ ਦੀ ਧਾੜ ਅਤੇ ਪੁਲੀਸ ਨਾਲ ਪਿੰਡਾਂ ਨੂੰ ਘੇਰੇ ਵਿਚ ਲੈ ਲੈਂਦੇ ਤੇ ਭਰਤੀ ਕਰ ਕਰ ਭੇਜੀ ਜਾਂਦੇ । ਨੌਜਵਾਨ ਧਾੜ ਦਾ ਆਉਣਾ ਸੁਣ ਕੇ ਇਧਰ ਉਧਰ ਲੁਕ ਜਾਂਦੇ । ਜਿਹਨਾਂ ਪਰਵਾਰਾਂ ਦੇ ਨੌਜੁਆਨ ਭਜ ਜਾਂਦੇ, ਉਹਨਾਂ ਨੂੰ ਤਦ ਤੀਕਰ ਤੰਗ ਕੀਤਾ ਜਾਂਦਾ, ਜਦ ਤੀਕਰ ਉਹ ਨੌਜੁਆਨ ਪੇਸ਼ ਨਾ ਹੁੰਦੇ । ਕੁਝ ਥਾਵਾਂ ਤੇ ਅਜਿਹੇ ਪਰਵਾਰਾਂ ਨੂੰ ਲੋਕਾਂ ਸਾਹਮਣੇ ਨੰਗਿਆਂ ਕੀਤਾ ਗਿਆ । ਕੰਡਿਆਂ ਵਾਲੇ ਛਾਪਿਆਂ ਤੇ ਸਿੱਟਿਆ ਗਿਆ ।

ਇਸ ਜਬਰ ਦੇ ਵਿਰੁਧ ਕਈਆਂ ਇਲਾਕਿਆਂ ਵਿਚ 'ਭਰਤੀ ਨਾ ਦਿਓ' ਦੀਆਂ ਲੀਗਾਂ ਵੀ ਬਣਾਈਆਂ ਗਈਆਂ ।

ਸਈਅਦ ਨਾਦਰ ਹੁਸੈਨ ਸ਼ਾਹ ਭਲਵਾਲ ਨਾਮ ਦਾ ਇਕ ਤਹਿਸੀਲਦਾਰ ਕੁਝ ਵਧੇਰੇ ਹੀ ਸਰਗਰਮ ਸੀ, ਜਿਸ ਨੇ ਪੱਛੜੇ ਹੋਏ ਇਲਾਕੇ ਵਿਚ ਜ਼ਬਰਦਸਤੀ ਭਰਤੀ ਕਰਨ ਵਿਚ ਕਾਫੀ ਸਫਲਤਾ ਪ੍ਰਾਪਤ ਕੀਤੀ । ਪਰ ਉਹ ਇਕ ਅਜਿਹੇ ਅਣਛੋਹੇ ਪਿੰਡ ਵਿਚ ਚਲਿਆ ਗਿਆ, ਜਿੱਥੇ ਉਸ ਨੇ ਜ਼ਬਰਦਸਤੀ ਕਰਨ ਲਈ ਆਪਣੇ ਸਾਰੇ ਹਥਕੰਡੇ ਵਰਤੇ । ਪਰ ਜਦੋਂ ਉਹ ਗੈਸਟ ਹਾਊਸ ਵਿਚ ਠਹਿਰਿਆ ਹੋਇਆ ਸੀ, ਲੋਕਾਂ ਉਸ ਦੇ ਟੁਕੜੇ ਟੁਕੜੇ ਕਰ ਦਿੱਤੇ ।

ਕਈ ਅਮੀਰ ਤੇ ਚਲਦੇ ਪੁਰਜ਼ੇ ਲੋਕਾਂ ਨੇ ਆਪਣੇ ਬੱਚਿਆਂ ਨੂੰ ਭਰਤੀ ਤੋਂ ਬਚਾਉਣ ਲਈ ਗਰੀਬਾਂ ਦੇ ਮੁੰਡੇ ਖਰੀਦ ਕੇ ਭਰਤੀ ਕਰਵਾ ਦਿੱਤੇ । ਰੋਹਤਕ ਜ਼ਿਲ੍ਹੇ ਵਿਚ ਪਿੰਡ ਵਾਰ, ਜ਼ਾਤ ਵਾਰ ਕੋਟੇ ਪੂਰੇ ਕਰਾਉਣ ਲਈ ਦਬਾਓ ਪਾਇਆ ਗਿਆ । ਲੋਕੀਂ ਪਿੰਡ ਛਡ ਕੇ ਦੌੜਨ ਲਗ ਪਏ ।

ਕਈ ਥਾਈਂ ਲੋਕਾਂ ਨੂੰ 107/51 ਜਾਂ ਹੋਰ ਕੇਸਾਂ ਵਿਚ ਫਸਾ ਲਿਆ ਜਾਂਦਾ । ਭਰਤੀ ਹੋਣ ਤੇ ਉਹ ਕੇਸ ਵਾਪਸ ਲੈ ਲਏ ਜਾਂਦੇ ।

ਸਈਅਦ ਨਾਦਰ ਹੁਸੈਨ ਸ਼ਾਹ ਦੇ ਕਤਲ ਦੇ ਕੇਸ ਵਿਚ ਸੈਸ਼ਨ ਜਜ ਨੂੰ ਇਹ ਕਹਿਣਾ ਪਿਆ ਕਿ ਭਰਤੀ ਦੇ ਤਰੀਕੇ ਬੜੇ ਜਬਰੀ ਸਨ ।

ਭਰਤੀ ਦੀ ਹਾਲਤ ਏਨੀ ਮੰਦੀ ਸੀ ਕਿ 5000 ਕੈਦੀਆਂ ਨੂੰ ਮੈਸੋਪੋਟੇਮੀਆ ਵਿਚ



Sri Satguru Jagjit Singh Ji eLibrary NamdhariElibrary@gmail.com

ਭੇਜ ਦਿੱਤਾ ਗਿਆ, ਜਿਥੇ ਉਹ ਗੰਦੇ ਤੇ ਕੰਮਾਂ ਲਾਏ ਗਏ । ਉਹਨਾਂ ਤੋਂ ਧਾਰੀਵਾਲ ਮਿੱਲ ਵਿਚ ਅਤੇ ਖਿਉੜੇ ਦੀਆਂ ਲੂਣ ਦੀਆਂ ਖਾਨਾਂ ਵਿਚ ਵੀ ਕੰਮ ਲਿਆ ਗਿਆ ।

10 ਅਗਸਤ ਨੂੰ ਲੈਫਟੀਨੈਂਟ ਗਵਰਨਰ ਸਰ ਮਾਈਕਲ ਉਡਵਾਇਰ ਨੇ ਕਿਹਾ — "ਗੁਜਰਾਂਵਾਲੇ ਅਤੇ ਲਾਹੌਰ ਵਿਚ ਕਿਸਾਨਾਂ ਦੀ ਨਜ਼ਰ ਆ ਰਹੀ ਆਬਾਦੀ, ਮੁਨਾਸਿਬ ਗਿਣਤੀ ਵਿਚ ਅੱਗੇ ਨਹੀਂ ਆ ਰਹੀ ।"

ਉਮਰ ਹਿਆਤ ਖਾਂ ਨੇ ਇਹ ਤਜਵੀਜ਼ ਰਖੀ ਕਿ ਜਿਹੜੇ ਇਲਾਕੇ ਵਿਚੋਂ ਭਰਤੀ ਘੱਟ ਮਿਲ ਰਹੀ ਹੈ, ਉਥੇ ਨਹਿਰੀ ਪਾਣੀ ਘੱਟ ਕਰ ਦੇਣਾ ਚਾਹੀਦਾ ਹੈ ।

ਕਰਨਲ ਥੱਕ, ਡੀ. ਸੀ. ਕਾਂਗੜਾ ਅਤੇ ਹੋਰ ਅਫ਼ਸਰਾਂ ਨੇ ਵੀ ਇਤਰਾਜ਼ਯੋਗ ਢੰਗ ਵਰਤਣ ਦੀ ਤਸਦੀਕ ਕੀਤੀ ਹੈ ।

ਵਾਰ ਫੰਡ ਦੀ ਉਗਰਾਹੀ ਵਿਚ ਵੀ ਅਜਿਹੇ ਤਰੀਕੇ ਵਰਤੇ ਗਏ ਜਿਵੇਂ ਕਿ ਚਕਵਾਲ ਵਿਚ ਦਫ਼ਾ 504 ਦਾ ਇਕ ਕੇਸ ਦਰਜ ਹੋਇਆ, 101 ਰੁਪਿਆ ਵਾਰ ਫੰਡ ਦੇ ਦਿੱਤਾ ਗਿਆ ਤੇ ਕੇਸ ਖ਼ਤਮ ਕਰ ਦਿੱਤਾ ਗਿਆ ।

ਇਸੇ ਤਰ੍ਹਾਂ ਇਕ ਵਿਅਕਤੀ ਨੇ ਜਿਸ ਦੇ ਇਨਕਮ ਟੈਕਸ ਵਿਚ ਵਾਧਾ ਕੀਤਾ ਗਿਆ, ਜਦ ਇਤਰਾਜ਼ ਕੀਤਾ ਤਾਂ ਉਸ ਨੂੰ ਕਿਹਾ ਗਿਆ ਕਿ ਇਸ ਦੇ ਇਲਾਵਾ ਨਾ ਉਸ ਨੇ ਜੰਗੀ ਕਰਜ਼ਾ ਦਿੱਤਾ ਹੈ, ਨਾ ਵਾਰ ਫੰਡ ਜਿਹੜਾ ਕਿ ਉਹ ਆਸਾਨੀ ਨਾਲ ਦੇ ਸਕਦਾ ਸੀ । ਉਸ ਦਾ ਇਤਰਾਜ਼ ਰਦ ਕਰ ਦਿੱਤਾ ਗਿਆ ।

ਜਬਰੀ ਵਾਰ ਫੰਡ, ਦਬਾਓ ਤੇ ਅਤਿਆਚਾਰਾਂ ਨਾਲ ਭਰਤੀ, ਪੂਰੇ ਰੂਪ ਵਿਚ ਸਾਹਮਣੇ ਨਹੀਂ ਆ ਸਕੀ, ਕਿਉਂਕਿ ਡੀਫੈਂਸ ਆਫ ਇੰਡੀਆ ਰੂਲਜ਼ ਦੇ ਅਧੀਨ ਅਜਿਹੀਆਂ ਖ਼ਬਰਾਂ ਦੇ ਪ੍ਰਕਾਸ਼ਨ ਤੇ ਪੂਰੀ ਪਾਬੰਦੀ ਸੀ । ਹੁਣੇ ਜਿਹੇ ਹੀ ਪ੍ਰਗਟ ਹੋਈਆਂ ਖੁਫੀਆ ਸਰਕਾਰੀ ਰਿਪੋਰਟਾਂ ਵਿਚ ਕੁਝ ਇਕ ਸਾਹਮਣੇ ਆਈਆਂ ਹਨ —

ਫ਼ੌਜਾਂ ਵਿਚ ਵੀ ਬੜੀ ਬੇਚੈਨੀ ਸੀ ਤੇ ਜਬਰੀ ਭਰਤੀ ਕੀਤੇ ਬੰਦੇ ਫ਼ੌਜ ਵਿਚੋਂ ਦੌੜ ਆਉਂਦੇ ਸਨ । ਐਡੀਸ਼ਨਲ ਸੈਕਰੇਟਰੀ ਦੇ ਬਿਆਨ ਦੇ ਮੁਤਾਬਿਕ ਜੋ ਉਸ ਨੇ 7 ਫਰਵਰੀ 1918 ਨੂੰ ਦਿੱਤਾ, ਕੇਵਲ 1917 ਵਿਚ ਹੀ 26702 ਬੰਦੇ ਭਗੌੜੇ ਹੋਏ, ਅਰਥਾਤ 25 ਫੀਸਦੀ । ਜਿਹਨਾਂ ਵਿਚੋਂ 17338 ਫੜੇ ਗਏ ਤੇ 9364 ਕਾਬੂ ਨਹੀਂ ਆਏ ।

ਫ਼ੌਜੀ ਤਮਗਿਆਂ, ਵਧੀਆ ਤਨਖਾਹਾਂ, ਭਰਤੀ ਹੋਣ ਵੇਲੇ 50 ਰੁਪਏ ਨਕਦ ਅਤੇ ਜੰਗ ਜਿਤਣ ਤੇ ਬਾਰ ਵਿਚ ਜ਼ਮੀਨਾਂ ਦਾ ਲਾਲਚ ਦੇ ਕੇ ਪੰਜਾਬ ਵਿਚੋਂ ਤਕਰੀਬਨ 392495 ਲੜਾਕੇ, ਜੰਗ ਦਾ ਖਾਜਾ ਬਣਨ ਲਈ ਭੇਜੇ ਗਏ । ਇਹਨਾਂ ਵਿਚ ਸਕੂਲਾਂ ਵਿਚੋਂ ਭਰਤੀ ਕੀਤੇ ਗਏ 7494 ਮੁੰਡੇ ਵੀ ਸਨ । ਸਰਕਾਰੀ ਰਿਪੋਰਟ ਦੇ ਮੁਤਾਬਿਕ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣਾ ਵਿਚੋਂ 78 ਤੇ ਖਾਲਸਾ ਐਂਗਲੋ ਵਰਨੈਕੂਲਰ ਮਿਡਲ ਸਕੂਲ ਮਾਹਿਲਪੁਰ ਤੋਂ 53 ਮੁੰਡੇ ਭਰਤੀ ਕੀਤੇ ਗਏ ।

ਭਰਤੀ ਕੀਤੇ ਗਏ ਕੁਲ ਰੰਗਰੂਟਾਂ ਵਿਚੋਂ 170000 ਮੁਸਲਮਾਨ, 90000 ਸਿੱਖ ਅਤੇ ਬਾਕੀ ਦੇ ਜਾਟ, ਡੋਗਰੇ, ਰਾਜਪੂਤ, ਅਹੀਰ, ਗੁਜਰ, ਗੌੜ ਬਰਾਹਮਣ ਅਤੇ ਹੋਰ ਹਿੰਦੂ ਸ਼ਾਮਲ ਸਨ । 4 ਹਜ਼ਾਰ ਪੰਜਾਬੀ ਇਸਾਈ ਵੀ ਭਰਤੀ ਹੋਏ ।



Sri Satguru Jagjit Singh Ji eLibrary NamdhariElibrary@gmail.com

ਭਰਤੀ ਆਮ ਤੌਰ ਤੇ ਪੇਂਡੂ ਇਲਾਕਿਆਂ ਵਿਚੋਂ ਕੀਤੀ ਗਈ, ਪਰ ਵਾਰ ਫੰਡ ਤੇ ਜੰਗੀ ਕਰਜ਼ੇ ਵਧੇਰੇ ਕਰ ਕੇ ਸ਼ਹਿਰੀ ਵਸੋਂ ਤੋਂ ਲਏ ਗਏ ।

ਇਸ ਜੰਗ ਵਿਚ ਤਕਰੀਬਨ 53486 ਹਿੰਦੁਸਤਾਨੀ ਮਰੇ, 64310 ਜ਼ਖਮੀ ਹੋਏ ਤੇ 3762 ਲਾਪਤਾ ।

ਡੀਊਕ ਆਫ ਕਨਾਟ ਨੇ 16 ਫਰਵਰੀ 1921 ਵਿਚ ਦਿੱਲੀ ਵਿਚ ਜੰਗ ਦੀ ਯਾਦਗਾਰ ਦੇ ਸਮਾਰੋਹ ਤੇ ਬੋਲਦੇ ਹੋਏ ਕਿਹਾ — "ਅੱਜ ਅਸੀਂ ਜਾਣਦੇ ਹਾਂ ਕਿ ਦਸ ਲੱਖ ਕਿਵੇਂ ਆਪਣੇ ਘਰ-ਘਾਟ ਛੱਡ ਕੇ ਵਿਦੇਸ਼ਾਂ ਵਿਚ ਸੇਵਾ ਕਰਨ ਗਏ । ਜਿਹਨਾਂ ਵਿਚੋਂ 60000 ਨੇ ਜਿਹਨਾਂ ਵਿਚ 850 ਇੰਡੀਅਨ ਅਫ਼ਸਰ ਵੀ ਸ਼ਾਮਲ ਸਨ, ਸਲਤਨਤ ਦੇ ਕਾਜ਼ ਲਈ ਆਪਣੀਆਂ ਜਾਨਾਂ ਦਿਤੀਆਂ ।"

ਇਹਨਾਂ ਜਾਨਾਂ ਦੇਣ ਵਾਲਿਆਂ ਵਿਚੋਂ ਲਗਭਗ 14000 ਪੰਜਾਬੀ ਸਨ । ਸਭ ਤੋਂ ਵਧੇਰੇ ਮੌਤਾਂ ਜ਼ਿਲ੍ਹਾ ਕਾਂਗੜਾ ਦੇ ਇਲਾਕੇ ਚੰਬੇ ਦੇ ਜੁਆਨਾਂ ਦੀਆਂ ਹੋਈਆਂ । ਅੱਜ ਤੀਕ ਚੰਬੇ ਦੇ ਲੋਕ ਗੀਤਾਂ ਵਿਚ ਵਿਧਵਾ ਮੁਟਿਆਰਾਂ ਦੀਆਂ ਦਰਦਨਾਕ ਆਵਾਜ਼ਾਂ ਪਹਾੜਾਂ ਵਿਚ ਗੂੰਜਦੀਆਂ ਹਨ । ਫਿਰ ਪਿੰਡੀ ਤੇ ਜਿਹਲਮ ਦੇ ਇਲਾਕੇ ਵਿਚ —

ਤਾਰੇ ਲਿਸ਼ਕਣ ਵੇ, ਰਾਤੀਂ ਚਿੱਟੀਆਂ ਚਾਨਣੀਆਂ ।
ਰੁਲ ਰੁਲ ਢੂੰਡਾਂ ਮਾਹੀਆ, ਤੈਂਡੀਆਂ ਛਾਵਣੀਆਂ ।

ਅੱਜ ਵੀ ਚਾਨਣੀਆਂ ਰਾਤਾਂ ਵਿਚ ਉਹਨਾਂ ਨੂੰ ਪੁਕਾਰਿਆ ਜਾਂਦਾ ਹੈ, ਜੋ ਮੁੜ ਕੇ ਨਹੀਂ ਆਏ । ਬਾਕੀ ਜ਼ਿਲ੍ਹਿਆਂ ਵਿਚੋਂ ਵੀ 2.7 ਫੀਸਦੀ ਸਾਮਰਾਜੀ ਇਛਿਆ ਦੀ ਭੇਟ ਹੋ ਗਏ । ਇਕ ਰਿਪੋਰਟ ਦੇ ਮੁਤਾਬਿਕ —

"ਕੁਰਬਾਨੀ ਬਹੁਤ ਵੱਡੀ ਤੇ ਅਸਲੀ ਸੀ ਅਤੇ ਇਥੇ ਅਨੇਕਾਂ ਘਰ ਸਨ, ਜਿਹਨਾਂ ਨੂੰ ਇਕ ਤੋਂ ਵਧੇਰੇ ਪੁੱਤਰਾਂ ਦੀ ਮੌਤ ਤੇ ਵੈਣ ਪਾਉਣੇ ਪਏ ।"

ਬਰਾਈਟਨ ਤੋਂ ਲੈ ਕੇ ਬਸਰੇ ਤੀਕਰ ਪੰਜਾਬੀ ਨੌਜੁਆਨਾਂ ਦੇ ਪੈਰ ਪਏ ਅਤੇ ਈਰਾਨ ਤੇ ਕੇਂਦਰੀ ਏਸ਼ੀਆ ਵਿਚ ਵੀ ਉਹ ਬਰਤਾਨਵੀ ਮੁਫਾਦ ਲਈ ਜਾਨਾਂ ਵਾਰਦੇ ਰਹੇ ।

ਪਰ ਜਿਹੜੇ ਪੰਜਾਬੀ ਫੌਜੀ ਮੁਹਾਜ਼ ਤੇ ਲੜਨ ਗਏ, ਉਹਨਾਂ ਨੇ ਪੰਜਾਬ ਦੀਆਂ ਰਵਾਇਤਾਂ ਨੂੰ ਚਾਰ ਚੰਦ ਲਾਏ । ਉਹਨਾਂ ਨੇ ਹਰ ਮੋਰਚੇ ਤੇ ਵੈਰੀ ਨਾਲ ਡੱਟ ਕੇ ਟੱਕਰ ਲਈ ਅਤੇ ਆਪਣੀ ਬਹਾਦਰੀ ਦੇ ਸਿੱਕੇ ਬਠਾਏ ।

ਇਹਨਾਂ ਵਿਚੋਂ —

ਜਮਾਦਾਰ ਖੁਦਾ ਦਾਦ ਖਾਂ, ਢਕ ਜ਼ਿਲ੍ਹਾ ਜਿਹਲਮ ਆਫ ਡੀਊਕ ਆਫ ਕਨਾਟਜ ਓਨ ਰਜਮੈਂਟ ।

ਨਾਇਕ ਸ਼ਮਸ਼ਾਦ ਖਾਂ ਤਖਤੀ ਜ਼ਿਲ੍ਹਾ ਰਾਵਲਪਿੰਡੀ ਅਤੇ ਹਵਾਲਦਾਰ ਲਾਲ 41 ਡੋਗਰਾ ਪਾਰੋਬ ਜ਼ਿਲ੍ਹਾ ਕਾਂਗੜਾ ਨੇ ਵਿਕਟੋਰੀਆ ਕਰਾਸ ਪ੍ਰਾਪਤ ਕੀਤੇ ।

1. ਸੂਬੇਦਾਰ ਇੰਦਰ ਸਿੰਘ 58 ਰਾਇਲ ਫਰੰਟੀਅਰ ਫੋਰਸ ਹੇਅਰ, ਜ਼ਿਲ੍ਹਾ ਲੁਧਿਆਣਾ ।



Sri Satguru Jagjit Singh Ji eLibrary NamdhariElibrary@gmail.com

2. ਸੂਬੇਦਾਰ ਠਾਕਰ ਸਿੰਘ 47 ਸਿੱਖ, ਵਡਾਲਾ ਕੁਲਾ, ਜ਼ਿਲ੍ਹਾ ਅੰਮ੍ਰਿਤਸਰ।
3. ਸੂਬੇਦਾਰ ਬੀਰ ਸਿੰਘ 15 ਸਿੱਖ, ਜ਼ਿਲ੍ਹਾ ਲੁਧਿਆਣਾ।
4. ਸੂਬੇਦਾਰ ਸੰਤ ਸਿੰਘ 1/34 ਸਿੱਖ, ਗਾਲਿਬ, ਜ਼ਿਲ੍ਹਾ ਲੁਧਿਆਣਾ।
5. ਰਿਸਾਲਦਾਰ ਜੈ ਸਿੰਘ 6 ਕਵੈਲਰੀ, ਬਹਿਰਾਮ, ਜ਼ਿਲ੍ਹਾ ਜਲੰਧਰ।
6. ਜਮਾਦਾਰ ਸੋਹਣ ਸਿੰਘ 26 ਪੰਜਾਬ, ਧਾਰੀਵਾਲ, ਜ਼ਿਲ੍ਹਾ ਅੰਮ੍ਰਿਤਸਰ।
7. ਸੂਬੇਦਾਰ ਮੇਜਰ ਠਾਕਰ ਸਿੰਘ 36 ਸਿੱਖ, ਹਰੀਪੁਰ, ਜ਼ਿਲ੍ਹਾ ਜਲੰਧਰ।
8. ਜਮਾਦਾਰ ਤਾਰਾ ਸਿੰਘ 28 ਪੰਜਾਬ, ਕਲਾਹਾਨ, ਜ਼ਿਲ੍ਹਾ ਹੁਸ਼ਿਆਰਪੁਰ।
9. ਡਾਕਟਰ ਭਗਵਾਨ ਸਿੰਘ ਗੁਜਰਵਾਲ, ਜ਼ਿਲ੍ਹਾ ਲੁਧਿਆਣਾ।
10. ਰਸਾਲਦਾਰ ਬੂੜ ਸਿੰਘ 16 ਕਵੈਲਰੀ, ਵੇਰਕਾ, ਜ਼ਿਲ੍ਹਾ ਅੰਮ੍ਰਿਤਸਰ।
11. ਸਿਪਾਹੀ ਪ੍ਰਤਾਪ ਸਿੰਘ ਚੁੱਘਾ, ਜ਼ਿਲ੍ਹਾ ਅੰਮ੍ਰਿਤਸਰ।
12. ਸਵਾਰ ਦਲੀਪ ਸਿੰਘ ਠਕਰਵਾਲ।
13. ਲੈਂਸ ਨਾਇਕ ਕਰਮ ਸਿੰਘ ਰਾਜੂਆਨਾ, ਰਾਏਕੋਟ।
14. ਹਵਾਲਦਾਰ ਸੂਬਾ ਸਿੰਘ ਸਦਾ ਸਿੰਘ ਵਾਲਾ ਨੂੰ ਮਿਲਟਰੀ ਕਰਾਸ ਮਿਲੇ।

ਭਰਤੀ ਤੋਂ ਇਲਾਵਾ ਪੰਜਾਬ ਦੇ ਲੋਕਾਂ ਤੋਂ ਜੰਗੀ ਖਰਚਾਂ ਲਈ ਫੰਡ ਅਤੇ ਜੰਗੀ ਕਰਜ਼ਾ ਦੇਣ ਲਈ ਵੀ ਪੂਰੀਆਂ ਕੋਸ਼ਿਸ਼ਾਂ ਤੇ ਹਰ ਤਰ੍ਹਾਂ ਦੇ ਹਥਿਆਰ ਵਰਤੇ ਗਏ। ਸਰਕਾਰ ਪ੍ਰਸਤਾਂ ਨੇ ਇਥੇ ਵੀ ਸਰਕਾਰ ਨੂੰ ਖੁਸ਼ ਕਰਨ ਲਈ ਵੱਧ ਤੋਂ ਵੱਧ ਉਤਸ਼ਾਹ ਦਾ ਪ੍ਰਗਟਾ ਕੀਤਾ। ਇਸ ਮੰਤਵ ਲਈ ਦੋ ਕਮੇਟੀਆਂ ਬਣਾਈਆਂ ਗਈਆਂ।

ਇਕ ਕਮੇਟੀ ਵਿਚ —

ਖਾਨ ਬਹਾਦਰ ਮਲਿਕ ਸ਼ਾਹ ਦੀਨ ਜਜ,
ਸ: ਬ: ਸੁੰਦਰ ਸਿੰਘ ਮਜੀਠੀਆ,
ਰਾਏ ਬਹਾਦਰ ਲਾਲਾ ਰਾਮ ਸਰਨ ਦਾਸ,
ਰਾਏ ਬਹਾਦਰ ਲਾਲਾ ਕੁੰਜ ਬਿਹਾਰੀ ਥਾਪਰ,
ਰਾਜਾ ਦਲਜੀਤ ਸਿੰਘ,
ਨਵਾਬ ਮਲਿਕ ਮਹਿਦੀ ਖਾਂ ਸ਼ਾਮਲ ਸਨ।

ਦੂਸਰੀ ਕਮੇਟੀ ਵਿਚ —

ਜਸਟਿਸ ਸ਼ਾਦੀ ਲਾਲ,
ਨਵਾਬ ਜ਼ੁਲਫਿਕਾਰ ਅਲੀ ਖਾਂ,
ਰਾਏ ਬਹਾਦਰ ਲਾਲਾ ਰਾਮ ਸਰਨ ਦਾਸ,
ਰਾਏ ਬਹਾਦਰ ਲਾਲਾ ਗੋਪਾਲ ਦਾਸ ਭੰਡਾਰੀ,
ਰਾਏ ਬਹਾਦਰ ਲਾਲਾ ਅਮਰ ਨਾਥ,
ਰਾਏ ਬਹਾਦਰ ਕੁੰਜ ਬਿਹਾਰੀ ਲਾਲ ਥਾਪਰ,
ਸਰਦਾਰ ਬਹਾਦਰ ਨਾਰਾਇਣ ਸਿੰਘ,
ਖਾਨ ਸਾਹਿਬ ਸਈਅਦ ਮਹਿਦੀ ਸ਼ਾਹ ਮੁਲਤਾਨ,
ਸਰਦਾਰ ਸਾਹਿਬ ਸ਼ਿਵ ਨਾਰਾਇਣ ਸਿੰਘ ਜਲੰਧਰ,



Sri Satguru Jagjit Singh Ji eLibrary NamdhariElibrary@gmail.com

ਸਰਦਾਰ ਬਹਾਦਰ ਸ: ਲਛਮਣ ਸਿੰਘ ਅੰਬਾਲਾ,
ਖਾਨ ਬਹਾਦਰ ਚੌਧਰੀ ਫ਼ਜ਼ਲ ਅਲੀ ਰਾਵਲਪਿੰਡੀ,
ਲਾਲਾ ਆਨੰਦ ਸਰੂਪ ਸ਼ਾਮਲ ਸਨ ।

ਪੰਜਾਬ ਵਿਚੋਂ ਤਕਰੀਬਨ 2 ਕਰੋੜ 24 ਲੱਖ ਰੁਪਏ ਫੰਡ ਇਕੱਠਾ ਕੀਤਾ ਗਿਆ । ਰਾਜਿਆਂ, ਮਹਾਰਾਜਿਆਂ ਤੇ ਨਵਾਬਾਂ, ਜਿਨ੍ਹਾਂ ਦੀਆਂ ਆਪਣੀਆਂ ਰਿਆਸਤਾਂ ਦੇ ਲੋਕ ਸਮਾਜੀ ਕਲਿਆਣ ਦੀਆਂ ਜ਼ਰੂਰੀ ਜ਼ਰੂਰਤਾਂ ਤੋਂ ਵੀ ਵਾਂਝੇ ਸਨ, ਰਾਏ ਬਹਾਦਰਾਂ ਨੇ ਦਿਲ ਖੋਲ੍ਹ ਕੇ ਫੰਡ ਦਿੱਤਾ ਅਤੇ ਆਪਣੇ ਅਸਰ ਅਤੇ ਦਬਾਓ ਹੇਠਲੇ ਲੋਕਾਂ ਤੋਂ ਜ਼ਬਰਦਸਤੀ ਵੀ ਉਗਰਾਹਿਆ । ਬਾਰਾਂ ਵਿਚ, ਫਸਲ ਦਾ 1/25 ਹਿੱਸਾ ਜੰਗੀ ਕਰਜ਼ੇ ਵਿਚ ਲਿਆ ਗਿਆ । ਲੁਧਿਆਣੇ ਵਿਚ 5 ਰੁਪਏ ਪ੍ਰਤੀ ਜੀਅ ਲਾਇਆ ਗਿਆ । ਇਸ ਤਰ੍ਹਾਂ ਸਾਢੇ ਗਿਆਰਾਂ ਕਰੋੜ ਰੁਪਿਆ ਜੰਗੀ ਕਰਜ਼ਾ ਇਕੱਠਾ ਹੋਇਆ ।

ਜੰਗ ਵਿਚ ਸਲਤਨਤ ਬਰਤਾਨੀਆ ਦੀ ਜਿੱਤ ਦੀਆਂ ਅਰਦਾਸਾਂ ਤੋਂ ਬਿਨਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਰਕਾਰ ਪ੍ਰਸਤ ਸਰਬਰਾਹਾਂ ਨੇ ਗੁਰਦੁਆਰੇ ਦੀ ਮਾਇਆ ਵਿਚੋਂ 50000 ਰੁਪਿਆ ਦਿੱਤਾ ।

ਇਸ ਤੋਂ ਬਿਨਾ ਪਦਾਰਥਕ ਮਦਦ ਵੀ ਦਿੱਤੀ ਗਈ । 8 ਲੱਖ ਰੁਪਏ ਤੋਂ ਉਤੇ ਦੀ ਰਕਮ ਦੇ ਲੱਕੜਾਂ, ਕਣਕ, ਛੋਲੇ, ਤੰਬੂ, ਘੋੜੇ, ਊਠ ਤੇ ਖਚਰਾਂ ਦਿੱਤੀਆਂ ਗਈਆਂ । ਲਾਇਲਪੁਰ ਜ਼ਿਲ੍ਹੇ ਵਿਚੋਂ 5069 ਊਠ ਅਤੇ ਹਿਸਾਰ ਤੋਂ 5000 ਬਲਦ ਫ਼ੌਜੀ ਕੰਮਾਂ ਦੀ ਵਰਤੋਂ ਲਈ ਲਿਜਾਏ ਗਏ । ਹਸਪਤਾਲੀ ਜਹਾਜ਼, ਐਂਬੂਲੈਂਸਾਂ, ਮੋਟਰ ਲਾਂਚ, ਸ਼ਿਪ ਤੇ 614 ਬੈਂਡ ਬਾਜੇ ਖਰੀਦ ਕੇ ਦਿਤੇ ਗਏ ।

ਰੈੱਡ ਕਰਾਸ, ਸੇਂਟ ਜਾਨ ਐਂਬੂਲੈਂਸ, ਕਮਫਰਟ ਫੰਡ, ਰੰਗਰੂਟਿੰਗ ਫੰਡ, ਪਰਿੰਸ ਆਫ਼ ਵੇਲਜ਼ ਫੰਡ, ਸਿਲਵਰ ਵੈਡਿੰਗ ਫੰਡ, ਲਾਰਡ ਕਿਚਨਰ ਮੈਮੋਰੀਅਲ ਫੰਡ ਅਤੇ ਬਿਲੂ ਕਰਾਸ ਫੰਡ ਆਦਿ ਦੇ ਨਾਮ ਤੇ ਪੰਜਾਬ ਨੂੰ ਬੁਰੀ ਤਰ੍ਹਾਂ ਫੰਡਿਆ ਗਿਆ ਅਤੇ ਇਹਨਾਂ ਦੇ ਨਾਮ ਤੇ ਲੱਖਾਂ ਰੁਪਏ ਵਸੂਲੇ ਗਏ । ਇਉਂ ਲਗਦਾ ਹੈ ਕਿ ਪਹਿਲੀ ਜੰਗ ਕਹਿਣ ਨੂੰ ਹੀ ਅੰਗਰੇਜ਼ਾਂ ਦੀ ਸੀ ਪਰ ਲੜੀ ਸਾਰੇ ਪੰਜਾਬ ਦੇ ਸਿਰ ਤੇ ਹੀ ਗਈ ।

ਇਸ ਜੰਗ ਵਿਚ ਨਾ ਸਿਰਫ ਪੰਜਾਬੀ ਗਭਰੂਆਂ ਦੀਆਂ ਜਾਨਾਂ ਹੀ ਗਈਆਂ, ਪੰਜਾਬ ਦੀ ਬਿਹਤਰੀ ਦੀ ਬਜਾਏ, ਕਰੋੜਾਂ ਰੁਪਏ ਦੇਸ ਨੂੰ ਗੁਲਾਮ ਰਖਣ ਵਾਲੀ ਅੰਗਰੇਜ਼ੀ ਸਰਕਾਰ ਨੂੰ ਉਹਦੇ ਦੁਸ਼ਮਣਾਂ ਤੋਂ ਬਚਾਉਣ ਲਈ ਖਰਚੇ ਗਏ । ਆਪ ਪੰਜਾਬ ਜੰਗ ਦੇ ਕਾਰਨ ਚੀਜ਼ਾਂ ਦੀ ਥੁੜੋਂ ਅਤੇ ਮਹਿੰਗਾਈ ਦਾ ਸ਼ਿਕਾਰ ਬਣਿਆ । 1914-15 ਤੋਂ ਲੈ ਕੇ 1919-20 ਤੀਕਰ ਵਿਚ ਹੀ ਹਿੰਦੁਸਤਾਨ ਦਾ ਟੋਟਲ ਰੈਵੀਨੀਊ ਫੀਸਦੀ ਵਧ ਗਿਆ । ਨਵੇਂ ਟੈਕਸ ਲਾਏ ਗਏ ਅਤੇ ਜਨਰਲ ਇਮਪੋਰਟ ਡੀਊਟੀ ਵਿਚ ਵਾਧਾ ਕੀਤਾ ਗਿਆ । ਸ਼ਰਾਬ, ਸਿਗਰਟ, ਤੰਬਾਕੂ ਤੇ ਹਾਇਰ ਟੈਕਸ ਲਾਇਆ ਗਿਆ । ਚਾਹ ਤੇ ਸਣ ਦੀ ਐਕਸਪੋਰਟ ਡੀਊਟੀ ਵਧਾਈ ਗਈ । ਇਨਕਮ ਟੈਕਸ ਵਿਚ ਵਾਧਾ ਕੀਤਾ ਗਿਆ । 50000 ਤੋਂ ਉਪਰ ਸੁਪਰ ਟੈਕਸ ਲਾਇਆ ਗਿਆ । ਰੇਲਵੇ ਬਜਟ ਘਟਾ ਕੇ ਅੱਧਾ ਕਰ ਦਿੱਤਾ ਗਿਆ । ਇਹੋ ਹਾਲਤ ਹੋਰ ਤਰੱਕੀ ਦੀਆਂ ਸਕੀਮਾਂ ਦੀ ਹੋਈ । 1913-14 ਵਿਚ ਟੈਕਸ ਦਾ ਜਿਹੜਾ ਬੋਝ



Sri Satguru Jagjit Singh Ji eLibrary NamdhariElibrary@gmail.com

3 ਰੁਪਏ 10 ਪੈਸੇ ਸੀ, 1920 ਵਿਚ 4 ਰੁਪਏ ਢਾਈ ਪੈਸੇ ਹੋ ਗਿਆ ।

ਨਤੀਜੇ ਦੇ ਤੌਰ ਤੇ, ਜੰਗ ਦੇ ਖਾਤਮੇ ਤੇ, ਪੰਜਾਬ ਵਿਚ ਬੜੀ ਵੱਡੀ ਬੇਚੈਨੀ ਫੈਲੀ ਹੋਈ ਸੀ । ਭਾਵੇਂ ਜੰਗ ਦੇ ਖਾਤਮੇ ਤੇ ਸਰਕਾਰ ਵਲੋਂ ਪੰਜਾਬ ਦੀ ਆਪਣੇ ਕਬਜ਼ੇ ਕੀਤੀ ਜ਼ਮੀਨ ਵਿਚੋਂ 178000 ਏਕੜ ਨਹਿਰੀ ਜ਼ਮੀਨ ਫ਼ੌਜੀਆਂ ਵਿਚ ਵੰਡਣ ਲਈ ਦਿਤੀ ਗਈ ਪਰ ਬਹੁਤਾ ਹਿੱਸਾ ਵੱਡੇ ਫ਼ੌਜੀ ਸਰਦਾਰਾਂ, ਸਰਕਾਰ ਪ੍ਰਸਤ ਜਾਗੀਰਦਾਰਾਂ, ਜੰਗ ਵਿਚ ਮਦਦ ਕਰਨ ਵਾਲਿਆਂ ਝੋਲੀ ਚੁੱਕਾਂ, ਸਰਦਾਰ, ਖਾਨ ਤੇ ਰਾਏ ਬਹਾਦਰਾਂ ਨੂੰ ਮੁਰੱਬਿਆਂ ਦੀ ਸ਼ਕਲ ਵਿਚ ਦਿੱਤਾ ਗਿਆ । 15 ਲੱਖ ਰੁਪਿਆ ਮਾਮਲਾ ਵੀ ਛਡਿਆ ਗਿਆ । ਪਰ ਇਸ ਦਾ ਬਹੁਤਾ ਫਾਇਦਾ ਵੀ ਵਡਿਆਂ ਜ਼ਿਮੀਂਦਾਰਾਂ ਨੂੰ ਹੋਇਆ ।

ਜੰਗ ਦੇ ਮੁੱਕਣ ਤੇ ਪੰਜਾਬ ਵਿਚ ਇਕ ਲੱਖ ਤੋਂ ਲੈ ਕੇ ਡੇਢ ਲੱਖ ਤੀਕਰ ਨਾਮ ਕਟੇ ਸਨ । ਜਿਹਨਾਂ ਕੋਲ ਕੋਈ ਕੰਮ ਨਹੀਂ ਸੀ । ਉਹ ਪੰਜਾਬ ਦੀ ਆਰਥਕ ਅਵਸਥਾ ਦਾ ਸ਼ਿਕਾਰ ਹੋਈ ਵਸੋਂ ਦਾ ਇਕ ਹੋਰ ਭਾਗ ਬਣ ਗਏ । ਸ਼ਹਿਰੀ ਅਤੇ ਨੌਕਰੀ ਪੇਸ਼ਾ ਲੋਕਾਂ ਦੀ ਹਾਲਤ ਬੜੀ ਤਰਸਯੋਗ ਸੀ । ਰੇਲਵੇ ਦੀ ਹੜਤਾਲ ਮਹਿੰਗਾਈ ਦਾ ਫਲ-ਸਵਰੂਪ ਸੀ ।

ਸਰਕਾਰੀ ਅੰਕੜਿਆਂ ਦੇ ਮੁਤਾਬਿਕ, ਦਸ ਹਜ਼ਾਰ ਲੋਕ ਜੇਲ੍ਹਾਂ ਵਿਚ ਨਜ਼ਰਬੰਦ ਰਹੇ ਸਨ, ਜਾਂ ਪਿੰਡਾਂ ਵਿਚ ਹੱਦਬੰਦ ਜਾਂ ਸਰਕਾਰ ਦੀ ਕਰੜੀ ਨਿਗਰਾਨੀ ਹੇਠ । ਇਹਨਾਂ ਉਤੇ ਗ਼ਦਰ ਪਾਰਟੀ ਦੇ ਹਮਦਰਦ ਹੋਣ ਦਾ ਜੁਰਮ ਸੀ । ਜੰਗ ਦੇ ਦਿਨਾਂ ਵਿਚ ਡੀਫੈਂਸ ਆਫ ਇੰਡੀਆ ਰੂਲਜ਼ ਦੀ ਵਰਤੋਂ ਕਰ ਕੇ ਇਹਨਾਂ ਉਤੇ ਸਰਕਾਰ ਵਲੋਂ ਹਰ ਪ੍ਰਕਾਰ ਦੀ ਦਹਿਸ਼ਤ ਵਰਤੀ ਗਈ ਸੀ ।

ਜੰਗ ਦੇ ਦੌਰਾਨ ਵਿਚ ਬਾਹਰਲੇ ਦੇਸ਼ਾਂ ਵਿਚ ਗਏ ਪੰਜਾਬੀ ਲੋਕਾਂ ਦੇ ਗਿਆਨ ਦਾ ਘੇਰਾ ਬੜਾ ਵਿਸ਼ਾਲ ਹੋ ਗਿਆ ਸੀ ਅਤੇ ਉਨ੍ਹਾਂ ਵਿਚੋਂ ਬੇਦਾਰ ਮਗਜ਼ ਲੋਕਾਂ ਨੇ ਆਪਣੀ ਜ਼ਿੰਦਗੀ ਦਾ ਉਹਨਾਂ ਦੀ ਜ਼ਿੰਦਗੀ ਨਾਲ ਮੁਕਾਬਲਤਨ ਅਧਿਆਨ ਕੀਤਾ ਅਤੇ ਆਪਣੀ ਮੰਦੀ ਦਸ਼ਾ ਦੇ ਆਰਥਕ ਤੇ ਸਿਆਸੀ ਕਾਰਨਾਂ ਦੀ ਤਲਾਸ਼ ਵੀ ਕੀਤੀ ।

ਪੰਜਾਬ ਦੇ ਲੋਕਾਂ ਵਿਚ ਨਵੀਂ ਸਿਆਸੀ ਚੇਤਨਤਾ ਦਾ ਦੌਰ ਆਪਣੇ ਆਰੰਭ ਵਿਚ ਸੀ । ਜੰਗ ਮੁੱਕਣ ਨਾਲ ਹੀ ਡੀਫੈਂਸ ਆਫ ਇੰਡੀਆ ਰੂਲ ਖਤਮ ਹੋ ਰਿਹਾ ਸੀ । ਪੰਜਾਬੀ ਲੋਕਾਂ ਨੂੰ ਕਾਬੂ ਵਿਚ ਰਖਣ ਵਾਸਤੇ ਇਕ ਨਵੇਂ ਕਾਨੂੰਨੀ ਹਥਿਆਰ ਦੀ ਲੋੜ ਸੀ, ਜੋ ਰੌਲਟ ਐਕਟ ਦੀ ਸ਼ਕਲ ਵਿਚ ਸਾਹਮਣੇ ਆਇਆ ।



Sri Satguru Jagjit Singh Ji eLibrary NamdhariElibrary@gmail.com

# ਰੌਲਟ ਐਕਟ

"ਯੂਰਪ ਦੀ ਜੰਗ ਵਿਚ ਸਾਡੀ—ਭਾਰਤ ਦੀ ਕੀ ਥਾਂ ਹੈ ? ਅਸੀਂ ਸਭ ਤੋਂ ਪਹਿਲਾਂ ਮਹਾਨ ਬ੍ਰਿਟਿਸ਼ ਰਾਜ ਦੇ ਸ਼ਹਿਰੀ ਹਾਂ, ਬ੍ਰਿਟਿਸ਼ ਲੋਕ ਹੁਣ ਮਨੁਖੀ ਸਤਿਕਾਰ ਤੇ ਸਭਿਅਤਾ ਦੀ ਸ਼ਾਨ ਅਤੇ ਭਲਾਈ ਦੇ ਨੇਕ ਕੰਮ ਲਈ ਲੜ ਰਹੇ ਹਨ, ਸਾਡਾ ਕਰਤੱਵ ਸਾਫ ਹੈ, ਬਰਤਾਨੀਆਂ ਦੀ ਵਧ ਚੜ੍ਹ ਕੇ ਸਹਾਇਤਾ ਕਰਨੀ, ਆਪਣੇ ਤਨ ਅਤੇ ਧਨ ਨਾਲ ਲੜਨਾ ।" (ਮਹਾਤਮਾ ਗਾਂਧੀ)

ਗਾਂਧੀ ਜੀ ਤੋਂ ਲੈ ਕੇ ਜਿਹੜੇ ਕਿ ਹਿੰਦੁਸਤਾਨ ਵਿਚਲੀ ਕੌਮੀ ਲਹਿਰ ਦੇ ਨਰਮ ਧੜੇ ਦੇ ਆਗੂ ਸਨ, ਬਰਤਾਨਵੀ ਰਾਜ ਦੇ ਸਿੱਧੇ ਹਮਾਇਤੀਆਂ, ਰਜਵਾੜਿਆਂ, ਜਗੀਰਦਾਰਾਂ ਅਤੇ ਦੂਸਰੇ ਸਰਕਾਰ ਪ੍ਰਸਤਾਂ ਤੀਕਰ ਪਹਿਲੀ ਜੰਗ ਵਿਚ ਅੰਗਰੇਜ਼ੀ ਸਰਕਾਰ ਦੀਆਂ ਜੰਗੀ ਸਰਗਰਮੀਆਂ ਵਿਚ ਪੂਰੀ ਸਹਾਇਤਾ ਕਰਨ ਦਾ ਇਕ ਆਮ ਜਜ਼ਬਾ ਸੀ ।

ਭਾਵੇਂ ਜੰਗ ਤੋਂ ਪਹਿਲਾਂ ਅਤੇ ਮੁਢਲੇ ਸਾਲਾਂ ਵਿਚ ਬਜਬਜ ਘਾਟ ਦੇ ਸਾਕੇ, ਗੁਰਦਵਾਰਾ ਰਕਾਬ ਗੰਜ ਦੀ ਕੰਧ ਦੇ ਸੁਆਲ ਅਤੇ ਅਮਰੀਕਾ ਤੋਂ ਵਾਪਸ ਆਏ ਗਦਰੀ ਸੂਰਬੀਰਾਂ ਦੀਆਂ ਇਨਕਲਾਬੀ ਕਾਰਵਾਈਆਂ ਸਦਕੇ ਅੰਗਰੇਜ਼ ਵਿਰੋਧੀ ਕਾਫ਼ੀ ਵੱਡਾ ਉਭਾਰ ਸੀ । ਪਰ ਜੰਗ ਦੇ ਦੌਰਾਨ ਵਿਚ ਇਹ ਉਭਾਰ ਵੀ ਕੁਝ ਮੱਠਾ ਪੈ ਗਿਆ ਸੀ ।

ਜੰਗ ਵਿਚ ਸਹਾਇਤਾ ਦਾ ਇਕ ਕਾਰਣ ਆਰਥਕ ਸਥਿਤੀ ਵਿਚ ਖੁਸ਼ਗਵਾਰ ਤਬਦੀਲੀ ਵੀ ਸੀ । ਜੰਗ ਤੋਂ ਪਹਿਲਾਂ ਪੰਜਾਬ ਬੜੇ ਤਕੜੇ ਮਾਲੀ ਸੰਕਟ ਵਿਚੋਂ ਲੰਘ ਰਿਹਾ ਸੀ । ਕਈ ਬੈਂਕ ਫ਼ਿਹਲ ਹੋ ਰਹੇ ਸਨ ਅਤੇ ਇਹਨਾਂ ਤੇ ਨਿਰਭਰ ਕਈ ਜਾਇੰਟ ਸਟਾਕ ਕੰਪਨੀਆਂ ਫ਼ਿਹਲ ਹੋ ਰਹੀਆਂ ਸਨ । ਪੰਜਾਬ ਦੇ 83 ਫ਼ੀ ਸਦੀ ਜੱਟ ਕਰਜ਼ੇ ਹੇਠ ਸਨ, ਅਤੇ 45 ਫ਼ੀ ਸਦੀ ਜ਼ਮੀਨ ਗਹਿਣੇ ਸ਼ੀ ।

ਜੰਗ ਨਾਲ ਆਰਜ਼ੀ ਤੌਰ ਤੇ ਲੋਕਾਂ ਦੀ ਆਮਦਨ ਵਿਚ ਕੁੱਝ ਵਾਧਾ ਹੋਇਆ । ਖਾਸ ਤੌਰ ਤੇ ਉਹਨਾਂ ਇਲਾਕਿਆਂ ਅਤੇ ਉਹਨਾਂ ਲੋਕਾਂ ਵਿਚੋਂ ਵਧੇਰੇ ਲੋਕ ਫ਼ੌਜ ਵਿਚ



Sri Satguru Jagjit Singh Ji eLibrary NamdhariElibrary@gmail.com

ਭਰਤੀ ਹੋਏ, ਜਿਹੜੇ ਆਰਥਕ ਤੌਰ ਤੇ ਕਮਜ਼ੋਰ ਸਨ ਅਤੇ ਜਿਹਨਾਂ ਕੋਲ ਆਮਦਨੀ ਦੇ ਵਾਧਿਆਂ ਲਈ ਆਰਥਕ ਵਸੀਲਿਆਂ ਦੀ ਘਾਟ ਸੀ। ਅਜਿਹੇ ਆਦਮੀਆਂ ਨੂੰ ਫ਼ੌਜ ਨੇ ਸੰਭਾਲਿਆ। ਫ਼ੌਜੀਆਂ ਦੀ ਗਿਣਤੀ ਵਿਚ ਵਾਧਾ ਹੋਣ ਨਾਲ ਅਤੇ ਫ਼ੌਜ ਦੀ ਗਿਣਤੀ ਵਿਚ ਵਾਧਾ ਹੋਣ ਨਾਲ ਅਤੇ ਫ਼ੌਜ ਦੀ ਤਨਖਾਹ ਤੇ ਬੋਨਸ ਦੇ ਦਰਾਂ ਵਿਚ ਸੁਧਾਰ ਆਉਣ ਨਾਲ, ਪੰਜਾਬ ਵਿਚ ਕਾਫੀ ਵਾਧੂ ਦੀ ਰਕਮ ਆਈ। ਕਈਆਂ ਜ਼ਿਲਿਆਂ ਵਿਚ ਤਾਂ ਮਾਮਲੇ ਤੋਂ ਵੀ ਵੱਧ ਮਨੀਆਰਡਰਾਂ ਦੀ ਰਕਮ ਆਉਂਦੀ ਸੀ।

ਪਰ ਇਸ ਆਰਜ਼ੀ ਖੁਸ਼ਹਾਲੀ ਲਈ ਵੀ ਪੰਜਾਬ ਨੂੰ ਬੜੀ ਵੱਡੀ ਕੀਮਤ ਦੇਣੀ ਪਈ। ਅਨੇਕਾਂ ਮਾਵਾਂ ਨੂੰ ਇੱਕ ਤੋਂ ਵੱਧ ਪੁੱਤਰਾਂ ਦੀ ਮੌਤ ਦੇ ਵੈਣ ਪਾਉਣੇ ਪਏ। ਇਕੱਲੇ ਪੰਜਾਬ ਵਿਚੋਂ ਇਸ ਜੰਗ ਵਿਚ 12,794 ਫ਼ੌਜੀ ਮੌਤ ਦਾ ਸ਼ਿਕਾਰ ਹੋਏ। 24,732 ਤੋਂ ਉਤੇ ਗੁਆਚੇ, ਜ਼ਖ਼ਮੀ ਹੋਏ, ਕੈਦੀ ਬਣੇ ਜਾਂ ਲਾ-ਪਤਾ ਕਰਾਰ ਦਿੱਤੇ ਗਏ।

ਜੰਗ ਦਾ ਅੰਤ ਇਕ ਬੇਚੈਨੀ ਦੀ ਸ਼ਕਲ ਵਿਚ ਹੋਇਆ। ਜੰਗ ਦੇ ਖਾਤਮੇ ਨਾਲ ਆਰਜ਼ੀ ਖੁਸ਼ਹਾਲੀ ਦਾ ਦੌਰ ਵੀ ਖਤਮ ਹੋ ਗਿਆ। ਜੰਗ ਦੇ ਸਮੇਂ ਆਮਦਨ ਦੇ ਵਾਧੇ ਨਾਲ ਕੀਮਤਾਂ ਦਾ ਹੋਇਆ ਵਾਧਾ ਉਵੇਂ ਕਾਇਮ ਰਿਹਾ। ਜਦ ਕਿ ਫ਼ੌਜਾਂ ਵਿਚੋਂ ਨਾਮ ਕੱਟ ਦੇਣ ਨਾਲ ਅਨੇਕਾਂ ਫ਼ੌਜੀ ਅਜਿਹੇ ਹੋ ਗਏ, ਜਿਹਨਾਂ ਦੀ ਆਮਦਨ ਦਾ ਵਸੀਲਾ ਕੋਈ ਨਾ ਰਿਹਾ। ਉਹ ਫੇਰ ਆਪਣੀਆਂ ਪੁਰਾਣੀਆਂ ਜ਼ਮੀਨਾਂ ਦੇ ਛੋਟੇ ਛੋਟੇ ਟੁਕੜਿਆਂ ਤੇ ਨਿਰਭਰ ਰਹਿ ਗਏ। ਜਾਂ ਬੇਕਾਰਾਂ ਦੀ ਕਤਾਰ ਵਿਚ ਰੁਲਣ ਤੇ ਮਜਬੂਰ ਹੋ ਗਏ।

ਇਕ ਸਰਕਾਰੀ ਰੀਪੋਰਟ ਦੇ ਮੁਤਾਬਿਕ—

"ਇਹ ਧਿਆਨ ਵਿਚ ਰੱਖਣ ਵਾਲੀ ਗੱਲ ਹੈ ਕਿ ਜਨਵਰੀ ਦੇ ਆਰੰਭ ਵਿਚ ਡੇਰਾ ਗਾਜ਼ੀ ਖਾਂ ਤੇ ਮੁਜ਼ੱਫਰਗੜ੍ਹ ਦੇ ਜ਼ਿਲਿਆਂ ਵਿਚ ਵੇਖਿਆ ਗਿਆ ਕਿ ਲੋਕਾਂ ਨੂੰ ਵਧੀਆਂ ਕੀਮਤਾਂ ਵੱਢ ਰਹੀਆਂ ਹਨ ਕਿ ਉਹਨਾਂ ਵਲੋਂ ਗੜਬੜ ਵਧੇਰੇ ਕਰਕੇ ਭੁੱਖ ਤੋਂ ਉਤਪਨ ਹੋ ਰਹੀ ਹੈ।

ਫਰਵਰੀ ਦੇ ਅੱਧ ਵਿਚ ਨਾਰਥ ਵੈਸਟਰਨ ਰੇਲਵੇ ਦੇ ਮੁਲਾਜ਼ਮਾਂ ਨੇ ਇਕ ਮੁਜ਼ਾਹਰਾ ਸੰਘਠਤ ਕੀਤਾ ਜੋ ਜਲੂਸ ਦੀ ਸ਼ਕਲ ਵਿਚ ਗੌਰਮਿੰਟ ਹਾਉਸ ਤੀਕ ਗਿਆ ਅਤੇ ਜਿਸ ਨੇ ਆਪਣੀਆਂ ਮੁਸ਼ਕਲਾਂ ਦਾ ਸਤਿਕਾਰ ਨਾਲ ਬਿਆਨ ਕੀਤਾ।"

ਜਨਤਾ ਵਿਚ ਇਸ ਗੱਲ ਦੀ ਤੀਖਣ ਨਿਰਾਸਤਾ ਸੀ ਕਿ ਜੰਗ ਦਾ ਅੰਤ ਆਪਣੇ ਨਾਲ ਕੀਮਤਾਂ ਵਿਚ ਵਾਧਾ ਲੈ ਕੇ ਆਇਆ ਹੈ। ਕਣਕ ਦੀਆਂ ਕੀਮਤਾਂ ਜੋ ਜੰਗ ਵਿਚ 3 ਰੁਪਏ ਤੋਂ ਵਧ ਕੇ 7 ਰੁਪਏ ਤੀਕਰ ਚਲੀਆਂ ਗਈਆਂ ਸਨ, 1918-19 ਵਿਚ ਵੀ ਇਸੇ ਪੱਧਰ ਤੇ ਸਨ। ਸ਼ਹਿਰਾਂ ਦੇ ਆਮ ਲੋਕ ਤੇ ਗਰੀਬ ਪੇਂਡੂ ਤਬਕਾ ਇਸ ਮਹਿੰਗਾਈ ਦਾ ਵਧੇਰੇ ਸ਼ਿਕਾਰ ਹੋਇਆ।

ਆਰਥਕ ਬੇਚੈਨੀ ਤੋਂ ਬਿਨਾਂ ਰਾਜਸੀ ਪੱਖ ਤੋਂ ਵੀ ਆਮ ਭਾਰਤੀ ਲੋਕਾਂ ਵਿਚ ਸਵੈਰਾਜ ਦੀ ਇਛਿਆ ਵਧੇਰੇ ਪ੍ਰਬਲ ਰੂਪ ਵਿਚ ਉਭਰ ਕੇ ਆਈ। ਲੋਕਾਂ ਦੇ ਮਨ ਵਿਚ ਇਕ ਨਵੀਂ ਤਬਦੀਲੀ ਤੇ ਚੇਤਨਤਾ ਦੀ ਹਵਾ ਵਗ ਰਹੀ ਸੀ।



Sri Satguru Jagjit Singh Ji eLibrary NamdhariElibrary@gmail.com

ਇਕ ਸਰਕਾਰੀ ਰੀਪੋਰਟ ਮੁਤਾਬਿਕ :

"ਪੰਜਾਬ ਜੋ ਸਾਲਾਂ ਤੋਂ, ਹਿੰਦੁਸਤਾਨੀ ਫ਼ੌਜ ਵਾਸਤੇ ਸਭ ਤੋਂ ਵਧੇਰੇ ਫਲਦਾਰ, ਭਰਤੀ ਵਾਲੀ ਜ਼ਮੀਨ ਚਲਿਆ ਆ ਰਿਹਾ ਹੈ, ਅਤੇ ਅੱਜ ਵੀ ਇਸ ਨੂੰ ਇਹ ਮਾਣ ਪ੍ਰਾਪਤ ਹੈ। ਇਸ ਵਸੋਂ ਵਿਚ 55 ਫ਼ੀ ਸਦੀ ਮੁਸਲਮਾਨ, 33 ਫ਼ੀ ਸਦੀ ਹਿੰਦੂ ਅਤੇ 11 ਫ਼ੀ ਸਦੀ ਸਿੱਖ ਹਨ। ਪਰ ਸਭ ਤੋਂ ਵਧੇਰੇ ਜੰਗਜੂ ਫਿਰਕਾ ਸਿੱਖਾਂ ਦਾ ਹੈ। ਜਿਹਨਾਂ ਨੇ ਵਰਤਮਾਨ ਜੰਗ ਦੇ ਵਿਚਕਾਰ ਆਬਾਦੀ ਦੇ ਇਕ ਸੌਵੇਂ ਤੋਂ ਵੀ ਘੱਟ ਹਿੱਸਾ ਹੁੰਦੇ ਹੋਏ ਹਿੰਦੁਸਤਾਨੀ ਸਲਤਨਤ ਦੀਆਂ ਲੜਾਕੂ ਫ਼ੌਜਾਂ ਦਾ ਇਕ ਬਟਾ ਛੇ ਹਿੱਸਾ ਸਪਲਾਈ ਕੀਤਾ। ਪੰਜਾਬ ਵੀ ਇਨਕਲਾਬੀ ਛੋਹ ਤੋਂ ਬਚ ਨਹੀਂ ਸਕਿਆ।"

"ਸੂਬੇ ਦੇ ਪੂਰਬ ਤੇ ਪੱਛਮ ਵਿਚ ਸ਼ਿਖਸ਼ਿਤ ਸ਼੍ਰੇਣੀਆਂ ਨਵੇਂ ਪ੍ਰਭਾਵਾਂ ਤੋਂ ਪ੍ਰਭਾਵਤ ਹੋ ਰਹੀਆਂ ਹਨ, ਅਤੇ ਉਹਨਾਂ ਵਿਚੋਂ ਮੁਖੀ ਤੌਰ ਤੇ ਵਕੀਲ, ਕਲਰਕ, ਤੇ ਵਿਦਿਆਰਥੀ ਆਦਿ, ਜਿਹਨਾਂ ਦੀ ਸੂਬੇ ਦੇ ਕੇਂਦਰੀ ਵਿਚ ਵਧੇਰੇ ਪਹੁੰਚ ਹੈ। ਸ਼ਹਿਰਾਂ ਵਿਚ ਵੀ ਇਹ ਅਹਿਸਾਸ ਮਜ਼ਬੂਤੀ ਨਾਲ ਵਧ ਰਿਹਾ ਹੈ। ਉਥੇ ਵੀ ਸਰਗਰਮੀ ਤੇ ਬੇਚੈਨੀ ਦੇ ਵਧੇਰੇ ਚਿੰਨ੍ਹ ਹਨ।"

ਪਹਿਲੀ ਸੰਸਾਰ ਜੰਗ ਦੇ ਦੌਰਾਨ ਫ਼ੌਜੀ ਬਣ ਕੇ ਜਾਂ ਰੁਜ਼ਗਾਰ ਦੀ ਤਲਾਸ਼ ਵਿਚ ਬਾਹਰਲੇ ਦੇਸ਼ਾਂ ਵਿਚ ਗਏ ਪੰਜਾਬੀ ਲੋਕਾਂ ਦੇ ਗਿਆਨ ਦਾ ਘੇਰਾ ਬੜਾ ਵਿਸ਼ਾਲ ਹੋ ਗਿਆ ਸੀ, ਤੇ ਉਹਨਾਂ ਵਿਚੋਂ ਬੇਦਾਰ ਮਗਜ਼ ਲੋਕਾਂ ਨੇ ਆਪਣੀ ਜ਼ਿੰਦਗੀ ਦਾ ਉਹਨਾਂ ਦੀ ਜ਼ਿੰਦਗੀ ਨਾਲ ਮੁਕਾਬਲਤਨ ਅਧਿਅਨ ਕੀਤਾ ਅਤੇ ਆਪਣੀ ਮੰਦੀ ਦਸ਼ਾ ਦੇ ਆਰਥਕ ਤੇ ਰਾਜਸੀ ਕਾਰਣਾਂ ਦੀ ਤਲਾਸ਼ ਵੀ।

ਹਿੰਦੁਸਤਾਨੀ ਲੋਕਾਂ ਵਿਚ ਸਰਕਾਰ ਵਿਰੁਧ ਵਧ ਰਹੀ ਕੁਦਰਤੀ ਬੇਚੈਨੀ ਦਾ ਹੱਲ, ਸਰਕਾਰ ਨੇ ਲੋਕਾਂ ਦੀ ਇਛਿਆ ਦਾ ਸਤਿਕਾਰ ਕਰਨ ਦੀ ਬਜਾਏ ਤਸ਼ਦਦ ਨਾਲ ਦਬਾਉਣ ਦੇ ਰੂਪ ਵਿਚ ਕਰਨ ਦਾ ਉਪਰਾਲਾ ਕੀਤਾ।

ਸਵਿਨਸਨ ਦੇ ਕਹਿਣ ਮੁਤਾਬਿਕ—"ਜੰਗ ਦੇ ਅੰਤ ਵਿਚ ਆਜ਼ਾਦੀ ਦੀ ਥਾਂ ਰੋਲਟ ਐਕਟ ਆਇਆ।"

ਇਕ ਹੋਰ ਸਰਕਾਰੀ ਰੀਪੋਰਟ ਦੇ ਮੁਤਾਬਿਕ :

"(ਪੰਜਾਬ ਦੇ) ਲੈਫਟੀਨੈਂਟ ਗਵਰਨਰ ਨੂੰ ਮਹਿਸੂਸ ਹੋਇਆ ਕਿ ਕੁਝ ਲੀਡਰ ਦਿਖਾਈ ਦਿੰਦੇ ਹਨ, ਕਿ ਉਹ ਅੰਗਰੇਜ਼ਾਂ ਨੂੰ ਮੁਲਕ ਵਿਚੋਂ ਕੱਢਣਾ ਚਾਹੁੰਦੇ ਹਨ, ਜਾਂ ਕਿਸੇ ਹਾਲਤ ਵਿਚ ਰਾਜ ਸ਼ਕਤੀ ਤੋਂ ਲਾਹੁਣਾ ਚਾਹੁੰਦੇ ਹਨ, ਤਾਕਤ ਨਾਲ ਜਾਂ ਸਮੁੱਚੇ ਤੌਰ ਤੇ ਲੋਕਾਂ ਦੇ ਸ਼ਾਂਤ ਪੂਰਬਕ ਮੁਕਾਬਲੇ ਨਾਲ, ਅਤੇ ਸਰਕਾਰੀ ਮਸ਼ੀਨਰੀ ਨੂੰ ਖੜੀ ਕਰਨ ਵਾਸਤੇ ਉਹ ਜਿਹੜੇ ਢੰਗ ਵਰਤਦੇ ਹਣ, ਉਸ ਵਿਚ ਉਹ ਨਸਲੀ ਨਫਰਤ ਤੇ ਜਜ਼ਬਾਤ ਦੀ ਸ਼ਿੱਦਤ ਉਭਾਰਦੇ ਹਨ। ਉਹ ਸਮਝਦੇ ਸਨ, ਕਿ ਸਾਰੇ ਹਾਲਤ ਬਹੁਤ ਹੱਦ ਤੀਕਰ ਖ਼ਤਰਨਾਕ ਹਨ ਅਤੇ ਫੌਰੀ ਤੌਰ ਤੇ ਇਲਾਜ ਕੀਤੇ ਜਾਣ ਦੀ ਮੰਗ ਕਰਦੇ ਹਨ।"

ਜੰਗ ਦੇ ਦੌਰਾਣ ਸਰਕਾਰ ਕੋਲ ਡੀਫੈਂਸ ਆਫ ਇੰਡੀਆ ਰੂਲਜ਼ ਦੇ ਨਾਂ ਦਾ ਕਾਨੂੰਨ ਸੀ। ਉਸ ਦੀ ਤੇ ਇਸੇ ਤਰ੍ਹਾਂ ਦੇ ਹੋਰ ਕਈ ਕਾਨੂੰਨਾਂ ਦੀ ਸਰਕਾਰ ਨੇ ਦੁਰਵਰਤੋਂ



Sri Satguru Jagjit Singh Ji eLibrary NamdhariElibrary@gmail.com

ਕੀਤੀ । ਸਰਕਾਰੀ ਅੰਕੜਿਆਂ ਮੁਤਾਬਿਕ ਦਸ ਹਜ਼ਾਰ ਲੋਕ ਜਿਹਲਾਂ ਵਿਚ ਨਜ਼ਰਬੰਦ ਹੋਏ ਰਹੇ ਸਨ, ਜਾਂ ਪਿੰਡਾਂ ਵਿਚ ਹੱਦ-ਬੰਦ, ਜਾਂ ਸਰਕਾਰ ਦੀ ਕਰੜੀ ਨਿਗਰਾਨੀ ਹੇਠ । ਇਹਨਾਂ ਉਤੇ ਗ਼ਦਰ ਪਾਰਟੀ ਦੇ ਹਮਦਰਦ ਹੋਣ ਦਾ ਜੁਰਮ ਸੀ । ਗ਼ਦਰ ਪਾਰਟੀ ਦੇ ਆਗੂਆਂ 'ਤੇ ਲਾਹੌਰ ਸਾਜ਼ਿਸ਼ ਕੇਸ ਬਣਾ ਕੇ ਉਹਨਾਂ ਨੂੰ ਫਾਂਸੀਆਂ, ਉਮਰ ਕੈਦਾਂ ਤੇ ਹੋਰ ਕੈਦਾਂ ਦੇਣ ਦੀ ਕਹਾਣੀ ਵੱਖਰੀ ਹੈ । ਕਾਂਗਰਸ ਦੇ ਕਈ ਲੀਡਰਾਂ ਦਾ ਵੀ ਸੂਬੇ ਵਿਚ ਦਾਖਲਾ ਰੋਕਿਆ ਗਿਆ ਸੀ, ਕਈਆਂ ਅਖ਼ਬਾਰਾਂ ਦੀਆਂ ਜ਼ਮਾਨਤਾਂ ਜ਼ਬਤ ਕੀਤੀਆਂ ਗਈਆਂ ਸਨ, ਲੋਕਾਂ ਵਿਚ ਰਾਜਸੀ ਚੇਤਨਤਾ ਨੂੰ ਦਬਾਉਣ ਲਈ ਕਈ ਹੀਲੇ ਕੀਤੇ ਗਏ ਸਨ । ਜੰਗ ਦੇ ਦੌਰਾਨ ਸਾਰਿਆਂ ਦੀਆਂ ਨਜ਼ਰਾਂ ਜੰਗ ਤੇ ਕੇਂਦਰਤ ਹੋਣ ਕਾਰਨ ਸਰਕਾਰ ਲਈ ਇਹ ਕਾਰਨ ਬੜਾ ਸੌਖਾ ਸੀ ।

ਪਰ ਜੰਗ ਮੁੱਕਣ ਤੇ ਉਹ ਅੰਗਰੇਜ਼ ਹਾਕਮ ਜੋ ਤਾਕਤ ਦੇ ਜ਼ੋਰ ਨਾਲ ਹਿੰਦੁਸਤਾਨ ਨੂੰ ਆਪਣੇ ਕਬਜ਼ੇ ਵਿਚ ਰੱਖਣ ਵਿਚ ਵਿਸ਼ਵਾਸ ਕਰਦੇ ਸਨ ਡੀਫੈਂਸ ਆਫ ਇੰਡੀਆ ਰੂਲਜ਼ ਦੇ ਖ਼ਾਤਮੇ ਨਾਲ ਆਪਣੇ ਆਪ ਨੂੰ ਸ਼ਕਤੀਹੀਨ ਅਨੁਭਵ ਕਰਨ ਲੱਗ ਪਏ ।

ਕਈਆਂ ਸੂਬਿਆਂ ਦਿਆਂ ਗਵਰਨਰਾਂ ਨੇ ਵਾਇਸਰਾਏ ਤੇ ਜ਼ੋਰ ਪਾਇਆ ਕਿ ਉਹ ਇਕ ਐਸਾ ਕਾਨੂੰਨ ਬਣਾਏ ਜੋ ਉਹਨਾਂ ਦੀਆਂ ਦਮਨ ਨੀਤੀਆਂ ਨੂੰ ਜਾਰੀ ਰੱਖਣ ਲਈ ਸਹਾਈ ਹੋਵੇ, ਅਤੇ ਜਿਹੜਾ ਉਹਨਾਂ ਨੂੰ ਅਥਾਹ ਸ਼ਕਤੀ ਦੇਵੇ । ਇਸ ਮੰਤਵ ਵਾਸਤੇ 10 ਦਸੰਬਰ 1917 ਨੂੰ ਵਾਇਸਰਾਏ ਨੇ ਹਿਜ਼ ਮੈਜਸਟੀ ਹਾਈ ਕੋਰਟ ਆਫ ਜਸਟਿਸ ਦੇ ਕਿੰਗਜ਼ ਬੈਂਚ ਡਿਵੀਯਨ ਦੇ ਮਿਸਟਰ ਜਸਟਿਸ ਰੋਲਟ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਕਾਇਮ ਕੀਤੀ; ਜਿਸਦਾ ਮੰਤਵ ਇਹ ਬਿਆਨ ਕੀਤਾ ਗਿਆ :

1. ਹਿੰਦੁਸਤਾਨ ਵਿਚਲੀ ਇਨਕਲਾਬੀ ਲਹਿਰ ਨਾਲ ਸੰਬੰਧਤ ਮੁਜਰਮਾਨਾਂ ਸਾਜ਼ਿਸ਼ਾਂ ਦੇ ਸੁਭਾ ਤੇ ਵਿਸਥਾਰ ਬਾਰੇ ਪੜਤਾਲ ਅਤੇ ਰਿਪੋਰਟ ਕਰੇ ।
2. ਅਜੇਹੀਆਂ ਸਾਜ਼ਿਸ਼ਾਂ ਨਾਲ ਨਿਪਟਣ ਵੇਲੇ ਉਠਣ ਵਾਲੀਆਂ ਮੁਸ਼ਕਿਲਾਂ ਤੇ ਗ਼ੌਰ ਤੇ ਪ੍ਰੀਖਿਆ ਕਰਨੀ ਅਤੇ ਕਾਨੂੰਨ ਬਣਾਉਣ ਲਈ ਸਲਾਹ ਦੇਣੀ । ਜੇ ਕੋਈ ਲੋੜ ਹੋਵੇ ਤਾਂ ਗੌਰਮੈਂਟ ਨੂੰ ਅਸਰ ਭਰਪੂਰ ਤਰੀਕੇ ਨਾਲ ਨਿਪਟਣ ਦੇ ਯੋਗ ਬਣਾਉਣਾ ।

ਰੋਲਟ ਕਮੇਟੀ ਨੇ 15 ਅਪਰੈਲ 1918 ਨੂੰ ਆਪਣੀ ਰੀਪੋਰਟ ਪੇਸ਼ ਕੀਤੀ । ਚਾਰ ਮੀਟਿੰਗਾਂ ਤੋਂ ਬਿਨਾਂ ਜਿਹੜੀਆਂ ਕਿ ਲਾਹੌਰ ਵਿਚ ਹੋਈਆਂ, ਬਾਕੀ ਸਭ ਕਲੱਕਤੇ ਹੁੰਦੀਆਂ ਰਹੀਆਂ । ਸਾਰੀ ਕਾਰਵਾਈ ਹੀ ਬੰਦ ਕਮਰੇ ਵਿਚ ਹੋਈ । ਜਿਹਨਾਂ ਗਵਾਹੀਆਂ ਜਾਂ ਬਿਆਨਾਂ ਦੇ ਆਧਾਰ ਤੇ ਇਹ ਰੀਪੋਰਟ ਤਿਆਰ ਕੀਤੀ ਗਈ ਉਹ ਵਧੇਰੇ ਕਰਕੇ ਪੁਲੀਸ ਵਲੋਂ ਸਨ । ਰੋਲਟ ਕਮੇਟੀ ਨੇ ਸਰਕਾਰ ਨੂੰ ਸਿਫਾਰਸ਼ ਕੀਤੀ ਕਿ ਉਹ ਸਰਕਾਰ ਨੂੰ ਵਧੇਰੇ ਤਾਕਤ ਦੇਣ ਲਈ ਨਵੇਂ ਬਿੱਲ ਪਾਸ ਕਰੇ । ਉਹ ਬਿੱਲ ਇਹ ਸਨ :

### ਬਿਲ ਨੰਬਰ ਇਕ

ਇਸ ਬਿਲ ਦਾ ਮੰਤਵ ਤਾਜ਼ੀਰਾਤ ਹਿੰਦ ਅਤੇ ਕਰਿਮਨਲ ਪ੍ਰੋਸੀਜਰ ਕੋਡ ਵਿਚ ਤਰਮੀਮ ਕਰਨਾ ਸੀ, ਤਾਂਕਿ ਉਹ ਰਾਜ ਦੇ ਖ਼ਤਰੇ ਵਾਲੀਆਂ ਸਰਗਰਮੀਆਂ ਨੂੰ



Sri Satguru Jagjit Singh Ji eLibrary NamdhariElibrary@gmail.com

ਪ੍ਰਭਾਵਸ਼ਾਲੀ ਰੋਕ ਪਾ ਸਕੇ । ਇਹ ਨਿਮਨ ਲਿਖਣ ਅਨੁਸਾਰ ਨਵੇਂ ਦੋਸ਼ ਘੜਦਾ ਹੈ —

ਕੋਈ ਵਿਅਕਤੀ ਜਿਹਦੇ ਕਬਜ਼ੇ ਵਿਚੋਂ ਵਿਦਰੋਹੀ ਡਾਕੂਮੈਂਟ ਫੜੇ ਜਾਣ, ਜਾਂ ਉਸ ਦੀ ਅਜੇਹੇ ਡਾਕੂਮੈਂਟ ਵੰਡਣ ਜਾਂ ਪ੍ਰਕਾਸ਼ਤ ਕਰਨ ਦੀ ਨੀਅਤ ਹੋਵੇ, ਜੇ ਇਹ ਨਾ ਸਾਬਤ ਕਰ ਸਕੇ ਕਿ ਉਸ ਦੇ ਕਬਜ਼ੇ ਵਿਚ ਇਹ ਕਾਨੂੰਨੀ ਮੰਤਵ ਵਾਸਤੇ ਹਨ, ਕੈਦ ਦੀ ਸਜ਼ਾ ਦਾ ਹੱਕਦਾਰ ਹੋਵੇਗਾ, ਜਿਹੜੀ ਕਿ ਦੋ ਸਾਲ ਦੀ ਮਿਆਦ ਤੀਕਰ ਦਿੱਤੀ ਜਾ ਸਕਦੀ ਹੈ । ਜਾਂ ਜੁਰਮਾਨੇ ਦਾ, ਜਾਂ ਦੋਹਾਂ ਦਾ ਹੀ ।

ਇਸ ਸੈਕਸ਼ਨ ਵਿਚ ਵਿਦਰੋਹੀ ਡਾਕੂਮੈਂਟ ਦੀ ਵਿਆਖਿਆ ਹੈ । ਜਿਸ ਡਾਕੂਮੈਂਟ ਵਿਚ ਕੋਈ ਲਿਖਤ ਜਾਂ ਸੰਕੇਤ ਹੋਵੇ, ਜਿਹੜਾ ਕਿ ਤਾਜ ਜਾਂ ਇਹਦੀ ਸਰਕਾਰ ਦੇ ਵਿਰੁਧ ਉਸ ਦੇ ਅਫ਼ਸਰਾਂ ਜਾਂ ਅਫ਼ਸਰਾਂ ਦੀ ਕਿਸੇ ਸ਼ਰੇਣੀ ਜਾਂ ਸਰਕਾਰ ਦੀ ਸੇਵਾ ਵਿਚਲੇ ਕਿਸੇ ਨਿੱਜੀ ਅਫ਼ਸਰ ਦੇ ਵਿਰੁਧ ਹੋਵੇ, ਜਾਂ ਕਿਸੇ ਨੂੰ ਤਾਜ ਦੇ ਵਿਰੁਧ ਜੰਗ ਕਰਨ ਲਈ ਜਾਂ ਅਜੇਹੀ ਜੰਗ ਕਰਨ ਦੇ ਮੰਤਵ ਨਾਲ ਹਥਿਆਰ ਇਕੱਠੇ ਕਰਨ ਲਈ ਉਕਸਾਉਂਦਾ ਹੋਵੇ ।

ਇਕ ਹੋਰ ਸੈਕਸ਼ਨ ਅਨੁਸਾਰ ਜਦ ਤਾਜ਼ੀਰਾਤ ਹਿੰਦ ਵਿਚ ਵਰਨਣ ਕੀਤੇ ਦੋਸ਼ਾਂ ਬਾਰੇ ਮੁਕੱਦਮਾ ਸੁਣਦੀ ਹੈ, ਅਦਾਲਤ ਨੂੰ ਹੁਕਮ ਦੇਣ ਦੀ ਖੁਲ੍ਹ ਹੈ, ਜੇ ਉਹ ਮੁਨਾਸਿਬ ਖਿਆਲ ਕਰੇ, ਦੋਸ਼ੀ ਤੋਂ ਉਸ ਨੂੰ ਦਿੱਤੀ ਗਈ ਕੈਦ ਦੀ ਸਜ਼ਾ ਭੁਗਤਣ ਤੋਂ ਪਿਛੋਂ ਵੀ ਦੋ ਸਾਲ ਲਈ ਨੇਕ ਚਲਣੀ ਦੀ ਜ਼ਮਾਨਤ ਲਈ ਵੀ ਕਹਿ ਸਕਦੀ ਹੈ । ਕੋਈ ਵਿਅਕਤੀ ਜਿਸ ਉਤੇ ਪਾਬੰਦੀ ਵਾਲਾ ਹੁਕਮ ਲਾਗੂ ਕੀਤਾ ਜਾ ਚੁਕਾ ਹੈ, ਇਸ ਬਿਲ ਦੇ ਦਿਤੇ ਅਖ਼ਤਿਆਰਾਂ ਅਧੀਨ ਆਪਣੀ ਰਿਹਾਈ ਦੇ ਫੌਰੀ ਬਾਅਦ ਉਸ ਦੀ ਰਿਹਾਇਸ਼ ਦੀ ਜਗਾਹ ਅਤੇ ਬਾਅਦ ਵਿਚ ਤਬਦੀਲੀ ਬਾਰੇ ਸਥਾਨਕ ਸਰਕਾਰ ਵਲੋਂ ਹੇਠ ਲਿਖੀਆਂ ਸ਼ਰਤਾਂ ਵਿਚੋਂ ਕਿਸੇ ਤੇ ਅਮਲ ਕਰਨ ਲਈ ਉਸ ਨੂੰ ਲਿਖਤੀ ਹੁਕਮ ਰਾਹੀਂ ਕਿਹਾ ਜਾ ਸਕਦਾ ਹੈ —

(ੳ) ਸੰਬੰਧਤ ਵਿਅਕਤੀ ਕਿਸੇ ਦੱਸੇ ਗਏ ਇਲਾਕੇ ਵਿਚ ਨਾ ਦਾਖ਼ਲ ਹੋਵੇ, ਨਾ ਰਿਹਾਇਸ਼ ਰਖੇ ਅਤੇ ਨਾ ਹੀ ਠਹਿਰੇ ।

(ਅ) ਉਹ ਆਪਣੇ ਆਪ ਨੂੰ ਬਰਤਾਨਵੀ ਹਿੰਦ ਦੇ ਵਿਸ਼ੇਸ਼ ਇਲਾਕੇ ਵਿਚ ਹੀ ਸੀਮਤ ਰਖੇ ।

(ੲ) ਉਹ ਕਿਸੇ ਪਬਲਿਕ ਜਲਸੇ ਵਿਚ ਤਕਰੀਰ ਨਾ ਕਰੇ ਜਿਸ ਵਿਚ ਉਹ ਮਸਲੇ ਬਹਿਸ ਹੇਠ ਲਿਆਏ ਜਾਂਦੇ ਹੋਣ ਜਿਹੜੇ ਕਿ ਸ਼ਾਇਦ ਅਮਨ ਦੇ ਭੰਗ ਹੋਣ ਵੱਲ ਜਾਂ ਲੋਕਾਂ ਵਿਚ ਉਕਸਾਹਟ ਪੈਦਾ ਕਰਨ ਵੱਲ ਲੈ ਜਾਣ । ਜਾਂ ਅਜਿਹੇ ਮਸਲਿਆਂ ਨਾਲ ਸੰਬੰਧਤ ਕੋਈ ਲਿਖਤੀ ਜਾਂ ਪ੍ਰਕਾਸ਼ਤ ਸੂਚਨਾ ਨਾ ਵੰਡੇ । ਕਿਸੇ ਰਾਜਨੀਤਕ ਮਸਲੇ ਵਿਚ ਕੋਈ ਸਹਾਇਤਾ ਨਾ ਕਰੇ ।

ਬਿਲ ਨੰਬਰ ਦੋ ਦਾ ਸੰਖੇਪ

ਇਸ ਬਿਲ ਦਾ ਮੰਤਵ ਇਹ ਅਖ਼ਤਿਆਰ ਦੇਣਾ ਸੀ ਕਿ ਸਾਧਾਰਣ ਫ਼ੌਜਦਾਰੀ ਕਾਨੂੰਨ ਵਿਚ ਵਾਧਾ ਕੀਤਾ ਜਾਵੇ ਅਤੇ ਸਰਕਾਰ ਨੂੰ ਖ਼ਤਰਨਾਕ ਹਾਲਾਤ ਨਾਲ ਨਿਪਟਣ



Sri Satguru Jagjit Singh Ji eLibrary NamdhariElibrary@gmail.com

ਦੇ ਮੰਤਵ ਲਈ ਹੰਗਾਮੀ ਤਾਕਤਾਂ ਵਰਤਣ ਦੀ ਖੁਲ੍ਹ ਦਿੱਤੀ ਜਾਵੇ। ਇਹ ਕਾਨੂੰਨ ਲਾਗੂ ਕਰਨ ਲਈ ਸਰਕਾਰ ਨੇ ਇੰਗਲੈਂਡ ਵਿਚਲੇ ਵਜ਼ੀਰ ਹਿੰਦ ਤੋਂ ਪਹਿਲਾਂ ਆਗਿਆ ਲੈ ਲਈ ਸੀ। ਹੇਠਾਂ ਇਸ ਬਿਲ ਦੇ ਵੱਖ ਵੱਖ ਸੈਕਸ਼ਨ ਦਿਤੇ ਜਾ ਰਹੇ ਹਨ ਤਾਂਕਿ ਇਹ ਵਿਸਥਾਰ ਪੂਰਵਕ ਰੂਪ ਵਿਚ ਸਾਹਮਣੇ ਆ ਸਕੇ ਤੇ ਇਸ ਦੇ ਮੰਤਵ ਦਾ ਪ੍ਰਗਟਾਵਾ ਹੋ ਸਕੇ।

ਹਿੱਸਾ 1

ਸੈਕਸ਼ਨ 1. ਇਹ ਬਿਲ "ਦੀ ਕਰਿਮਨਲ ਲਾ ਐਮਰਜੈਂਸੀ ਪਾਵਰਜ਼ ਬਿਲ" ਅਖਵਾਏਗਾ। ਇਹ ਹਿੰਦੁਸਤਾਨ ਭਰ ਤੇ ਲਾਗੂ ਹੋਵੇਗਾ।

ਸੈਕਸ਼ਨ 3. ਜੇ ਵਾਇਸਰਾਏ ਨੂੰ ਤਸੱਲੀ ਹੋਵੇ ਕਿ ਵਿਸ਼ੇਸ਼ ਪ੍ਰਕਾਰ ਦੇ ਦੋਸ਼ ਹਿੰਦੁਸਤਾਨ ਭਰ ਵਿਚ ਜਾਂ ਕਿਸੇ ਹਿੱਸੇ ਵਿਚ ਵਾਪਰ ਰਹੇ ਹਨ ਅਤੇ ਲੋਕ ਰਖਿਆ ਦੇ ਮੁਫਾਦ ਵਿਚ ਉਹ ਇਹ ਐਕਟ ਨੋਟੀਫੀਕੇਸ਼ਨ ਵਿਚ ਦਰਜ ਇਲਾਕੇ ਤੇ ਇਸ ਐਕਟ ਨੂੰ ਗਜ਼ਟ ਵਿਚਲੇ ਨੋਟੀਫੀਕੇਸ਼ਨ ਰਾਹੀਂ ਲਾਗੂ ਕਰ ਸਕਦਾ ਹੈ।

ਸੈਕਸ਼ਨ 4. ਜਿਥੇ ਸਥਾਨਕ ਸਰਕਾਰ ਇਸ ਰਾਏ ਦੀ ਹੋਵੇ ਕਿ ਕਿਸੇ ਵਿਅਕਤੀ ਤੇ ਇਸ ਐਕਟ ਵਿਚਲੇ ਅਖ਼ਤਿਆਰਾਂ ਦੀ ਰੂ ਨਾਲ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ, ਉਹ ਸਰਕਾਰ ਦੇ ਕਿਸੇ ਅਫ਼ਸਰ ਨੂੰ ਹੁਕਮ ਦੇ ਸਕਦੀ ਹੈ ਕਿ ਉਹ ਉਸ ਵਿਅਕਤੀ ਦੇ ਵਿਰੁਧ ਚ਼ੀਫ ਜਸਟਿਸ ਨੂੰ ਲਿਖਤੀ ਇਤਲਾਹ ਦੇ ਦੇਵੇ।

ਕਿਸੇ ਵਿਸ਼ੇਸ਼ ਇਲਾਕੇ ਵਿਚ ਇਹ ਐਕਟ ਲਾਗੂ ਕਰਨ ਬਾਰੇ ਗਜ਼ਟ ਵਿਚ ਨੋਟੀਫੀਕੇਸ਼ਨ ਜਾਰੀ ਕਰਨ ਤੋਂ ਪਹਿਲਾਂ ਜੇ ਕੋਈ ਸ਼ਡਿਊਲਡ ਦੋਸ਼ ਕੀਤਾ ਜਾ ਚੁੱਕਾ ਹੋਵੇ ਤਾਂ ਉਸ ਬਾਰੇ ਵੀ ਇਹ ਹੁਕਮ ਦਿਤਾ ਜਾ ਸਕਦਾ ਹੈ। ਇਸ ਇਤਲਾਹ ਵਿਚ ਮੁਕੱਦਮਾ ਚਲਾਏ ਜਾਣ ਵਾਲਾ ਦੋਸ਼ ਅਤੇ ਜਿਥੋਂ ਤੀਕਰ ਪਤਾ ਹੋਵੇ ਨਾਮ, ਰਿਹਾਇਸ਼ ਦੀ ਥਾਂ ਸਮਾਂ ਤੇ ਸਥਾਨ ਜਿਥੇ ਕਿ ਕਥਿਤ ਦੋਸ਼ ਕੀਤਾ ਗਿਆ ਹੋਵੇ ਅਤੇ ਪ੍ਰਾਸੀਕਿਊਟਿੰਗ ਅਫ਼ਸਰ ਦੇ ਗਿਆਨ ਵਿਚਲੀ ਹੋਰ ਸਾਰੀ ਜਾਣਕਾਰੀ ਵੀ, ਤਾਂ ਕਿ ਦੋਸ਼ੀ ਨੂੰ ਉਸ ਦੋਸ਼ ਦਾ ਪਤਾ ਲਗ ਸਕੇ ਜਿਸ ਦਾ ਉਸ ਉਤੇ ਮੁਕਦਮਾ ਚਲਾਇਆ ਜਾ ਰਿਹਾ ਹੈ।

ਚੀਫ ਜਸਟਿਸ ਉਸ ਵਿਚ ਤਰਮੀਮ ਲਈ ਹੋਰ ਜਾਣਕਾਰੀ ਪ੍ਰਾਪਤ ਕਰਨ ਦਾ ਹੁਕਮ ਦੇ ਸਕਦਾ ਹੈ। ਹੋਰ ਜਾਣਕਾਰੀ ਪ੍ਰਦਾਨ ਕਰਨ ਤੇ ਅਜਿਹੀ ਇਤਲਾਹ ਜਾਂ ਤਰਮੀਮ ਹੋਈ ਇਤਲਾਹ ਦੋਸ਼ੀ 'ਤੇ ਲਾਈ ਜਾਣੀ ਚਾਹੀਦੀ ਹੈ।

ਸੈਕਸ਼ਨ 5. ਅਖਤਿਆਰ ਦਿੰਦਾ ਹੈ, ਕਿ ਇਹੋ ਜਿਹੀ ਇਤਲਾਹ ਉਤੇ ਤਾਮੀਲ ਹੋਣ ਤੇ ਚੀਫ ਜਸਟਿਸ, ਹਾਈ ਕੋਰਟ ਦੇ ਜੱਜਾਂ ਵਿਚੋਂ ਤਿੰਨਾਂ ਨੂੰ ਇਸ ਇਤਲਾਹ ਤੇ ਮੁਕੱਦਮਾ ਚਲਾਉਣ ਲਈ ਥਾਪ ਸਕਦਾ ਹੈ।

ਸੈਕਸ਼ਨ 6. ਅਦਾਲਤ ਸੂਬੇ ਵਿਚ ਜਿਸ ਥਾਂ ਜਾਂ ਥਾਵਾਂ ਤੇ ਮੁਨਾਸਿਬ ਸਮਝੇ ਬੈਠ ਸਕਦੀ ਹੈ। ਭਾਵੇਂ ਵਾਇਸਰਾਏ ਨੂੰ ਇਹ ਅਧਿਕਾਰ ਹੈ, ਕਿ ਉਹ ਨੋਟੀਫੀਕੇਸ਼ਨ



Sri Satguru Jagjit Singh Ji eLibrary NamdhariElibrary@gmail.com

ਰਾਹੀਂ ਕਿਸੇ ਹੋਰ ਥਾਂ ਤੇ ਵੀ ਮੁਕੱਦਮੇ ਦੀ ਤਬਦੀਲੀ ਦਾ ਹੁਕਮ ਦੇ ਸਕਦਾ ਹੈ, ਜੇ ਉਹ ਇਨਸਾਫ ਦੇ ਮੁਫਾਦ ਵਿਚ ਇਸ ਨੂੰ ਜ਼ਰੂਰੀ ਖਿਆਲ ਕਰੇ ।

ਸੈਕਸ਼ਨ 9. ਜਦੋਂ ਦੋਸ਼ ਲਾ ਦਿਤਾ ਜਾਵੇ, ਦੋਸ਼ੀ ਨੂੰ ਇਹ ਹੱਕ ਹੋਵੇਗਾ ਕਿ ਉਹ ਮੁਲਤਵੀ ਕਰਨ ਲਈ ਆਖ ਸਕੇ । ਜਿਸ ਦਾ ਸਮਾਂ ਦਸ ਦਿਨ ਤੋਂ ਵਧ ਨਹੀਂ ਹੋਵੇਗਾ ।

ਸੈਕਸ਼ਨ 10. ਅਖ਼ਤਿਆਰ ਦਿੰਦਾ ਹੈ, ਕਿ ਅਦਾਲਤ ਇਸ ਦੀ ਪਾਬੰਦ ਹੋਵੇਗੀ, ਕਿ ਉਹ ਹਰ ਗਵਾਹ ਦੀ ਗਵਾਹੀ ਦੀ ਸਿਰਫ ਸੰਖੇਪ ਵਿਚ ਰੀਕਾਰਡ ਰੱਖਣ ਦਾ ਪ੍ਰਬੰਧ ਕਰੇ ।

ਸੈਕਸ਼ਨ 11. ਅਦਾਲਤ, ਜੇ ਉਸ ਦੀ ਰਾਏ ਹੋਵੇ ਕਿ ਲੋਕਾਂ ਦੇ ਹਿਤਾਂ ਲਈ ਜਾਂ ਗਵਾਹ ਦੇ ਬਚਾਅ ਲਈ ਇਹ ਕੀਤਾ ਜਾਣਾ ਜ਼ਰੂਰੀ ਹੈ, ਉਹ ਇਸ ਦੀ ਕਾਰਵਾਈ ਜਾਂ ਇਸ ਦੇ ਕਿਸੇ ਵੀ ਹਿੱਸੇ ਦੇ ਛਾਪਣ ਜਾਂ ਪ੍ਰਗਟ ਕਰਨ ਤੇ ਪਾਬੰਦੀ ਲਾ ਸਕਦੀ ਹੈ, ਜਾਂ ਮਨਾਹੀ ਕਰ ਸਕਦੀ ਹੈ ।

ਸੈਕਸ਼ਨ 12. ਅਦਾਲਤ ਦੋਸ਼ੀ ਨੂੰ ਕੋਈ ਪ੍ਰਸ਼ਨ ਨਹੀਂ ਪੁੱਛ ਸਕਦੀ, ਜਦ ਤੀਕਰ ਕੇਸ ਪ੍ਰਾਸੀਕਿਊਸ਼ਨ ਲਈ ਬੰਦ ਨਾ ਹੋ ਜਾਵੇ । ਉਸ ਤੋਂ ਪਿਛੋਂ ਅਤੇ ਇਸ ਤੋਂ ਪਹਿਲਾਂ ਕਿ ਦੋਸ਼ੀ ਆਪਣੀ ਸਫ਼ਾਈ ਵਿਚ ਦਾਖਲ ਹੋਵੇ, ਅਦਾਲਤ ਦੋਸ਼ੀ ਨੂੰ ਸੂਚਿਤ ਕਰੇਗੀ ਕਿ ਉਸ ਨੂੰ ਇਸ ਦਾ ਹੱਕ ਹੈ । ਜੇ ਉਸ ਦੀ ਇਹ ਇਛਿਆ ਹੈ, ਉਹ ਸਹੁੰ ਚੁਕ ਕੇ ਆਪਣੇ ਆਪ ਤੇ ਸ਼ਹਾਦਤ ਦੇ ਸਕਦਾ ਹੈ, ਅਤੇ ਉਸ ਨੂੰ ਇਹ ਵੀ ਸੂਚਿਤ ਕਰੇਗੀ ਕਿ ਜੇ ਉਹ ਇਵੇਂ ਕਰੇਗਾ, ਉਸ ਉਤੇ ਜਿਰਾਹ ਵੀ ਕੀਤੀ ਜਾ ਸਕੇਗੀ । ਜੇ ਦੋਸ਼ੀ ਇਹ ਬਿਆਨ ਦੇਵੇ ਕਿ ਉਹ ਸਹੁੰ ਚੁਕ ਕੇ ਗਵਾਹੀ ਦੇਣੀ ਚਾਹੁੰਦਾ ਹੈ, ਅਦਾਲਤ ਉਸ ਨੂੰ ਕੋਈ ਵੀ ਪ੍ਰਸ਼ਨ ਪੁੱਛ ਸਕਦੀ ਹੈ, ਜਿਸ ਦਾ ਉੱਤਰ ਦੋਸ਼ੀ ਦੇ ਗੁਨਾਹ ਨੂੰ ਸਾਬਤ ਕਰ ਸਕਦਾ ਹੋਵੇ ।

ਸੈਕਸ਼ਨ 14. ਅਖ਼ਤਿਆਰ ਦਿੰਦਾ ਹੈ, ਕਿ ਇਸ ਹਾਲਤ ਵਿਚ ਜਦ ਕਿ ਅਦਾਲਤ ਦੇ ਮੈਂਬਰਾਂ ਦੇ ਵਿਚਕਾਰ ਇਖ਼ਤਲਾਫ਼ ਹੋਵੇ, ਬਹੁ-ਗਿਣਤੀ ਦੀ ਰਾਏ ਲਾਗੂ ਹੋਵੇਗੀ ।

ਸੈਕਸ਼ਨ 15. ਮੁਕੱਦਮੇ ਦੇ ਵਿਚਕਾਰ, ਜੇ ਦੋਸ਼ੀ ਬਾਰੇ ਕਿਸੇ ਹੋਰ ਜੁਰਮ ਦਾ ਵੀ ਪਤਾ ਲੱਗ ਜਾਵੇ, ਉਸ ਤੋਂ ਇਲਾਵਾ ਜਿਸ ਦੀ ਬਿਨਾ ਅਤੇ ਉਸ 'ਤੇ ਮੁਕੱਦਮਾ ਚਲਾਇਆ ਜਾ ਰਿਹਾ ਹੈ, ਉਸ ਉਤੇ ਵੀ ਨਾਲ ਹੀ ਦੋਸ਼ ਥਪਿਆ ਤੇ ਸਜ਼ਾ ਦਿਤੀ ਜਾ ਸਕਦੀ ਹੈ ।

ਸੈਕਸ਼ਨ 17. ਅਦਾਲਤ ਦਾ ਫੈਸਲਾ ਆਖਰੀ ਹੋਵੇਗਾ, ਅਤੇ ਕਿਸੇ ਹਾਈ ਕੋਰਟ ਨੂੰ ਅਦਾਲਤ ਦੀ ਸਜ਼ਾ ਜਾਂ ਹੁਕਮ ਨੂੰ ਸੁਧਾਰਨ ਦਾ ਕੋਈ ਅਧਿਕਾਰ ਨਹੀਂ ਹੋਵੇਗਾ ।



Sri Satguru Jagjit Singh Ji eLibrary NamdhariElibrary@gmail.com

## ਹਿੱਸਾ 2

ਸੈਕਸ਼ਨ 20. ਜੇ ਵਾਇਸਰਾਏ ਨੂੰ ਤਸੱਲੀ ਹੋਵੇ ਕਿ ਉਸ ਦੀ ਰਾਏ ਵਿਚ ਜਿਹੜੀਆਂ ਲਹਿਰਾਂ ਸਟੇਟ ਦੇ ਵਿਰੁਧ ਦੋਸ਼ ਕਰਨ ਵੱਲ ਲੈ ਜਾ ਰਹੀਆਂ ਹਨ, ਸਾਰੇ ਹਿੰਦੁਸਤਾਨ ਵਿਚ ਜਾਂ ਉਸ ਦੇ ਕਿਸੇ ਭਾਗ ਵਿਚ ਉਹਨਾਂ ਨੂੰ ਵਧਾਇਆ ਜਾ ਰਿਹਾ ਹੈ, ਉਹ ਨੋਟੀਫੀਕੇਸ਼ਨ ਰਾਹੀਂ ਵਿਸ਼ੇਸ਼ ਇਲਾਕੇ 'ਚ ਇਸ ਪਾਰਟ ਰਾਹੀਂ ਦਿਤੇ ਗਏ ਅਖ਼ਤਿਆਰਾਂ ਨੂੰ ਵਰਤੋਂ ਵਿਚ ਲਿਆ ਜਾ ਸਕਦਾ ਹੈ ।

ਸੈਕਸ਼ਨ 21. ਜਿਥੇ ਸਥਾਨਕ ਸਰਕਾਰ ਦੀ ਰਾਏ ਵਿਚ ਇਹ ਵਿਸ਼ਵਾਸ ਕਰਨ ਲਈ, ਦਲੀਲ ਪੂਰਵਕ ਬੁਨਿਆਦ ਹੋਵੇ ਕਿ ਕਿਸੇ ਵਿਅਕਤੀ ਉਤੇ ਜ਼ਿਕਰ ਕੀਤੇ ਜਾ ਚੁਕੇ ਸੂਬਾ ਦੀ ਲਹਿਰ ਵਿਚ ਸਰਗਰਮ ਹੈ, ਜਾਂ ਸੰਬੰਧਤ ਹੋ ਰਿਹਾ ਹੈ, ਉਹ ਹੇਠ ਲਿਖੀਆਂ ਹਦਾਇਤਾਂ ਵਿਚੋਂ ਕੋਈ ਇਕ ਜਾਂ ਸਾਰੀਆਂ ਦੇ ਸਕਦਾ ਹੈ, ਕਿ ਅਜਿਹਾ ਵਿਅਕਤੀ :

(ੳ) ਨੇਕ ਚਲਣੀ ਦਾ ਮਚਲਕਾ ਦੇਵੇ ਜਿਹਦੀ ਮਿਆਦ ਇਕ ਸਾਲ ਤੋਂ ਵਧ ਨਹੀਂ ਹੋਵੇਗੀ ।

(ਅ) ਹੁਕਮ ਵਿਚ ਦਰਜ ਕੀਤੇ ਗਏ ਕਿਸੇ ਵਿਸ਼ੇਸ਼ ਇਲਾਕੇ ਵਿਚ ਹੀ ਰਹਿ ਸਕੇਗਾ, ਜਾਂ ਰਿਹਾਇਸ਼ ਰਖ ਸਕੇਗਾ ।

(ੲ) ਜਿਵੇਂ ਹੁਕਮ ਦਿਤਾ ਗਿਆ ਹੋਵੇਗਾ, ਆਪਣੀ ਰਿਹਾਇਸ਼ ਬਾਰੇ ਅਤੇ ਰਿਹਾਇਸ਼ ਵਿਚ ਬਦਲੀ ਬਾਰੇ ਇਤਲਾਹ ਦੇਵੇਗਾ ।

(ਸ) ਹਰ ਅਜੇਹੀ ਕਾਰਵਾਈ ਤੋਂ ਗ਼ੈਰ ਹਾਜ਼ਰ ਰਹੇਗਾ ਜਿਹੜੀ ਸਥਾਨਕ ਸਰਕਾਰ ਦੀ ਰਾਏ ਵਿਚ ਲੋਕ-ਰਖਿਆ ਲਈ ਹਾਨੀਕਾਰਕ ਹੈ, ਜਾਂ ਲੋਕ ਅਮਨ ਨੂੰ ਭੰਗ ਕਰਨ ਵਾਲੀ ਗਿਣੀ ਜਾਂਦੀ ਹੈ ।

(ਹ) ਇਕ ਖਾਸ ਵਕਫ਼ੇ ਪਿਛੋਂ ਅਤੇ ਇਕ ਅਜਿਹੇ ਪੁਲੀਸ ਅਧਿਕਾਰੀ ਕੋਲ ਆਪਣੀ ਰਿਪੋਰਟ ਦੇਵੇ ਜਿਸ ਦਾ ਉਹਨੂੰ ਦਿਤੇ ਗਏ ਹੁਕਮ ਵਿਚ, ਇਸ ਬਾਰੇ ਦਰਜ ਹੋਵੇ ।

ਸੈਕਸ਼ਨ 23. ਕੋਈ ਅਫਸਰ (ਸਰਕਾਰ ਵਲੋਂ ਅਧਿਕਾਰਤ) ਉਤਲੀ ਕਿਸਮ ਦੇ ਹੁਕਮ ਨੂੰ ਲਾਗੂ ਕਰਨ ਲਈ ਸਾਰੇ ਦਲੀਲ ਪੂਰਵਕ ਜ਼ਰੂਰੀ ਵਸੀਲੇ ਵਰਤੋਂ ਵਿਚ ਲਿਆ ਸਕੇਗਾ ।

ਸੈਕਸ਼ਨ 24. ਉੱਤੇ ਦਿੱਤੇ ਗਏ ਸੈਕਸ਼ਨ 21 ਦੇ ਅਧੀਨ ਜਾਰੀ ਕੀਤਾ ਗਿਆ ਹੁਕਮ ਸਿਰਫ ਇਕ ਮਹੀਨੇ ਦੇ ਸਮੇਂ ਲਈ ਜਾਰੀ ਰਹਿ ਸਕੇਗਾ ।

ਸੈਕਸ਼ਨ 25. ਜਦੋਂ ਕੋਈ (ਸਥਾਨਕ ਸਰਕਾਰ) ਉਪਰੋਕਤ ਹੁਕਮ ਕਰੇਗੀ, ਅਜੇਹੀ ਸਰਕਾਰ ਜਿੰਨੀ ਛੇਤੀ ਸੰਭਵ ਹੋ ਸਕੇਗਾ ਇਸ ਐਕਟ ਦੇ ਅਧੀਨ ਸਥਾਪਤ ਕੀਤੀ ਗਈ ਪੜਤਾਲੀਆ ਅਥਾਰਟੀ ਨੂੰ ਲਿਖਤੀ ਰੂਪ ਵਿਚ ਇਸ ਹੁਕਮ ਬਾਰੇ ਸਬੰਧਤ ਸਾਰੀ ਯੋਗ ਵਾਕਫੀਅਤ ਦੇਵੇਗੀ, ਅਤੇ ਉਹ ਵੀ ਜਿਸ ਦੀਆਂ ਨੀਹਾਂ ਤੇ ਇਹ ਹੁਕਮ ਸਾਜਿਆ ਗਿਆ ਹੈ ।



Sri Satguru Jagjit Singh Ji eLibrary NamdhariElibrary@gmail.com

ਪੜਤਾਲੀਆ ਅਥਾਰਟੀ ਤਦ ਬੰਦ ਕਮਰੇ ਵਿਚ ਪੜਤਾਲ ਕਰੇਗੀ, ਉਹ ਸਬੰਧਤ ਵਿਅਕਤੀ ਨੂੰ ਆਪਣੀ ਕਾਰਵਾਈ ਦੀ ਕਿਸੇ ਸਟੇਜ ਤੇ ਸੱਦੇਗੀ ਅਤੇ ਉਸ ਵਿਆਖਿਆ ਨੂੰ ਸੁਣੇਗੀ ਜਿਹੜੀ ਉਹ ਪੇਸ਼ ਕਰੇ, ਇਹ ਧਿਆਨ ਵਿਚ ਰੱਖਦੇ ਹੋਏ ਕਿ ਪੜਤਾਲੀਆ ਅਥਾਰਟੀ ਵਿਅਕਤੀ ਨੂੰ ਕਿਸੇ ਪ੍ਰਕਾਰ ਦੇ ਤੱਥ ਨਹੀਂ ਪ੍ਰਗਟ ਕਰੇਗੀ, ਜਿਹਨਾਂ ਦੀ ਕਮਿਊਨੀਕੇਸ਼ਨ ਲੋਕ-ਰੱਖਿਆ ਨੂੰ ਖਤਰੇ ਵਿਚ ਪਾਵੇ ਜਾਂ ਕਿਸੇ ਵਿਅਕਤੀ ਦੇ ਬਚਾ ਲਈ, ਇਹ ਵੀ ਧਿਆਨ ਵਿਚ ਰਹੇ ਕਿ ਨਾ ਹੀ ਸਥਾਨਕ ਸਰਕਾਰ, ਨਾ ਹੀ ਸਬੰਧਤ ਵਿਅਕਤੀ ਵਲੋਂ ਅਜੇਹੀ ਪੜਤਾਲ ਤੇ ਵਕੀਲ ਰਾਹੀਂ ਪ੍ਰਤੀਨਿਧਤਾ ਦਾ ਹੱਕ ਹੋਵੇਗਾ।

ਪੜਤਾਲ ਇਸ ਢੰਗ ਨਾਲ ਕੀਤੀ ਜਾਵੇਗੀ ਜਿਵੇਂ ਪੜਤਾਲੀਆ ਅਥਾਰਟੀ ਇਸ ਨੂੰ ਵਧੇਰੇ ਮੁਨਾਸਿਬ ਖਿਆਲ ਕਰੇ, ਕਿ ਇਸ ਨਾਲ ਮੁਕੱਦਮੇ ਦੀ ਅਸਲੀਅਤ 'ਤੇ ਵਧੇਰੇ ਚਾਨਣਾ ਪੈ ਸਕਦਾ ਹੈ, ਅਤੇ ਪੜਤਾਲ ਕਰਦੇ ਸਮੇਂ ਇਸ ਅਥਾਰਟੀ ਤੇ ਇਹ ਕੋਈ ਪਾਬੰਦੀ ਨਹੀਂ ਹੋਵੇਗੀ ਕਿ ਉਹ "ਲਾਅ ਆਫ ਐਵੀਡੈਂਸ" ਦੇ ਨਿਜਮਾਂ ਦੀ ਪਾਲਣਾ ਕਰੇ।

ਪੜਤਾਲ ਮੁਕੰਮਲ ਹੋਣ ਤੇ ਪੜਤਾਲੀਆ ਅਥਾਰਟੀ ਆਪਣੇ ਨਿਰਨੇ ਦੀ ਰੀਪੋਰਟ ਸਥਾਨਕ ਸਰਕਾਰ ਨੂੰ ਭੇਜੇਗੀ। ਜੇ ਪੜਤਾਲੀਆ ਅਥਾਰਟੀ ਉਸ ਸਮੇਂ ਵਿਚ ਪੁੱਛ ਗਿੱਛ ਮੁਕੰਮਲ ਨਾ ਕਰ ਸਕੇ, ਜਿਸ ਦੀ ਮਿਆਦ ਹੁਕਮ ਰਾਹੀਂ ਨੀਯਤ ਕੀਤੀ ਗਈ ਹੋਵੇ, ਸਥਾਨਕ ਸਰਕਾਰ ਪੜਤਾਲੀਆ ਅਥਾਰਟੀ ਦੀ ਇਸ ਭਾਵ ਦੀ ਸਿਫਾਰਸ਼ ਤੇ ਇਹ ਸਮਾਂ ਵਧਾ ਸਕਦੀ ਹੈ।

ਸੈਕਸ਼ਨ 26. ਪੜਤਾਲੀਆ ਕਮੇਟੀ ਦੀ ਰਿਪੋਰਟ ਮਿਲਣ ਤੇ ਸਥਾਨਕ ਸਰਕਾਰ ਦਿੱਤਾ ਗਿਆ ਹੁਕਮ ਰੱਦ ਕਰ ਸਕਦੀ ਹੈ, ਜਾਂ ਹੋਰ ਹੁਕਮ ਦੇ ਸਕਦੀ ਹੈ, ਜਿਸ ਦੇ ਦੇਣ ਦਾ ਉਸ ਨੂੰ ਅਧਿਕਾਰ ਹੈ। ਕੋਈ ਹੋਰ ਹੁਕਮ ਜੋ ਉਸ ਨੂੰ ਦਿੱਤਾ ਜਾਵੇਗਾ, ਪੜਤਾਲੀਆ ਕਮੇਟੀ ਦੇ ਸਿੱਟਿਆਂ ਤੇ ਆਧਾਰਿਤ ਹੋਵੇਗਾ, ਅਤੇ ਸਬੰਧਤ ਵਿਅਕਤੀ ਨੂੰ ਉਸ ਹੁਕਮ ਦੀ ਨਕਲ ਦਿੱਤੀ ਜਾਵੇਗੀ।

ਸਥਾਨਕ ਸਰਕਾਰ ਦਾ ਦਿੱਤਾ ਹੋਇਆ ਕੋਈ ਹੁਕਮ ਇਕ ਸਾਲ ਤੋਂ ਵਧ ਲਾਗੂ ਨਹੀਂ ਹੋਵੇਗਾ, ਇਹ ਅਖ਼ਤਿਆਰ ਦਿੱਤਾ ਜਾਂਦਾ ਹੈ, ਕਿ ਹੁਕਮ ਦੇ ਖਤਮ ਹੋਣ ਤੇ ਉਹ ਇਕ ਹੋਰ ਹੁਕਮ ਦੇ ਸਕਦੀ ਹੈ, ਜੇ ਲੋਕ-ਰੱਖਿਆ ਦੇ ਮੁਫਾਦ ਵਾਸਤੇ ਇਹ ਜ਼ਰੂਰੀ ਹੋਵੇ। ਜਿਵੇਂ ਕਿ ਇਹ ਅਖ਼ਤਿਆਰ ਦਿੱਤਾ ਗਿਆ ਹੈ, ਕਿ ਕੋਈ ਵੀ ਦਿੱਤਾ ਗਿਆ ਹੁਕਮ, ਜਿਸ ਤਾਰੀਖ ਤੇ ਉਹ ਦਿੱਤਾ ਗਿਆ ਹੋਵੇ, ਉਦੋਂ ਤੋਂ ਲੈ ਕੇ ਇਕ ਸਾਲ ਤੋਂ ਵਧ ਜਾਰੀ ਨਹੀਂ ਰਹਿ ਸਕਦਾ, ਭਾਵੇਂ ਉਸ ਦੇ ਮੁੱਕਣ ਤੇ ਸਥਾਨਕ ਸਰਕਾਰ ਇਕ ਸਾਲ ਦੇ ਹੋਰ ਸਮੇਂ ਲਈ ਉਸ ਨੂੰ ਰੀਵੀਊ ਕਰ ਸਕਦੀ ਹੈ।

ਕੋਈ ਹੁਕਮ ਵੀ ਸਥਾਨਕ ਸਰਕਾਰ ਵਲੋਂ ਕਿਸੇ ਵੇਲੇ ਰੱਦ ਕੀਤਾ ਜਾ ਸਕਦਾ ਹੈ, ਬਦਲ ਸਕਦਾ ਹੈ, ਜਾਂ ਉਸ ਦੇ ਇਵਜ਼ੀ ਕੋਈ ਹੋਰ ਹੁਕਮ



Sri Satguru Jagjit Singh Ji eLibrary NamdhariElibrary@gmail.com

ਉਪਰੋਕਤ ਵਰਨਣ ਪੜਤਾਲੀਆ ਅਥਾਰਟੀ ਕੋਲ ਬਿਨਾਂ ਜ਼ਿਕਰ ਕੀਤੇ ਦਿੱਤਾ ਜਾ ਸਕਦਾ ਹੈ।

ਸੈਕਸ਼ਨ 27. ਕੋਈ ਵਿਅਕਤੀ ਜੋ ਉਪਰੋਕਤ ਵਰਗੇ ਹੁਕਮ ਦੀ ਪਾਲਣਾ ਵਿਚ ਅਸਫਲ ਰਹੇਗਾ, ਛੇ ਮਹੀਨੇ ਤੀਕਰ ਵਧਾਈ ਜਾ ਸਕਦੀ ਕੈਦ ਦੀ ਸਜ਼ਾ ਦਾ ਅਧਿਕਾਰੀ ਹੋਵੇਗਾ, ਜਾਂ ਜੁਰਮਾਨੇ ਦਾ, ਜੋ ਹਜ਼ਾਰ ਰੁਪਏ ਤੀਕਰ ਕੀਤਾ ਜਾ ਸਕਦਾ ਹੈ, ਜਾਂ ਦੋਹਾਂ ਦਾ ਹੀ।

ਸੈਕਸ਼ਨ 29. ਪੜਤਾਲੀਆ ਕਮੇਟੀ ਤਿੰਨਾਂ ਵਿਅਕਤੀਆਂ ਤੇ ਨਿਰਭਰ ਹੋਵੇਗੀ। ਉਹਨਾਂ ਵਿਚ ਇਕ ਵਿਅਕਤੀ ਹੋਵੇਗਾ ਜਿਸ ਕੋਲ ਜੁਡੀਸ਼ਲ ਯੋਗਤਾ ਹੋਵੇ, ਜੋ ਡਿਸਟ੍ਰਿਕਟ ਅਤੇ ਸੈਸ਼ਨ ਜੱਜ ਤੋਂ ਘੱਟ ਨਾ ਹੋਵੇ, ਅਤੇ ਇਕ ਹੋਰ ਵਿਅਕਤੀ ਜੋ ਸਰਕਾਰੀ ਸੇਵਾ ਵਿਚ ਨਾ ਹੋਵੇ।

ਸੈਕਸ਼ਨ 30. ਸਥਾਨਕ ਸਰਕਾਰ ਪਾਬੰਦੀ ਹੇਠਲੇ ਵਿਅਕਤੀਆਂ ਨਾਲ ਮੁਕੱਰਰ ਵਕਤ 'ਤੇ ਮੁਲਾਕਾਤ ਲਈ ਦਰਸ਼ਕ ਕਮੇਟੀਆਂ ਸਥਾਪਤ ਕਰੇਗੀ। ਇਹੋ ਜਿਹੀਆਂ ਕਮੇਟੀਆਂ ਦੀ ਫੰਕਸ਼ਨ ਸਥਾਪਤ ਨਿਯਮਾਂ ਮੁਤਾਬਿਕ ਹੋਵੇਗੀ।

## ਹਿੱਸਾ 3

ਸੈਕਸ਼ਨ 32. ਜੇ ਵਾਇਸਰਾਏ ਨੂੰ ਤਸੱਲੀ ਹੋਵੇ ਕਿ ਵਿਸ਼ੇਸ਼ ਪ੍ਰਕਾਰ ਦੇ ਦੋਸ਼ ਸਾਰੇ ਹਿੰਦੁਸਤਾਨ ਜਾਂ ਉਸ ਦੇ ਕਿਸੇ ਹਿੱਸੇ ਵਿਚ ਵਾਪਰ ਰਹੇ ਹਨ, ਇਸ ਹੱਦ ਤੀਕਰ ਕਿ ਉਹਨਾਂ ਨਾਲ ਲੋਕ-ਰੱਖਿਆ ਨੂੰ ਖਤਰਾ ਹੋ ਰਿਹਾ ਹੈ, ਉਹ ਗਜ਼ਟ ਵਿਚ ਨੋਟੀਫਿਕੇਸ਼ਨ ਰਾਹੀਂ, ਉਸ ਵਿਚ ਜ਼ਿਕਰ ਕੀਤੇ ਇਲਾਕੇ ਵਿਚ ਇਹ ਭਾਗ ਲਾਗੂ ਕਰ ਸਕਦਾ ਹੈ।

ਸੈਕਸ਼ਨ 33. ਸਥਾਨਕ ਸਰਕਾਰ ਦੀ ਰਾਏ ਵਿਚ ਜਿੱਥੇ ਕੋਈ ਵਿਅਕਤੀ ਅਜੇਹੇ ਇਲਾਕੇ ਵਿਚ ਕਿਸੇ ਇਸ ਪ੍ਰਕਾਰ ਦੇ ਦੋਸ਼ ਨਾਲ ਸਬੰਧਤ ਹੈ, ਜਾਂ ਹੋ ਚੁੱਕਾ ਹੈ, ਉਹ ਅਜੇਹੇ ਵਿਅਕਤੀ ਦੇ ਸਬੰਧ ਵਿਚ ਪਾਰਟ 2 ਤੇ ਅਧਿਕਾਰਤ ਕੋਈ ਹੁਕਮ ਦੇ ਸਕਦੀ ਹੈ, ਅਤੇ ਹੋਰ ਵੀ ਹੁਕਮ (ੳ) ਕਿਸੇ ਅਜੇਹੇ ਵਿਅਕਤੀ ਦੀ ਬਿਨਾਂ ਵਾਰੰਟ ਗ੍ਰਿਫਤਾਰੀ (ਅ) ਅਜੇਹੇ ਵਿਅਕਤੀ ਦੀ ਇਹਨਾਂ ਸ਼ਰਤਾਂ ਅਤੇ ਬੰਦਸ਼ਾਂ ਹੇਠ ਅਜੇਹੀ ਥਾਂ ਤੇ ਕਿਵੇਂ ਨਜ਼ਰਬੰਦੀ ਮੁਕੱਰਰ ਕੀਤੀ ਜਾਵੇ (ੲ) ਹੁਕਮ ਵਿਚ ਜ਼ਿਕਰ ਕੀਤੇ ਗਏ ਕਿਸੇ ਥਾਂ ਦੀ ਤਲਾਸ਼ੀ, ਜਿਹੜੀ ਕਿ ਸਥਾਨਕ ਸਰਕਾਰ ਦੀ ਰਾਏ ਵਿਚ ਅਜੇਹੇ ਵਿਅਕਤੀ ਵਲੋਂ ਵਰਤੀ ਜਾ ਰਹੀ ਹੈ, ਜਾਂ ਲੱਗਪਗ ਵਰਤੀ ਜਾਣ ਵਾਲੀ ਹੈ, ਜੋ ਲੋਕ-ਰੱਖਿਆ ਲਈ ਖਤਰਨਾਕ ਹੋ ਸਕਦੀ ਹੈ।

ਕਿ ਅਜੇਹੇ ਵਿਅਕਤੀ ਨੂੰ ਕਿਸੇ ਥਾਂ ਤੇ ਵੀ ਜਿੱਥੇ ਉਹ ਮਿਲੇ ਕਿਸੇ ਪੁਲਸ ਅਫਸਰ ਰਾਹੀਂ, ਜਾਂ ਕਿਸੇ ਹੋਰ ਅਫਸਰ ਰਾਹੀਂ, ਜਿਸ ਨੂੰ ਹੁਕਮ ਦਿੱਤਾ



Sri Satguru Jagjit Singh Ji eLibrary NamdhariElibrary@gmail.com

ਗਿਆ ਹੋਵੇ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਵਿਅਕਤੀ ਦੀ ਨਜ਼ਰਬੰਦੀ ਜਾਂ ਥਾਂ ਦੀ ਤਲਾਸ਼ੀ ਦਾ ਹੁਕਮ ਜਿਸ ਨੂੰ ਕਿਹਾ ਜਾਵੇ ਉਸ ਕਿਸੇ ਅਫਸਰ ਰਾਹੀਂ ਅਮਲ ਵਿਚ ਲਿਆਇਆ ਜਾ ਸਕਦਾ ਹੈ ਅਤੇ ਅਜੇਹਾ ਅਫਸਰ ਸਾਰੇ ਦਲੀਲ ਪੂਰਵਕ ਢੰਗ ਇਸਤੇਮਾਲ ਕਰਨ ਲਈ ਵਰਤ ਸਕਦਾ ਹੈ।

ਗ੍ਰਿਫਤਾਰ ਕੀਤੇ ਵਿਅਕਤੀ ਨੂੰ ਹੋਰ ਹੁਕਮ ਮਿਲਣ ਤਕ ਗ੍ਰਿਫਤਾਰ ਕਰਨ ਵਾਲਾ ਅਫਸਰ ਆਪਣੀ ਹਿਰਾਸਤ ਵਿਚ ਰੱਖ ਸਕਦਾ ਹੈ, ਪਰ ਇਸ ਦਾ ਸਮਾਂ ਪੰਦਰਾਂ ਦਿਨ ਤੋਂ ਵਧ ਨਹੀਂ ਹੋਵੇਗਾ। ਇਕ ਅਫਸਰ ਕਿਸੇ ਥਾਂ ਦੀ ਤਲਾਸ਼ੀ ਦੇ ਹੁਕਮ ਤੇ ਅਮਲ ਕਰ ਰਿਹਾ ਹੋਵੇ, ਅਜੇਹੀ ਥਾਂ ਤੋਂ ਮਿਲੀ ਕਿਸੇ ਚੀਜ਼ ਨੂੰ ਜ਼ਾਇਆ ਜਾਂ ਆਪਣੇ ਕਬਜ਼ੇ ਵਿਚ ਕਰ ਸਕਦਾ ਹੈ, ਜਿਸ ਬਾਰੇ ਉਸ ਕੋਲ ਇਹ ਵਿਸ਼ਵਾਸ ਕਰਨ ਲਈ ਦਲੀਲ ਹੋਵੇ ਕਿ ਉਹ ਲੋਕ ਰੱਖਿਆ ਨੂੰ ਹਾਨੀ ਪਹੁੰਚਾਉਣ ਦੇ ਮੰਤਵਾਂ ਲਈ ਵਰਤੀ ਜਾ ਰਹੀ ਹੈ।

ਸੈਕਸ਼ਨ 36. ਜਿੱਥੇ ਦਫਾ 33 ਦੇ ਅਧੀਨ ਹੁਕਮ ਦਿੱਤਾ ਜਾਵੇ ਦਫਾ 22 ਤੋਂ 26 ਵਾਲੇ ਅਖਤਿਆਰ ਉਸੇ ਢੰਗ ਨਾਲ ਲਾਗੂ ਹੋਣਗੇ ਜਿਵੇਂ ਕਿ ਦਫਾ 21 ਅਧੀਨ ਹੁਕਮ ਦੇਣ ਵੇਲੇ ਹੁੰਦੇ ਹਨ।

ਸੈਕਸ਼ਨ 37. ਕੋਈ ਵਿਅਕਤੀ ਜਿਹੜਾ ਭਾਗ 3 ਦੇ ਅਖਤਿਆਰਾਂ ਹੇਠ ਦਿੱਤੇ ਗਏ ਹੁਕਮਾਂ ਤੇ ਅਮਲ ਕਰਨ ਤੋਂ ਅਸਫਲ ਰਹੇਗਾ (ਖਿਲਾਫ ਵਰਜ਼ੀ ਕਰੇਗਾ) ਇਕ ਸਾਲ ਤੀਕਰ ਵਧਾਈ ਜਾ ਸਕਦੀ ਕੈਦ ਦੀ ਸਜ਼ਾ, ਜਾਂ ਜੁਰਮਾਨੇ ਜਾਂ ਦੋਹਾਂ ਦਾ ਹੀ ਭਾਗੀ ਹੋਵੇਗਾ।

### ਹਿੱਸਾ 4 ਅਤੇ 5

ਡੀਫੈਂਸ ਆਫ ਇੰਡੀਆ ਐਕਟ ਦੇ ਮੁੱਕਣ ਤੇ ਹਰ ਵਿਅਕਤੀ ਜਿਹੜਾ ਦਫਾ 37 ਅਧੀਨ ਕੈਦ ਕੀਤਾ ਹੋਇਆ ਹੈ, (ਐਕਟ ਦੇ ਮੁੱਕਣ ਦੇ ਸਮੇਂ ਤੇ) ਅਤੇ ਉਹ ਜਿਹੜਾ ਕਿ ਸਥਾਨਕ ਸਰਕਾਰ ਦੀ ਰਾਏ ਵਿਚ ਕਿਸੇ ਸ਼ਡਿਊਲਡ ਦੋਸ਼ ਨਾਲ ਸੰਬੰਧਤ ਹੈ ਅਤੇ ਹਰ ਵਿਅਕਤੀ ਜਿਹੜਾ ਕਿ (ਅਜੇਹੇ ਖਾਤਮੇ ਤੇ) ਬੰਗਾਲ ਰਾਜਕੀਆ ਕੈਦੀ ਰੈਗੂਲੇਸ਼ਨ 1818 ਦੇ ਅਧੀਨ ਜਿਹਲ ਵਿਚ ਹੈ, ਉਪਰੋਕਤ ਪਾਰਟ 3 ਦੇ ਅਖਤਿਆਰਾਂ ਦੇ ਅਧੀਨ ਕੈਦ ਵਿਚ ਸਮਝਿਆ ਜਾਵੇਗਾ।

ਇਸ ਐਕਟ ਦੇ ਅਧੀਨ ਹੁਕਮ ਨੂੰ ਕਿਸੇ ਵੀ ਅਦਾਲਤ ਵਿਚ ਨਹੀਂ ਵੰਗਾਰਿਆ ਜਾ ਸਕਦਾ ਅਤੇ ਨਾ ਹੀ ਕੋਈ ਮੁਕੱਦਮਾ ਜਾਂ ਕੇਸ ਜਾਂ ਹੋਰ ਕਾਨੂੰਨੀ ਕਾਰਵਾਈ ਕਿਸੇ ਵਿਅਕਤੀ ਵਿਰੁਧ ਕਿਸੇ ਚੀਜ਼ ਬਾਰੇ ਕੀਤੀ ਜਾ ਸਕੇਗੀ ਜਿਹੜੀ ਕਿ ਉਸ ਨੇ ਇਸ ਐਕਟ ਦੇ ਅਧੀਨ ਚੰਗੇ ਵਿਸ਼ਵਾਸ ਨਾਲ ਕੀਤੀ ਹੋਵੇ ਜਾਂ ਕਰਨ ਦਾ ਇਰਾਦਾ ਕੀਤਾ ਹੋਵੇ। ਇਸ ਐਕਟ ਦੇ ਅਧੀਨ ਦਿੱਤੀਆਂ ਜਾ ਰਹੀਆਂ ਸਾਰੀਆਂ ਤਾਕਤਾਂ ਉਹਨਾਂ ਤਾਕਤਾਂ ਤੋਂ ਵਾਧੂ ਹੋਣਗੀਆਂ, ਜੋ ਹੋਰ ਐਕਟਾਂ ਰਾਹੀਂ ਦਿੱਤੀਆਂ ਹੋਈਆਂ ਹਨ।

ਇਹਨਾਂ ਬਿੱਲਾਂ ਦੀਆਂ ਧਾਰਾਵਾਂ ਤੇ ਜੇ ਜ਼ਰਾ ਜਿੰਨਾ ਧਿਆਨ ਦੇਈਏ ਤਾਂ ਇਹ



Sri Satguru Jagjit Singh Ji eLibrary NamdhariElibrary@gmail.com

ਸਪਸ਼ਟ ਹੋ ਜਾਂਦਾ ਹੈ ਕਿ ਇਹ ਬਿੱਲ ਕਿੰਨੇ ਖਤਰਨਾਕ ਹਨ। ਉਦਾਹਰਣ ਦੇ ਤੌਰ ਤੇ ਬਿਲ ਨੰਬਰ ਇਕ ਦੇ ਪਹਿਲੇ ਹਿੱਸੇ ਨੂੰ ਲਉ। ਇਸ ਦੇ ਅਰਥ ਹਨ ਕਿ ਜੇ ਕੋਈ ਪੁਸਤਕ ਜਾਂ ਅਖ਼ਬਾਰ, ਜਿਸ ਨੂੰ ਵਿਦਰੋਹੀ ਖਿਆਲ ਕੀਤਾ ਜਾਵੇ, ਇਸ ਦੇ ਵਿਸ਼ੇ ਤੋਂ ਅਨਜਾਣ ਕਿਸੇ ਬੇਗੁਨਾਹ ਨੌਜਵਾਨ ਤੋਂ ਪ੍ਰਾਪਤ ਹੋ ਜਾਂਦਾ ਹੈ, ਉਸ ਨੂੰ ਕਸੂਰਵਾਰ ਠਹਿਰਾ ਦਿੱਤਾ ਜਾਵੇਗਾ, ਜਦੋਂ ਤੀਕਰ ਉਹ ਇਹ ਸਾਬਤ ਨਾ ਕਰੇ ਕਿ ਉਹ ਇਸ ਨੂੰ ਕਾਨੂੰਨੀ ਮੰਤਵ ਵਾਸਤੇ ਲਈ ਫਿਰਦਾ ਸੀ। ਇਹ ਨਵਾਂ ਦੋਸ਼ ਬਰਤਾਨਵੀ ਨਿਆਂ ਦੇ ਇਕ ਬੁਨਿਆਦੀ ਨਿਯਮ ਨੂੰ ਬਦਲ ਦਿੰਦਾ ਹੈ। ਇਸ ਦੀ ਬਜਾਏ ਕਿ ਸਰਕਾਰ ਕਥਿਤ ਦੋਸ਼ੀ ਦੇ ਕਸੂਰ ਨੂੰ ਸਾਬਤ ਕਰੇ, ਇਹ ਦੋਸ਼ੀ ਹੋਵੇਗਾ, ਕਿ ਉਹ ਆਪਣੀ ਬੇਗੁਨਾਹੀ ਨੂੰ ਸਾਬਤ ਕਰੇ।

ਇਸ ਦੇ ਦੂਜੇ ਸੈਕਸ਼ਨ ਅਨੁਸਾਰ ਭਾਵੇਂ ਤੁਸੀਂ ਕਥਿਤ ਦੋਸ਼ ਦੀ ਸਜ਼ਾ ਭੁਗਤ ਲਈ ਹੈ, ਕਾਫੀ ਪੀੜ ਸਹਿਣ ਤੋਂ ਪਿੱਛੋਂ ਵੀ ਸਰਕਾਰ ਦੀਆਂ ਧਮਕੀਆਂ ਤੋਂ ਆਜ਼ਾਦੀ ਦੀ ਆਸ ਨਹੀਂ ਰੱਖੀ ਜਾ ਸਕਦੀ।

ਬਿਲ ਨੰਬਰ ਦੋ ਇਸ ਤੋਂ ਵੀ ਵਧੇਰੇ ਖਤਰਨਾਕ ਹੈ, ਜਿਹੜਾ ਇਕ ਬੜੀ ਹੱਦ ਤੀਕਰ ਵਿਅਕਤੀ ਨੂੰ ਆਪਣੇ ਬਚਾ ਤੋਂ ਵਾਂਝਿਆਂ ਕਰਦਾ ਹੈ। ਜਿਵੇਂ ਕਿ ਸੈਕਸ਼ਨ ਦਸ। ਜੇ ਤੁਸੀਂ ਗਵਾਹ ਦੀ ਗਵਾਹੀ ਦਾ ਸਿਰਫ ਖੁਲਾਸਾ ਹੀ ਰੀਕਾਰਡ ਕਰਦੇ ਹੋ, ਤੁਸੀਂ ਨਿਆਂ ਨੂੰ ਠੀਕ ਤੌਰ ਤੇ ਨਾ ਕੀਤੇ ਜਾਣ ਵਲ ਲਿਜਾ ਸਕਦੇ ਹੋ। ਕੋਈ ਜੱਜ ਵੀ ਗਵਾਹਾਂ ਤੇ ਜਿਰਾਹ ਕੀਤੇ ਜਾਣ ਤੋਂ ਪਹਿਲਾਂ ਨਹੀਂ ਜਾਣ ਸਕਦਾ ਕਿ ਕਿਹੜਾ ਵਜ਼ਨ ਗਵਾਹੀ ਦੇ ਕਿਹੜੇ ਭਾਗ ਨਾਲ ਸਬੰਧ ਰੱਖਦਾ ਹੈ। ਸੈਕਸ਼ਨ 15 ਅਨੁਸਾਰ, ਇਸ ਦੇ ਅਧੀਨ ਇਸ ਪ੍ਰਕਾਰ ਦਾ ਹੁਕਮ ਕਿਸੇ ਵੀ ਵਿਅਕਤੀ ਵਿਰੁਧ, ਸਿਰਫ਼ ਸ਼ੱਕ ਦੀ ਬਿਨਾ ਤੇ ਅਤੇ ਬਿਨਾਂ ਮੁਕੱਦਮਾ ਚਲਾਏ, ਪਾਸ ਕੀਤਾ ਜਾ ਸਕਦਾ ਹੈ। ਸੈਕਸ਼ਨ 26 ਦਾ ਅਰਥ ਹੈ ਕਿ ਸਥਾਨਕ ਸਰਕਾਰ ਆਪਣੀ ਮਰਜ਼ੀ ਨਾਲ ਕੋਈ ਵੀ ਆਦੇਸ਼ ਜਾਰੀ ਕਰ ਸਕਦੀ ਹੈ ਅਤੇ ਨਾਮ ਮਾਤਰ ਪੜਤਾਲੀਆ ਅਥਾਰਟੀਜ਼ ਵੀ ਕੋਈ ਮੰਤਵ ਪੂਰਾ ਨਹੀਂ ਕਰਦੀਆਂ।

ਇਹਨਾਂ ਬਿੱਲਾਂ ਦਾ ਸਿੱਧਾ ਅਰਥ, ਕਿਸੇ ਵਿਅਕਤੀ ਨੂੰ ਜਦੋਂ ਚਾਹੋ, ਜਿੰਨੇ ਚਿਰ ਲਈ ਚਾਹੋ, ਫੜ ਕੇ ਜੇਲ੍ਹ 'ਚ ਸੁੱਟ ਦਿਉ ਜਾਂ ਜਿੱਥੇ ਚਾਹੋ ਉਸ ਦਾ ਮੂੰਹ ਤੇ ਹੱਥ ਬੰਨ੍ਹ ਕੇ ਹਦ ਬੰਦ ਕਰ ਦਿਉ।

ਇਹਨਾਂ ਬਿੱਲਾਂ ਨੂੰ ਕਾਲੇ ਬਿੱਲ ਕਰ ਕੇ ਜਾਣਿਆ ਜਾਂਦਾ ਹੈ। 18 ਜਨਵਰੀ ਨੂੰ ਇਹ ਬਿੱਲ ਗਜ਼ਟ ਆਫ ਇੰਡੀਆ 'ਚ ਪ੍ਰਕਾਸ਼ਤ ਹੋਏ। ਹਿੰਦੁਸਤਾਨ ਭਰ ਵਿਚ ਇਸ ਕਮੇਟੀ ਦੀ ਰਿਪੋਰਟ ਅਤੇ ਸਿਫਾਰਸ਼ਾਂ ਉੱਤੇ ਬੜੀ ਬੇਚੈਨੀ ਫੈਲੀ। ਕਾਂਗਰਸ ਸੈਸ਼ਨ ਵਿਚ ਇਕ ਮਤਾ ਪਾਸ ਕੀਤਾ ਗਿਆ। ਕਿ :—

"ਰੌਲਟ ਕਮੇਟੀ ਦੀਆਂ ਸਿਫਾਰਸ਼ਾਂ, ਜੇ ਉਹਨਾਂ ਉੱਤੇ ਅਮਲ ਕੀਤਾ ਗਿਆ, ਇਹ ਹਿੰਦੁਸਤਾਨੀ ਜਨਤਾ ਦੇ ਬੁਨਿਆਦੀ ਹੱਕਾਂ ਵਿਚ ਦਖਲ-ਅੰਦਾਜ਼ੀ ਹੋਵੇਗੀ।"

ਪਰ ਹਿੰਦੁਸਤਾਨ ਦੇ ਉਸ ਸਮੇਂ ਦੇ ਵਾਇਸਰਾਏ ਲਾਰਡ ਚੇਮਿਸਫੋਰਡ ਨੇ ਲੋਕਾਂ



Sri Satguru Jagjit Singh Ji eLibrary NamdhariElibrary@gmail.com

ਵਲੋਂ ਪ੍ਰਗਟ ਕੀਤੇ ਗਏ ਰੋਸ ਦੀ ਪ੍ਰਵਾਹ ਨਾ ਕਰਦੇ ਹੋਏ 6 ਫਰਵਰੀ 1919 ਨੂੰ ਇਹ ਬਿੱਲ ਇੰਪੀਰੀਅਲ ਲੈਜਿਸਲੇਟਵ ਅਸੰਬਲੀ ਵਿਚ ਪੇਸ਼ ਕਰ ਦਿੱਤੇ। ਸੱਤ ਫਰਵਰੀ ਨੂੰ ਇਹ ਬਹਿਸ ਤੋਂ ਪਿੱਛੋਂ ਸੀਲੈਕਟ ਕਮੇਟੀ ਵਿਚ ਪੇਸ਼ ਹੋਏ ਤੇ ਇਹਨਾਂ ਬਾਰੇ ਬਹਿਸ ਮੁਬਾਹਸਾ ਹੁੰਦਾ ਰਿਹਾ।

ਉਧਰ ਕਸ਼ਮੀਰ ਤੋਂ ਲੈ ਕੇ ਰਾਸ ਕੁਮਾਰੀ ਤੀਕਰ ਸਾਰੇ ਹਿੰਦੁਸਤਾਨ ਵਿਚ ਇਹਨਾਂ ਵਿਰੁਧ ਰੋਸ ਦੀ ਲਹਿਰ ਉਭਾਰ ਫੜਦੀ ਗਈ। ਗਾਂਧੀ ਜੀ ਨੇ ਤੰਜੋਰ ਵਿਖੇ ਹੋਈ ਇਕ ਮੀਟਿੰਗ ਵਿਚ ਆਖਿਆ :—

"ਇਹਨਾਂ ਨਵੇਂ ਕਾਨੂੰਨਾਂ ਨੂੰ ਸਵੀਕਾਰ ਕਰਨਾ ਦੇਸ਼ ਦੀ ਹੱਤਕ ਅਤੇ ਹੇਠੀ ਹੈ। ਜਦੋਂ ਇਕ ਕੌਮ ਮਹਿਸੂਸ ਕਰੇ ਕਿ ਕੋਈ ਵਿਸ਼ੇਸ਼ ਕਾਨੂੰਨ ਉਸ ਕੌਮ ਦੀ ਹੱਤਕ ਕਰਦਾ ਹੈ, ਉਨ੍ਹਾਂ ਦੇ ਸਾਹਮਣੇ, ਆਪਣੇ ਫਰਜ਼ ਦੀ ਅਦਾਇਗੀ ਸਾਫ ਹੈ।"

ਨਿਯਮਬੱਧ ਚੇਤਨਤਾ ਦੀ ਆਵਾਜ਼ ਰੱਬੀ ਆਵਾਜ਼ ਹੈ ਤੇ ਉਹ ਮਨੁੱਖ ਜਿਹੜਾ ਇਸ ਆਵਾਜ਼ ਨੂੰ ਸੁਣਨ ਤੋਂ ਇਨਕਾਰ ਕਰਦਾ ਹੈ, ਮਨੁੱਖੀ ਸਤਿਕਾਰ ਦੀ ਹੱਤਕ ਕਰਦਾ ਹੈ।"

(ਦੀ ਹਿੰਦੂ 26-8-1919)

ਸਮੁੱਚੇ ਹਿੰਦੁਸਤਾਨ ਵਿਚ ਇਹਨਾਂ ਬਿੱਲਾਂ ਵਿਰੁਧ ਲਹਿਰ ਚਲਾਉਣ ਲਈ ਸਤਿਆ ਗ੍ਰਹਿ ਦੀ ਮੁਹਿੰਮ ਸ਼ੁਰੂ ਕੀਤੀ ਗਈ। ਗਾਂਧੀ ਜੀ ਨੇ ਲੋਕਾਂ ਨੂੰ ਸੱਦਾ ਦਿੱਤਾ।

"ਇਹ ਹਰ ਸੋਚਵਾਨ ਹਿੰਦੀ ਦਾ ਫਰਜ਼ ਹੈ ਕਿ ਉਹ ਲੋਕਾਂ ਨੂੰ ਇਸ ਖਤਰੇ ਤੋਂ ਬਚਾਉਣ, ਇਕ ਫਰਜ਼ ਜਿਹੜਾ ਕਿ ਨਿਭਾਇਆ ਜਾ ਸਕਦਾ ਹੈ, ਆਪਣੇ ਆਪ ਨੂੰ ਸਤਿਆ ਗ੍ਰਹਿ ਰਾਹੀਂ ਪੇਸ਼ ਕਰ ਕੇ।"

(ਗੁਜਰਾਤੀ 9-8-1919)

ਸਤਿਆ ਗ੍ਰਹਿ ਦੇ ਪ੍ਰਣ ਵਿਚ ਇਹ ਸ਼ਾਮਲ ਕੀਤਾ ਗਿਆ ਕਿ ਸਤਿਆ ਗ੍ਰਹਿ ਇਹ ਐਲਾਨ ਕਰਦਾ ਹੈ...ਕਿ ਦਸਖਤ-ਕਰਦਾ ਇਸ ਰਾਏ ਦਾ ਹੈ ਕਿ ਰੋਲਟ ਬਿਲ ਅਨਿਆਈ ਨਿਆਂ ਤੇ ਆਜ਼ਾਦੀ ਦੇ ਅਸੂਲਾਂ ਨੂੰ ਭੰਗ ਕਰਨ ਵਾਲਾ ਅਤੇ ਵਿਅਕਤੀ ਦੇ ਮੁਢਲੇ ਹੱਕਾਂ ਲਈ ਤਬਾਹ-ਕੁੰਨ ਹੈ।"

(ਮਹਾਂਦੇਵ ਭਾਈ ਦੀ ਡਾਇਰੀ, ਜਿਲਦ 5)

ਸੀਲੈਕਟ ਕਮੇਟੀ ਦੀ ਰਿਪੋਰਟ ਪਹਿਲੀ ਮਾਰਚ ਨੂੰ ਪ੍ਰਕਾਸ਼ਤ ਹੋਈ। ਕਮੇਟੀ ਨੇ ਬਿੱਲ ਨੰਬਰ ਦੋ ਵਿਚ ਕੁਝ ਤਬਦੀਲੀਆਂ ਕੀਤੀਆਂ ਪਰ ਇਹ ਇਸ ਦੇ ਬੁਨਿਆਦੀ ਨਿਯਮਾਂ ਨੂੰ ਬਦਲਣ ਤੋਂ ਅਸਮਰਥ ਰਹੀ।

ਇਸ ਕਮੇਟੀ ਦੇ ਕੁਝ ਮੈਂਬਰਾਂ ਆਨਰੇਬਲ ਪੰਡਤ ਮਦਨ ਮੋਹਨ ਮਾਲਵੀਆ, ਵਿਠਲ ਭਾਈ ਪਟੇਲ ਅਤੇ ਖਾਪਰਡੇ ਨੇ ਇਸ ਰਿਪੋਰਟ ਤੇ ਦਸਤਖਤ ਨਹੀਂ ਕੀਤੇ। ਸੁਰਿੰਦਰ ਨਾਥ ਬੈਨਰਜੀ, ਸ੍ਰੀ ਸ਼ਾਸਤਰੀ ਅਤੇ ਐਮ. ਸ਼ਫੀ ਵਲੋਂ ਅਸਹਿਮਤੀ ਦਾ ਵੱਖਰਾ ਜ਼ਿਕਰ ਹੈ।



Sri Satguru Jagjit Singh Ji eLibrary NamdhariElibrary@gmail.com

ਸ੍ਰੀ ਸ਼ਾਸਤਰੀ ਨੇ ਇਕ ਨੁਕਤਾ ਉਠਾਇਆ ਕਿ ਵਧਾਈਆਂ ਜਾ ਰਹੀਆਂ ਤਾਕਤਾਂ ਦੇ ਲਾਗੂ ਹੋਣ ਨਾਲ ਕੌਂਸਲ ਦੇ ਮੈਂਬਰ ਵੀ ਕੋਈ ਰਾਏ ਦੇਣ ਲੱਗੇ ਕੰਬਣਗੇ ਅਤੇ ਆਪਣੀ ਨਾਮ ਮਾਤਰ ਆਜ਼ਾਦੀ ਨੂੰ ਇਸ ਤਰ੍ਹਾਂ ਬਰਕਰਾਰ ਰੱਖ ਸਕਣਗੇ ਕਿ ਆਪਣੇ ਆਪ ਨੂੰ ਖੁਸ਼ਾਮਦੀਆਂ ਵਿਚ ਪਰਤ ਲੈਣ।''

ਗਾਂਧੀ ਜੀ ਨੇ ਇਸ ਤੇ ਰਾਏ ਪ੍ਰਗਟ ਕਰਦੇ ਆਖਿਆ ਕਿ ਜੇ ਅਸੈਂਬਲੀ ਦੇ ਮੈਂਬਰਾਂ ਬਾਰੇ ਇਹ ਇਸ ਹੱਦ ਤੀਕਰ ਸੱਚ ਹੈ ਤਾਂ ਫਿਰ ਰੱਖਿਆ ਰਹਿਤ, ਅਗਿਆਤ ਲੋਕਾਂ ਦਾ ਕੀ ਹਾਲ ਹੋਵੇਗਾ ?

ਬੰਬਈ, ਦਿੱਲੀ, ਕਲਕੱਤਾ, ਮਦਰਾਸ, ਲਖਨਊ ਅਤੇ ਹੋਰ ਸਭੋ ਵੱਡੇ ਸ਼ਹਿਰਾਂ ਵਿਚ ਇਹਨਾਂ ਬਿੱਲਾਂ ਵਿਰੁਧ ਰੋਸ ਦੀਆਂ ਮੀਟਿੰਗਾਂ ਹੋਈਆਂ, ਜਿਹਨਾਂ ਵਿਚ ਹਰ ਵਿਚਾਰ ਦੇ ਹਿੰਦੁਸਤਾਨੀ ਸ਼ਾਮਲ ਹੋਏ।

14 ਮਾਰਚ 1919 ਨੂੰ ਬੰਬਈ ਦੀ ਇਕ ਮੀਟਿੰਗ ਵਿਚ ਇਹ ਕਿਹਾ ਗਿਆ :

''ਤੁਹਾਡੇ ਵਿਚੋਂ ਸ਼ਾਇਦ ਬਹੁਤਿਆਂ ਨੇ ਵਾਇਸਰਾਏ ਦੀ ਕੌਂਸਲ ਵਿਚ ਹੋਈ ਕਾਰਵਾਈ ਨੂੰ ਧਿਆਨ ਨਾਲ ਦੇਖਿਆ ਹੋਵੇਗਾ । ਬਿਲ ਨੰਬਰ 2 ਗੌਰਮਿੰਟ ਦੀ ਆਫੀਸ਼ਲ ਬਹੁ ਗਿਣਤੀ ਰਾਹੀਂ ਅਤੇ ਗ਼ੈਰ-ਸਰਕਾਰੀ ਮੈਂਬਰਾਂ ਵਲੋਂ ਸਰਬ ਸੰਮਤੀ ਨਾਲ ਵਿਰੋਧ ਦੇ ਉਪਰੰਤ ਵੀ ਪਾਸ ਕਰ ਦਿੱਤਾ ਗਿਆ ਹੈ। ਇਹ ਸਾਰੇ ਹਿੰਦੁਸਤਾਨ ਦੀ ਹੱਤਕ ਹੈ।''

ਇਸੇ ਤਰ੍ਹਾਂ 18 ਮਾਰਚ 1919 ਨੂੰ ਮਦਰਾਸ ਵਿਚ ਸ੍ਰੀ ਸ. ਕ. ਰ. ਆਇੰਗਰ ਦੀ ਪ੍ਰਧਾਨਗੀ ਹੇਠ ਹੋਈ ਸਭਾ ਵਿਚ ਇਹ ਵਿਚਾਰ ਪ੍ਰਗਟ ਕੀਤੇ ਗਏ :

''ਇਹ ਬਿੱਲ ਮੁਜ਼ਾਹਮਤ ਕੀਤੇ ਜਾਣ ਦੀ ਮੰਗ ਕਰਦੇ ਹਨ ਨਾ ਸਿਰਫ ਏਸ ਲਈ ਕਿ ਉਹ ਆਪਣੇ ਆਪ ਵਿਚ ਹੀ ਭੈੜੇ ਹਨ, ਸਗੋਂ ਏਸ ਲਈ ਵੀ ਕਿ ਸਰਕਾਰ, ਜਿਹੜੀ ਉਨ੍ਹਾਂ ਨੂੰ ਲਾਗੂ ਕਰਨ ਦੀ ਜ਼ੁੰਮੇਵਾਰ ਹੈ, ਦਿਖਾਈ ਦਿੰਦਾ ਹੈ ਅਮਲੀ ਤੌਰ ਤੇ ਅਤੇ ਜਿਵੇਂ ਉਹਦੇ ਕੁਝ ਮੈਂਬਰ ਸ਼ੇਖੀ ਮਾਰ ਰਹੇ ਹਨ ਕਿ ਉਹ ਲੋਕ-ਰਾਏ ਨੂੰ ਅੱਖੋਂ ਪਰ੍ਹੇ ਕਰ ਸਕਦੇ ਹਨ। ਇਸ ਲਈ ਇਹ ਦੇਸ਼ ਵਿਚ ਵੱਖ ਵੱਖ ਵਿਚਾਰਾਂ ਨਾਲ ਸੰਬੰਧਤ ਲੋਕਾਂ ਵਿਚਕਾਰ ਇਕ ਸਾਂਝਾ ਉਦੇਸ਼ ਹੈ।''

ਇਸੇ ਤਰ੍ਹਾਂ ਇਕ ਹੋਰ ਮੀਟਿੰਗ ਵਿਚ ਇਹ ਮਤਾ ਪਾਸ ਕੀਤਾ ਗਿਆ :

''ਹਿੰਦੁਸਤਾਨ ਭਰ ਵਿਚ ਰੌਲਟ ਬਿੱਲਾਂ ਦੀ ਇਕਮੁੱਠ ਵਿਰੋਧਤਾ ਅਤੇ ਇਹ ਹਕੀਕਤ ਕਿ ਬਿੱਲਾਂ ਦੇ ਪਾਸ ਹੋਣ ਦੇ ਵੇਲੇ, ਇਕ ਵੀ ਗ਼ੈਰ-ਸਰਕਾਰੀ ਮੈਂਬਰ ਦਾ ਉਸ ਦੇ ਹੱਕ ਵਿਚ ਵੋਟ ਨਾ ਦੇਣਾ, ਦੇ ਪੇਸ਼ੇ-ਨਜ਼ਰ, ਹਿਜ਼ ਐਕਸੀਲੈਂਸ ਵਾਇਸਰਾਏ ਨੂੰ ਇਹ ਪਬਲਿਕ ਮੀਟਿੰਗ ਅਪੀਲ ਕਰਦੀ ਹੈ ਕਿ ਉਹ ਗੌਰਮਿੰਟ ਆਫ ਇੰਡੀਆ ਐਕਟ ਦੀ ਧਾਰਾ 68 ਦੇ ਇਸ ਬਿੱਲ ਦੀ ਮਨਜ਼ੂਰੀ ਨਾ ਦੇਣ।''

ਗਾਂਧੀ ਜੀ ਨੇ ਆਪ ਵਾਇਸਰਾਏ ਨੂੰ ਇਕ ਤਾਰ ਦਿੱਤੀ :

''ਇਸ ਆਖਰੀ ਸਮੇਂ ਵੀ ਮੈਂ ਬੜੇ ਸਤਿਕਾਰ ਨਾਲ ਵਾਇਸਰਾਏ ਤੇ ਉਹਦੀ ਸਰਕਾਰ ਨੂੰ ਆਖਦਾ ਹਾਂ ਕਿ ਉਹ ਰੌਲਟ ਬਿੱਲਾਂ ਨੂੰ ਪਾਸ ਕਰਨ ਤੋਂ ਪਹਿਲਾਂ ਸੋਚਣ ਤੇ



Sri Satguru Jagjit Singh Ji eLibrary NamdhariElibrary@gmail.com

ਵਿਚਾਰ ਕਰਨ। ਭਾਵੇਂ ਇਹ ਠੀਕ ਹੋਣ ਜਾਂ ਨਾ, ਇਹਨਾਂ ਤਦਵੀਰਾਂ ਬਾਰੇ ਲੋਕ-ਰਾਏ ਦੀ ਸ਼ਕਤੀ ਬਾਰੇ ਗ਼ਲਤੀ ਨਹੀਂ ਹੋਣੀ ਚਾਹੀਦੀ।

"ਮੈਨੂੰ ਵਿਸ਼ਵਾਸ ਹੈ ਕਿ ਗੋਰਮਿੰਟ ਤਲਖੀ ਵਿਚ ਵਾਧਾ ਨਹੀਂ ਕਰਨਾ ਚਾਹੇਗੀ। ਇਹਨਾਂ ਨੂੰ ਰੋਕ ਦੇਣ ਦੇ ਨਾਲ ਸਰਕਾਰ ਨੂੰ ਕੋਈ ਖ਼ਤਰਾ ਨਹੀਂ ਮੁੱਲ ਲੈਣਾ ਪਵੇਗਾ। ਸਗੋਂ ਲੋਕ-ਰਾਏ ਅੱਗੇ ਝੁਕਣ ਨਾਲ ਤਨਾਓ ਘਟੇਗਾ ਅਤੇ ਵਕਾਰ ਵਿਚ ਅਸਲੀ ਵਾਧਾ ਹੋਵੇਗਾ।"

(ਨ. ਅ. 1 ਹੋਮ ਪੋਲੀਟੀਕਲ ਅ. ਮਾਰਚ 1919 ਨੰ : 250)

21 ਮਾਰਚ ਨੂੰ ਵਾਇਸਰਾਏ, ਲਾਰਡ ਚੇਮਸਫੋਰਡ ਨੇ ਸਮੁੱਚੀ ਹਿੰਦੁਸਤਾਨੀ ਲੋਕ-ਰਾਏ ਨੂੰ ਅੱਖੋਂ ਪਰ੍ਹੇ ਕਰਦੇ ਹੋਏ ਇਸ ਬਿੱਲ ਦੀ ਮਨਜ਼ੂਰੀ ਦੇ ਦਿੱਤੀ।

ਇਸ ਨਾਲ ਰੋਸ ਦੀ ਲਹਿਰ ਹੋਰ ਵੀ ਤੇਜ਼ ਹੋਈ। 30 ਮਾਰਚ ਨੂੰ ਸਾਰੇ ਹਿੰਦੁਸਤਾਨ ਵਿਚ ਹੜਤਾਲ ਅਤੇ ਮੁਜ਼ਾਹਰੇ ਹੋਏ। ਬਾਕੀ ਸਭ ਥਾਵਾਂ ਤੇ ਇਹ ਦਿਨ ਸੁਖ ਤੇ ਸ਼ਾਂਤੀ ਨਾਲ ਲੰਘ ਗਿਆ ਪਰ ਦਿੱਲੀ ਵਿਚ ਲੋਕਾਂ ਤੇ ਪੁਲੀਸ ਫ਼ੌਜ ਵਿਚਕਾਰ ਟੱਕਰ ਹੋ ਗਈ। ਲੋਕਾਂ ਦੇ ਇਕ ਇਕੱਠ ਤੇ ਗੋਲੀ ਚਲਾਈ ਗਈ। ਇਹ ਪਹਿਲਾਂ ਤੋਂ ਭਖ ਰਹੀ ਅੱਗ ਉਤੇ ਤੇਲ ਪਾਉਣ ਵਾਲੀ ਗੱਲ ਸੀ। ਗਾਂਧੀ ਜੀ ਨੇ ਦਿੱਲੀ ਦੀਆਂ ਘਟਨਾਵਾਂ ਵਿਰੁੱਧ 6 ਅਪਰੈਲ 1919 ਨੂੰ ਸਾਰੇ ਹਿੰਦੁਸਤਾਨ ਵਿਚ ਰੋਸ ਦਿਨ ਮਨਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ :

"ਇਹ ਯਾਦ ਰਖਣਾ ਚਾਹੀਦਾ ਹੈ ਕਿ ਸਵੇਰ ਦਾ ਦਿਨ ਹੇਠੀ ਅਤੇ ਪ੍ਰਾਰਥਣਾ ਦਾ ਦਿਨ ਹੈ ਅਤੇ ਦਿਲੀ-ਦੁਖਾਂਤ ਦੇ ਕਾਰਣ ਉਤਪਨ ਹੋਏ ਮਾਤਮ ਦਾ ਵੀ।"

ਇਹ ਦਿਨ ਵੀ ਸਾਰੇ ਹਿੰਦੁਸਤਾਨ ਵਿਚ ਪੂਰੇ ਜ਼ੋਰ ਸ਼ੋਰ ਨਾਲ ਮਨਾਇਆ ਗਿਆ। ਬੰਬਈ ਵਿਚ ਇਸ ਦਿਨ ਬਾਰੇ ਗਾਂਧੀ ਜੀ ਦੀ ਡਾ. ਸਤਪਾਲ ਨੂੰ ਦਿਲੀ ਆਈ ਤਾਰ ਵਿਚ ਇਉਂ ਜ਼ਿਕਰ ਹੈ :

"ਅਖ਼ਬਾਰਾਂ ਦੀਆਂ ਖ਼ਬਰਾਂ ਗੁਮਰਾਹ-ਕੁਨ ਹਨ। ਸਤਿਗ੍ਰਹਿ ਐਤਵਾਰ ਬੜੇ ਆਰਾਮ ਅਤੇ ਸ਼ਾਂਤੀ ਨਾਲ ਗੁਜ਼ਰਿਆ। ਸਾਰੀਆਂ ਦੁਕਾਨਾਂ ਤੇ ਬਾਜ਼ਾਰ ਬੰਦ ਰਹੇ, ਕਾਰੋਬਾਰ ਮੁਲਤਵੀ। ਪ੍ਰਾਰਥਣਾ ਅਤੇ ਵਰਤ ਪਿਛੋਂ ਮੈਦਾਨ ਵਿਚ ਦੋ ਲੱਖ ਤੋਂ ਉਤੇ ਪਬਲਿਕ ਮੀਟਿੰਗ ਕੀਤੀ ਗਈ। ਸਾਰੀਆਂ ਸਥਾਨਕ ਅਖ਼ਬਾਰਾਂ, ਦੋਸਤਾਂ ਤੇ ਦੁਸ਼ਮਣਾ ਨੇ ਲਿਖਿਆ ਹੈ :

"ਮੁਜ਼ਾਹਰਾ ਸ਼ਾਂਤ ਅਤੇ ਕਾਨੂੰਨ ਅੰਦਰ ਸੀ। ਬ੍ਰਿਸਟਲ ਹੋਟਲ ਘਟਨਾ ਵਧਾ ਚੜ੍ਹਾ ਕੇ ਪੇਸ਼ ਕੀਤੀ ਗਈ : ਮੈਦਾਨ ਵਿਚ ਮੀਟਿੰਗ ਖਤਮ ਹੋਣ ਤੋਂ ਬਾਦ, ਘਰ ਨੂੰ ਮੁੜੀ ਜਾਂਦੀ ਸੰਕੀਰਤਨ ਪਾਰਟੀ ਉਤੇ ਬ੍ਰਿਸਟਲ ਹੋਟਲ ਉਤੋਂ ਕੁਝ ਯੂਰਪੀਨਾਂ ਨੇ ਕੂੜਾ ਅਤੇ ਇੱਟਾਂ ਸਿੱਟੀਆਂ ਜਿਸ ਤੇ ਕੁਝ ਨੂੰ ਜੋਸ਼ ਆ ਗਿਆ। ਪਰ ਬਾਕੀ ਦਿਆਂ ਨੇ ਸਬਰ ਤੋਂ ਕੰਮ ਲਿਆ।"

ਐਂਗਲੋ ਇੰਡੀਅਨ ਅਖ਼ਬਾਰਾਂ ਨੇ ਵੀ ਹਾਦਸੇ ਨੂੰ ਕੋਈ ਮਹਾਨਤਾ ਨਹੀਂ ਦਿੱਤੀ।



Sri Satguru Jagjit Singh Ji eLibrary NamdhariElibrary@gmail.com

ਕੈਦੀਆਂ ਨੂੰ ਬਚਾਉਣ ਦੀ ਕਥਿਤ ਘਟਨਾ ਗ਼ੈਰ-ਤਸਦੀਕਸ਼ੁਦਾ ਹੈ, ਅਤੇ ਸਾਡੇ ਮੁਜ਼ਾਹਰੇ ਨਾਲ ਇਸ ਦਾ ਕੋਈ ਸੰਬੰਧ ਨਹੀਂ।

(ਬੰਬਈ, 7 ਅਪਰੈਲ 1919)

ਇਹਨਾਂ ਬਿੱਲਾਂ ਨੂੰ ਆਮ ਲੋਕੀ ਨਾ ਵਕੀਲ ਨਾ ਦਲੀਲ ਨਾ ਅਪੀਲ ਵਾਲਾ ਕਾਨੂੰਨ ਆਖਦੇ ਸਨ।

ਇਹਨਾਂ ਕਾਨੂੰਨਾਂ ਦੀ ਵਿਰੋਧਤਾ ਨੇ ਹੀ ਹਿੰਦੁਸਤਾਨ ਦੀ ਕੌਮੀ ਆਜ਼ਾਦੀ ਦੀ ਲਹਿਰ ਨੂੰ ਇਕ ਨਵਾਂ ਮੋੜ ਦਿੱਤਾ। ਪੰਜਾਬ ਵਿਚ ਜਲ੍ਹਿਆਂ ਵਾਲੇ ਬਾਗ ਦੀ ਦੁਖਾਂਤ ਘਟਨਾ ਇਸ ਕਾਨੂੰਨ ਦੇ ਵਿਰੁਧ ਰੋਸ ਪ੍ਰਗਟ ਕਰਨ ਦੇ ਸੰਦਰਭ 'ਚ ਹੀ ਵਾਪਰੀ। ਇਹਨਾਂ ਕਾਨੂੰਨਾਂ ਦੀ ਪੰਜਾਬ ਦੇ ਇਤਿਹਾਸ ਵਿਚ ਖਾਸ ਮਹੱਤਤਾ ਹੈ।



Sri Satguru Jagjit Singh Ji eLibrary NamdhariElibrary@gmail.com

# ਘਟਨਾਵਾਂ

ਪਰ ਪੰਜਾਬ ਵਿਚ ਘਟਨਾਵਾਂ ਦਾ ਵਿਕਾਸ ਕੁਝ ਹੋਰ ਢੰਗ ਨਾਲ ਹੋਇਆ। ਇਸ ਦਾ ਕਾਰਣ ਪੰਜਾਬ ਵਿਚਲੀ ਰਾਜਸੀ ਤੇ ਆਰਥਕ ਬੇਚੈਨੀ ਤੋਂ ਇਲਾਵਾ ਸਰ ਮਾਈਕਲ ਉਡਵਾਇਰ ਦਾ ਪੰਜਾਬ ਦਾ ਲੈਫਟੀਨੈਂਟ ਗਵਰਨਰ ਹੋਣਾ ਵੀ ਸੀ।

ਆਇਰਲੈਂਡ ਦੀ ਕੌਂਟੀ ਟਿਪੈਰਰੀ ਦੇ ਇਕ ਜਗੀਰਦਾਰ ਘਰਾਣੇ ਦਾ ਇਹ ਫਰਦ, ਆਪਣੇ ਆਪ ਨੂੰ ਪੰਜਾਬ ਦਾ ਰੱਬ ਸਮਝਦਾ ਸੀ, ਉਹਦੇ ਆਲੇ ਦੁਆਲੇ ਖੁਸ਼ਾਮਦੀਆਂ ਅਤੇ ਝੋਲੀ-ਚੁੱਕ ਪੰਜਾਬੀਆਂ ਦੀ ਇਕ ਟੋਲੀ ਸੀ। ਜਿਸ ਵਿਚ ਮਲਕ ਉਮਰ ਹਿਆਤ ਖਾਂ ਟਿਵਾਨਾ, ਸ: ਬਹਾਦਰ ਗੱਜਣ ਸਿੰਘ ਨਾਰੰਗਵਾਲ ਅਤੇ ਰਾਏ ਬਹਾਦਰ ਅਮਰ ਨਾਥ ਵਰਗੇ ਦੇਸ਼ ਦੇ ਗ਼ਦਾਰ ਸ਼ਾਮਲ ਸਨ। ਉਡਵਾਇਰ ਇਕ ਸਾਮਰਾਜੀ ਨੌਕਰਸ਼ਾਹ ਤੇ ਹੈਂਕੜਬਾਜ਼ ਸੀ, ਜੋ ਡੰਡੇ ਦੇ ਜ਼ੋਰ ਨਾਲ ਰਾਜ ਕਰਨ ਵਿਚ ਯਕੀਨ ਰਖਦਾ ਸੀ।

ਉਹ ਆਪ ਇਕ ਥਾਂ ਲਿਖਦਾ ਹੈ :

"ਸਾਡਾ ਫ਼ਰਜ਼ ਸਾਡੀ ਇੰਪੀਰੀਅਲ ਪੁਜ਼ੀਸ਼ਨ ਵੱਲ ਹੈ, ਹਿੰਦੁਸਤਾਨ ਵਿਚਲੇ ਸਾਡੇ ਆਪਣੇ ਬੰਦਿਆਂ ਅਤੇ ਹਿੰਦੁਸਤਾਨ ਵਿਚ ਲਾਏ ਹੋਏ ਹਜ਼ਾਰਾਂ ਮਿਲੀਅਨਜ਼ ਦੇ ਬਰਤਾਨਵੀ ਸਰਮਾਏ ਵੱਲ — "

ਹਿੰਦੁਸਤਾਨ ਦੀ ਕੌਮੀ ਲਹਿਰ, ਇਨਕਲਾਬ-ਪਸੰਦਾਂ ਅਤੇ ਆਜ਼ਾਦੀ ਬਾਰੇ ਆ ਰਹੀ ਨਵੀਂ ਚੇਤਨਤਾ ਦਾ ਉਹ ਸਖ਼ਤ ਵਿਰੋਧੀ ਸੀ ਤੇ ਉਸ ਨੂੰ ਹਰ ਤਰੀਕੇ ਨਾਲ ਕੁਚਲ ਦੇਣ ਵਿਚ ਯਕੀਨ ਰਖਦਾ ਸੀ।

ਉਹ ਪੰਜਾਬ ਨੂੰ ਵਧੀਆ ਲੜਾਕੂ ਨਸਲਾਂ ਦਾ ਘਰ ਸਮਝਦਾ ਸੀ, ਜਿਹੜਾ ਕਿ ਅੰਗਰੇਜ਼ੀ ਸਾਮਰਾਜ ਨੂੰ ਕਾਇਮ ਰੱਖਣ, ਉਸ ਦੀ ਰਾਖੀ ਕਰਨ ਅਤੇ ਫੈਲਾਉਣ ਵਿਚ ਵੱਧ ਤੋਂ ਵੱਧ ਫ਼ੌਜੀ ਸਪਲਾਈ ਕਰਦਾ ਸੀ। ਉਹ ਇਸ ਜ਼ਖੀਰੇ ਨੂੰ ਆਪਣੇ ਮਾਲਕਾਂ ਲਈ ਰਾਖਵਾਂ ਰੱਖਣਾ ਚਾਹੁੰਦਾ ਸੀ। ਉਹ ਪੰਜਾਬ ਨੂੰ ਸਾਰੇ ਹਿੰਦੁਸਤਾਨ ਦੇ ਮੁਕਾਬਲੇ ਤੇ ਪਿਛਾਖੜ ਦਾ ਕਿਲ੍ਹਾ ਬਣਾਉਣ ਉਤੇ ਤੁਲਿਆ ਹੋਇਆ ਸੀ।



Sri Satguru Jagjit Singh Ji eLibrary NamdhariElibrary@gmail.com

ਕਾਂਗਰਸ ਸਬ ਕਮੇਟੀ ਨੇ ਆਪਣੀ ਰੀਪੋਰਟ ਵਿਚ ਨਿਰਨਾ ਕਰਦੇ ਹੋਏ ਲਿਖਿਆ ਹੈ :

"ਪੰਜਾਬ ਦੇ ਲੋਕਾਂ ਵਿਚ ਸਰ ਮਾਈਕਲ ਉਡਵਾਇਰ ਵਿਰੁੱਧ ਭਾਰੀ ਬੇਚੈਨੀ ਸੀ। ਉਸ ਦੇ ਕਾਰਣ ਸਨ, ਪੜ੍ਹੀ ਲਿਖੀ ਸ਼ਰੇਣੀ ਦੇ ਵਿਰੁੱਧ ਉਹਦੀ ਬੇਵਿਸ਼ਵਾਸ਼ੀ ਤੇ ਬੇਇਜ਼ਤੀ ਭਰਿਆ ਵਤੀਰਾ, ਜੰਗ ਦੇ ਦੌਰਾਨ ਰੰਗਰੂਟ ਹਾਸਲ ਕਰਨ ਅਤੇ ਵਾਰ-ਫੰਡ ਇਕੱਠਾ ਕਰਨ ਲਈ ਅਪਣਾਏ ਗਏ ਜਬਰੀ ਤੇ ਜ਼ਾਲਮਾਨਾ ਢੰਗ, ਲੋਕ ਰਾਏ ਨੂੰ ਦਬਾਉਣ ਵਾਸਤੇ ਮੁਕਾਮੀ ਪਰੈਸ ਦਾ ਗਲਾ ਘੁਟਣਾ ਅਤੇ ਪੰਜਾਬ ਤੋਂ ਬਾਹਰ ਦੇ ਕੌਮੀ-ਪ੍ਰੈਸ ਦਾ ਦਾਖਲਾ ਬੰਦ ਕਰਨਾ।

ਪਰ ਸਰ ਮਾਈਕਲ ਉਡਵਾਇਰ ਵਲੋਂ ਅਪਣਾਈ ਗਈ ਤਸ਼ੱਦਦ ਦੀ ਪਾਲਸੀ ਦੇ ਉਪਰੰਤ ਵੀ ਪੰਜਾਬ ਹਿੰਦੁਸਤਾਨ ਦੀ ਕੌਮੀ ਲਹਿਰ ਵਿਚ ਪੂਰਾ ਹਿੱਸਾ ਪਾ ਰਿਹਾ ਸੀ।

ਰੋਲਟ ਐਕਟ ਵਿਰੁੱਧ ਚੱਲ ਰਹੀ ਪਰੋਟੈਸਟ ਦੀ ਲਹਿਰ ਵਿਚ ਅੰਮ੍ਰਿਤਸਰ ਸਭ ਤੋਂ ਵੱਡਾ ਕੇਂਦਰ ਸੀ। ਡਾ: ਸੈਫ-ਉਲਦੀਨ ਕਿਚਲੂ ਅਤੇ ਡਾ: ਸਤਿਆਪਾਲ ਇਸ ਦੇ ਉਘੇ ਲੀਡਰ ਸਨ। 6, 13 ਅਤੇ 28 ਫਰਵਰੀ ਨੂੰ ਅੰਮ੍ਰਿਤਸਰ ਵਿਖੇ ਰੋਸ-ਜਲਸੇ ਹੋਏ ਜਿਨ੍ਹਾਂ ਵਿਚ ਹਜ਼ਾਰਾਂ ਲੋਕ ਸ਼ਾਮਲ ਹੋਏ।

30 ਮਾਰਚ ਨੂੰ ਮਨਾਏ ਜਾ ਰਹੇ ਹਿੰਦੁਸਤਾਨ ਭਰ ਵਿਚ ਪਰੋਟੈਸਟ ਦਿਨ ਲਈ ਪੰਜਾਬ ਵਿਚ ਵੀ ਜ਼ਬਰਦਸਤ ਤਿਆਰੀਆਂ ਹੋਈਆਂ। ਜਿਸ ਤੋਂ ਘਬਰਾ ਕੇ 29 ਮਾਰਚ ਨੂੰ ਸਰਕਾਰ ਨੇ ਡਾਕਟਰ ਸਤਿਆਪਾਲ ਤੇ ਪਾਬੰਦੀ ਲਾ ਦਿਤੀ ਕਿ ਉਹ ਕਿਸੇ ਜਲਸੇ ਜਲੂਸ ਵਿਚ ਸ਼ਾਮਲ ਨਹੀਂ ਹੋ ਸਕਦੇ। ਇਸ ਦੇ ਬਾਵਜੂਦ ਵੀ ਅੰਮ੍ਰਿਤਸਰ ਵਿਚ ਇਕ ਮਹਾਨ ਮੀਟਿੰਗ ਹੋਈ। ਸਰਕਾਰੀ ਰਿਪੋਰਟ ਮੁਤਾਬਿਕ ਇਸ ਵਿਚ 30 ਹਜ਼ਾਰ ਲੋਕ ਸ਼ਾਮਲ ਹੋਏ, ਜਿਸ ਵਿਚ ਤਕਰੀਰ ਕਰਦਿਆਂ ਹੋਇਆਂ ਡਾ: ਕਿਚਲੂ ਨੇ ਆਖਿਆ :

"ਗਾਂਧੀ ਜੀ ਦਾ ਸੰਦੇਸ਼ ਤੁਹਾਨੂੰ ਪੜ੍ਹ ਕੇ ਸੁਣਾ ਦਿਤਾ ਗਿਆ ਹੈ, ਸਾਰੇ ਸ਼ਹਿਰੀਆਂ ਨੂੰ ਮੁਕਾਬਲੇ ਲਈ ਤਿਆਰ ਰਹਿਣਾ ਚਾਹੀਦਾ ਹੈ। ਇਸ ਦੇ ਇਹ ਅਰਥ ਨਹੀਂ ਹਨ ਕਿ ਇਕ ਪਵਿੱਤਰ ਸ਼ਹਿਰ ਜਾਂ ਦੇਸ਼ ਵਿਚ ਖ਼ੂਨ ਦਾ ਹੜ੍ਹ ਲਿਆਉਣਾ ਚਾਹੀਦਾ ਹੈ। ਮੁਕਾਬਲਾ ਸ਼ਾਂਤੀ ਪੂਰਨ ਹੋਣਾ ਚਾਹੀਦਾ ਹੈ। ਕਿਸੇ ਗ਼ਦਾਰ ਜਾਂ ਪੁਲੀਸਮੈਨ ਤੱਕ ਦੀ ਸ਼ਾਨ ਬਾਰੇ ਵੀ ਕੋਈ ਸਖ਼ਤ ਲਫ਼ਜ਼ ਨਾ ਵਰਤੋ, ਜਿਹੜਾ ਉਸ ਲਈ ਦੁੱਖ ਦਾ ਕਾਰਣ ਬਣੇ, ਜਾਂ ਜੋ ਅਮਨ ਦੇ ਭੰਗ ਹੋਣ ਦੀ ਸੰਭਾਵਨਾ ਵੱਲ ਲੈ ਜਾਵੇ।"

ਸਰਕਾਰ ਨੇ 4 ਅਪਰੈਲ ਨੂੰ ਡਾਕਟਰ ਕਿਚਲੂ ਤੇ ਵੀ ਪਾਬੰਦੀ ਲਗਾ ਦਿੱਤੀ। ਪਰ ਹੁਣ ਲਹਿਰ ਸੁਲਘ ਚੁੱਕੀ ਸੀ। ਅਤੇ ਨਵੇਂ ਲੀਡਰ ਪੈਦਾ ਹੋ ਚੁੱਕੇ ਸਨ।

6 ਅਪਰੈਲ ਨੂੰ ਸਾਰੇ ਪੰਜਾਬ ਵਿਚ ਜ਼ਬਰਦਸਤ ਹੜਤਾਲ ਹੋਈ। ਸਰਕਾਰੀ ਰਿਪੋਰਟ ਦੇ ਮੁਤਾਬਿਕ 45 ਸ਼ਹਿਰ ਇਸ ਵਿਚ ਸ਼ਾਮਲ ਹੋਏ। ਭਾਵੇਂ ਇਹ ਹੜਤਾਲ ਪੁਰ-ਅਮਨ ਤੇ ਸ਼ਾਂਤੀ ਪੂਰਨ ਸੀ, ਪਰ ਇਹਨਾਂ ਦੀ ਸਫਲਤਾ ਅਤੇ ਇਸ ਨਾਲ ਆ



Sri Satguru Jagjit Singh Ji eLibrary NamdhariElibrary@gmail.com

ਰਹੇ ਉਭਾਰ ਤੋਂ ਸਰਕਾਰ ਘਬਰਾ ਗਈ। ਅੰਮ੍ਰਿਤਸਰ ਵਿਚ ਇਹ ਉਤਸ਼ਾਹ ਸਿਖਰ ਤੇ ਸੀ।

8 ਅਪਰੈਲ ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਮਿ: ਇਰਵਿੰਗ ਨੇ ਕਮਿਸ਼ਨਰ ਕਿਚਨ ਨੂੰ ਲਿਖਿਆ :

"ਸਾਨੂੰ ਹੁਣ ਜਾਂ ਫੇਰ ਆਪਣੀ ਸ਼ਕਤੀ ਦਾ ਦਿਖਾਵਾ ਕਰਨਾ ਹੀ ਪੈਣਾ ਹੈ, ਪਰ ਇਸ ਲਈ ਸਾਨੂੰ ਮਜ਼ਬੂਤ ਫੋਰਸ ਲੈ ਆਉਣੀ ਚਾਹੀਦੀ ਹੈ, ਤਾਂ ਕਿ ਆਖਰੀ ਸਿੱਟਾ ਕੱਢਣ ਦੀ ਕੋਸ਼ਿਸ਼ ਕਰੀਏ ਤੇ ਦੇਖੀਏ ਕਿ ਅੰਮ੍ਰਿਤਸਰ ਵਿਚ ਕਿਸ ਦਾ ਰਾਜ ਹੈ।"

ਸਰਕਾਰ ਲਹਿਰ ਨੂੰ ਦਬਾਉਣ ਵਾਸਤੇ ਹਰ ਕਿਸਮ ਦੀਆਂ ਤਿਆਰੀਆਂ ਕਰਦੀ ਰਹੀ। ਪਰ ਲੋਕਾਂ ਵਿਚ ਕਿਸੇ ਪ੍ਰਕਾਰ ਦੀ ਭੜਕਾਹਟ ਨਹੀਂ ਸੀ।

9 ਅਪਰੈਲ ਨੂੰ ਰਾਮ ਨੌਮੀ ਸੀ। ਹਿੰਦੂਆਂ ਦੇ ਇਸ ਤਿਉਹਾਰ ਵਿਚ ਮੁਸਲਮਾਨ ਵੀ ਭਰਾਵਾਂ ਵਾਂਗ ਸ਼ਾਮਲ ਹੋਏ। ਹਿੰਦੂਆਂ ਮੁਸਲਮਾਨਾਂ ਦਾ ਇਹ ਭਰੱਪਣ ਵੇਖ ਕੇ ਅੰਗਰੇਜ਼ ਹਾਕਮਾਂ ਨੂੰ ਬੜੀ ਚਿੰਤਾ ਹੋਈ। "ਪਾੜੋ ਤੇ ਰਾਜ ਕਰੋ" ਦੀ ਨੀਤੀ ਵਿਚ ਵਿਸ਼ਵਾਸ ਰੱਖਣ ਵਾਲੇ ਲੋਕਾਂ ਲਈ ਇਹ ਅਚੰਭਾ ਸੀ। ਰਾਮ ਨੌਮੀ ਦੇ ਜਲੂਸ ਵਿਚ ਹਿੰਦੂ ਮੁਸਲਮਾਨ ਏਕਤਾ ਦੇ ਨਾਹਰੇ ਲੱਗੇ। ਮੁਸਲਿਮ ਬਾਜ਼ਾਰਾਂ ਵਿਚ ਸ਼ਬੀਲਾਂ ਲਾਈਆਂ ਗਈਆਂ। ਹਿੰਦੂਆਂ ਮੁਸਲਮਾਨਾਂ ਇੱਕੋ ਗਲਾਸਾਂ ਵਿਚ ਪਾਣੀ ਪੀਤਾ। ਭਾਵੇਂ ਇਸ ਜਲੂਸ ਵਿਚ ਬੜਾ ਜੋਸ਼ ਸੀ, ਪਰ ਭੜਕਾਹਟ ਕੋਈ ਨਹੀਂ ਸੀ। ਨਾ ਹੀ ਅੰਗਰੇਜ਼ਾਂ ਪ੍ਰਤੀ ਘਿਰਣਾ ਦਾ ਕੋਈ ਪ੍ਰਗਟਾ ਕੀਤਾ ਗਿਆ। 9 ਅਪਰੈਲ ਦਾ ਦਿਨ ਵੀ ਅਮਨ ਅਮਾਨ ਨਾਲ ਲੰਘ ਗਿਆ।

10 ਅਪਰੈਲ ਦੀ ਸਵੇਰ ਨੂੰ ਹਰ ਚੀਜ਼ ਤੈ ਕੀਤੇ ਮਨਸੂਬੇ ਮੁਤਾਬਿਕ ਸ਼ੁਰੂ ਹੋਈ। 9 ਅਪਰੈਲ ਦੀ ਸ਼ਾਮ ਨੂੰ ਹੀ ਸਰ ਮਾਈਕਲ ਉਡਵਾਇਰ ਵਲੋਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਹਦਾਇਤਾਂ ਆਈਆਂ ਕਿ ਡਾ: ਕਿਚਲੂ ਤੇ ਡਾ: ਸਤਿਆਪਾਲ ਨੂੰ ਗ੍ਰਿਫਤਾਰ ਕਰ ਲਿਆ ਜਾਵੇ ਅਤੇ ਧਰਮਸਾਲਾ ਲੈ ਜਾ ਕੇ ਨਜ਼ਰਬੰਦ ਕੀਤਾ ਜਾਵੇ। ਇਸ ਦੇ ਨਾਲ ਹੀ ਉਹਨੂੰ ਸੂਚਨਾ ਦਿੱਤੀ ਗਈ ਕਿ ਲੈਫਟੀਨੈਂਟ ਗਵਰਨਰ, ਡਿਪਟੀ ਕਮਿਸ਼ਨਰ ਦੀ ਇਸ ਗੱਲ ਨਾਲ ਸਹਿਮਤ ਹਨ ਕਿ ਅੰਮ੍ਰਿਤਸਰ ਵਿਚ ਫੌਜੀ ਗੈਰੀਜ਼ਨ ਨੂੰ ਤਕੜਾ ਕਰਨ ਲਈ ਹੋਰ ਕੁਮਕ ਭੇਜੀ ਜਾਵੇ। ਉਹਨਾਂ ਦੀ ਇਹ ਦਰਖਾਸਤ ਲਾਹੌਰ ਡਵੀਜ਼ਨ ਦੇ ਜਨਰਲ ਆਫੀਸਰ ਕਮਾਂਡਿੰਗ ਨੂੰ ਭੇਜ ਦਿੱਤੀ ਗਈ ਹੈ।"

ਭਾਵੇਂ ਹਾਲਾਤ ਬੜੇ ਅਮਨ ਅਮਾਨ ਵਾਲੇ ਸਨ, ਪਰ ਡਿਪਟੀ ਕਮਿਸ਼ਨਰ ਇਰਵਿੰਗ ਡਰਦਾ ਸੀ ਕਿ ਇਹਨਾਂ ਗ੍ਰਿਫਤਾਰੀਆਂ ਨਾਲ ਲੋਕਾਂ ਵਿਚ ਭੜਕਾਹਟ ਪੈਦਾ ਹੋਵੇਗੀ। ਹੋ ਸਕਦਾ ਹੈ ਲੋਕੀ ਇਹਨਾਂ ਨੂੰ ਛੁਡਾਉਣ ਵਾਸਤੇ ਕੋਈ ਯਤਨ ਕਰਨ। ਉਸ ਨੇ ਉਚ ਅਧਿਕਾਰੀਆਂ ਦੀ ਇਕ ਮੀਟਿੰਗ ਬੁਲਾਈ, ਜਿਸ ਵਿਚ ਉਸ ਆਪ ਤੋਂ ਇਲਾਵਾ, ਮਿ: ਰੀਹਲ ਸੁਪਰਟੈਂਡੈਂਟ ਪੁਲੀਸ, ਮਿ: ਪਲੂਮਾਰ ਡੀ. ਐਸ. ਪੀ. ਸ਼ਹਿਰ ਦੀਆਂ ਫੌਜਾਂ ਦਾ ਕਮਾਂਡਰ ਕੈਪਟਨ ਮੈਸੇ ਅਤੇ ਸਿਵਲ ਸਰਜਨ ਕਰਨਲ ਹੈਨਰੀ ਸਮਿਥ ਸ਼ਾਮਲ ਹੋਏ।

ਉੱਥੇ ਉਹਨਾਂ ਨੇ ਡਾ: ਕਿਚਲੂ ਤੇ ਡਾ: ਸਤਿਆਪਾਲ ਨੂੰ ਡਿਪਟੀ ਕਮਿਸ਼ਨਰ ਦੇ



Sri Satguru Jagjit Singh Ji eLibrary NamdhariElibrary@gmail.com

ਬੰਗਲੇ ਤੇ ਸੱਦ ਕੇ ਗ੍ਰਿਫ਼ਤਾਰ ਕਰ ਲੈਣ ਅਤੇ ਪਹਿਲਾਂ ਤੋਂ ਤਿਆਰ ਪੁਲੀਸ ਦੀ ਕਾਰ ਵਿਚ ਫੌਰੀ ਤੌਰ ਤੇ ਧਰਮਸਾਲਾ ਭੇਜਣ ਅਤੇ ਨਾਲ ਸ਼ਿਕਾਰੀ ਪਾਰਟੀ ਦੇ ਰੂਪ ਵਿਚ ਫੌਜੀਆਂ ਦੀ ਇਕ ਕਾਰ ਘੱਲਣ ਦਾ ਫੈਸਲਾ ਲਿਆ।

ਨਾਲ ਹੀ ਅੰਗਰੇਜ਼ਾਂ ਦੇ ਘਰਾਂ, ਸਰਕਾਰੀ ਅਫਸਰਾਂ ਦੀਆਂ ਕੋਠੀਆਂ ਅਤੇ ਦਫਤਰਾਂ ਦੀ ਰਾਖੀ ਲਈ ਫੌਜਾਂ ਦੀਆਂ ਪਿਕਟਾਂ ਲਾਉਣ ਦੀ ਵਿਉਂਤ ਵੀ ਬਣਾਈ ਗਈ। ਰਾਮ ਬਾਗ ਨੂੰ ਫੌਜ ਦਾ ਤੇ ਕੋਤਵਾਲੀ ਨੂੰ ਪੁਲੀਸ ਦਾ ਹੈਡ ਕੁਆਟਰ ਬਣਾਇਆ ਗਿਆ। ਤਿੰਨਾਂ ਅੰਗਰੇਜ਼ ਮਨਿਸਟਰਾਂ ਨੂੰ ਹੁਕਮ ਦਿੱਤਾ ਗਿਆ ਕਿ ਉਹ ਸਵੇਰ ਵੇਲੇ ਤਿੰਨਾਂ ਰੇਲਵੇ ਦੇ ਪੁਲਾਂ ਦਾ ਚਾਰਜ ਸੰਭਾਲ ਲੈਣ ਅਤੇ ਪੰਜਾਂ ਤੋਂ ਵਧ ਲੋਕਾਂ ਨੂੰ ਪੁਲ ਨਾ ਪਾਰ ਕਰਨ ਦੇਣ। ਹਰ ਕਿਸਮ ਦੇ ਜਲੂਸ ਤੇ ਮੁਜ਼ਾਹਰੇ ਨੂੰ ਖਿੰਡਾ ਦਿੱਤਾ ਜਾਵੇ, ਭਾਵੇਂ ਉਸ ਲਈ ਫੌਜੀ ਤਾਕਤ ਵਰਤਣ ਦੀ ਵੀ ਲੋੜ ਪਵੇ।

10 ਅਪਰੈਲ ਦੀ ਸਵੇਰ ਨੂੰ ਡਾਕਟਰ ਸਤਿਆਪਾਲ ਤੇ ਡਾਕਟਰ ਕਿਚਲੂ ਆਪਣੇ ਕੁਝ ਦੋਸਤਾਂ ਸਮੇਤ ਡਿਪਟੀ ਕਮਿਸ਼ਨਰ ਦੇ ਬੰਗਲੇ ਤੇ ਪਹੁੰਚੇ। ਕੁਝ ਚਿਰ ਉਹਨਾਂ ਨੂੰ ਬਾਹਰ ਲੱਗੇ ਤੰਬੂ ਵਿਚ ਬਿਠਾਇਆ ਗਿਆ। ਫਿਰ ਅੰਦਰ ਸੱਦ ਕੇ ਗ੍ਰਿਫਤਾਰੀ ਤੇ ਜਲਾਵਤਨੀ ਦੇ ਵਾਰੰਟਾਂ ਤੇ ਤਾਮੀਲ ਕਰਵਾਈ ਗਈ। ਉਹਨਾਂ ਨੂੰ ਫੌਰੀ ਤੌਰ ਤੇ ਕਾਰਾਂ ਰਾਹੀਂ ਧਰਮਸਾਲਾ ਵਲ ਤੋਰ ਦਿੱਤਾ ਗਿਆ। ਉਹਨਾਂ ਨਾਲ ਆਏ ਦੋਸਤਾਂ ਨੂੰ ਵੀ ਅੱਧਾ ਘੰਟਾ ਰੋਕੀ ਰੱਖਿਆ ਤਾਕਿ ਕਾਰਾਂ ਦੂਰ ਨਿਕਲ ਜਾਣ ਅਤੇ ਸ਼ਹਿਰ ਵਿਚ ਲੋਕਾਂ ਨੂੰ ਦੇਰ ਬਾਦ ਪਤਾ ਲੱਗੇ।

ਸਰ ਮਾਈਕਲ ਉਡਵਾਇਰ ਨੇ ਨਾ ਕੇਵਲ ਇਹਨਾਂ ਦੋਂਹ ਲੀਡਰਾਂ ਦੀ ਗ੍ਰਿਫਤਾਰੀ ਅਤੇ ਜਲਾਵਤਨੀ ਦੇ ਹੀ ਆਦੇਸ਼ ਜਾਰੀ ਕੀਤੇ, ਬਲਕਿ ਗਾਂਧੀ ਜੀ ਨੂੰ ਵੀ ਹੱਥ ਪਾਇਆ।

ਗਾਂਧੀ ਜੀ 10 ਅਪਰੈਲ ਨੂੰ ਪੰਜਾਬ ਆ ਰਹੇ ਸਨ। ਕੋਸੀ ਦੇ ਸਟੇਸ਼ਨ ਉੱਤੇ ਗੱਡੀ ਵਿਚ ਹੀ ਉਹਨਾਂ ਤੇ ਇਕ ਹੁਕਮ ਤੇ ਤਾਮੀਲ ਕਰਵਾਈ ਗਈ। ਉਹ ਹੁਕਮ ਇਹ ਸੀ —

ਲਾਹੌਰ 9-4-1919

ਸਥਾਨਕ ਸਰਕਾਰ ਦੀ ਰਾਏ ਵਿਚ, ਜਿਸ ਕੋਲ ਇਹ ਵਿਸ਼ਵਾਸ ਕਰਨ ਲਈ ਮੁਨਾਸਿਬ ਵਜੂਹਾਤ ਹਨ, ਕਿ ਮੋਹਨ ਦਾਸ ਕਰਮ ਚੰਦ ਗਾਂਧੀ ਪੁੱਤਰ...ਵਾਸੀ ਪਿੰਡ ਰਾਜ ਕੋਟ, ਕਾਠੀਆਵਾੜ, ਬੰਬਈ ਪ੍ਰੈਜ਼ੀਡੈਂਸੀ, ਲੋਕ ਰੱਖਿਆ ਨੂੰ ਹਾਨੀ ਪਹੁੰਚਾਉਣ ਵਾਲੀਆਂ ਕਾਰਵਾਈਆਂ ਕਰ ਰਿਹਾ ਹੈ, ਲੈਫਟੀਨੈਂਟ ਗਵਰਨਰ, ਗਵਰਨਰ ਜਨਰਲ ਇਨ ਕੌਂਸਲ ਦੀ ਪਹਿਲਾਂ ਲਈ ਮੰਨਜ਼ੂਰੀ ਦੇ ਅਧੀਨ ਮ. ਕ. ਗਾਂਧੀ ਨੂੰ ਆਦੇਸ਼ ਜਾਰੀ ਕਰਦਾ ਹੈ ਕਿ ਉਹ ਬੰਬਈ ਨੂੰ ਵਾਪਸ ਮੁੜ ਜਾਏ ਅਤੇ ਹੋਰ ਆਦੇਸ਼ ਤੀਕਰ ਬੰਬਈ ਪ੍ਰੈਜ਼ੀਡੈਂਸੀ ਦੀਆਂ ਹੱਦਾਂ ਅੰਦਰ ਹੀ ਰਹੇ।"

ਹਿਜ਼ ਆਨਰ ਲੈਫਟੀਨੈਂਟ ਗਵਰਨਰ ਪੰਜਾਬ
ਦੇ ਆਦੇਸ਼ ਨਾਲ — ਅਸਗਰ ਅਲੀ
ਐਡੀਸ਼ਨਲ ਸੈਕਰੇਟਰੀ



Sri Satguru Jagjit Singh Ji eLibrary NamdhariElibrary@gmail.com

ਜਿਸ ਅਫਸਰ ਨੇ ਹੁਕਮ ਦੀ ਤਾਮੀਲ ਕਰਵਾਈ, ਉਸ ਦਾ ਵਤੀਰਾ ਬੜਾ ਨਰਮੀ ਵਾਲਾ ਸੀ। ਉਹਨਾਂ ਨੇ ਯਕੀਨ ਦੁਆਇਆ ਕਿ ਜੇ ਉਹਨਾਂ ਨੇ ਹੁਕਮ ਨੂੰ ਨਾ ਮੰਨਣਾ ਚੁਣਿਆ ਤਾਂ ਇਹ ਉਹਦੀ ਬੜੀ ਦਰਦਨਾਕ ਡਿਊਟੀ ਹੋਵੇਗੀ ਕਿ ਉਹ ਉਹਨਾਂ ਨੂੰ ਗ੍ਰਿਫਤਾਰ ਕਰ ਲਏ। ਪਰ ਉਹਨਾਂ ਵਿਚਕਾਰ ਕੋਈ ਤਲਖੀ ਦਾ ਵਾਤਾਵਰਣ ਨਹੀਂ ਸੀ। ਗਾਂਧੀ ਜੀ ਨੇ ਮੁਸਕਰਾਉਂਦੇ ਹੋਏ ਆਖਿਆ :

"ਕਿ ਹੁਕਮ ਨੂੰ ਨਾ ਮੰਨਣਾ ਉਹਨਾਂ ਦੀ ਡਿਊਟੀ ਹੈ ਅਤੇ ਅਫਸਰ ਨੂੰ ਉਹ ਕਰਨਾ ਚਾਹੀਦਾ ਹੈ, ਜੋ ਉਸ ਦੀ ਡਿਊਟੀ ਹੈ।"

ਗਾਂਧੀ ਜੀ ਨੇ ਉਸ ਹੁਕਮ ਉੱਤੇ ਲਿਖ ਦਿੱਤਾ :

"ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਮੈਂ ਇਸ ਦਿੱਤੇ ਜਾ ਰਹੇ ਹੁਕਮ ਦੀ ਪਾਲਣਾ ਨਹੀਂ ਕਰ ਸਕਾਂਗਾ।"

ਮ. ਕ. ਗਾਂਧੀ 10 ਅਪਰੈਲ 1919

ਜਦ ਗੱਡੀ ਪੰਜਾਬ ਦੀ ਸੀਮਾ ਅੰਦਰ ਪਲਵਲ ਦੇ ਸਟੇਸ਼ਨ ਤੇ ਪਹੁੰਚੀ ਤਾਂ ਗਾਂਧੀ ਜੀ ਨੂੰ ਗ੍ਰਿਫਤਾਰ ਕਰ ਕੇ ਗੱਡੀ ਤੋਂ ਉਤਾਰ ਲਿਆ ਗਿਆ। ਆਪ ਨੇ ਪਰੋਟੈਸਟ ਕਰਦਿਆਂ ਹੋਇਆਂ ਆਖਿਆ :

"ਮੈਂ ਤਾਂ ਪੰਜਾਬ ਨੂੰ ਉਹਨਾਂ ਵਲੋਂ ਜ਼ੋਰਦਾਰ ਸੱਦਾ ਪੱਤਰ ਤੇ ਜਾ ਰਿਹਾ ਸਾਂ, ਬੇਚੈਨੀ ਵਧਾਉਣ ਲਈ ਨਹੀਂ ਸਗੋਂ ਇਹਨੂੰ ਘਟਾਉਣ ਵਾਸਤੇ।"

ਮ. ਕ. ਗਾਂਧੀ, ਪਲਵਲ, 10 ਅਪਰੈਲ 1919

ਗਾਂਧੀ ਜੀ ਨੂੰ ਦੂਸਰੀ ਗੱਡੀ ਰਾਹੀਂ ਵਾਪਸ ਭੇਜ ਦਿੱਤਾ ਗਿਆ।

ਡਾ: ਸਤਿਆਪਾਲ ਤੇ ਡਾ: ਕਿਚਲੂ ਦੀ ਗ੍ਰਿਫਤਾਰੀ ਦੇ ਨਾਲ ਨਾਲ ਹੀ ਗਾਂਧੀ ਜੀ ਦੀ ਵਾਪਸੀ ਦੀ ਖ਼ਬਰ ਅੰਮ੍ਰਿਤਸਰ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ। ਲੋਕ ਆਪਣੇ ਲੀਡਰਾਂ ਦੀ ਗ੍ਰਿਫਤਾਰੀ ਤੇ ਰੋਹ ਵਿਚ ਸਨ।

ਗਿਆਰਾਂ ਵਜੇ ਤੀਕਰ ਹਜ਼ਾਰਾਂ ਲੋਕ ਐਚਸਿਨ ਪਾਰਕ ਵਿਚ ਇਕੱਠੇ ਹੋਣੇ ਸ਼ੁਰੂ ਹੋ ਗਏ। ਉਥੋਂ ਇਕ ਜਲੂਸ ਦੀ ਸ਼ਕਲ ਵਿਚ ਡਿਪਟੀ ਕਮਿਸ਼ਨਰ ਦੀ ਕੋਠੀ ਵਲ ਤੁਰੇ, ਤਾ ਕਿ ਆਪਣੇ ਲੀਡਰਾਂ ਦੀ ਰਿਹਾਈ ਦਾ ਮੁਤਾਲਬਾ ਕੀਤਾ ਜਾਏ।

ਜਲੂਸ ਨੂੰ ਹਾਲ ਗੇਟ ਦੇ ਪੁਲ ਤੇ ਰੋਕਿਆ ਗਿਆ। ਗੋਰੇ ਫੌਜੀਆਂ ਦੀ ਪਿਕਟ ਜੋ ਪੁਲ ਤੇ ਅਸਿਸਟੈਂਟ ਕਮਿਸ਼ਨਰ ਮਿ: ਬੈਕਟ ਦੀ ਸਰਦਾਰੀ ਹੇਠ ਜਲੂਸ ਨੂੰ ਅਗਾਂਹ ਵਧਣ ਤੋਂ ਰੋਕ ਰਹੀ ਸੀ, ਉਹਨਾਂ ਵਿਚੋਂ ਇਕ ਨੇ ਪੁਰ ਅਮਨ ਜਲੂਸ ਤੇ ਫਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ, ਜਿਸ ਤੇ ਲੋਕਾਂ ਨੂੰ ਵੀ ਗੁੱਸਾ ਆ ਗਿਆ। ਉਹਨਾਂ ਵੀ ਜੋ ਹੱਥ ਆਇਆ ਰੋੜੇ, ਪੱਥਰ ਦੀ ਵਰਖਾ ਸ਼ੁਰੂ ਕਰ ਦਿੱਤੀ। ਪਿਕਟ ਪੁਲ ਛੱਡ ਕੇ ਦੌੜ ਗਈ। ਜਲੂਸ ਪੁਲ ਨੂੰ ਪਾਰ ਕਰ ਗਿਆ।

ਐਨੇ ਚਿਰ ਨੂੰ ਐਕਸਟਰਾ ਅਸਿਸਟੈਂਟ ਕਮਿਸ਼ਨਰ ਮਿ: ਐਫ. ਏ. ਕੋਨੂਰ ਵੀ ਪਹੁੰਚ ਗਿਆ। ਉਸ ਨੇ ਪਿਕਟ ਦੇ ਕਮਾਂਡਰ ਲੈਫਟੀਨੈਂਟ ਡਿੱਕੀ ਨੂੰ ਆਖਿਆ ਕਿ ਉਹ ਡਟ ਕੇ ਗੋਲੀ ਚਲਾਵੇ। ਉਸ ਨੇ ਦੋਂਹ ਘੋੜ ਸੁਆਰਾਂ ਨੂੰ ਇਕ ਓਟੇ ਓਹਲੇ



Sri Satguru Jagjit Singh Ji eLibrary NamdhariElibrary@gmail.com

ਖੜੋ ਕੇ ਗੋਲੀ ਚਲਾਉਣ ਦਾ ਹੁਕਮ ਦਿੱਤਾ। ਏਨੇ ਚਿਰ ਨੂੰ ਮਿਸਟਰ ਪਲੋਮਰ ਡੀ. ਐਸ. ਪੀ. 30 ਹਥਿਆਰਬੰਦ ਪੁਲੀਸਮੈਨ ਅਤੇ ਸਮਾਰਸੈਟ ਲਾਈਟ ਇਨਫੈਂਟਰੀ ਦੇ ਫੌਜੀਆਂ ਦੀਆਂ ਦੋ ਗੱਡੀਆਂ ਲੈ ਕੇ ਆ ਗਿਆ।

ਮਿ: ਇਰਵਿੰਗ ਡਿਪਟੀ ਕਮਿਸ਼ਨਰ ਵੀ ਉੱਥੇ ਪਹੁੰਚ ਗਿਆ। ਲੋਕਾਂ ਤੇ ਉਹਨਾਂ ਵਿਚਕਾਰ 40 ਗਜ਼ ਦੀ ਵਿੱਥ ਸੀ। ਇਕ ਅੰਗਰੇਜ਼ ਅਧਿਕਾਰੀ ਦੀ ਆਪਣੀ ਰੀਪੋਰਟ ਦੇ ਮੁਤਾਬਿਕ :

"ਐਨ. ਸੀ. ਓ. ਐਨ ਕਮਾਂਡ ਨੇ ਆਰਡਰ ਦੇ ਦਿੱਤਾ ਅਤੇ ਇਨਫੈਂਟਰੀ ਨੇ ਫਾਇਰ ਖੋਲ੍ਹ ਦਿੱਤਾ। ਹਜੂਮ ਦੀਆਂ ਅਗਲੀਆਂ ਕਤਾਰਾਂ ਵਿਚੋਂ ਆਦਮੀ ਡਿੱਗਣੇ ਸ਼ੁਰੂ ਹੋ ਗਏ। ਦਸ — ਬਾਰਾਂ — ਵੀਹ — ਤੀਹ।"

ਉਸ ਮੌਕੇ ਤੇ 22 ਹਿੰਦੁਸਤਾਨੀ ਸ਼ਹਾਦਤ ਦਾ ਜਾਮ ਪੀ ਗਏ। ਜ਼ਖਮੀਆਂ ਦੀ ਕੋਈ ਗਿਣਤੀ ਨਹੀਂ ਸੀ। ਆਪਣੇ ਲੀਡਰਾਂ ਦੀ ਰਿਹਾਈ ਦੀ ਮੰਗ ਕਰਨ ਗਏ ਪੁਰ ਅਮਨ ਲੋਕਾਂ ਨਾਲ ਅੰਗਰੇਜ਼ ਅਧਿਕਾਰੀਆਂ ਦੇ ਇਸ ਸਲੂਕ ਤੋਂ ਲੋਕਾਂ ਵਿਚ ਰੋਹ ਤੇ ਗੁੱਸੇ ਦੀ ਲਹਿਰ ਦੌੜ ਗਈ ਸੀ।

ਦੋ ਬੈਰਿਸਟਰਾਂ, ਮਿ: ਗੁਰਦਿਆਲ ਸਿੰਘ ਸਾਲਾਰੀਆ ਅਤੇ ਮਕਬੂਲ ਮਹਿਮੂਦ ਦੇ ਆਖੇ ਲੋਕੀ ਵਾਪਸ ਮੁੜ ਪਏ। ਉਹਨਾਂ ਦੇ ਮੋਢਿਆਂ ਤੇ ਆਪਣੇ ਸਾਥੀਆਂ ਦੀਆਂ ਲਾਸ਼ਾਂ ਸਨ।

ਇਹ ਫਾਇਰਿੰਗ ਬਿਲਕੁਲ ਬੇਲੋੜੀ ਅਤੇ ਸਿਰਫ ਰੋਹਬ ਪਾਉਣ ਲਈ ਕੀਤੀ ਗਈ ਸੀ।

ਹੁਣ ਡਿਪਟੀ ਕਮਿਸ਼ਨਰ ਦੇ ਬੰਗਲੇ ਵਲ ਜਾਣ ਦੀ ਬਜਾਏ ਲੋਕੀ ਸ਼ਹਿਰ ਵਲ ਤੇ ਰੇਲਵੇ ਸਟੇਸ਼ਨ ਵਲ ਹੋ ਤੁਰੇ। ਛੇਤੀ ਹੀ ਸ਼ਹਿਰ ਵਿਚੋਂ ਅੰਗਰੇਜ਼ਾਂ ਤੇ ਹਮਲਿਆਂ ਦੀਆਂ ਖ਼ਬਰਾਂ ਸ਼ੁਰੂ ਹੋ ਗਈਆਂ।

ਜਨਾਨਾ ਹਸਪਤਾਲ ਦੀ ਇਕ ਅੰਗਰੇਜ਼ ਡਾਕਟਰ ਮਿਸਜ਼ ਈਸਾਬਲ ਮੈਰੀ ਈਸਡਨ ਨੇ ਫਾਇਰਿੰਗ ਬਾਰੇ ਜਦੋਂ ਇਹ ਰੀਮਾਰਕ ਦਿੱਤੇ ਕਿ ਇਹਨਾਂ ਲੋਕਾਂ ਨਾਲ ਇਸ ਤਰ੍ਹਾਂ ਹੀ ਹੋਣੀ ਚਾਹੀਦੀ ਸੀ, ਤਾਂ ਲੋਕ ਉਹਦੇ ਮਗਰ ਪੈ ਗਏ। ਉਹ ਕੋਠੇ ਦੀ ਛੱਤ ਉੱਤੋਂ ਦੌੜ ਕੇ ਕਿਸੇ ਹੋਰ ਦੇ ਘਰ ਜਾ ਲੁਕੀ। ਅਤੇ ਕਪਬੋਰਡ ਵਿਚ ਲੁਕ ਕੇ ਬਚੀ। ਇਸੇ ਤਰ੍ਹਾਂ ਇਕ ਹੋਰ ਅੰਗਰੇਜ਼ ਮਿਸ਼ਨਰੀ ਔਰਤ ਮਿਸਜ਼ ਮਰਸਿਲਾ ਸ਼ੇਰਵੁਡ, ਜਦ ਉਹ ਆਪਣੇ ਸਾਈਕਲ ਤੇ ਜਾ ਰਹੀ ਸੀ, ਕੂਚਾ ਕੌੜਿਆਂ ਵਾਲਾ ਕੋਲ ਕਿਸੇ ਨੇ ਲਾਠੀ ਮਾਰ ਕੇ ਥੱਲੇ ਸੁੱਟ ਦਿੱਤੀ। ਇਕ ਹਿੰਦੁਸਤਾਨੀ ਨੇ ਹੀ ਉਹਨੂੰ ਨਾਲੀ ਵਿਚ ਡਿੱਗੀ ਪਈ ਨੂੰ ਚੁੱਕ ਕੇ ਆਪਣੇ ਘਰ ਅੰਦਰ ਲਿਆਂਦਾ ਤੇ ਉਹਦੀ ਜਾਨ ਬਚਾਈ। (ਬਾਅਦ ਵਿਚ ਇਸ ਇਸਤਰੀ ਨੇ ਜਨਰਲ ਡਾਇਰ ਦੀ ਹਮਾਇਤ ਲੈਣ ਵਾਸਤੇ ਬੜੇ ਬਿਆਨ ਦਿੱਤੇ)

ਗੁੱਸੇ ਵਿਚ ਆਏ ਲੋਕਾਂ ਨੇ ਨੈਸ਼ਨਲ ਬੈਂਕ ਨੂੰ ਅੱਗ ਲਾ ਦਿੱਤੀ। ਉਸ ਦੇ ਮੈਨੇਜਰ ਸਟੀਊਰਟ ਤੇ ਅਸਿਸਟੈਂਟ ਮੈਨੇਜਰ ਸਕਾਟ ਨੂੰ ਮਾਰ ਦਿੱਤਾ।

ਅਲਾਇੰਸ ਬੈਂਕ ਦਾ ਮੈਨੇਜਰ ਵੀ ਬਾਲਕੋਨੀ ਉੱਤੋਂ ਲੰਘਦੇ ਹਜੂਮ ਨੂੰ ਵੇਖ



Sri Satguru Jagjit Singh Ji eLibrary NamdhariElibrary@gmail.com

ਰਿਹਾ ਸੀ। ਲੋਕਾਂ ਮਿੱਟੀ ਦਾ ਤੇਲ ਪਾ ਕੇ ਬੈਂਕ ਨੂੰ ਅੱਗ ਲਾ ਦਿੱਤੀ। ਉਹਨੇ ਲੋਕਾਂ ਤੇ ਰੀਵਾਲਵਰ ਨਾਲ ਫਾਇਰ ਕੀਤੇ, ਆਪ ਉੱਤੋਂ ਛਾਲ ਮਾਰੀ, ਬਲਦੀ ਅੱਗ ਵਿਚ ਡਿੱਗਾ ਤੇ ਸੜ ਗਿਆ।

ਚਾਰਟਰਡ ਬੈਂਕ ਦਾ ਮੈਨੇਜਰ ਜੇ. ਵੀ. ਕਾਮਸਨ ਅਤੇ ਉਸ ਦਾ ਅਸਿਸਟੈਂਟ, ਉਸ ਦੇ ਕਲਰਕਾਂ ਨੇ ਕਿਤੇ ਲਕੋਏ ਜਿਹਨਾਂ ਨੂੰ ਪਿੱਛੋਂ ਕੋਤਵਾਲੀ ਦੀ ਪੁਲੀਸ ਆ ਕੇ ਸੁਰੱਖਿਅਤ ਥਾਂ ਤੇ ਲੈ ਗਈ।

ਇਸੇ ਤਰ੍ਹਾਂ ਹੀ ਮਿਲਟਰੀ ਵਰਕਸ ਦੇ ਇਕ ਅਲੈਕਟਰੀਸ਼ਨ ਸਾਰਜੰਟ ਰੋਲੈਂਡ ਅਤੇ ਰੇਲਵੇ ਦੇ ਇਕ ਗਾਰਡ ਰਾਬਿਨਸਨ ਨੂੰ ਵੀ ਮਾਰ ਦਿੱਤਾ ਗਿਆ।

ਰਿਲੀਜਸ ਬੁੱਕ ਸੁਸਾਇਟੀ ਦੇ ਦਫਤਰ, ਇਕ ਗਿਰਜੇ, ਇਕ ਸਕੂਲ ਅਤੇ ਤਿੰਨ ਡਾਕਖਾਨਿਆਂ ਨੂੰ ਵੀ ਅੱਗ ਲਾਈ ਗਈ। ਤਾਰ ਘਰ ਦੇ ਬਾਹਰ, ਲੋਕਾਂ ਦੇ ਇਕ ਇਕੱਠ ਤੇ ਫੌਜ ਵਲੋਂ ਗੋਲੀ ਚਲਾਈ ਗਈ।

10 ਅਪਰੈਲ ਨੂੰ ਪੰਜ ਅੰਗਰੇਜ਼ ਮਰੇ, 22 ਹਿੰਦੁਸਤਾਨੀ ਸ਼ਹੀਦ ਅਤੇ ਅਨੇਕਾਂ ਜ਼ਖਮੀ ਹੋਏ।

ਲੋਕਾਂ ਤੇ ਕੀਤੀ ਗਈ ਫਾਇਰਿੰਗ ਬਾਰੇ ਗੁਰਦਿਆਲ ਸਿੰਘ ਸਾਲਾਰੀਆ ਨੇ ਆਖਿਆ —

"ਲੋਕੀ ਵਾਪਸ ਜਾਣ ਨੂੰ ਮੰਨਦੇ ਸਨ ਜੇ ਉਹਨਾਂ ਨੂੰ ਪਹਿਲਾਂ ਗੋਲੀ ਨਾਲ ਮਰਿਆਂ ਦੀਆਂ ਲਾਸ਼ਾਂ ਦੇ ਦਿੱਤੀਆਂ ਜਾਂਦੀਆਂ।"

ਮਕਬੂਲ ਮਹਿਮੂਦ ਹੋਰਾਂ ਵੀ ਇਕ ਬਿਆਨ ਵਿਚ ਕਿਹਾ :

"ਪਹਿਲੀਆਂ ਕੁਝ ਗੋਲੀਆਂ ਚੱਲਣ ਤੋਂ ਬਾਦ ਹੀ ਲੋਕੀ ਪਿਛਾਂਹ ਵਲ ਮੁੜਨਾ ਸ਼ੁਰੂ ਹੋ ਗਏ ਸਨ, ਪਰ ਉਹਨਾਂ ਦੇ ਪਿਛਾਂਹ ਹੁੰਦਿਆਂ ਤੇ ਵੀ ਗੋਲੀ ਚਲਾਈ ਗਈ। ਕਈਆਂ ਦੀ ਪਿੱਠ ਵਿਚ ਗੋਲੀਆਂ ਵੱਜੀਆਂ, ਪਰ ਬਹੁਤਿਆਂ ਦੇ ਛਾਤੀਆਂ ਵਿਚ, ਚਿਹਰੇ ਤੇ ਜਾਂ ਸਿਰ ਵਿਚ। ਇਹ ਫਾਇਰਿੰਗ ਬਿਲਕੁਲ ਬੇਲੋੜੀ ਸੀ। ਲੋਕਾਂ ਦੇ ਇਕੱਠ ਨੂੰ ਬਿਨਾਂ ਫਾਇਰਿੰਗ ਤੋਂ ਵੀ ਖਿੰਡਾਇਆ ਜਾ ਸਕਦਾ ਸੀ।" ਉਹਨਾਂ ਇਹ ਵੀ ਦੱਸਿਆ —

"ਕਿ ਮਰਨ ਵਾਲੇ ਹਿੰਦੂ ਮੁਸਲਮਾਨ ਦੀ ਜੈ" ਕਹਿੰਦੇ ਹੋਏ ਸ਼ਹੀਦ ਹੋਏ।

ਇਕ ਸੋਲ੍ਹਾਂ ਜਾਂ ਸਤਾਰਾਂ ਸਾਲ ਦਾ ਨੌਜਵਾਨ, ਜਿਸ ਦੇ ਗੋਲੀ ਵੱਜੀ ਹੋਈ ਸੀ ਅਤੇ ਜ਼ਖਮਾਂ ਵਿਚੋਂ ਖੂਨ ਦੀ ਧਾਰ ਚਲ ਰਹੀ ਸੀ। ਜਦ ਮੈਂ, ਡਾਕਟਰ ਸਾਲਾਰੀਆ ਅਤੇ ਡਾ: ਧਨਪਤ ਰਾਏ ਨੇ ਉਸ ਕੋਲ ਪਹੁੰਚ ਕੀਤੀ, ਉਸ ਕਿਹਾ :

"ਮੈਂ ਮਰ ਰਿਹਾ ਹਾਂ, ਮੇਰੇ ਬਾਰੇ ਕੋਈ ਤਕਲੀਫ ਨਾ ਕਰੋ, ਹੋਰਨਾਂ ਭਰਾਵਾਂ ਨੂੰ ਸੰਭਾਲੋ।" ਅਤੇ ਹਿੰਦੂ ਮੁਸਲਮਾਨ ਕੀ ਜੈ" ਕਹਿ ਕੇ ਉਹ ਸਦਾ ਲਈ ਚੁੱਪ ਹੋ ਗਿਆ।

(ਕਾਂਗਰਸ ਸਬ ਕਮੇਟੀ ਦੀ ਰੀਪੋਰਟ)

ਲਾ-ਮਿਸਾਲ ਕੁਰਬਾਨੀਆਂ ਦੀਆਂ ਅਨੇਕਾਂ ਕਹਾਣੀਆਂ ਸੁਣਨ ਵਿਚ ਆਈਆਂ।

ਇਧਰ ਸ਼ਹੀਦਾਂ ਦੇ ਖੂਨ ਨਾਲ ਧਰਤੀ ਰੰਗੀ ਜਾ ਰਹੀ ਸੀ, ਉਧਰ ਸਾਰੀ ਸਿਵਲ ਲਾਈਨਜ਼ ਖਾਲੀ ਹੋ ਰਹੀ ਸੀ। ਸਭ ਅੰਗਰੇਜ਼ ਪਰਿਵਾਰਾਂ ਨੂੰ ਕੱਢ ਕੇ ਗੋਬਿੰਦ ਗੜ੍ਹ



Sri Satguru Jagjit Singh Ji eLibrary NamdhariElibrary@gmail.com

ਦੇ ਕਿਲ੍ਹੇ ਵਿਚ ਲਿਆਂਦਾ ਜਾ ਰਿਹਾ ਸੀ । ਜਿੱਥੇ ਉਹਨਾਂ ਦੀ ਰਾਖੀ ਲਈ ਪੂਰਾ ਫੌਜੀ ਪ੍ਰਬੰਧ ਕੀਤਾ ਗਿਆ । ਕਿਲ੍ਹੇ ਵਿਚ ਕੱਟੇ ਇਹਨਾਂ ਦਿਨਾਂ ਬਾਰੇ ਕਈਆਂ ਨੇ ਬਲੈਕਵੁਡ ਮੈਗਜ਼ੀਨ ਵਿਚ ਅਜੀਬ ਅਜੀਬ ਕਹਾਣੀਆਂ ਲਿਖੀਆਂ ।

ਸ਼ਾਮ ਦੇ ਪੰਜ ਵਜੇ ਲਾਹੌਰ ਤੋਂ ਕਮਿਸ਼ਨਰ ਕਿਚਨ ਤੇ ਪੁਲੀਸ ਦਾ ਡੀ. ਆਈ. ਜੀ. ਵੀ ਪਹੁੰਚ ਗਿਆ । ਪਿਸ਼ਾਵਰ ਨੂੰ ਜਾਂਦੇ ਹੋਏ 19 ਗੋਰਖਾ ਦੇ 260 ਫੌਜੀ ਵੀ ਉੱਥੇ ਡੱਕ ਲਏ । ਰਾਤ ਨੂੰ ਗਿਆਰਾਂ ਵਜੇ ਫੌਜ ਦੀ ਇਕ ਹੋਰ ਗੱਡੀ ਆ ਗਈ ਜਿਸ ਵਿਚ 175 ਬਲੋਚੀ ਅਤੇ 125 ਰਾਇਲ ਸਾਸੈਕਸ ਰਜਮੰਟ ਦੇ ਸਿਪਾਹੀ ਸਨ । ਮੇਜਰ ਮੈਕਡਾਨਲਡ ਇਹਨਾਂ ਦਾ ਕਮਾਂਡਰ ਸੀ । ਇਹਨਾਂ ਦੇ ਆਉਣ ਨਾਲ ਹਾਕਮਾਂ ਨੂੰ ਕੁਝ ਹੌਂਸਲਾ ਹੋਇਆ । ਵਰਨਾ ਪਹਿਲਾਂ ਉਹਨਾਂ ਵਿਚ ਕਾਫੀ ਘਬਰਾਹਟ ਸੀ । ਕਮਿਸ਼ਨਰ ਕਿਚਨ ਦੇ ਬਿਆਨ ਮੁਤਾਬਿਕ —

"ਸਾਨੂੰ ਇਉਂ ਲੱਗਦਾ ਸੀ ਕਿ ਸਿਰਫ ਅਸੀਂ ਹੀ ਗੋਰੇ ਆਦਮੀ ਹਿੰਦੁਸਤਾਨ ਵਿਚ ਬਾਕੀ ਰਹਿ ਗਏ ਹਾਂ ।"

(1924)

ਬ੍ਰਗੇਡੀਅਰ ਜਨਰਲ ਡਾਇਰ ਉਹਨੀਂ ਦਿਨੀਂ ਜਲੰਧਰ ਬ੍ਰਗੇਡ ਦਾ ਕਮਾਂਡਰ ਸੀ । ਲਾਹੌਰ ਦੇ ਡਿਵੀਜ਼ਨਲ ਕਮਾਂਡਰ ਜਨਰਲ ਸਰ ਵਿਲੀਅਮ ਬੇਨਨ ਵਲੋਂ ਮਦਦ ਲਈ ਤਾਰ ਆਉਣ ਉੱਤੇ ਉਸ ਨੇ ਮੇਜਰ ਐਫ. ਏ. ਐਸ. ਕਲਾਰਕ ਦੀ ਕਮਾਂਡ ਹੇਠ ਇਕ ਬਟਾ ਪੰਜੀ ਰਜਮੈਂਟ ਦੇ ਸੌ ਗੋਰੇ ਅਤੇ ਦੋ ਸੌ ਹਿੰਦੁਸਤਾਨੀ ਫੌਜੀ ਸਿਪਾਹੀ (ਕਿਹਾ ਉਸ ਨੂੰ ਸਿਰਫ 100 ਭੇਜਣ ਲਈ ਸੀ) ਅੰਮ੍ਰਿਤਸਰ ਭੇਜ ਦਿੱਤੇ, ਜੋ ਗਿਆਰਾਂ ਅਪਰੈਲ ਦੀ ਸਵੇਰ ਨੂੰ ਪੰਜ ਵਜੇ ਗੱਡੀ ਰਾਹੀਂ ਅੰਮ੍ਰਿਤਸਰ ਪਹੁੰਚੇ । ਕਲਾਰਕ ਉਹਨਾਂ ਫੌਜੀਆਂ ਨੂੰ ਮੇਜਰ ਮੈਕਡਾਨਲਡ ਦੇ ਹਵਾਲੇ ਕਰ ਕੇ ਵਾਪਸ ਆ ਗਿਆ ।

ਦਸ ਅਪਰੈਲ ਦੀ ਰਾਤ ਬਿਲਕੁਲ ਚੁੱਪ ਚਾਪ ਗੁਜ਼ਰੀ ਸੀ । ਗਿਆਰਾਂ ਅਪਰੈਲ ਨੂੰ ਵੀ ਕੋਈ ਗੜਬੜ ਨਹੀਂ ਸੀ । ਡਿਪਟੀ ਕਮਿਸ਼ਨਰ ਇਰਵਿੰਗ ਬਾਕਾਇਦਾ ਦਫਤਰ ਗਿਆ । ਉਸ ਨੂੰ ਵਕੀਲਾਂ ਦਾ ਇਕ ਡੇਪੂਟੇਸ਼ਨ ਮਿਲਿਆ, ਜਿਹਨਾਂ ਨੇ ਮੰਗ ਕੀਤੀ ਕਿ ਕੱਲ੍ਹ ਦੀ ਗੋਲੀ ਨਾਲ ਮਰੇ ਸ਼ਹੀਦਾਂ ਦੀਆਂ ਲਾਸ਼ਾਂ ਸਾੜਨ ਦੀ ਆਗਿਆ ਦਿੱਤੀ ਜਾਵੇ, ਪਰ ਡਿਪਟੀ ਕਮਿਸ਼ਨਰ ਦੇ ਨਾਂਹ ਕਰ ਦੇਣ ਤੇ ਲਾਸ਼ਾਂ ਨੂੰ ਥੋਹੜੀ ਗਿਣਤੀ ਨਾਲ ਲਿਜਾ ਕੇ ਹੀ ਅੱਗ ਦੀ ਭੇਂਟ ਕੀਤਾ ਗਿਆ ।

ਲੋਕਾਂ ਵਿਚ ਕਾਫੀ ਬੇਚੈਨੀ ਸੀ । ਪਰ ਉਹਨਾਂ ਵਲੋਂ ਕਿਸੇ ਕਿਸਮ ਦਾ ਹੰਗਾਮਾ ਕਰਨ ਤੋਂ ਪ੍ਰਹੇਜ਼ ਕੀਤਾ ਗਿਆ । ਸ਼ਹਿਰ ਤੋਂ ਬਾਹਰ ਕੁਝ ਹੋਰ ਥਾਵਾਂ ਤੇ ਤਾਰਾਂ ਕੱਟਣ, ਪਟੜੀਆਂ ਉਖੇੜਨ, ਤੇ ਸਟੇਸ਼ਨ ਸਾੜਨ ਦੀਆਂ ਖ਼ਬਰਾਂ ਆਈਆਂ ਪਰ ਸ਼ਹਿਰ ਬਿਲਕੁਲ ਸ਼ਾਂਤ ਸੀ । ਦੁਪਹਿਰ ਵੇਲੇ ਫੌਜ ਨੇ ਸ਼ਹਿਰ ਵਿਚ ਮਾਰਚ ਕੀਤਾ । ਇਕ ਐਲਾਨ ਵੀ ਛਾਪਿਆ ਗਿਆ —

"ਫੌਜ ਨੂੰ ਹੁਕਮ ਦਿੱਤਾ ਗਿਆ ਹੈ ਕਿ ਉਹ ਅੰਮ੍ਰਿਤਸਰ ਵਿਚ ਅਮਨ ਬਹਾਲ ਕਰਨ ਲਈ ਲੋੜੀਂਦੀ ਸ਼ਕਤੀ ਦਾ ਇਸਤੇਮਾਲ ਕਰੇ । ਲੋਕਾਂ ਦਾ ਕੋਈ ਇਕੱਠ ਜਾਂ ਕਿਸੇ ਪ੍ਰਕਾਰ ਦੇ ਜਲੂਸ ਦੀ ਅਜਾਜ਼ਤ ਨਹੀਂ ਹੋਵੇਗੀ । ਚਹੁੰ ਤੋਂ ਵਧ ਟੋਲੀ ਦੀ



Sri Satguru Jagjit Singh Ji eLibrary NamdhariElibrary@gmail.com

ਸ਼ਕਲ ਵਿਚ ਸ਼ਹਿਰ ਛੱਡਣ ਵਾਲਿਆਂ ਉੱਤੇ ਗੋਲੀ ਚਲਾਈ ਜਾਵੇਗੀ। ਸ਼ਰੀਫ ਲੋਕਾਂ ਨੂੰ ਦਰਵਾਜ਼ੇ ਅੰਦਰ ਰਹਿਣਾ ਚਾਹੀਦਾ ਹੈ।"

ਖਾਲਸਾ ਕਾਲਜ ਦੇ ਪ੍ਰਿੰਸੀਪਲ ਨੇ ਵੀ ਆਪਣੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਲੋਕਾਂ ਨੂੰ ਖ਼ਬਰਦਾਰ ਕਰਨ। ਅੰਮ੍ਰਿਤਸਰ ਨੂੰ ਆਉਣ ਲਈ ਤੀਜੇ ਦਰਜੇ ਦੇ ਰੇਲ ਦੇ ਟਿਕਟ ਵੀ ਬੰਦ ਕਰ ਦਿੱਤੇ ਗਏ।

ਰੇਲਵੇ ਲਾਈਨ ਦੇ ਨਾਲ ਨਾਲ ਪਿੰਡਾਂ ਦੇ ਨੰਬਰਦਾਰਾਂ ਨੂੰ ਇਸ ਦੀ ਰਾਖੀ ਲਈ ਆਦੇਸ਼ ਜਾਰੀ ਕਰ ਦਿੱਤੇ ਗਏ।

11 ਅਪਰੈਲ ਦੀ ਰਾਤ ਨੂੰ ਸਤਿਆਗ੍ਰਹਿ ਕਮੇਟੀ ਦੇ ਸਕੱਤਰ ਡਾ: ਬਸ਼ੀਰ ਦੇ ਘਰ ਮੀਟਿੰਗ ਹੋਈ। ਜਿਸ ਵਿਚ ਇਹ ਮੰਗ ਕੀਤੀ ਗਈ ਕਿ ਸਰਕਾਰ 10 ਅਪਰੈਲ ਨੂੰ ਚੱਲੀ ਗੋਲੀ ਦੀ ਪੜਤਾਲ ਕਰਵਾਵੇ ਅਤੇ ਤਦ ਤੀਕਰ ਹੜਤਾਲ ਕੀਤੀ ਜਾਵੇ।

11 ਅਪਰੈਲ ਦੀ ਰਾਤ ਨੂੰ ਹੀ ਕਮਿਸ਼ਨਰ ਕਿਚਨ ਲਾਹੌਰ ਗਿਆ। ਉਸ ਨੇ ਲੈਫਟੀਨੈਂਟ ਗਵਰਨਰ ਸਰ ਮਾਈਕਲ ਉਡਵਾਇਰ ਨਾਲ ਅੱਗੋਂ ਕੀ ਕਰਨਾ ਹੈ, ਬਾਰੇ ਸਲਾਹ ਮਸ਼ਵਰਾ ਕੀਤਾ।

11 ਅਪਰੈਲ ਦੀ ਰਾਤ ਨੂੰ ਹੀ ਬ੍ਰਗੇਡੀਅਰ ਜਨਰਲ ਡਾਇਰ ਆਪਣੇ ਦੋ ਸਟਾਫ ਅਫਸਰਾਂ, ਕਪਤਾਨ ਬ੍ਰਿਗਜ਼ ਅਤੇ ਕਪਤਾਨ ਬਸਤਾਕ ਨਾਲ ਜਲੰਧਰ ਤੋਂ ਕਾਰ ਰਾਹੀਂ ਅੰਮ੍ਰਿਤਸਰ ਪਹੁੰਚ ਗਿਆ।

ਸ਼ਹਿਰ ਅਮਲੀ ਤੌਰ ਤੇ ਮਿਲਟਰੀ ਦੇ ਹਵਾਲੇ ਸੀ। ਡਾਇਰ ਕੋਲ ਵਰਤਣ ਵਾਸਤੇ 475 ਗੋਰੇ, ਅਤੇ 710 ਹਿੰਦੁਸਤਾਨੀ ਫ਼ੌਜੀ ਸਿਪਾਹੀ ਸਨ। ਉਸ ਨੇ ਜਾਂਦੇ ਨੇ ਹੀ ਰੇਲਵੇ ਸਟੇਸ਼ਨ ਤੇ ਇਕ ਡੱਬੇ ਵਿਚ ਪਹਿਲਾਂ ਤੋਂ ਮੌਜੂਦ ਅਫਸਰਾਂ ਨਾਲ ਕਾਨਫਰੰਸ ਕੀਤੀ। ਗ਼ੈਰ-ਸਰਕਾਰੀ ਤੌਰ ਤੇ ਉਹ ਅੰਮ੍ਰਿਤਸਰ ਦਾ ਰੱਬ ਬਣ ਚੁੱਕਾ ਸੀ। ਮਾਰਸ਼ਲ ਲਾਅ ਦਾ ਐਲਾਨ ਹੋਏ ਤੋਂ ਬਿਨਾਂ ਹੀ ਉਹਨੇ ਸਿਵਲ ਹਾਕਮਾਂ ਤੋਂ ਸਾਰਾ ਚਾਰਜ ਸੰਭਾਲ ਲਿਆ। ਅੱਧੀ ਰਾਤ ਨੂੰ ਉਹ ਫ਼ੌਜੀ ਦਸਤਾ ਲੈ ਕੇ ਕੋਤਵਾਲੀ ਗਿਆ। ਸਾਰਾ ਸ਼ਹਿਰ ਘੂਕ ਸੁੱਤਾ ਪਿਆ ਸੀ। ਉਸ ਨੇ ਉਥੋਂ ਮੁਖੀ ਆਗੂਆਂ ਦੀ ਫ਼ਹਿਰਿਸਤ ਲਈ। ਉਹ ਲਹਿਰ ਦੇ ਉਤੇ ਪੂਰੇ ਹਮਲੇ ਦੀ ਤਿਆਰੀ ਕਰਦਾ ਰਿਹਾ। ਡਿਪਟੀ ਕਮਿਸ਼ਨਰ ਨੇ ਉਹਨੂੰ ਆਉਂਦੇ ਨੂੰ ਹੀ ਦੱਸ ਦਿਤਾ ਸੀ ਕਿ ਸ਼ਹਿਰ ਉਹਦੇ ਕੰਟਰੋਲ ਤੋਂ ਬਾਹਰ ਹੈ। ਇਥੇ 1857 ਦੇ ਗ਼ਦਰ ਵਰਗੇ ਹਾਲਾਤ ਹਨ।

ਸਵੇਰ ਵੇਲੇ ਲਾਹੌਰ ਤੋਂ ਇਕ ਹਵਾਈ ਜਹਾਜ਼ ਉਸ ਲਈ ਭੇਜਿਆ ਗਿਆ। ਜਿਸ ਵਿਚ ਬੈਠ ਕੇ ਉਸ ਨੇ ਸ਼ਹਿਰ ਉਤੋਂ ਦੀ ਉਡਾਣ ਲਾਈ। ਕਿਹਾ ਜਾਂਦਾ ਹੈ ਕਿ ਕਰਨਲ ਸਮਿਥ ਵਰਗੇ ਕੁਝ ਅੰਗਰੇਜ਼ ਅਫਸਰ ਸ਼ਹਿਰ 'ਤੇ ਬੰਬਾਰੀ ਕਰਨ ਦਾ ਮਸ਼ਵਰਾ ਵੀ ਦੇ ਰਹੇ ਸਨ। ਡਾਇਰ ਨੇ ਵੀ ਦੇਖਿਆ ਕਿ ਸ਼ਹਿਰ ਵਿਚ ਮੁਕੰਮਲ ਖ਼ਾਮੋਸ਼ੀ ਸੀ। ਸਾਰਾ ਸ਼ਹਿਰ ਬੰਦ ਸੀ।

ਦਸ ਵਜੇ ਉਹ ਫੇਰ 125 ਗੋਰੇ ਅਤੇ 310 ਹਿੰਦੁਸਤਾਨੀ ਫ਼ੌਜੀ ਸਿਪਾਹੀ ਅਤੇ ਦੋ ਹਥਿਆਰਬੰਦ ਕਾਰਾਂ ਲੈ ਕੇ ਸ਼ਹਿਰ ਦੀ ਗਸ਼ਤ 'ਤੇ ਨਿਕਲਿਆ। ਕਿਤੇ ਕਿਤੇ ਲੋਕ ਇਕੱਠਾਂ ਵਿਚ ਖੜ੍ਹੇ ਸਨ। ਸੁਲਤਾਨਵਿੰਡ ਗੇਟ ਕੋਲ ਬਹੁਤ ਵੱਡਾ ਇਕੱਠ ਹੋ ਗਿਆ।



Sri Satguru Jagjit Singh Ji eLibrary NamdhariElibrary@gmail.com

ਲੋਕਾਂ ਨੇ ਨਾਹਰੇ ਲਗਾਏ। ਕਿਹਾ ਜਾਂਦਾ ਹੈ ਕਿ ਕੁਝ ਨੇ ਗੋਰਿਆਂ ਵੱਲ ਦੇਖ ਕੇ ਥੁੱਕਿਆ ਵੀ। ਪਹਿਲਾਂ ਤਾਂ ਉਸ ਨੇ ਗੋਲੀ ਚਲਾਉਣ ਲਈ ਸੋਚਿਆ, ਪਰ ਫੇਰ ਕੁਝ ਝਕ ਗਿਆ। ਲੋਕ "ਹਿੰਦੂ ਮੁਸਲਮਾਨ ਦੀ ਜੈ" ਦੇ ਨਾਹਰੇ ਲਾਉਂਦੇ ਰਹੇ। ਉਸ ਵਾਪਸ ਆਉਂਦੇ ਨੇ ਹੀ ਇਕ ਹੋਰ ਹੁਕਮ ਕੱਢਿਆ :

"ਅੰਮ੍ਰਿਤਸਰ ਦੇ ਵਸਨੀਕਾਂ ਨੂੰ ਖ਼ਬਰਦਾਰ ਕੀਤਾ ਜਾਂਦਾ ਹੈ ਕਿ ਜੇ ਉਹਨਾਂ ਨੇ ਅੰਮ੍ਰਿਤਸਰ ਵਿਚ ਕੋਈ ਹਿੰਸਾਤਮਕ ਕਾਰਵਾਈ ਕੀਤੀ, ਜਾਂ ਕਿਸੇ ਜਾਇਦਾਦ ਨੂੰ ਕੋਈ ਨੁਕਸਾਨ ਪਹੁੰਚਾਇਆ, ਜਾਂ ਇਹ ਕਾਰਵਾਈ ਕਰਨ ਲਈ ਪਰੇਰਿਆ ਤਾਂ ਦੋਸ਼ੀਆਂ ਨੂੰ ਮਾਰਸ਼ਲ-ਲਾ ਦੇ ਤਹਿਤ ਸਜ਼ਾ ਦਿੱਤੀ ਜਾਏਗੀ।"

"ਸਾਰੀਆਂ ਮੀਟਿੰਗਾਂ ਅਤੇ ਇਕੱਠਾਂ ਦੀ ਮਨਾਹੀ ਕੀਤੀ ਜਾਂਦੀ ਹੈ, ਅਤੇ ਉਹਨਾਂ ਨੂੰ ਮਾਰਸ਼ਲ-ਲਾ ਦੇ ਤਹਿਤ ਫੌਰੀ ਤੌਰ ਤੇ ਖਿੰਡਾ ਦਿੱਤਾ ਜਾਵੇਗਾ।"

(ਦਸਖ਼ਤ ਐਫ. ਸੀ. ਬਰਿਗਜ਼ ਕੈਪਟਨ ਬ੍ਰਗੇਡ ਮੇਜਰ)

ਉਸ ਦਿਨ ਹੀ ਮੁਖੀ ਆਗੂਆਂ ਵਿਚੋਂ ਦੀਨਾ ਨਾਥ ਤੇ ਬੱਗੇ ਸਮੇਤ 12 ਲੀਡਰਾਂ ਦੀਆਂ ਗ੍ਰਿਫ਼ਤਾਰੀਆਂ ਹੋਈਆਂ। ਸਿਵਾਏ ਇਕ ਪਬਲਿਕ ਜਲਸੇ ਤੋਂ ਜਿਸ ਵਿਚ ਇਹਨਾਂ ਗ੍ਰਿਫ਼ਤਾਰੀਆਂ ਵਿਰੁੱਧ ਪਰੋਟੈਸਟ ਕੀਤਾ ਗਿਆ ਅਤੇ ਇਹਨਾਂ ਦੀ ਰਿਹਾਈ ਦੀ ਮੰਗ ਕੀਤੀ ਗਈ। ਇਹ ਜਲਸਾ ਵੀ ਹਿੰਦੂ ਸਭਾ ਦੇ ਸਕੂਲ ਵਿਚ ਕੀਤਾ ਗਿਆ। ਬਾਕੀ ਸਾਰੇ ਸ਼ਹਿਰ ਵਿਚ ਸ਼ਾਂਤੀ ਰਹੀ।

ਸੂਬੇ ਦੇ ਹੋਰਨਾਂ ਸ਼ਹਿਰਾਂ ਵਿਚੋਂ ਇਸ ਦਿਨ ਵੀ ਕਾਫ਼ੀ ਗੜਬੜ, ਹੜਤਾਲਾਂ, ਫਾਇਰਿੰਗ ਅਤੇ ਸਟੇਸ਼ਨ ਸਾੜਨ ਦੀਆਂ ਖ਼ਬਰਾਂ ਮਿਲਦੀਆਂ ਰਹੀਆਂ।

## ਖ਼ੂਨੀ ਵਿਸਾਖੀ ਦਾ ਦਿਨ

13 ਅਪਰੈਲ 1919 ਨੂੰ ਐਤਵਾਰ ਦਾ ਦਿਨ ਸੀ। 10 ਅਪਰੈਲ ਨੂੰ ਚੱਲੀ ਗੋਲੀ ਤੋਂ ਬਾਅਦ ਸ਼ਹਿਰ ਵਿਚ ਮੁਕੰਮਲ ਹੜਤਾਲ ਸੀ। ਸਭ ਸਰਕਾਰੀ ਇਮਾਰਤਾਂ ਤੇ ਫ਼ੌਜ ਦੀਆਂ ਪਿਕਟਾਂ ਸਨ। ਭਾਵੇਂ ਅੰਮ੍ਰਿਤਸਰ ਵਿਚ ਅੰਗਰੇਜ਼ੀ ਸਰਕਾਰ ਵਲੋਂ ਕੀਤੇ ਜਾ ਰਹੇ ਜ਼ੁਲਮ ਤੇ ਤਸ਼ੱਦਦ ਦੀਆਂ ਖ਼ਬਰਾਂ ਸਾਰੇ ਪਹੁੰਚ ਰਹੀਆਂ ਸਨ, ਫਿਰ ਵੀ ਸਦਾ ਵਾਂਗੂ ਪਿੰਡਾਂ ਅਤੇ ਆਲੇ-ਦੁਆਲੇ ਤੋਂ ਹਜ਼ਾਰਾਂ ਲੋਕ ਵਹੀਰਾਂ ਘੱਤੀ ਅੰਮ੍ਰਿਤਸਰ ਵਿਸਾਖੀ ਦਾ ਪੁਰਬ ਮਨਾਉਣ ਆ ਰਹੇ ਸਨ।

ਜਨਰਲ ਡਾਇਰ ਨੇ ਸਰਕਾਰੀ ਤਾਕਤ ਦੀ ਪ੍ਰਦਰਸ਼ਨੀ ਕਰਨ ਲਈ ਸਵੇਰ ਵੇਲੇ ਇਕ ਜਲੂਸ ਦਾ ਪ੍ਰਬੰਧ ਕੀਤਾ।

ਸਭ ਤੋਂ ਅੱਗੇ ਚਿੱਟੇ ਘੋੜੇ ਤੇ ਅਸ਼ਰਫ਼ ਖਾਂ, ਸਿਟੀ ਇਨਸਪੈਕਟਰ ਆਫ ਪੁਲੀਸ ਅਤੇ ਉਸ ਨਾਲ ਠਾਣੇਦਾਰ ਉਬੈਦਉਲਾ ਸਨ। ਫਿਰ ਮਲਕ ਫਤਿਹ ਖਾਂ ਨਾਇਬ ਤਸੀਲਦਾਰ, ਨਾਲ ਟਾਂਗੇ ਤੇ ਢੋਲ ਵਾਲਾ।

ਉਸ ਤੋਂ ਪਿਛੋਂ ਗੋਰੀ ਫ਼ੌਜ ਪੈਦਲ। ਬਾਅਦ ਵਿਚ ਦੋ ਕਾਰਾਂ। ਇਕ ਵਿਚ ਜਨਰਲ ਡਾਇਰ ਤੇ ਡਿਪਟੀ ਕਮਿਸ਼ਨਰ ਇਰਵਿੰਗ। ਦੂਸਰੀ ਵਿਚ ਐਸ. ਪੀ. ਰੀਹਲ



Sri Satguru Jagjit Singh Ji eLibrary NamdhariElibrary@gmail.com

ਤੇ ਡੀ. ਐਸ. ਪੀ. ਪਲੋਮਰ । ਫੇਰ ਬਾਕੀ ਦੀ ਫ਼ੋਜ ।

ਡਾਇਰ ਦੇ ਆਪਣੇ ਕਹਿਣ ਦੇ ਮੁਤਾਬਿਕ, ਇਸ ਜਲੂਸ ਨੇ ਰੇਲਵੇ ਪੁਲ, ਹਾਲ ਗੇਟ, ਹਾਲ ਬਾਜ਼ਾਰ, ਪੋਸਟ ਆਫ਼ਿਸ, ਚੌਂਕ ਮਜੀਠ ਮੰਡੀ, ਚੌਂਕ ਬਾਗ ਝੰਡਾ ਸਿੰਘ, ਚੌਂਕ ਨਿਮਕ ਮੰਡੀ, ਚੌਂਕ ਕਟੜਾ ਕਰਮ ਸਿੰਘ, ਭਗਤਾਂ ਗੇਟ, ਖ਼ਜ਼ਾਨਾ ਗੇਟ, ਲਾਹੌਰੀ ਗੇਟ, ਲੋਹਗੜ੍ਹ ਗੇਟ, ਹਾਥੀ ਗੇਟ ਆਦਿ 19 ਥਾਵਾਂ ਤੇ ਸਟਾਪ ਕੀਤਾ ਅਤੇ ਸਰਕਾਰੀ ਐਲਾਨ ਦੀ ਮੁਨਾਦੀ ਕੀਤੀ । ਸਰਕਾਰੀ ਐਲਾਨ ਇਹ ਸੀ :

"ਹਰ ਖ਼ਾਸ ਤੇ ਆਮ ਲਈ ਐਲਾਨ ਕੀਤਾ ਜਾਂਦਾ ਹੈ ਕਿ ਸ਼ਹਿਰ ਵਿਚ ਰਹਿ ਰਹੇ ਕਿਸੇ ਵੀ ਵਿਅਕਤੀ ਨੂੰ ਆਪਣੀ ਕਾਰ ਜਾਂ ਕਿਰਾਏ ਦੀ ਸੁਆਰੀ, ਜਾਂ ਪੈਦਲ ਸ਼ਹਿਰ ਛੱਡਣ ਦੀ ਆਗਿਆ ਨਹੀਂ, ਹੇਠ ਲਿਖੇ ਅਫਸਰਾਂ ਵਿਚੋਂ ਕਿਸੇ ਇਕ ਤੋਂ ਪਾਸ ਲਏ ਬਿਨਾਂ । (ਫਿਰ ਉਹਨਾਂ ਅਫਸਰਾਂ ਦੇ ਨਾਮ ਦਿੱਤੇ ਹੋਏ ਸਨ ਜਿਹਨਾਂ ਤੋਂ ਪਾਸ ਲਏ ਜਾ ਸਕਦੇ ਸਨ) ।

ਅੰਮ੍ਰਿਤਸਰ ਵਿਚ ਰਹਿਣ ਵਾਲਾ ਕੋਈ ਵਿਅਕਤੀ ਰਾਤ ਨੂੰ ਅੱਠ ਵਜੇ ਤੋਂ ਬਾਦ ਆਪਣੇ ਘਰ ਤੋਂ ਬਾਹਰ ਨਹੀਂ ਨਿਕਲ ਸਕਦਾ ।

ਕੋਈ ਵਿਅਕਤੀ ਜੋ ਅੱਠ ਵਜੇ ਤੋਂ ਬਾਦ ਗਲੀ ਵਿਚ ਨਿਕਲੇਗਾ, ਉਸ ਨੂੰ ਗੋਲੀ ਮਾਰ ਦਿੱਤੀ ਜਾਵੇਗੀ ।

ਸ਼ਹਿਰ ਦੀਆਂ ਸੜਕਾਂ ਜਾਂ ਸ਼ਹਿਰ ਦੇ ਕਿਸੇ ਵੀ ਹਿੱਸੇ ਵਿਚ ਜਾਂ ਇਸ ਦੇ ਬਾਹਰ, ਕਿਸੇ ਵਕਤ ਵੀ ਕਿਸੇ ਕਿਸਮ ਦਾ ਜਲੂਸ ਕੱਢਣ ਦੀ ਆਗਿਆ ਨਹੀਂ ।

ਅਜਿਹਾ ਕੋਈ ਜਲੂਸ ਜਾਂ ਚਹੁੰ ਆਦਮੀਆਂ ਦਾ ਕੋਈ ਇਕੱਠ ਗ਼ੈਰ-ਕਾਨੂੰਨੀ ਅਸੰਬਲੀ ਦੇ ਤੌਰ ਤੇ ਲਿਆ ਜਾਵੇਗਾ ਅਤੇ ਇਵੇਂ ਹੀ ਨਜਿੱਠਿਆ ਜਾਵੇਗਾ, ਜੇ ਲੋੜ ਪਈ ਤਾਂ ਹਥਿਆਰਾਂ ਦੀ ਤਾਕਤ ਨਾਲ ਖਿੰਡਾ ਦਿੱਤਾ ਜਾਵੇਗਾ ।

ਸਵਿਨਸਨ ਦੇ ਕਹਿਣ ਮੁਤਾਬਿਕ :

"ਇਹ ਐਲਾਨਨਾਮਾ ਕਿੰਨਿਆਂ ਕੁ ਲੋਕਾਂ ਨੇ ਸੁਣਿਆ ਇਹ ਕਹਿਣਾ ਅਸੰਭਵ ਹੈ । ਦਰਬਾਰ ਸਾਹਿਬ ਤੋਂ ਅੱਗੇ ਸ਼ਹਿਰ ਦਾ ਦੱਖਣੀ ਹਿੱਸਾ ਬਿਲਕੁਲ ਅਣਛੋਹਿਆ ਰਿਹਾ ।"

ਇਕ ਪਾਸੇ ਇਹ ਜਲੂਸ ਨਿਕਲਦਾ ਰਿਹਾ, ਦੂਜੇ ਪਾਸੇ ਕੁਝ ਨਿਡਰ ਨੌਜਵਾਨ ਜਲ੍ਹਿਆਂ ਵਾਲੇ ਬਾਗ ਵਿਚ ਹੋਣ ਵਾਲੀ ਮੀਟਿੰਗ ਦੀ ਮੁਨਾਦੀ ਕਰਦੇ ਰਹੇ । ਲੋਕਾਂ ਵਿਚ ਸਰਕਾਰੀ ਤਸ਼ੱਦਦ ਵਿਰੁਧ ਰੋਸ ਤੇ ਜੋਸ਼ ਦੋਨੋਂ ਸਨ ।

ਡਾਇਰ ਨੂੰ ਇਕ ਵਜੇ ਹੀ ਖ਼ਬਰ ਮਿਲ ਗਈ ਸੀ ਕਿ ਇਹ ਮੀਟਿੰਗ ਹੋ ਰਹੀ ਹੈ ।

ਉਧਰੋਂ ਡਾਇਰ ਤੇ ਉਸ ਦੀ ਫੌਜ ਗਸ਼ਤ ਕਰ ਕੇ ਵਾਪਸ ਰਾਮ ਬਾਗ ਪਹੁੰਚ ਗਈ ਤੇ ਉਧਰ ਜਲ੍ਹਿਆਂ ਵਾਲੇ ਬਾਗ ਵਲ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਇਕੱਠੇ ਹੋਣੇ ਸ਼ੁਰੂ ਹੋ ਗਏ ।

4 ਵਜੇ ਦੇ ਲਗ ਭਗ ਮੀਟਿੰਗ ਦੀ ਕਾਰਵਾਈ ਸ਼ੁਰੂ ਹੋਈ । ਹੰਸ ਰਾਜ ਨੇ ਪ੍ਰਧਾਨਗੀ ਲਈ ਡਾ: ਕਿਚਲੂ ਦੀ ਤਸਵੀਰ ਕੁਰਸੀ ਤੇ ਰੱਖੀ ਅਤੇ ਆਪਣੀ ਤਕਰੀਰ ਵਿਚ ਦੱਸਿਆ ਕਿ ਕਿਵੇਂ ਦਸ ਤਾਰੀਖ ਨੂੰ ਆਪਣੇ ਲੀਡਰਾਂ ਦੀ ਰਿਹਾਈ ਦੀ ਮੰਗ ਕਰਨ



Sri Satguru Jagjit Singh Ji eLibrary NamdhariElibrary@gmail.com

ਗਏ ਲੋਕਾਂ ਤੇ ਗੋਲੀ ਚਲਾਈ ਗਈ। ਇਕ ਮਤਾ ਪਾਸ ਕਰਨ ਲਈ ਵੀ ਕਿਹਾ ਗਿਆ, ਜਿਸ ਵਿਚ ਰੋਲਟ ਐਕਟ ਨੂੰ ਰੱਦ ਕਰ ਦੇਣ ਦੀ ਮੰਗ ਸੀ।

ਗੋਪੀ ਨਾਥ ਨੇ ਇਕ ਕਵਿਤਾ ਪੜ੍ਹੀ। ਮੁੱਖ ਵਕਤਾ ਲਾਲਾ ਘਨ੍ਹਈਆ ਲਾਲ ਵਕੀਲ ਸਨ।

ਇਧਰ ਬੜੀ ਸ਼ਾਂਤੀ ਨਾਲ ਮੀਟਿੰਗ ਦੀ ਕਾਰਵਾਈ ਚਲ ਰਹੀ ਸੀ, ਉਧਰ ਉੱਤੇ ਹਵਾਈ ਜਹਾਜ਼ ਨੇ ਘੁੰਮਣਾ ਸ਼ੁਰੂ ਕਰ ਦਿੱਤਾ।

ਚਾਰ ਵਜੇ ਡਾਇਰ ਨੂੰ ਮੀਟਿੰਗ ਦੀ ਪੱਕੀ ਖ਼ਬਰ ਮਿਲ ਗਈ। ਐਸ. ਪੀ. ਰੀਹਲ ਨੇ ਉਸ ਨੂੰ ਦੱਸਿਆ ਕਿ ਮੀਟਿੰਗ ਹੋ ਰਹੀ ਹੈ ਅਤੇ ਕਰਾਊਨ ਸਿਨੇਮਾ ਦਾ ਮੈਨੇਜਰ ਭੇਸ ਬਦਲ ਕੇ ਸ਼ਹਿਰ ਤੋਂ ਇਹ ਖ਼ਬਰ ਦੇਣ ਆਇਆ ਹੈ।

ਡਾਇਰ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ। ਉਸ ਨੇ ਉਸੇ ਵੇਲੇ ਹੀ ਮੇਜਰ ਇੰਸਕਿਪ ਤੇ ਦੋ ਹੋਰ ਅਫਸਰਾਂ ਨੂੰ ਬੁਲਾਇਆ ਅਤੇ ਫੌਜ ਦੀ ਤਿਆਰੀ ਦਾ ਹੁਕਮ ਦਿੱਤਾ।

ਉਹ ਆਪਣੀ ਤਾਕਤ ਦਾ ਮੁਜ਼ਾਹਰਾ ਕਰਨਾ ਚਾਹੁੰਦਾ ਸੀ। ਉਹ ਹਿੰਦੁਸਤਾਨੀ ਲੋਕਾਂ ਦੇ ਜਜ਼ਬਾਤ ਨੂੰ ਕੁਚਲਣਾ ਤੇ ਆਪਣੀ ਬਰਤਰੀ ਦਾ ਸਿੱਕਾ ਬਿਠਾਉਣਾ ਚਾਹੁੰਦਾ ਸੀ। ਅੱਜ ਉਹਨੇ ਆਪਣੇ ਹੱਥ ਮੌਕਾ ਆਇਆ ਸਮਝ ਲਿਆ। ਉਸ ਨੇ ਲੋਕਾਂ ਨੂੰ ਸਬਕ ਸਿਖਾਉਣ ਦਾ ਮਨ ਬਣਾ ਲਿਆ।

ਉਸ ਦੇ ਅਫਸਰਾਂ ਨੂੰ ਵੀ ਬੜੀ ਹੈਰਾਨੀ ਹੋਈ ਜਦੋਂ ਉਸ ਨੇ ਦੱਸਿਆ ਕਿ ਉਹ ਉਹਦੇ ਨਾਲ ਨਹੀਂ ਜਾਣਗੇ। ਜੇ ਉਥੇ ਕੁਝ ਕਰਨਾ ਹੋਇਆ, ਉਸ ਨੇ ਕਿਹਾ "ਉਹ ਇਕੱਲਾ ਹੀ ਕਰੇਗਾ।"

ਉਸ ਦੀ ਜੀਵਨੀ ਲਿਖਣ ਵਾਲੇ ਕਾਲਵਿਨ ਨੇ ਲਿਖਿਆ ਹੈ :

"ਕਿਸਮਤ ਦਾ ਇਹ ਅਚਾਨਕ ਤੋਹਫਾ, ਹੁਕਮ ਅਦੂਲੀ ਕਰ ਰਹੇ ਬਾਗ਼ੀਆਂ ਦਾ ਐਡੀ ਖੁੱਲ੍ਹੀ ਥਾਂ ਤੇ ਐਡਾ ਇਕੱਠ ਇਸ ਨੇ ਇਸ ਨੂੰ ਅੱਜ ਅਜਿਹਾ ਮੌਕਾ ਦਿੱਤਾ ਸੀ, ਜਿਸ ਦੀ ਉਸ ਨੂੰ ਆਸ ਨਹੀਂ ਸੀ। ਇਸ ਨਾਲ ਉਸ ਨੂੰ ਖੁਸ਼ੀ ਸੀ ਕਿ ਉਹਦੇ ਵੈਰੀ ਹੁਣ ਉਸ ਦੀ ਤਲਵਾਰ ਦੀ ਮਾਰ ਹੇਠ ਹਨ। ਉਹ ਉਹਨਾਂ ਨਾਲ ਜੋ ਚਾਹੇ ਕਰ ਸਕਦਾ ਹੈ। ਦੁਸ਼ਮਣਾਂ ਨੇ ਇਕ ਜ਼ਬਰਦਸਤ ਗ਼ਲਤੀ ਕਰ ਲਈ ਹੈ। ਜਿਵੇਂ ਕਿ ਡਨਬਾਰ ਤੇ ਕਰਾਮਵੇਲ ਨੇ ਕਿਹਾ ਸੀ :

"ਈਸ਼ਵਰ ਨੇ ਆਪ ਉਹਨਾਂ ਨੂੰ ਮੇਰੇ ਹੱਥਾਂ ਵਿਚ ਦੇ ਦਿੱਤਾ ਹੈ।"

ਉਸ ਦੇ ਮਨ ਦੀ ਇਸ ਦਸ਼ਾ ਦਾ ਵਰਨਣ ਇਸ ਗੱਲ ਦਾ ਸੂਚਕ ਹੈ ਕਿ ਉਸ ਦੇ ਦਿਮਾਗ਼ ਤੇ ਪਸ਼ੂ ਰੁਚੀਆਂ ਪ੍ਰਬਲ ਹੋ ਰਹੀਆਂ ਸਨ। ਉਸ ਨੇ ਡਿਪਟੀ ਕਮਿਸ਼ਨਰ ਨੂੰ ਵੀ ਨਾ ਉਡੀਕਿਆ ਅਤੇ ਬਾਗ ਵਲ ਚੜ੍ਹਾਈ ਕਰ ਦਿੱਤੀ।

ਉਹਨਾਂ ਦੀਆਂ ਕਾਰਾਂ ਅੱਗੇ ਘੋੜ ਸੁਆਰ ਪੁਲੀਸ, ਇਕ ਕਾਰ ਵਿਚ ਉਹ ਆਪ ਤੇ ਮੇਜਰ ਬ੍ਰਿਗਜ਼, ਦੂਸਰੀ ਵਿਚ ਐਸ. ਪੀ. ਰੀਹਲ ਤੇ ਡੀ. ਐਸ. ਪੀ. ਪਲੌਮਰ ਸਨ। ਅੱਗੇ ਪਿੱਛੇ 90 ਹਥਿਆਰਬੰਦ ਫੌਜੀ ਸਿਪਾਹੀ ਅਤੇ ਮਸ਼ੀਨਗੰਨਾਂ ਵਾਲੀਆਂ ਦੋ ਹਥਿਆਰਬੰਦ ਮੋਟਰਾਂ ਉਸ ਦੇ ਨਾਲ ਸਨ।



Sri Satguru Jagjit Singh Ji eLibrary NamdhariElibrary@gmail.com

ਉਹ 5.15 ਤੇ ਬਾਗ ਵਿਚ ਪਹੁੰਚ ਗਏ। ਬਾਜ਼ਾਰ ਤੋਂ ਬਾਗ ਨੂੰ ਇਕ ਤੰਗ ਗਲੀ ਵਿਚ ਦੀ ਲੰਘਣਾ ਪੈਂਦਾ ਸੀ। ਜੋ ਸਿਰਫ ਸਾਢੇ ਸੱਤ ਫੁੱਟ ਹੀ ਚੌੜੀ ਸੀ। ਉਸ ਨੂੰ ਅਫਸੋਸ ਹੋ ਰਿਹਾ ਸੀ ਕਿ ਉਸ ਦੀਆਂ ਆਰਮਡ ਕਾਰਾਂ ਅੰਦਰ ਨਹੀਂ ਜਾ ਸਕਦੀਆਂ।

ਉਸ ਨੇ ਅੰਦਰ ਵੜਦਿਆਂ ਵੀਹ ਹਜ਼ਾਰ ਤੋਂ ਉੱਤੇ ਲੋਕਾਂ ਦਾ ਇਕੱਠ ਵੇਖਿਆ, ਜੋ ਬਹੁਤ ਸ਼ਾਂਤੀ ਨਾਲ ਪਰੋਗਰਾਮ ਸੁਣ ਰਹੇ ਸਨ। ਸਟੇਜ ਉਸ ਤੋਂ ਕੋਈ ਸੱਠ ਗਜ਼ ਤੇ ਹੋਵੇਗੀ। ਉਸ ਤੋਂ ਅੱਠ ਗਜ਼ ਤੋਂ ਲੈ ਕੇ ਦੋ ਸੌ ਗਜ਼ ਤੀਕ ਲੋਕ ਹੀ ਲੋਕ ਸਨ। ਸਟੇਜ ਤੇ ਦੁਰਗਾ ਦਾਸ, ਰਾਏ ਰਾਮ ਸਿੰਘ, ਦਾਰ ਸਿੰਘ, ਅਬਦੁਲ ਮਜੀਦ, ਹੰਸ ਰਾਜ, ਗੋਪੀ ਨਾਥ ਅਤੇ ਗੁਰਬਖਸ਼ ਰਾਏ ਆਦਿ ਬੈਠੇ ਸਨ।

ਡਾਇਰ ਨੇ 40 ਗੋਰਖੇ ਆਪਣੇ ਪਿਛਾੜੀ ਖੜ੍ਹੇ ਕਰ ਕੇ ਦੂਸਰੇ ਪੰਜਾਹ ਹਥਿਆਰਬੰਦ ਫੌਜੀ ਜੋ ਇਕ ਬਟਾ ਨੌਂ ਗੋਰਖਾ ਅਤੇ 54 ਫਰੰਟੀਅਰ ਫੋਰਸ ਨਾਲ ਸੰਬੰਧ ਰਖਦੇ ਸਨ, ਉੱਚੀ ਥਾਂ ਤੇ ਖੜ੍ਹੇ ਕਰ ਦਿੱਤੇ। ਠੀਕ 5.30 ਤੇ ਫਾਇਰ ਦਾ ਆਰਡਰ ਹੋਇਆ ਤੇ ਤੜਾ ਤੜ ਕਰ ਕੇ ਗੋਲੀ ਚਲਣੀ ਸ਼ੁਰੂ ਹੋ ਗਈ। ਦਸ ਤੋਂ ਪੰਦਰਾਂ ਮਿੰਟ ਤੀਕਰ ਗੋਲੀ ਚਲਦੀ ਰਹੀ, ਲੋਕ ਦਾਣਿਆਂ ਵਾਂਗੂ ਭੁੰਨ ਹੁੰਦੇ ਰਹੇ। ਚਹੁੰ ਪਾਸੀਂ ਤਬਾਹੀ ਮਚ ਰਹੀ ਸੀ। ਬਾਗ ਦੇ ਚਹੁੰ ਪਾਸੀਂ ਪੰਜ ਤੋਂ ਲੈ ਕੇ ਅੱਠ ਫੁੱਟ ਤੀਕਰ ਉੱਚੀਆਂ ਕੰਧਾਂ ਸਨ। ਇਕ ਦੋ ਤੰਗ ਗਲੀਆਂ ਰਾਹੀਂ ਹੀ ਬਾਹਰ ਨਿਕਲਿਆ ਜਾ ਸਕਦਾ ਸੀ। ਲੋਕ ਇਕ ਦੂਜੇ ਉੱਤੇ ਡਿੱਗ ਰਹੇ ਸਨ। ਗੋਲੀਆਂ ਦੇ ਮੂੰਹ ਬਾਹਰ ਨਿਕਲਣ ਵਾਲੇ ਰਾਹਾਂ ਤੇ ਸਭ ਤੋਂ ਵਧ ਸਨ।

ਡਾਇਰ ਨੇ ਉਦੋਂ ਬੱਸ ਕੀਤੀ ਜਦੋਂ ਉਹਦਾ ਬਾਰੂਦ ਮੁੱਕਣ ਤੇ ਆ ਗਿਆ।

ਸਰਕਾਰੀ ਰੀਪੋਰਟ ਦੇ ਮੁਤਾਬਿਕ 337 ਵਿਅਕਤੀ ਅਤੇ 41 ਬੱਚੇ ਸ਼ਹੀਦ ਹੋਏ। ਜਿਹਨਾਂ ਵਿਚ ਇਕ ਸੱਤ ਹਫਤੇ ਦਾ ਬੱਚਾ ਵੀ ਸੀ। 1500 ਤੋਂ ਉੱਤੇ ਲੋਕ ਜ਼ਖਮੀ ਹੋਏ। 1650 ਰਾਊਂਡ ਚਲਾਏ ਗਏ।

ਗੈਰ ਸਰਕਾਰੀ ਅੰਦਾਜ਼ੇ ਅਨੁਸਾਰ ਹਜ਼ਾਰ ਤੋਂ ਉੱਤੇ ਲੋਕੀ ਸ਼ਹੀਦ ਹੋਏ ਅਤੇ ਜ਼ਖਮੀ ਹੋਣ ਵਾਲਿਆਂ ਦੀ ਗਿਣਤੀ ਬਹੁਤ ਵਧੇਰੇ ਸੀ।

ਜਨਰਲ ਡਾਇਰ ਪੱਛਮੀ ਸਭਿਅਤਾ ਦੀ ਇਸ ਪ੍ਰਦਰਸ਼ਨੀ ਤੋਂ ਬਾਦ ਬੜੀ ਤਸੱਲੀ ਨਾਲ ਰਾਮ ਬਾਗ ਵਾਪਸ ਆ ਗਿਆ। ਸੂਰਜ ਡੁੱਬਣ ਵਿਚ 6 ਮਿੰਟ ਬਾਕੀ ਸਨ। ਉਹ ਨਹੀਂ ਸੀ ਜਾਣਦਾ ਕਿ ਨਿਰਦਇਤਾ ਦੇ ਇਸ ਕਾਰੇ ਨਾਲ ਉਹ ਅੰਗਰੇਜ਼ੀ ਸਾਮਰਾਜ ਦੇ ਸੂਰਜ ਡੁੱਬਣ ਦੀ ਨੀਂਹ ਰੱਖ ਆਇਆ ਹੈ।

ਬਾਗ ਵਿਚ ਲਾਸ਼ਾਂ ਤੇ ਜ਼ਖਮੀਆਂ ਦੇ ਢੇਰ ਲੱਗੇ ਹੋਏ ਸਨ। ਉਸ ਸ਼ਾਮ ਕਈਆਂ ਭੈਣਾਂ ਦੇ ਸੁਹਾਗ ਲੁੱਟੇ ਗਏ, ਕਈ ਮਾਵਾਂ ਆਪਣੇ ਪੁੱਤਰਾਂ ਤੋਂ ਵਾਂਝੀਆਂ ਹੋ ਗਈਆਂ ਅਤੇ ਕਈ ਮਾਸੂਮ ਬੱਚੇ ਆਪਣੇ ਪਿਤਾ ਦੇ ਘਰ ਆਉਣ ਦੀ ਸਦੀਵੀ ਉਡੀਕ ਲਾਹ ਬੈਠੇ।

ਸਾਰੇ ਸ਼ਹਿਰ ਉੱਤੇ ਮੌਤ ਮੰਡਲਾ ਰਹੀ ਸੀ। ਸਾਰੇ ਸ਼ਹਿਰ ਉੱਤੇ ਇਕ ਚੁੱਪ



Sri Satguru Jagjit Singh Ji eLibrary NamdhariElibrary@gmail.com

ਸਨਾਟਾ ਸੀ । ਭਾਰਤ ਦੀ ਆਜ਼ਾਦੀ ਦਾ ਇਤਿਹਾਸ ਸ਼ਹੀਦਾਂ ਦੇ ਖ਼ੂਨ ਨਾਲ ਲਿਖਿਆ ਜਾ ਰਿਹਾ ਸੀ ।

ਰਾਤ ਨੂੰ ਡਿਪਟੀ ਕਮਿਸ਼ਨਰ ਇਰਵਿੰਗ ਵੀ ਜਨਰਲ ਡਾਇਰ ਨਾਲ ਸਾਰੇ ਸ਼ਹਿਰ ਵਿਚ ਗਸ਼ਤ ਲਾਉਂਦਾ ਰਿਹਾ । ਅੱਧੀ ਰਾਤ ਨੂੰ ਉਸ ਨੇ ਕਮਿਸ਼ਨਰ ਲਾਹੌਰ ਅਤੇ ਲੈਫਟੀਨੈਂਟ ਗਵਰਨਰ ਦੇ ਨਾਮ ਚਿੱਠੀ ਲਿਖੀ —

"ਉਸ ਦਿਨ ਸਾਢੇ ਚਾਰ ਵਜੇ ਮੀਟਿੰਗ ਦਾ ਐਲਾਨ ਕੀਤਾ ਗਿਆ ਸੀ ਅਤੇ ਜਨਰਲ ਨੇ ਕਿਹਾ ਸੀ ਕਿ ਉਹ ਸੌ ਆਦਮੀਆਂ ਨਾਲ ਉਸ ਥਾਂ ਤੇ ਹਾਜ਼ਰ ਹੋਵੇਗਾ । ਮੇਰਾ ਖਿਆਲ ਨਹੀਂ ਸੀ ਕਿ ਮੀਟਿੰਗ ਹੋਵੇਗੀ, ਜੇ ਹੋਈ ਵੀ ਤਾਂ ਖਿੰਡਾ ਦਿੱਤੀ ਜਾਵੇਗੀ । ਇਸ ਲਈ ਮੈਂ ਜਨਰਲ ਨੂੰ ਆਖਿਆ ਕਿ ਮੈਨੂੰ ਖਿਮਾ ਕਰਨਾ ਕਿਉਂਕਿ ਮੈਂ ਕਿਲ੍ਹੇ ਨੂੰ ਜਾਣਾ ਚਾਹੁੰਦਾ ਸੀ ।

ਮੇਰਾ ਖਿਆਲ ਹੈ ਕਿ ਫੌਜ ਨੂੰ ਕੋਈ ਪੰਜ ਹਜ਼ਾਰ ਲੋਕਾਂ ਦੀ ਵੱਡੀ ਮੀਟਿੰਗ ਮਿਲੀ, ਜਿਸ ਤੇ ਉਹਨੇ ਬਿਨਾਂ ਵਾਰਨਿੰਗ ਦਿਤਿਆਂ ਹੀ ਗੋਲੀ ਚਲਾਈ । ਗੋਲੀ ਕੋਈ ਦਸ ਮਿੰਟ ਦੇ ਕਰੀਬ ਚਲਦੀ ਰਹੀ । ਮੈਂ ਜਨਰਲ ਦੇ ਨਾਲ ਰਾਤ ਨੂੰ ਘੁੰਮਿਆਂ । ਸਭ ਕੁਝ ਠੀਕ ਠਾਕ ਸੀ ।

ਮੈਨੂੰ ਬੜਾ ਅਫਸੋਸ ਹੈ ਕਿ ਮੈਂ ਹਾਜ਼ਰ ਨਹੀਂ ਸੀ । ਪਰ ਜਦ ਪਹਿਲਾਂ ਫ਼ੌਜ ਨਾਲ ਬਾਹਰ ਗਿਆ ਤਾਂ ਲੋਕਾਂ ਨੂੰ ਖਿੰਡਾਉਣ ਲਈ ਬਹੁਤ ਵੱਡੀ ਧੀਰਜ ਵਰਤੀ ਗਈ ਸੀ । ਮੈਨੂੰ ਬਿਲਕੁਲ ਹੀ ਇਸ ਕਿਸਮ ਦੀ ਕਾਰਵਾਈ ਕਰਨ ਦਾ ਖਿਆਲ ਨਹੀਂ ਸੀ ।"

......ਇਰਵਿੰਗ

ਡਿਪਟੀ ਕਮਿਸ਼ਨਰ ਦਾ ਇਹ ਖ਼ਤ ਖਾਲਸਾ ਕਾਲਜ ਅੰਮ੍ਰਿਤਸਰ ਦਾ ਅੰਗਰੇਜ਼ ਪ੍ਰਿੰਸੀਪਲ ਮਿ. ਵੇਥਨ ਤੇ ਇਕ ਹੋਰ ਆਈ. ਸੀ. ਐਸ. ਅਫ਼ਸਰ ਮਿ. ਜੈਕਬ ਕਾਰ ਵਿਚ ਪਹੁੰਚਾਣ ਗਏ ।

ਸਰ ਮਾਈਕਲ ਉਡਵਾਇਰ ਨੇ ਉਸੇ ਵੇਲੇ ਸ਼ਿਮਲੇ ਨੂੰ ਵਾਇਸਰਾਏ ਨੂੰ ਰੀਪੋਰਟ ਭੇਜ ਦਿੱਤੀ :

"ਕਲ੍ਹ ਅੰਮ੍ਰਿਤਸਰ ਵਿਚ ਬ੍ਰਗੇਡੀਅਰ ਜਨਰਲ ਡਾਇਰ ਅਤੇ ਡਿਪਟੀ ਕਮਿਸ਼ਨਰ ਨੇ ਸਾਰੀਆਂ ਪਬਲਿਕ ਮੀਟਿੰਗਾਂ ਦਾ ਐਲਾਨ ਪੜ੍ਹਿਆ । ਮਨਾਹੀ ਦਾ ਐਲਾਨ ਢੋਲ ਵਜਾ ਕੇ ਅਤੇ ਸ਼ਹਿਰ ਵਿਚ ਕਈ ਥਾਵਾਂ ਤੇ ਪੜ੍ਹ ਕੇ ਕੀਤਾ ਗਿਆ । ਇਸ ਦੇ ਬਾਵਜੂਦ ਵੀ ਡਿਪਟੀ ਕਮਿਸ਼ਨਰ ਦੀ ਆਸ ਦੇ ਉਲਟ 6000 ਨੇ ਇਹ ਮੀਟਿੰਗ ਅਟੈਂਡ ਕੀਤੀ । ਜਨਰਲ ਡਾਇਰ ਦੇ ਅਧੀਨ ਫ਼ੌਜ ਨੇ ਗੋਲੀ ਚਲਾਈ । ਲੱਗ ਭੱਗ ਦੋ ਸੌ ਮਰੇ । ਡੀ. ਸੀ. ਹਾਜ਼ਰ ਨਹੀਂ ਸੀ । ਮਿਲਟਰੀ ਰੀਪੋਰਟ ਹਾਲੇ ਨਹੀਂ ਆਈ ।"

14 ਅਪਰੈਲ ਨੂੰ ਡਿਵੀਜ਼ਨਲ ਕਮਾਂਡੰਗ ਅਫਸਰ ਜਨਰਲ ਬੇਨਨ ਨੂੰ ਡਾਇਰ ਦੀ ਰੀਪੋਰਟ ਵੀ ਮਿਲ ਗਈ । ਡਾਇਰ ਦੀ ਇਸ ਰੀਪੋਰਟ ਦਾ ਸਾਰਅੰਸ਼ ਹਿੰਦ ਸਰਕਾਰ ਨੂੰ ਭੇਜਿਆ ਗਿਆ ।



Sri Satguru Jagjit Singh Ji eLibrary NamdhariElibrary@gmail.com

ਜਨਰਲ ਡਾਇਰ ਨੇ ਲਿਖਿਆ :

"ਮੈਂ ਇਥੇ 11 ਤਾਰੀਖ ਦੀ ਰਾਤ ਨੂੰ ਪਹੁੰਚਿਆ ਅਤੇ ਉਸੇ ਰਾਤ ਨੂੰ ਸ਼ਹਿਰ ਦੇ ਵਿਚ ਦੀ ਸ਼ਹਿਰ ਦੇ ਇਨਚਾਰਜ ਸੁਪਰਡੈਂਟ ਪੁਲੀਸ ਤੋਂ ਰੀਪੋਰਟ ਲੈਣ ਗਿਆ ਤਾਕਿ ਜ਼ਾਤੀ ਤੌਰ ਤੇ ਜਾਣ ਸਕਾਂ ਕਿ ਉਹ ਕੀ ਕਹਿੰਦਾ ਹੈ। ਡਿਪਟੀ ਕਮਿਸ਼ਨਰ ਅਤੇ ਪੁਲੀਸ ਅਫਸਰਾਂ ਨਾਲ ਸਲਾਹ ਕਰਨ ਤੋਂ ਬਾਅਦ ਮੈਂ ਇਹ ਧਾਰ ਲਿਆ। ਵਸਨੀਕਾਂ ਨੂੰ ਇਹ ਦਿਖਾਉਣ ਦੇ ਵਿਚਾਰ ਨਾਲ ਕਿ ਮੇਰੇ ਕੋਲ ਗੁਜ਼ਾਰੇ ਯੋਗ ਤਾਕਤ ਹੈ, ਉਹਨਾਂ ਉਤੇ ਕਾਨੂੰਨ ਦੇ ਹੁਕਮ ਠੋਸਣ ਲਈ ਅਤੇ ਖਾਸ ਮੁਖੀ ਆਗੂਆਂ ਨੂੰ ਗ੍ਰਿਫਤਾਰ ਕਰਨ ਲਈ। ਇਸ ਸਭ ਤੇ 12 ਅਪਰੈਲ ਦੇ 12 ਅਤੇ 15 ਘੰਟਿਆਂ ਦੇ ਵਿਚਕਾਰ ਅਮਲ ਕੀਤਾ ਗਿਆ।

ਮੈਨੂੰ ਇਸ ਦਾ ਪਤਾ ਸੀ ਕਿ ਵਸਨੀਕਾਂ ਨੂੰ ਖ਼ਬਰਦਾਰ ਕਰ ਦਿੱਤਾ ਗਿਆ ਹੈ ਕਿ ਉਹ ਕੋਈ ਜਲਸਾ ਨਾ ਕਰਨ ਅਤੇ ਇਸ ਦੇ ਨਾਲ ਹੀ ਜੇ ਉਹ ਏਦਾਂ ਕਰਨਗੇ, ਉਹਨਾਂ ਤੇ ਗੋਲੀ ਚਲਾਈ ਜਾਵੇਗੀ।

ਆਪਣੀ ਇਛਿਆ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ 13 ਤਾਰੀਖ ਦੀ ਸਵੇਰ ਨੂੰ ਸ਼ਹਿਰ ਦੀਆਂ ਵੱਡੀਆਂ ਸੜਕਾਂ ਤੇ ਕਈ ਥਾਈਂ ਢੋਲ ਵਜਾ ਕੇ ਐਲਾਨ ਕੀਤਾ ਗਿਆ ਸੀ। ਸਾਰਿਆਂ ਵਸਨੀਕਾਂ ਨੂੰ ਖ਼ਬਰਦਾਰ ਕੀਤਾ ਗਿਆ ਸੀ, ਕਿ ਗ਼ੈਰ-ਕਾਨੂੰਨੀ ਕਾਰਵਾਈਆਂ ਨੂੰ ਰੋਕਣ ਲਈ ਫੌਜੀ ਤਾਕਤ ਦੀ ਵਰਤੋਂ ਕੀਤੀ ਜਾਵੇਗੀ।

ਸ਼ਹਿਰ ਤੋਂ ਵਾਪਸ ਮੁੜਦਿਆਂ ਰਾਹ ਵਿਚ ਹੀ ਮੈਨੂੰ ਸੂਚਨਾ ਦਿਤੀ ਗਈ ਕਿ ਸ਼ਹਿਰ ਦੇ ਬੇਅਸਰ ਕਿਰਦਾਰ ਦੇ ਲੋਕਾਂ ਨੇ 4-30 ਵਜੇ ਜਲਿਆਂਵਾਲੇ ਬਾਗ ਵਿਚ ਮੀਟਿੰਗ ਕਰਨ ਦਾ ਆਦੇਸ਼ ਦਿੱਤਾ ਹੈ। ਮੇਰਾ ਖਿਆਲ ਨਹੀਂ ਸੀ ਕਿ ਜੋ ਕੁਝ ਮੈਂ ਕੀਤਾ ਹੈ ਉਸ ਦੇ ਹੁੰਦਿਆਂ ਹੋਇਆਂ ਮੀਟਿੰਗ ਹੋ ਸਕੇਗੀ।

ਚਾਰ ਵਜੇ ਮੈਨੂੰ ਪੁਲੀਸ ਤੋਂ ਇਤਲਾਹ ਪਹੁੰਚੀ, ਕਿ ਉਪਰੋਕਤ ਵਰਨਣ ਥਾਂ ਤੇ ਇਕੱਠ ਹੋਣਾ ਸ਼ੁਰੂ ਹੋ ਗਿਆ ਹੈ। ਮੈਂ ਝਟ ਪਟ ਹੀ ਸ਼ਹਿਰ ਦੇ ਵੱਖ ਵੱਖ ਦਰਵਾਜ਼ਿਆਂ ਨੂੰ ਕਾਬੂ ਵਿਚ ਰਖਣ ਲਈ ਪਿਕਟਾਂ ਲਾ ਦਿਤੀਆਂ (ਬ੍ਰਿਟਸ਼ ਕੁਆਰਟਰਾਂ ਅਤੇ ਹਮਲੇ ਨੂੰ ਮੁੜ ਕੇ ਹੋਣ ਤੋਂ ਰੋਕਣ ਲਈ) ਅਤੇ ਆਪ 25 ਰਫਲਾਂ, ਇਕ ਬਟਾ ਨੌਂ ਗੋਰਖਾ ਅਤੇ 25 ਰਫਲਾਂ 54 ਐਫ. ਐਫ. ਅਤੇ 59 ਰਾਈਫਲਜ਼ ਦੀਆਂ ਟੁਕੜੀਆਂ 'ਚੋਂ ਕੁਲ ਜੋੜ 50 ਰਫਲਾਂ ਅਤੇ 40 ਕੁਕਰੀਆਂ ਨਾਲ ਹਥਿਆਰਬੰਦ ਗੋਰਖੇ ਲੈ ਕੇ ਚੱਲਿਆ।

ਮੈਂ ਜਲ੍ਹਿਆਂ ਵਾਲੇ ਬਾਗ ਅੰਦਰ, ਬੜੀ ਤੰਗ ਗਲੀ ਥਾਣੀ ਦਾਖਲ ਹੋਇਆ, ਜਿਥੇ ਕਿ ਮੈਨੂੰ ਆਪਣੀਆਂ ਹਥਿਆਰਬੰਦ ਕਾਰਾਂ ਬਾਹਰ ਛੱਡਣੀਆਂ ਜ਼ਰੂਰੀ ਹੋ ਗਈਆਂ। ਦਾਖਲ ਹੋ ਕੇ ਮੈਂ ਸੰਘਣਾ ਹਜੂਮ ਦੇਖਿਆ, ਅੰਦਾਜ਼ਨ ਕੋਈ ਪੰਜ ਹਜ਼ਾਰ ਦੇ ਕਰੀਬ। ਇਕ ਉਚੇ ਪਲੇਟਫਾਰਮ ਤੋਂ ਇਕ ਆਦਮੀ ਦਰਸ਼ਕਾਂ ਨੂੰ ਮੁਖਾਤਿਬ ਕਰ ਰਿਹਾ ਸੀ ਅਤੇ ਆਪਣੇ ਹੱਥਾਂ ਨਾਲ ਇਸ਼ਾਰੇ ਕਰ ਰਿਹਾ ਸੀ।

ਮੈਨੂੰ ਅਹਿਸਾਸ ਹੋਇਆ ਕਿ ਮੇਰੀ ਤਾਕਤ ਥੋਹੜੀ ਹੈ, ਅਤੇ ਜਕੋ ਤੱਕੋ ਵਿਚ ਸ਼ਾਇਦ ਮੇਰੇ ਤੇ ਹਮਲਾ ਨਾ ਹੋ ਜਾਏ। ਮੈਂ ਝਟ ਪਟ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ ਅਤੇ ਇਕੱਠ ਖਿੰਡ ਪੁੰਡ ਗਿਆ। ਮੇਰਾ ਅੰਦਾਜ਼ਾ ਹੈ ਕਿ 200 ਤੋਂ 300



Sri Satguru Jagjit Singh Ji eLibrary NamdhariElibrary@gmail.com

ਵਿਚਕਾਰ ਹਜੂਮ ਵਿਚੋਂ ਮਰੇ ਹਨ, ਮੇਰੀ ਪਾਰਟੀ ਨੇ 1650 ਕਾਰਤੂਸ ਚਲਾਏ ।

ਮੈਂ ਆਪਣੇ ਹੈਡ ਕੁਆਰਟਰ ਨੂੰ ਕੋਈ 6 ਵਜੇ ਵਾਪਸ ਆਇਆ ਅਤੇ ਦਸ ਵਜੇ ਫ਼ੌਜ ਦੇ ਨਾਲ ਮੈਂ ਸਾਰੀਆਂ ਪਿਕਟਾਂ ਦਾ ਦੌਰਾ ਕੀਤਾ ਅਤੇ ਸਾਰੇ ਸ਼ਹਿਰ ਵਿਚ ਫਿਰਿਆ, ਇਹ ਪੱਕਾ ਕਰਨ ਲਈ ਕਿ ਕੀ ਵਸਨੀਕ ਅੱਠ ਵਜੇ ਤੋਂ ਬਾਅਦ ਆਪਣੇ ਘਰਾਂ ਵਿਚੋਂ ਬਾਹਰ ਨਾ ਨਿਕਲਣ ਦੇ ਹੁਕਮਾਂ ਨੂੰ ਮੰਨ ਰਹੇ ਹਨ। ਸ਼ਹਿਰ ਵਿਚ ਬਿਲਕੁਲ ਚੁੱਪ ਚਾਪ ਸੀ ਅਤੇ ਇਕ ਵੀ ਰੂਹ ਦਿਖਾਈ ਨਹੀਂ ਦੇ ਰਹੀ ਸੀ। ਮੈਂ ਹੈਡ ਕੁਆਰਟਰ ਨੂੰ ਅੱਧੀ ਰਾਤ ਵਾਪਸ ਮੁੜਿਆ। ਵਸਨੀਕ ਮੇਰੇ ਹੁਕਮਾਂ ਦੇ ਮੁਤਾਬਿਕ ਮੁਰਦਿਆਂ ਨੂੰ ਦਬਾਉਣ ਦੀ ਆਗਿਆ ਮੰਗ ਰਹੇ ਹਨ। ਜਿਹੜੀ ਕਿ ਮੈਂ ਦੇ ਰਿਹਾ ਹਾਂ।

......(ਦਸਖਤ) ਆਰ. ਈ. ਐਚ. ਡਾਇਰ

ਬ੍ਰਗੇਡੀਅਰ ਜਨਰਲ ਕਮਾਂਡੰਗ 45ਵਾਂ ਬ੍ਰਗੇਡ

ਲਾਹੌਰ ਡਵੀਜ਼ਨ ਦੇ ਜਨਰਲ ਆਫੀਸਰ ਕਮਾਂਡੰਗ ਬੇਨਨ ਦਾ ਵਿਚਾਰ ਸੀ ਕਿ ਡਾਇਰ ਨੇ ਬਗ਼ਾਵਤ ਨੂੰ ਉਹਦੇ ਗੜ੍ਹ ਅੰਮ੍ਰਿਤਸਰ ਵਿਚ ਕੁਚਲ ਕੇ ਰੱਖ ਦਿੱਤਾ ਹੈ।

ਉਸ ਨੇ ਸਰ ਮਾਈਕਲ ਉਡਵਾਇਰ ਨੂੰ ਆਖਿਆ ਕਿ ਉਹ ਡਾਇਰ ਨੂੰ ਕਾਰਵਾਈ ਦੀ ਸਵੀਕਾਰਤਾ ਘੱਲ ਰਿਹਾ ਹੈ ਅਤੇ ਕਿਹਾ ਕਿ ਕੀ ਉਸ ਦੀ ਵੀ ਸ਼ਾਮਲ ਕਰ ਦੇਵੇ?

ਚੀਫ ਸੈਕਰੇਟਰੀ ਦੀ ਰੀਪੋਰਟ ਦੇ ਮੁਤਾਬਿਕ ਸਰ ਮਾਈਕਲ ਉਡਵਾਇਰ ਪਹਿਲਾਂ ਕੁਝ ਝਕਿਆ। ਪਰ ਕਮਿਸ਼ਨਰ ਕਿਚਨ ਨੇ ਹੱਲਾ-ਸ਼ੇਰੀ ਦਿੱਤੀ, ਅਤੇ ਉਸ ਨੇ ਹਾਂ ਕਹਿ ਦਿੱਤੀ।

ਜਨਰਲ ਬੇਨਨ ਨੇ ਹਵਾਈ ਜਹਾਜ਼ ਰਾਹੀਂ ਜਨਰਲ ਡਾਇਰ ਨੂੰ ਸੁਨੇਹਾ ਭੇਜਿਆ:

"ਤੇਰੀ ਕਾਰਵਾਈ ਦਰੁੱਸਤ ਹੈ ਅਤੇ ਲਫਟੀਨੈਂਟ ਗਵਰਨਰ ਸਵੀਕਾਰ ਕਰਦਾ ਹੈ।"

ਇਸੇ ਦੌਰਾਨ ਵਿਚ ਹੀ ਲਾਹੌਰ ਵਿਚ ਸਰ ਮਾਈਕਲ ਉਡਵਾਇਰ, ਸਰ ਹੈਨਰੀ ਰਾਟੀਕੀਨ ਚੀਫ ਜਸਟਿਸ, ਜਨਰਲ ਬੇਨਨ ਜੀ. ਓ. ਸੀ. ਨੇ ਇਕ ਮੀਟਿੰਗ ਕੀਤੀ। ਉਹਨਾਂ ਵਾਇਸਰਾਏ ਨੂੰ ਸ਼ਿਮਲੇ ਵਿਖੇ ਇਕ ਸੁਨੇਹਾ ਭੇਜਿਆ:

"ਲਾਹੌਰ ਤੇ ਅੰਮ੍ਰਿਤਸਰ ਦੇ ਭਾਗਾਂ ਵਿਚ ਬਗ਼ਾਵਤ ਦੀ ਖੁੱਲ੍ਹੀ ਹੋਂਦ ਹੈ। ਲੈਫਟੀਨੈਂਟ ਗਵਰਨਰ, ਜੀ. ਓ. ਸੀ. 16ਵਾਂ ਡਵੀਜ਼ਨ ਅਤੇ ਚੀਫ ਜਸਟਿਸ ਹਾਈ ਕੋਰਟ ਦੀ ਰਜ਼ਾਮੰਦੀ ਨਾਲ ਗਵਰਨਰ ਜਨਰਲ ਇਨ ਕੌਂਸਲ ਕੋਲ, ਅੰਮ੍ਰਿਤਸਰ ਤੇ ਲਾਹੌਰ ਦੇ ਜ਼ਿਲ੍ਹਿਆਂ ਵਿਚ ਸਾਧਾਰਣ ਫ਼ੌਜਦਾਰੀ ਅਦਾਲਤਾਂ ਦੀ ਕਾਰਵਾਈ ਨੂੰ ਮੁਅਤਲ ਕਰਨ, ਉਥੇ ਮਾਰਸ਼ਲ-ਲਾ ਲਾਗੂ ਕਰਨ ਅਤੇ 1804 ਦੇ ਰੈਗੂਲੇਸ਼ਨ 10 ਦੀ ਦਫਾ 2 ਦੇ ਅਧੀਨ ਦੋਸ਼ੀਆਂ 'ਤੇ ਮੁਕੱਦਮੇ ਚਲਾਉਣ ਲਈ ਹਦਾਇਤਾਂ ਦੇਣ ਦੀ ਬੇਨਤੀ ਕਰਦਾ ਹੈ। ਹਾਲਾਤ ਨਾਜ਼ਕ ਹਨ।" ਵਾਇਸਰਾਏ ਨੇ ਫੌਰੀ ਤੌਰ ਤੇ ਉਹਨਾਂ ਨੂੰ ਥਾਪੀ ਦਿੱਤੀ।



Sri Satguru Jagjit Singh Ji eLibrary NamdhariElibrary@gmail.com

14 ਅਪਰੈਲ ਨੂੰ ਹਿੰਦ ਸਰਕਾਰ ਨੇ ਇਕ ਮਤੇ ਵਿਚ ਆਖਿਆ :

''ਅਸੀਂ ਸਾਫ ਤੌਰ ਤੇ ਇਹ ਦੱਸ ਦੇਣਾ ਚਾਹੁੰਦੇ ਹਾਂ ਕਿ ਗੌਰਮਿੰਟ ਦਾ ਇਹ ਇਰਾਦਾ ਹੈ ਕਿ ਹਰ ਢੰਗ ਨਾਲ ਭਾਵੇਂ ਉਹ ਕਿੰਨੇ ਵੀ ਭਿਆਨਕ ਹੋਣ, ਉਹ ਵਧੀਕੀਆਂ ਨੂੰ ਵਾਪਰਨ ਤੋਂ ਰੋਕੇਗੀ । ਗਵਰਨਰ ਜਨਰਲ ਜਥੇਬੰਦਕ ਗੜਬੜ, ਹਿੰਸਾ ਅਤੇ ਉਹ ਕਾਰਵਾਈਆਂ ਜਿਹੜੀਆਂ ਕਿ ਅਮਨ ਅਤੇ ਕਾਨੂੰਨ ਨੂੰ ਬਰਕਰਾਰ ਰੱਖਣ ਦੇ ਉਲਟ ਹੋਣਗੀਆਂ, ਨੂੰ ਦਬਾਉਣ ਲਈ ਆਪਣੇ ਕੋਲ ਅਥਾਹ ਫੌਜੀ ਜ਼ਰੀਏ ਵਰਤਣ ਤੋਂ ਨਹੀਂ ਝਕੇਗਾ ।

ਗੌਰਮਿੰਟ ਦੇ ਉਹਨਾਂ ਮੁਲਾਜ਼ਮਾਂ ਨੂੰ ਜੋ ਲੋਕਾਂ ਦੇ ਅਮਨ ਤੇ ਸ਼ਾਂਤੀ ਨੂੰ ਭੰਗ ਕਰਨ ਵਾਲੀਆਂ ਗੜਬੜਾਂ ਵਿਰੁਧ ਕਾਰਵਾਈ ਕਰਨ ਦੀਆਂ ਜ਼ੁੰਮੇਵਾਰੀਆਂ ਨਿਭਾ ਰਹੇ ਹਨ — ਗਵਰਨਰ ਜਨਰਲ ਇਨ ਕੌਂਸਲ ਆਪਣੀ ਪੂਰੀ ਹਮਾਇਤ ਦਾ ਯਕੀਨ ਦਿਵਾਉਂਦੀ ਹੈ ।''



Sri Satguru Jagjit Singh Ji eLibrary NamdhariElibrary@gmail.com

# ਮਾਰਸ਼ਲ ਲਾਅ

ਪੰਜਾਬ ਦਾ ਲੈਫਟੀਨੈਂਟ ਗਵਰਨਰ ਸਰ ਮਾਈਕਲ ਉਡਵਾਇਰ ਜੋ ਕਿ ਪੰਜਾਬ ਦੇ ਲੋਕਾਂ ਵਿਚ ਪੈਦਾ ਹੋ ਰਹੀ ਰਾਜਸੀ ਚੇਤਨਤਾ ਤੇ ਆਜ਼ਾਦੀ ਦੀ ਸਪਿਰਟ ਨੂੰ ਕੁਚਲ ਦੇਣ ਲਈ ਤਤਪਰ ਸੀ — ਨਾ ਕੇਵਲ ਜਨਰਲ ਡਾਇਰ ਨੂੰ, ਉਸ ਦੇ ਜਲ੍ਹਿਆਂਵਾਲੇ ਬਾਗ ਵਾਲੇ ਕਾਰਨਾਮੇ ਤੇ ਸਵੀਕਾਰਤਾ ਦੇਣ ਤੀਕਰ ਹੀ ਸੀਮਤ ਰਿਹਾ, ਸਗੋਂ ਉਸ ਤੋਂ ਵੀ ਦੋ ਕਦਮ ਅੱਗੇ ਵਧਿਆ।

ਹਾਲੇ ਜਦੋਂ ਜਲ੍ਹਿਆਂਵਾਲੇ ਬਾਗ ਵਿਚ ਗੋਲੀ ਨਾਲ ਸ਼ਹੀਦ ਹੋਏ ਵਿਅਕਤੀਆਂ ਦੀਆਂ ਲਾਸ਼ਾਂ ਖ਼ੂਨ ਨਾਲ ਲੱਥ ਪੱਥ ਪਈਆਂ ਸਨ, ਜ਼ਖਮੀਆਂ ਦੀ ਮਰਹਮ ਪੱਟੀ ਕਰਨ ਵਾਲਾ ਕੋਈ ਨਹੀਂ ਸੀ। ਸਾਰੇ ਅੰਮ੍ਰਿਤਸਰ ਵਿਚ ਮੌਤ ਵਰਗੀ ਚੁੱਪ ਸੀ। ਉਸੇ ਦਿਨ ਲਾਹੌਰ, ਪੰਜਾਬ ਤੋਂ ਇਕ ਤਾਰ ਸ਼ਿਮਲੇ ਹਿੰਦ ਸਰਕਾਰ ਦੇ ਹੋਮ ਆਫਿਸ ਨੂੰ ਭੇਜੀ ਗਈ।

"ਅੰਮ੍ਰਿਤਸਰ ਤੇ ਕਸੂਰ ਦੇ ਵਿਚਕਾਰ ਰੇਲਵੇ ਸਟੇਸ਼ਨ ਲੁੱਟ ਲਏ ਗਏ ਹਨ। ਬ੍ਰਿਟਿਸ਼ ਫੌਜੀ ਕਤਲ ਕਰ ਦਿੱਤਾ ਗਿਆ ਹੈ ਅਤੇ ਦੋ ਬ੍ਰਿਟਿਸ਼ ਅਫਸਰ ਕਸੂਰ ਵਿਖੇ ਜ਼ਖਮੀ ਹੋ ਗਏ ਹਨ। ਬਾਗੀਆਂ ਦੇ ਜੱਥਿਆਂ ਦੇ ਘੁੰਮਣ ਦੀ ਰੀਪੋਰਟ ਮਿਲੀ ਹੈ। ਕਸੂਰ ਤੇ ਹਮਲਾ ਕੀਤਾ ਗਿਆ ਹੈ। ਲਾਹੌਰ ਅਤੇ ਅੰਮ੍ਰਿਤਸਰ ਦੇ ਜ਼ਿਲ੍ਹਿਆਂ ਦੇ ਭਾਗਾਂ ਵਿਚ ਖੁੱਲ੍ਹੀ ਬਗ਼ਾਵਤ ਦੀ ਹੋਂਦ ਹੈ।

ਲੈਫਟੀਨੈਂਟ ਗਵਰਨਰ 16ਵੇਂ ਡਵੀਜ਼ਨ ਦੇ ਜਨਰਲ ਆਫੀਸਰ ਕਮਾਂਡਿੰਗ ਅਤੇ ਹਾਈ ਕੋਰਟ ਦੇ ਚੀਫ ਜਸਟਿਸ ਦੀ ਸਲਾਹ ਅਤੇ ਸਹਿਮਤੀ ਨਾਲ, ਗਵਰਨਰ ਜਨਰਲ-ਇਨ-ਕੌਂਸਲ ਨੂੰ ਬੇਨਤੀ ਕਰਦਾ ਹੈ ਕਿ ਉਸ ਨੂੰ ਆਗਿਆ ਦਿੱਤੀ ਜਾਵੇ ਕਿ ਉਹ ਅੰਮ੍ਰਿਤਸਰ ਤੇ ਲਾਹੌਰ ਦੇ ਜ਼ਿਲ੍ਹਿਆਂ ਵਿਚੋਂ ਸਾਧਾਰਣ ਫੌਜਦਾਰੀ ਅਦਾਲਤਾਂ ਦੀ ਫੰਕਸ਼ਨ ਮੁਅੱਤਲ ਕਰ ਦੇਵੇ, ਮਾਰਸ਼ਲ ਲਾਅ ਲਾਗੂ ਕਰ ਦੇਵੇ ਅਤੇ ਦੋਸ਼ੀਆਂ ਤੇ ਰੈਗੂਲੇਸ਼ਨ 1804 ਦੀ ਧਾਰਾ 2 ਦੇ ਅਧੀਨ ਮੁਕੱਦਮੇ ਚਲਾਏ, ਧਾਰਾ 4 ਵੀ ਖਿਆਲ ਵਿਚ ਰਹੇ। ਹਾਲਤ ਬੜੀ ਨਾਜ਼ੁਕ ਹੈ, ਗਸ਼ਤੀ ਫੌਜੀ ਟੁਕੜੀਆਂ ਫੀਰੋਜ਼ਪੁਰ ਤੋਂ ਅੰਮ੍ਰਿਤਸਰ ਵਲ ਅਤਿ ਮੰਦੀ ਅਵਸਥਾ ਵਾਲੇ ਇਲਾਕੇ ਵਿਚ ਦੀ ਗੰਨਾਂ ਸਮੇਤ ਸਵੇਰ ਤੋਂ ਮਾਰਚ ਕਰਨਗੀਆਂ।"



Sri Satguru Jagjit Singh Ji eLibrary NamdhariElibrary@gmail.com

ਹੋਮ ਆਫਿਸ ਨੇ ਸ਼ਿਮਲੇ ਤੋਂ ਤਾਰ ਰਾਹੀਂ ਇਸ ਦਾ ਜਵਾਬ ਦਿੱਤਾ। ਇਹ ਤਾਰ 13 ਅਪਰੈਲ ਨੂੰ 23.55 ਤੇ ਦਿੱਤੀ ਗਈ ਇਸ ਦੇ ਲਾਹੌਰ ਪਹੁੰਚਣ ਦਾ ਵਕਤ 14 ਅਪਰੈਲ 21.00 ਵਜੇ ਦਿੱਤਾ ਗਿਆ ਹੈ।

"ਨੰਬਰ 546 :—ਤੁਹਾਡੀ ਤਾਰ ਮਿਤੀ 13 ਅਪਰੈਲ ਹੋਮ ਆਫਿਸ ਨੂੰ ਮਿਲੀ। ਬੰਗਾਲ ਸਟੇਟ ਅਫੈਨਸਜ਼ ਰੈਗੂਲੇਸ਼ਨ 1804 ਦੇ ਅਧੀਨ ਗਵਰਨਰ ਜਨਰਲ ਇਨ ਕੌਂਸਲ ਬੜੀ ਖੁਸ਼ੀ ਨਾਲ ਲਾਹੌਰ ਅਤੇ ਅੰਮ੍ਰਿਤਸਰ ਦੇ ਜ਼ਿਲ੍ਹਿਆਂ ਵਿਚ ਸਾਧਾਰਣ ਫੌਜਦਾਰੀ ਅਦਾਲਤਾਂ ਦੀ ਕਾਰਵਾਈ ਮੁਅੱਤਲ ਕਰਦੇ ਹਨ।

ਅਤੇ ਜਿੱਥੋਂ ਤੀਕਰ ਇਸ ਰੈਗੂਲੇਸ਼ਨ ਵਿਚ ਦਰਜ ਦੋਸ਼ਾਂ ਦਾ ਸੰਬੰਧ ਹੈ, ਅਤੇ ਸਰਕਾਰ ਦੀ ਅਥਾਰਟੀ ਦੇ ਵਿਰੁਧ ਖੁੱਲ੍ਹੀ ਬਗ਼ਾਵਤ ਦੀ ਹੋਂਦ ਹੁੰਦਿਆਂ ਮਾਰਸ਼ਲ ਲਾਅ ਨੂੰ ਲਾਗੂ ਕਰਨਾ ਹੈ। ਅਤੇ ਜਿੱਥੇ ਰੈਗੂਲੇਸ਼ਨ ਦੀ ਧਾਰਾ 2 ਅਨੁਸਾਰ ਦੋਸ਼ੀਆਂ ਦੇ ਫੌਰੀ ਕੋਰਟ ਮਾਰਸ਼ਲ ਕਰਨਾ ਹੈ, ਕੋਰਟ ਮਾਰਸ਼ਲ ਦੀ ਥਾਂ ਟ੍ਰਿਬਿਊਨਲਾਂ ਦੀ ਸਥਾਪਨਾ ਕਰਨੀ ਹੈ, ਜਿਵੇਂ ਕਿ ਡੀਫੈਂਸ ਆਫ ਇੰਡੀਆ ਐਕਟ ਦੇ ਅਧੀਨ ਕੀਤਾ ਗਿਆ ਸੀ। ਪਰ ਫੀਲਡ ਜਨਰਲ ਕੋਰਟ ਮਾਰਸ਼ਲ ਦੀ ਤਾਕਤ ਦੇ ਨਾਲ ਸਵੇਰੇ ਪ੍ਰਕਾਸ਼ਤ ਕਰ ਦਿੱਤਾ ਜਾਵੇਗਾ। ਆਰਡੀਨੈਂਸ ਦੇ ਜਾਰੀ ਹੋਣ ਤੀਕਰ ਮੌਤ ਦੇ ਦੰਡ ਦੀ ਰੈਜ਼ਰਵੇਸ਼ਨ ਬਾਰੇ, ਕਮਾਂਡਰ ਇਨ ਚੀਫ ਸਪੈਸ਼ਲ ਆਦੇਸ਼ ਜਾਰੀ ਕਰਨਗੇ।

ਕਿਰਪਾ ਕਰਕੇ ਟ੍ਰਿਬਿਊਨਲਾਂ ਵਾਸਤੇ ਫੌਰੀ ਤੌਰ ਤੇ ਅਫ਼ਸਰਾਂ ਦੀ ਚੋਣ ਕਰ ਲਵੋ।"

15 ਅਪਰੈਲ ਨੂੰ ਵਾਇਸਰਾਏ ਵਲੋਂ ਹਰੀ ਝੰਡੀ ਮਿਲਦਿਆਂ ਹੀ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਅੰਮ੍ਰਿਤਸਰ ਤੇ ਲਾਹੌਰ ਦੇ ਜ਼ਿਲ੍ਹਿਆਂ ਵਿਚ ਮਾਰਸ਼ਲ ਲਾ ਲਾਗੂ ਕਰਨ ਦਾ ਐਲਾਨ ਕਰ ਦਿਤਾ। ਇਸੇ ਤਾਰੀਖ ਨੂੰ ਗੁਜਰਾਂਵਾਲਾ ਵੀ ਇਸ ਦੀ ਲਪੇਟ ਵਿਚ ਲੈ ਆਂਦਾ। 18 ਅਪਰੈਲ ਨੂੰ ਗੁਜਰਾਤ ਅਤੇ 20 ਅਪਰੈਲ ਨੂੰ ਲਾਇਲਪੁਰ ਤੇ ਵੀ ਮਾਰਸ਼ਲ ਲਾ ਲਾਗੂ ਕਰ ਦਿਤਾ, ਅਤੇ ਇਸ ਤਰ੍ਹਾਂ ਪੰਜਾਬ ਦੇ ਪੰਜ ਜ਼ਿਲ੍ਹੇ ਅੰਗਰੇਜ਼ ਫ਼ੌਜੀ ਹਾਕਮਾਂ ਦੇ ਹਵਾਲੇ ਕਰ ਦਿਤੇ ਗਏ, ਜਿਥੇ ਉਹਨਾਂ ਨੇ ਸਾਮਰਾਜੀ ਗਰੂਰ, ਨਸਲੀ ਤੁਅੱਸਬ ਅਤੇ ਤਾਕਤ ਦੇ ਨਸ਼ੇ ਵਿਚ ਸਾਧਾਰਨ ਅਤੇ ਪੁਰ ਅਮਨ ਲੋਕਾਂ ਤੇ ਅਥਾਹ ਤਸੀਹੇ ਢਾਹੇ, ਵਧੀਕੀਆਂ ਕੀਤੀਆਂ ਅਤੇ ਲੋਕਾਂ ਦੀ ਆਤਮਾ ਨੂੰ ਕੁਚਲਣ ਅਤੇ ਉਹਨਾਂ ਨੂੰ ਜ਼ਲੀਲ ਕਰਨ ਦੀ ਪੂਰੀ ਕੋਸ਼ਿਸ਼ ਕੀਤੀ। ਪੰਜਾਬ ਦੀ ਪਵਿੱਤਰ ਧਰਤੀ ਸਰ ਮਾਈਕਲ ਉਡਵਾਇਰ, ਜਨਰਲ ਡਾਇਰ ਅਤੇ ਉਸ ਵਰਗੇ ਹੋਰ ਬਘਿਆੜਾਂ ਦੇ ਰਹਿਮ ਤੇ ਸੁੱਟ ਦਿੱਤੀ ਗਈ, ਜਿਹੜੇ ਕਿ ਮਾਰਸ਼ਲ ਲਾ ਲਾਗੂ ਹੋਣ ਤੋਂ ਪਹਿਲਾਂ ਹੀ ਸਾਰੇ ਸਿਵਲ ਕਾਨੂੰਨ ਵਰਤਣੇ ਤਿਆਗ ਚੁੱਕੇ ਸਨ।

1804 ਦੇ ਰੈਗੂਲੇਸ਼ਨ ਦੇ ਅਧੀਨ ਜਿਹੜੇ ਕਮਿਸ਼ਨ ਕਾਇਮ ਕੀਤੇ ਗਏ, ਉਹਨਾਂ ਵਿਚ 852 ਵਿਅਕਤੀਆਂ 'ਤੇ 114 ਕੇਸ ਬਣਾਏ ਗਏ। ਇਹਨਾਂ ਕਮਿਸ਼ਨਾਂ ਨੇ 108 ਨੂੰ ਮੌਤ ਦੀ ਸਜ਼ਾ, 265 ਨੂੰ ਉਮਰ ਕੈਦ, ਦੋਂਹ ਨੂੰ ਹੋਰ ਲੰਬੀ ਸਜ਼ਾ, 5 ਨੂੰ ਦਸ ਦਸ ਸਾਲ ਅਤੇ 104 ਨੂੰ ਇਸ ਤੋਂ ਘਟ ਸਮੇਂ ਦੀਆਂ ਸਜ਼ਾਵਾਂ ਦਿੱਤੀਆਂ।



Sri Satguru Jagjit Singh Ji eLibrary NamdhariElibrary@gmail.com

ਵੱਖ ਵੱਖ ਜ਼ਿਲ੍ਹਿਆਂ ਵਿਚ ਮਾਰਸ਼ਲ ਲਾ ਦੇ ਅਧੀਨ ਕੀ ਕੀ ਕੀਤਾ ਗਿਆ। ਇਹ ਇਕ ਬੜੀ ਦਰਦਨਾਕ ਕਹਾਣੀ ਹੈ।

ਅੰਮ੍ਰਿਤਸਰ ਵਿਚ ਮਾਰਸ਼ਲ ਲਾ ਦਾ ਇਨਚਾਰਜ ਜਨਰਲ ਡਾਇਰ ਸੀ, ਜਿਹੜਾ ਕਿ ਮਾਰਸ਼ਲ ਲਾ ਦਾ ਐਲਾਨ ਹੋਣ ਤੋਂ ਪਹਿਲਾਂ ਹੀ ਮਾਰਸ਼ਲ ਲਾ ਲਾਈ ਬੈਠਾ ਸੀ। 13 ਅਪਰੈਲ ਨੂੰ ਜਲ੍ਹਿਆਂਵਾਲੇ ਬਾਗ ਵਿਚ ਇਕ ਹਜ਼ਾਰ ਤੋਂ ਉਤੇ ਹਿੰਦੁਸਤਾਨੀਆਂ ਨੂੰ ਗੋਲੀਆਂ ਨਾਲ ਭੁੰਨਣ ਤੋਂ ਬਾਅਦ ਵੀ ਉਸ ਦੀ ਤਸੱਲੀ ਨਹੀਂ ਸੀ ਹੋਈ ਜਾਪਦੀ।

ਉਸ ਨੇ 13 ਅਪਰੈਲ ਨੂੰ ਸ਼ਹਿਰ ਵਿਚ ਕਰਫੀਊ ਆਰਡਰ ਲਾ ਦਿਤਾ, ਜਿਸ ਦੇ ਅਧੀਨ ਕੋਈ ਵਿਅਕਤੀ ਵੀ ਸਿਵਾਏ ਸਪੈਸ਼ਲ ਪਰਮਿਟ ਤੋਂ ਸ਼ਾਮ ਦੇ ਅੱਠ ਵਜੇ ਤੋਂ ਸਵੇਰ ਦੇ ਪੰਜ ਵਜੇ ਤੀਕਰ ਘਰੋਂ ਬਾਹਰ ਨਹੀਂ ਸੀ ਨਿਕਲ ਸਕਦਾ।

ਦੋਂਹ ਤੋਂ ਵਧ ਬੰਦਿਆਂ ਦੇ ਚੱਲਣ ਦੀ ਮਨਾਹੀ ਕਰ ਦਿੱਤੀ ਗਈ।

ਕੋਈ ਬਾਈਸਿਕਲ ਤੇ ਨਹੀਂ ਸੀ ਚੜ੍ਹ ਸਕਦਾ।

ਤੀਜੇ ਦਰਜੇ ਦੇ ਟਿਕਟ ਬੰਦ ਕਰ ਦਿਤੇ ਗਏ।

ਸਾਰੇ ਗੱਡੇ ਤੇ ਟਾਂਗੇ ਇਕ ਥਾਂ ਇਕੱਠੇ ਕਰ ਦਿਤੇ।

ਜਨਰਲ ਡਾਇਰ ਨੇ ਜਿਹੜੇ ਆਰਡਰ ਪਾਸ ਕੀਤੇ, ਉਹਨਾਂ ਵਿਚ ਸਭ ਤੋਂ ਬਦਨਾਮ ਕਰਾਲਿੰਗ ਆਰਡਰ ਸੀ। ਇਹ ਆਰਡਰ ਜਨਰਲ ਡਾਇਰ ਦੇ ਆਉਣ ਤੋਂ 8 ਦਿਨਾਂ ਬਾਅਦ ਅਤੇ ਮਾਰਸ਼ਲ ਲਾ ਦੇ ਲਾਗੂ ਹੋਣ ਤੋਂ 4 ਦਿਨ ਬਾਅਦ ਜਾਰੀ ਕੀਤਾ ਗਿਆ।

ਕੂਚਾ ਕੋੜਿਆਂ ਵਾਲਾ ਅੰਮ੍ਰਿਤਸਰ ਦੀ ਤੰਗ ਅਤੇ 150 ਗਜ ਲੰਬੀ ਗਲੀ ਹੈ। ਇਹਦੇ ਦੋਂਹ ਪਾਸੀਂ ਦੋਮੰਜ਼ਲੇ ਮਕਾਨ ਅਤੇ ਕਈ ਭੀੜੀਆਂ ਹਨੇਰੀਆਂ ਗਲੀਆਂ ਹਨ। ਇਸ ਗਲੀ ਦੇ ਵਸਨੀਕਾਂ ਨੇ ਕੁਝ ਵੀ ਖ਼ਰੀਦਣਾ ਹੋਵੇ, ਜਾਂ ਸ਼ਹਿਰ ਵਿਚ ਜਾਣਾ ਹੋਵੇ, ਇਸ ਗਲੀ ਵਿਚੋਂ ਲੰਘ ਕੇ ਜਾਣ ਦੇ ਸਿਵਾ ਹੋਰ ਕੋਈ ਰਸਤਾ ਨਹੀਂ।

ਇਕ ਮਿਸ਼ਨਰੀ ਮਿਸ ਸ਼ੇਰਵੁਡ ਜਦੋਂ 10 ਅਪਰੈਲ 1919 ਨੂੰ ਇਸ ਲੰਬੀ ਤੇ ਤੰਗ ਗਲੀ ਵਿਚ ਦੀ ਬਾਈਸਿਕਲ ਤੇ ਲੰਘ ਰਹੀ ਸੀ, ਕੁਝ ਲੋਕਾਂ ਨੇ ਉਹਨੂੰ ਸਾਈਕਲ ਤੋਂ ਡੇਗ ਕੇ ਹੇਠਾਂ ਸੁੱਟ ਕੇ ਮਾਰਿਆ ਅਤੇ ਅਧਮੋਈ ਜਿਹੀ ਕਰਕੇ ਸੁੱਟ ਦਿਤਾ। ਉਸ ਨੂੰ ਨੇੜੇ ਦੇ ਇਕ ਹਿੰਦੁਸਤਾਨੀ ਘਰ ਨੇ ਪਨਾਹ ਦਿਤੀ ਤੇ ਬਚਾ ਲਿਆ।

ਇਸ ਘਟਨਾ ਦੇ 9 ਦਿਨਾਂ ਬਾਅਦ, ਡਾਇਰ ਨੇ ਹੁਕਮ ਜਾਰੀ ਕੀਤਾ ਕਿ ਇਸ ਗਲੀ ਵਿਚੋਂ ਲੰਘਣ ਵਾਲਾ ਹਰ ਹਿੰਦੁਸਤਾਨੀ ਗੋਡਿਆਂ ਤੇ ਕੂਹਣੀਆਂ ਦੇ ਭਾਰ ਰਿੜ੍ਹ ਕੇ ਲੰਘੇ।

ਗਲੀ ਵਿਚ ਥਾਂ ਥਾਂ ਤੇ ਫ਼ੌਜੀ ਪਿਕਟਾਂ ਲਾ ਦਿੱਤੀਆਂ ਗਈਆਂ ਕਿ ਲੰਘਣ ਵਾਲੇ ਇਸ ਹੁਕਮ ਤੇ ਅਮਲ ਕਰਨ। ਇਹ ਹੁਕਮ ਸਵੇਰੇ 6 ਵਜੇ ਤੋਂ ਸ਼ਾਮ ਦੇ 8 ਵਜੇ ਤੀਕਰ ਲਾਗੂ ਹੁੰਦਾ ਸੀ। ਚੂੰਕਿ 8 ਵਜੇ ਤੋਂ ਪੰਜ ਵਜੇ ਤੀਕਰ ਕਰਫੀਊ ਆਰਡਰ ਲਾਗੂ ਹੋ ਜਾਂਦਾ ਸੀ, ਇਸ ਲਈ ਇਸ ਗਲੀ ਦੇ ਵਸਨੀਕਾਂ ਜੇ ਅੰਦਰ ਬਾਹਰ ਜਾਣਾ ਹੋਵੇ, ਤਾਂ ਉਹ ਰਿੜ੍ਹ ਕੇ ਹੀ ਜਾਣ। ਇਹ ਹੁਕਮ ਡਾਕਟਰਾਂ ਅਤੇ ਸਫਾਈ ਕਰਨ ਵਾਲਿਆਂ ਉਤੇ ਵੀ ਲਾਗੂ ਸੀ।

ਜਿਥੋਂ ਤੀਕਰ ਜਾਣਿਆਂ ਗਿਆ ਹੈ, ਇਸ ਗਲੀ ਦੇ ਘਰਾਂ ਦੇ ਵਸਨੀਕ ਬੜੇ



Sri Satguru Jagjit Singh Ji eLibrary NamdhariElibrary@gmail.com

ਸਾਊ, ਵਫ਼ਾਦਾਰ ਤੇ ਅਮਨ ਪਸੰਦ ਸ਼ਹਿਰੀ ਸਨ। ਜਿਹਨਾਂ ਹਾਲ ਦੀ ਹੋਈ ਗੜਬੜ ਵਿਚ ਕੋਈ ਹਿੱਸਾ ਨਹੀਂ ਸੀ ਲਿਆ। ਕਦੀ ਵੀ ਇਸ ਗੱਲ ਦਾ ਕੋਈ ਸਬੂਤ ਨਹੀਂ ਮਿਲਿਆ, ਤੇ ਨਾ ਹੀ ਤਜਵੀਜ਼ ਕੀਤਾ ਗਿਆ ਹੈ ਕਿ ਇਸ ਗਲੀ ਦੇ ਇਕ ਵੀ ਵਾਸੀ ਦਾ ਮਿਸ ਸ਼ੇਰਵੁਡ 'ਤੇ ਹਮਲੇ ਵਿਚ ਹੱਥ ਸੀ।

ਘਰਾਂ ਦੇ ਪਿਛਵਾੜੀ ਕੋਈ ਰਾਹ ਨਹੀਂ ਸੀ। ਆਪਣੀ ਖ਼ੁਰਾਕ ਤੇ ਹੋਰ ਲੋੜੀਂਦੀਆਂ ਚੀਜ਼ਾਂ ਖਰੀਦਣ ਲਈ ਗਲੀ ਵਿਚ ਦੀ ਲੰਘਣਾ ਪੈਂਦਾ ਸੀ, ਹੱਥਾਂ ਤੇ ਗੋਡਿਆਂ ਦੇ ਭਾਰ ਚੱਲ ਕੇ।

ਇਸ ਹੁਕਮ ਦਾ ਫੌਰੀ ਅਸਰ ਇਸ ਗਲੀ ਦੇ ਵਸਨੀਕਾਂ ਦੀ ਆਮ ਜ਼ਿੰਦਗੀ ਤੇ ਪਿਆ। ਇਹ ਹੁਕਮ ਅਕਲਹੀਣ ਤੇ ਅਨਿਆਂ ਪੂਰਵਕ ਸੀ। ਦੋਸ਼ੀਆਂ ਦੀ ਬਜਾਏ ਬੇਗੁਨਾਹਾਂ ਨੂੰ ਸਜ਼ਾ ਦੇਣ ਵਾਲਾ ਸੀ। ਜਜ਼ਬਾਤ ਜੋ ਮੱਠੇ ਹੋ ਰਹੇ ਸਨ, ਉਹਨਾਂ ਨੂੰ ਮੁੜ ਕੇ ਭੜਕਾਉਣ ਵਾਲਾ ਸੀ। ਇਹ ਨਾ ਕੇਵਲ ਗਲੀ ਵਿਚ ਰਹਿਣ ਵਾਲੇ ਲੋਕਾਂ ਦੀ ਆਵਾਜਾਈ ਵਿਚ ਹੀ ਅੜਚਣ ਦਾ ਕਾਰਣ ਸੀ, ਸਗੋਂ ਜ਼ਲੀਲ ਕਰਨ ਵਾਲਾ, ਅਤੇ ਹੱਤਕ ਭਰੇ ਸੁਭਾ ਦਾ ਸੀ।

ਜਦੋਂ ਹੰਟਰ ਕਮਿਸ਼ਨ ਅੱਗੇ ਪੇਸ਼ੀ ਵੇਲੇ ਡਾਇਰ ਨੂੰ ਇਸ ਬਾਰੇ ਪ੍ਰਸ਼ਨ ਕੀਤੇ ਗਏ, ਤਾਂ ਉਸ ਨੇ ਇਹ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ ਕਿ ਉਸ ਦੇ ਖਿਆਲ ਵਿਚ ਇਹਨਾਂ ਘਰਾਂ ਦੇ ਪਿਛੋਂ ਦੀ ਰਾਹ ਹਨ — ਜਾਂ ਉਹ ਕੋਠਿਓ ਕੋਠੀ ਜਾ ਸਕਦੇ ਸਨ।

ਹੰਟਰ ਕਮਿਸ਼ਨ ਦੀ ਮੈਨਾਰਟੀ ਰੀਪੋਰਟ ਨੇ ਲਿਖਿਆ ਹੈ "ਅਸੀਂ ਇਸ ਗੱਲ ਨੂੰ ਸਮਝਣ ਤੋਂ ਅਸਮਰੱਥ ਹਾਂ ਕਿ ਜਨਰਲ ਡਾਇਰ ਕਿਵੇਂ ਇਹ ਆਸ ਰਖਦਾ ਸੀ, ਕਿ ਇਹਨਾਂ ਘਰਾਂ ਦੇ ਵਸਨੀਕ, ਇਕ ਘਰ ਦੀ ਛੱਤ ਤੋਂ ਦੂਜੇ ਘਰ ਦੀ ਛੱਤ ਤੀਕਰ ਕਿਵੇਂ ਜਾ ਸਕਦੇ ਹਨ, ਤੇ ਇਉਂ ਗਲੀ ਪਾਰ ਕਰ ਸਕਦੇ ਹਨ ਜਦ ਕਿ ਘਰਾਂ ਦੀ ਉਚਾਈ ਵੱਖ ਵੱਖ ਹੈ। ਜਦ ਡਾਇਰ ਨੂੰ ਪੁੱਛਿਆ ਗਿਆ :

ਸਵਾਲ : ਜਿਥੋਂ ਤੀਕਰ ਮੈਂ ਸਮਝਦਾ ਹਾਂ, ਬਹੁਤ ਸਾਰੇ ਘਰ ਅਜਿਹੇ ਹਨ, ਜਿਹਨਾਂ ਦੇ ਪਿਛਵਾੜੀ ਕੋਈ ਰਾਹ ਨਹੀਂ ?

ਜਵਾਬ : ਉਸ ਵੇਲੇ ਮੈਨੂੰ ਇਸ ਗੱਲ ਦਾ ਕੋਈ ਖਿਆਲ ਨਹੀਂ ਸੀ।

ਸ : ਜੇ ਇਹ ਕੇਸ ਹੈ, ਕਿ ਬਹੁਤ ਸਾਰੇ ਘਰਾਂ ਦੇ ਪਿਛਾੜੀ ਰਾਹ ਨਹੀਂ ਸੀ, ਤਾਂ ਤੇਰੇ ਕੋਲ ਇਸ ਹੁਕਮ ਨੂੰ ਲਾਗੂ ਕਰਨ ਲਈ ਕੀ ਨਿਆਂ ਪੂਰਵਕ ਉਤਰ ਹੈ ਕਿ ਇਹਨਾਂ ਘਰਾਂ ਵਿਚ ਕਾਨੂੰਨੀ ਤੌਰ ਤੇ ਰਹਿ ਰਹੇ ਵਸਨੀਕ ਗੋਡਿਆਂ ਤੇ ਕੂਹਣੀਆਂ ਭਾਰ ਰਿੜ੍ਹਨ, ਜਦੋਂ ਉਹਨਾਂ ਨੇ ਘਰ ਤੋਂ ਜਾਣਾ ਹੋਵੇ ?

ਜ : ਉਹ ਹੋਰ ਸਮੇਂ ਜਾ ਸਕਦੇ ਸਨ, ਮੇਰੀਆਂ ਪਿਕਟਾਂ ਤਾਂ ਸਿਰਫ ਸਵੇਰੇ 6 ਵਜੇ ਤੋਂ ਸ਼ਾਮ ਦੇ ਅੱਠ ਵਜੇ ਤੀਕਰ ਸਨ — ਮੇਰਾ ਨਹੀਂ ਖਿਆਲ ਕਿ ਉਹਨਾਂ ਨੂੰ ਕੋਈ ਬਹੁਤ ਔਖਿਆਈ ਹੋਈ। ਅੰਮ੍ਰਿਤਸਰ ਨੇ ਜੋ ਕੁਝ ਕੀਤਾ, ਉਸ ਲਈ ਜੇ ਉਹਨਾਂ ਨੂੰ ਥੋੜ੍ਹਾ ਜਿਹਾ ਔਖਾ ਹੋਣਾ ਪਿਆ, ਤਾਂ ਕੀ ਹੈ। ਮੇਰਾ ਖਿਆਲ ਸੀ ਕਿ ਮਾਰਸ਼ਲ ਲਾ ਦੇ ਅਧੀਨ ਇਹਦਾ ਕੋਈ ਨੁਕਸਾਨ ਨਹੀਂ ਸੀ — ਉਹ ਜ਼ਿੰਦਗੀ



Sri Satguru Jagjit Singh Ji eLibrary NamdhariElibrary@gmail.com

ਦੀਆਂ ਜ਼ਰੂਰਤਾਂ ਹੋਰਨਾਂ ਢੰਗਾਂ ਨਾਲ ਆਸਾਨੀ ਨਾਲ ਪ੍ਰਾਪਤ ਕਰ ਸਕਦੇ ਸਨ। ਜ਼ਰੂਰੀ ਚੀਜ਼ਾਂ ਦੀ ਪ੍ਰਾਪਤੀ ਕੋਈ ਵਧੇਰੇ ਧਿਆਨ ਗੋਚਰੇ ਲਿਆਉਣ ਵਾਲੀ ਗੱਲ ਨਹੀਂ। ਉਹਨਾਂ ਨੂੰ ਐਵੇਂ ਮਾਮੂਲੀ ਜਿਹੀ ਔਖਿਆਈ ਹੋਈ ਹੋਵੇਗੀ।

ਸ: ਉਹਨਾਂ ਨੇ ਖਾਣ ਪੀਣ ਦਾ ਸਾਮਾਨ ਕਿਵੇਂ ਪ੍ਰਾਪਤ ਕੀਤਾ ਹੋਵੇਗਾ, ਜਦ ਕਿ ਬਹੁਤ ਸਾਰੇ ਘਰਾਂ ਦੇ ਪਿਛਾੜੀ ਕੋਈ ਰਾਹ ਨਹੀਂ ਸੀ?

ਜ: ਜਿਹਨਾਂ ਦੇ ਪਿਛਾੜੀ ਰਾਹ ਨਹੀਂ ਸਨ ਉਹ ਕੋਠਿਓ ਕੋਠੀ ਚਲੇ ਗਏ ਹੋਣਗੇ, ਅਤੇ ਕੋਈ ਨਾ ਕੋਈ ਢੰਗ ਲੱਭ ਲਿਆ ਹੋਵੇਗਾ, ਜੇ ਨਹੀਂ ਤਾਂ ਅੱਠ ਵਜੇ ਸ਼ਾਮ ਤੀਕਰ ਉਡੀਕਦੇ ਰਹੇ ਹੋਣਗੇ, ਫਿਰ ਬਾਹਰ ਗਏ ਹੋਣਗੇ ਤੇ ਚੀਜ਼ਾਂ ਲੈ ਆਏ ਹੋਣਗੇ।

ਸ: ਇਹਨਾਂ ਗੱਲਾਂ ਦਾ ਅਸਰ ਉਹਨਾਂ ਤੇ ਵੱਖਰੀ ਕਿਸਮ ਦਾ ਪਿਆ ਹੋਵੇਗਾ, ਜਿਸ ਕਿਸਮ ਦਾ ਅਸਰ ਤੂੰ ਪਾਉਣਾ ਚਾਹੁੰਦਾ ਸੀ ਉਹ ਨਹੀਂ। ਜਿਹਨਾਂ ਲੋਕਾਂ ਨੂੰ ਵਾਕਈ ਸਜ਼ਾ ਮਿਲਣੀ ਚਾਹੀਦੀ ਸੀ, ਉਹਨਾਂ ਨੂੰ ਸਜ਼ਾ ਦੇਣ ਦੀ ਬਜਾਏ ਉਹਨਾਂ ਲੋਕਾਂ ਨਾਲ ਜੋ ਇਸ ਕਿਸਮ ਦੇ ਕਾਰਿਆਂ ਲਈ ਜ਼ੁੰਮੇਵਾਰ ਨਹੀਂ ਸਨ, ਇਸੇ ਰੋਸ ਵਾਲੇ ਵਤੀਰੇ ਨੇ ਉਹਨਾਂ ਵਿਚ ਕਿਸ ਕਿਸਮ ਦੀਆਂ ਵਿਰੋਧੀ ਭਾਵਨਾਵਾਂ ਉਤਪੰਨ ਕੀਤੀਆਂ ਹੋਣਗੀਆਂ?

ਜ: ਅੰਮ੍ਰਿਤਸਰ ਬਹੁਤ ਬੁਰੀ ਤਰ੍ਹਾਂ ਪੇਸ਼ ਆਇਆ ਸੀ ਅਤੇ ਮੇਰਾ ਖਿਆਲ ਹੈ ਕਿ ਅੰਮ੍ਰਿਤਸਰ ਦੇ ਬਹੁਤ ਵਸਨੀਕਾਂ ਨੇ ਇਸ ਵਿਚ ਪੂਰੀ ਸਹਾਇਤਾ ਦਿਤੀ, ਜਾਂ ਦੇਖਦੇ ਰਹੇ ਕਿ ਅੱਗੇ ਕੀ ਹੁੰਦਾ ਹੈ। ਉਹਨਾਂ ਕਿਸੇ ਮਦਦ ਦੀ ਪੇਸ਼ਕਸ਼ ਨਹੀਂ ਕੀਤੀ, ਜਦ ਤੀਕਰ ਗੋਲੀ ਨਹੀਂ ਚਲਾਈ ਗਈ ਅਤੇ ਜੋ ਉਹਨਾਂ ਨੂੰ ਮਾਰਸ਼ਲ ਲਾ ਦੇ ਅਧੀਨ ਥੋੜ੍ਹਾ ਬਹੁਤ ਨੁਕਸਾਨ ਵੀ ਉਠਾਉਣਾ ਪਿਆ...

ਜਨਰਲ ਡਾਇਰ ਨੇ ਇਹ ਵੀ ਕਿਹਾ, ਕਿ ਉਸ ਦਾ ਨਹੀਂ ਸੀ ਖਿਆਲ ਕਿ ਕੋਈ ਉਸ ਗਲੀ ਵਿਚ ਦੀ ਲੰਘੇਗਾ ਅਤੇ ਇਉਂ ਗੋਡਿਆਂ ਤੇ ਕੂਹਣੀਆਂ ਭਾਰ ਰਿੜ੍ਹੇਗਾ।

ਪਰ ਉਸ ਦੇ ਹੁਕਮ ਪਾਸ ਕਰਨ ਦੇ ਕੁਝ ਹੀ ਮਿੰਟਾਂ ਬਾਅਦ 12 ਵਿਅਕਤੀ ਜਿਹੜੇ ਸ਼ਹਿਰ ਦੇ ਕਿਸੇ ਹੋਰ ਹਿੱਸੇ ਵਿਚ ਫੜੇ ਗਏ ਸਨ, ਪੁਲੀਸ ਨੇ ਇਥੇ ਲਿਆਂਦੇ ਤੇ ਪਿਕਟ ਨੇ ਉਹਨਾਂ ਵਿਅਕਤੀਆਂ ਨੂੰ ਹੁਕਮ ਦਿੱਤਾ ਕਿ ਉਹ ਗੋਡਿਆਂ ਤੇ ਕੂਹਣੀਆਂ ਭਾਰ ਰਿੜ੍ਹ ਕੇ ਲੰਘਣ।

ਜਨਰਲ ਡਾਇਰ ਨੇ ਇਸ ਗਲੀ ਵਿਚ ਲੋਕਾਂ ਨੂੰ ਬੈਂਤਾਂ ਮਾਰਨ ਲਈ ਟਿਕਟਿਕੀ ਵੀ ਗੱਡੀ ਹੋਈ ਸੀ, ਅਤੇ 6 ਵਿਅਕਤੀ ਜਿਹਨਾਂ ਨੂੰ ਮਿਸ ਸ਼ੇਰਵੁਡ ਤੇ ਹਮਲਾ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕਰਕੇ ਕਿਲ੍ਹੇ ਵਿਚ ਰਖਿਆ ਹੋਇਆ ਸੀ, ਇਥੇ ਲਿਆ ਕੇ ਬੈਂਤਾਂ ਮਾਰੀਆਂ ਗਈਆਂ। ਇਹਨਾਂ ਵਿਅਕਤੀਆਂ ਨੇ ਬਾਅਦ ਵਿਚ ਤਸ਼ੱਦਦ ਦੇ ਅਧੀਨ ਆਪਣੇ ਦੋਸ਼ ਦਾ ਇਕਬਾਲ ਕਰ ਲਿਆ, ਪਰ ਬੈਂਤਾਂ ਮਾਰਨ ਵੇਲੇ ਉਹ ਕਥਿਤ ਦੋਸ਼ੀ ਸਨ। ਇਸੇ ਥਾਂ ਹੀ 11 ਵਿਅਕਤੀਆਂ ਨੂੰ ਅੰਗਰੇਜ਼ਾਂ ਨੂੰ ਸਲਾਮ ਨਾ ਕਰਨ ਦੇ ਦੋਸ਼ ਵਿਚ ਬੈਂਤਾਂ ਮਾਰੀਆਂ ਗਈਆਂ। ਇਹਨਾਂ ਤੋਂ ਬਿਨਾਂ ਲਗਪਗ ਪੰਜਾਹ ਹੋਰ ਵਿਅਕਤੀ ਇਥੋਂ ਦੀ ਲੰਘਾਏ ਗਏ।



Sri Satguru Jagjit Singh Ji eLibrary NamdhariElibrary@gmail.com

ਹੰਟਰ ਕਮਿਸ਼ਨ ਨੇ ਇਸ ਹੁਕਮ ਬਾਰੇ ਆਪਣੀ ਰਾਏ ਪ੍ਰਗਟ ਕੀਤੀ ਹੈ :

"ਇਹ ਹੁਕਮ ਯਕੀਨੀ ਤੌਰ ਤੇ ਇਤਰਾਜ਼ ਯੋਗ ਹੈ । ਇਹ ਗ਼ੈਰ ਜ਼ਰੂਰੀ ਤੌਰ ਤੇ ਬਹੁਤ ਸਾਰੇ ਲੋਕਾਂ ਲਈ ਔਖਿਆਈ ਦਾ ਕਾਰਨ ਬਣਿਆ ਹੈ, ਅਤੇ ਇਸ ਨਾਲ ਦੋਸ਼ੀਆਂ ਤੇ ਬੇਗੁਨਾਹਾਂ ਦੋਹਾਂ ਨੂੰ ਸਜ਼ਾ ਦਿੱਤੀ ਗਈ ਹੈ । ਇਸ ਤੋਂ ਬਿਨਾਂ ਪ੍ਰਬੰਧਕ ਦ੍ਰਿਸ਼ਟੀਕੋਣ ਤੋਂ ਵੀ ਇਹ ਹਿੰਦੁਸਤਾਨੀ ਵੱਸੋਂ ਦੀ ਹੱਤਕ ਕਰਨ ਵਾਲਾ ਹੈ, ਜਿਸ ਨੇ ਇਸ ਨੂੰ ਹਟਾਏ ਜਾਣ ਦੇ ਬਾਦ ਵੀ ਨਸਲੀ ਨਫ਼ਰਤ ਅਤੇ ਆਪਣੀ ਮੰਦਭਾਵਨਾ ਨੂੰ ਜਾਰੀ ਰੱਖਿਆ ਹੈ ।"

ਅਖੀਰ ਲੈਫਟੀਨੈਂਟ ਗਵਰਨਰ ਸਰ ਮਾਈਕਲ ਉਡਵਾਇਰ ਦੇ ਹੁਕਮ ਤੇ ਇਹ ਆਰਡਰ ਅੱਠ ਦਿਨਾਂ ਬਾਦ ਵਾਪਸ ਲਿਆ ਗਿਆ । ਇਥੋਂ ਤੀਕਰ ਕਿ ਇਸੇ ਦੀ ਨਿਖੇਧੀ ਬਰਿਟਸ਼ ਪਾਰਲੀਮੈਂਟ ਵਿਚ ਸੈਕਰੇਟਰੀ ਫਾਰ ਸਟੇਟ ਆਫ ਇੰਡੀਆ ਨੂੰ ਵੀ ਕਰਨੀ ਪਈ ।

ਇਸ ਤੋਂ ਬਿਨਾਂ ਸੈਂਕੜੇ ਲੋਕ ਗ੍ਰਿਫਤਾਰ ਕੀਤੇ ਗਏ । ਵਕੀਲਾਂ ਤੋਂ ਕੁਲੀਆਂ ਦਾ ਕੰਮ ਲਿਆ ਗਿਆ । ਸ਼ਹਿਰਾਂ ਦੇ ਕਈਆਂ ਹਿੱਸਿਆਂ ਵਿਚ ਟਿਕਟਿਕੀਆਂ ਲਗਾ ਕੇ ਬੈਂਤਾਂ ਦੀ ਸਜ਼ਾ ਦਿੱਤੀ ਗਈ ।

ਮਾਰਸ਼ਲ ਲਾ ਕਮਿਸ਼ਨ ਦੇ ਅੱਗੇ 298 ਬੰਦਿਆਂ ਦੇ ਕੇਸ ਦਰਜ ਹੋਏ । 51 ਨੂੰ ਮੌਤ ਦੀ ਸਜ਼ਾ, 48 ਨੂੰ ਉਮਰ ਕੈਦ, 2 ਨੂੰ 10 ਸਾਲ, 79 ਨੂੰ ਸੱਤ ਸਾਲ, 10 ਨੂੰ ਪੰਜ ਸਾਲ, 13 ਨੂੰ ਤਿੰਨ ਸਾਲ, ਅਤੇ ਗਿਆਰਾਂ ਨੂੰ ਇਸ ਤੋਂ ਘੱਟ ਸਮੇਂ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ ।

ਮਿਲਟਰੀ ਅਫਸਰਾਂ ਵਲੋਂ 60 ਬੰਦਿਆਂ ਤੇ ਸਮਰੀ ਕੇਸਾਂ ਤੇ 50 ਨੂੰ ਸਜ਼ਾ ਮਿਲੀ ।

ਮੈਜਿਸਟਰੇਟਾਂ ਵਲੋਂ ਮਾਰਸ਼ਲ ਲਾ ਦੇ ਅਧੀਨ 105 ਵਿਅਕਤੀਆਂ ਨੂੰ ਸਜ਼ਾ ਦਿੱਤੀ ਗਈ ।

12 ਅਪਰੈਲ ਤੋਂ ਬਾਦ ਹੀ ਅੰਧਾ-ਧੁੰਦ ਗ੍ਰਿਫ਼ਤਾਰੀਆਂ ਦਾ ਆਰੰਭ ਹੋ ਗਿਆ । ਜ਼ਿੰਦਗੀ ਦੇ ਹਰ ਖੇਤਰ ਵਿਚੋਂ ਹਰ ਰੋਜ਼ ਵਿਅਕਤੀ ਪਕੜ ਲਏ ਜਾਂਦੇ । ਜਦੋਂ ਉਹ ਆਪਣੇ ਕੰਮਾਂ ਵਿਚ ਆਰਾਮ ਨਾਲ ਮਸਰੂਫ ਹੁੰਦੇ । ਕੋਈ ਦੋਸ਼ ਨਾ ਦੱਸਿਆ ਜਾਂਦਾ, ਬੱਸ ਹੱਥ-ਕੜੀ ਲਾਈ ਤੇ ਹਵਾਲਾਤੇ ਡੱਕ ਦਿੱਤਾ । ਦਿਨਾਂ ਬੱਧੀ, ਮਹੀਨਿਆਂ ਬੱਧੀ, ਬਿਨਾਂ ਕੋਈ ਦੋਸ਼ ਦੱਸਿਆਂ ਹੀ, ਨਾ ਉਹਨਾਂ ਨੂੰ ਕਿਸੇ ਦੋਸਤ, ਰਿਸ਼ਤੇਦਾਰ ਜਾਂ ਵਕੀਲ ਨੂੰ ਮਿਲਣ ਦਿੱਤਾ ਜਾਂਦਾ ।

ਲੋਕਾਂ ਨੂੰ ਫੜ ਕੇ, ਲੀਡਰਾਂ ਦੇ ਵਿਰੁਧ ਝੂਠੀਆਂ ਗਵਾਹੀਆਂ ਦੇਣ ਲਈ ਆਖਿਆ ਜਾਂਦਾ, ਉਹਨਾਂ ਵਲੋਂ ਨਾਂਹ ਕਰਨ ਤੇ ਉਹਨਾਂ ਤੇ ਹਰ ਤਰ੍ਹਾਂ ਦਾ ਤਸ਼ੱਦਦ ਕੀਤਾ ਗਿਆ ।

ਲਾਹੌਰ ਵਿਚ ਮਾਰਸ਼ਲ ਲਾ ਦਾ ਇਨਚਾਰਜ ਚੌਥੀ ਰਾਇਲ ਸੁਸੈਕਸ ਦਾ ਲੈਫਟੀਨੈਂਟ ਕਰਨਲ ਫਰੈਂਕ ਜਾਨਸਨ ਸੀ । ਉਹ ਹਿੰਦਸਤਾਨ ਵਿਚ ਆਉਣ ਤੋਂ ਪਹਿਲਾਂ ਦੱਖਣੀ ਅਫਰੀਕਾ ਵਿਚ ਬੈਚੂਆਨਾਲੈਂਡ ਵਿਖੇ ਮਾਰਸ਼ਲ ਲਾ ਦਾ ਪ੍ਰਬੰਧਕ



Sri Satguru Jagjit Singh Ji eLibrary NamdhariElibrary@gmail.com

ਰਹਿ ਚੁੱਕਾ ਸੀ। ਉਹ ਕਾਫ਼ੀ ਦੇਰ ਤੋਂ ਇਹ ਮੌਕਾ ਭਾਲ ਰਿਹਾ ਸੀ ਕਿ ਪੰਜਾਬ ਦੇ ਲੋਕਾਂ ਨੂੰ ਮਾਰਸ਼ਲ ਲਾ ਦੀ ਸ਼ਕਤੀ ਦਿਖਾ ਸਕੇ।

ਉਸ ਨੇ ਲੋਕਾਂ ਦੀ ਨਿਤਾ-ਪ੍ਰਤੀ ਜ਼ਿੰਦਗੀ ਨੂੰ ਕੰਟਰੋਲ ਕਰਨ ਲਈ ਕਈ ਪ੍ਰਕਾਰ ਦੇ ਆਰਡਰ ਪਾਸ ਕੀਤੇ। ਨੋਟਿਸ ਤੇ ਐਲਾਨ ਕੱਢੇ। 15 ਅਪਰੈਲ ਨੂੰ ਹੀ ਉਸ ਨੇ ਕਰਫ਼ੀਊ ਆਰਡਰ ਲਾਗੂ ਕਰ ਦਿੱਤਾ।

ਉਸ ਨੇ ਇਕ ਹੁਕਮ ਰਾਹੀਂ ਸਾਰੇ ਹਿੰਦੁਸਤਾਨੀਆਂ ਤੋਂ ਉਹਨਾਂ ਦੀਆਂ ਮੋਟਰਕਾਰਾਂ, ਬਾਈਸਿਕਲ ਤੇ ਹੋਰ ਵਹੀਕਲ ਖੋਹ ਲਏ। ਮੋਟਰਕਾਰਾਂ ਯੂਰਪੀਨਾਂ ਨੂੰ ਦੇ ਦਿੱਤੀਆਂ। ਇਸੇ ਤਰ੍ਹਾਂ ਹਿੰਦੁਸਤਾਨੀ ਘਰਾਂ ਵਿਚੋਂ ਬਿਜਲੀ ਦੇ ਪੱਖੇ ਲੁਹਾ ਕੇ ਗੋਰੇ ਫੌਜੀਆਂ ਨੂੰ ਦਿੱਤੇ ਗਏ।

ਸਾਰੇ ਟਾਂਗੇ ਇਕ ਥਾਂ ਇਕੱਠੇ ਕਰ ਦਿੱਤੇ ਗਏ। ਉੱਤਰ ਇਹ ਦਿੱਤਾ ਗਿਆ ਕਿ ਉਹ ਹੜਤਾਲ ਵਿਚ ਹਿੱਸਾ ਲੈਂਦੇ ਸਨ।

ਇਕ ਹੁਕਮ ਰਾਹੀਂ ਜਿਹੜਾ ਕਿ ਉਸ ਨੇ 16 ਅਪਰੈਲ ਨੂੰ ਕੱਢਿਆ, ਕਿ ਜਿਹਨਾਂ ਲੋਕਾਂ ਦੀਆਂ ਕੰਧਾਂ ਨਾਲ ਮਾਰਸ਼ਲ ਲਾ ਦੇ ਪੋਸਟਰ ਲਾਏ ਜਾਣਗੇ, ਉਹਨਾਂ ਦੇ ਉੱਥੇ ਲੱਗੇ ਰਹਿਣ ਦੀ ਰਾਖੀ ਦਾ ਕੰਮ ਉਸ ਪ੍ਰਾਪਰਟੀ ਦੇ ਮਾਲਕ ਕਰਨਗੇ। ਜੇ ਕੋਈ ਪੋਸਟਰ ਲਹਿ ਗਿਆ, ਤਾਂ ਮਾਲਕ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ।

ਅਤੇ ਪੋਸਟਰ ਲਾਉਣ ਲਈ ਉਹਨਾਂ ਲੋਕਾਂ ਦੀਆਂ ਕੰਧਾਂ ਚੁਣੀਆਂ, ਜਿਹੜੇ ਸਰਕਾਰ ਨੂੰ ਨਾਪਸੰਦ ਸਨ। ਜਦ ਉਸ ਨੂੰ ਪੁੱਛਿਆ ਗਿਆ :

ਸਵਾਲ : ਕੀ ਤੂੰ ਅਜਿਹੇ ਘਰਾਂ ਦੀ ਚੋਣ ਸੀ. ਆਈ. ਡੀ. ਤੇ ਛੱਡ ਦਿੱਤੀ ਸੀ ?

ਜਵਾਬ : ਉਹਨਾਂ ਇਕ ਲਿਸਟ ਪੇਸ਼ ਕੀਤੀ ਸੀ। ਮੈਂ ਉਹਨਾਂ ਨੂੰ ਕਿਹਾ ਸੀ ਕਿ ਉਹਨਾਂ ਲੋਕਾਂ ਦੀ ਲਿਸਟ ਪੇਸ਼ ਕਰੋ ਜਿਹੜੇ ਵਫ਼ਾਦਾਰ ਨਹੀਂ ਹਨ। ਮੈਂ ਫਿਰ ਨਕਸ਼ੇ ਤੋਂ ਜੁਗਰਾਫੀਕਲ ਥਾਂ ਦੇਖ ਕੇ ਘਰ ਚੁਣੇ ਸਨ।

ਜਾਨਸਨ ਆਪਣੇ ਕਾਰਨਾਮਿਆਂ ਤੇ ਬੜਾ ਮਗ਼ਰੂਰ ਨਜ਼ਰ ਆਉਂਦਾ ਸੀ। ਜਦੋਂ ਉਸ ਨੂੰ ਪੁੱਛਿਆ, "ਕੀ ਇਹੋ ਜਿਹੇ ਆਰਡਰ ਦੇਣੇ ਜਾਇਜ਼ ਸਨ ?" ਉਸ ਨੇ ਉੱਤਰ ਦਿੱਤਾ : "ਬਿਲਕੁਲ। ਮੈਂ ਤਾਂ ਫੇਰ ਵੀ ਕਰਾਂਗਾ। ਇਹ ਮੇਰੇ ਦਿਮਾਗ਼ ਦੀਆਂ ਕਾਢਾਂ ਵਿਚੋਂ ਸਿਰਫ ਇਕ ਹੈ।"

ਉਸ ਨੇ ਇਹ ਨੋਟਿਸ ਵੀ ਜਾਰੀ ਕੀਤਾ ਕਿ ਜੇ ਕੋਈ ਬੰਬ ਉਹਦੇ ਫ਼ੌਜੀਆਂ ਤੇ ਸੁੱਟਿਆ ਗਿਆ, ਤਾਂ ਉਹ ਉਹਨਾਂ ਸਾਰੇ ਲੋਕਾਂ ਦੇ ਜ਼ੁੰਮੇ ਲਾ ਦਿੱਤਾ ਜਾਵੇਗਾ, ਜਿਹੜੇ ਉਸ ਥਾਂ ਤੋਂ 100 ਗਜ਼ ਦੇ ਘੇਰੇ ਵਿਚ ਰਹਿੰਦੇ ਹੋਣਗੇ। ਅਤੇ ਉਹ ਉਹਨਾਂ ਨੂੰ ਸਿਰਫ਼ ਇਕ ਘੰਟੇ ਦਾ ਵਕਤ ਦੇਵੇਗਾ, ਕਿ ਉਹ ਲੋਕ ਉਹ ਥਾਂ ਛਡ ਕੇ ਲਾਂਭੇ ਹੋ ਜਾਣ। ਉਸ ਤੋਂ ਬਾਅਦ ਉਹ (100 ਗਜ਼ ਦਾ) ਸਾਰੀ ਥਾਂ, ਹਰ ਇਕ ਬਿਲਡਿੰਗ ਉੜਾ ਦਿੱਤੀ ਜਾਵੇਗੀ।

ਉਸ ਨੇ ਸਮਰੀ ਕੋਰਟਾਂ ਵੀ ਬਣਾਈਆਂ ਅਤੇ ਆਪ 201 ਵਿਅਕਤੀਆਂ ਨੂੰ ਸਜ਼ਾ ਦਿੱਤੀ। ਤੀਹ ਤੀਹ ਤਕ ਬੈਂਤ ਲੋਕਾਂ ਦੇ ਮਾਸੂਮ ਪਿੰਡਿਆਂ ਤੇ ਮਾਰੇ ਗਏ। ਸ਼ਰੇ-ਆਮ ਲੋਕਾਂ ਨੂੰ ਇਕੱਠੇ ਕਰਕੇ ਬੈਂਤਾਂ ਦੀ ਸਜ਼ਾ ਦਿੱਤੀ ਜਾਂਦੀ, ਤਾਂਕਿ ਦੂਸਰਿਆਂ ਤੇ ਦਹਿਸ਼ਤ



Sri Satguru Jagjit Singh Ji eLibrary NamdhariElibrary@gmail.com

ਪਾਈ ਜਾਵੇ । ਉਸ ਦੇ ਕਹਿਣ ਮੁਤਾਬਿਕ ਇਹ ਬੜੀ ਮਿਹਰਬਾਨੀ ਵਾਲੀ ਸਜ਼ਾ ਸੀ । ਇਹ ਆਦਮੀ ਵਹਿਸ਼ੀ ਦਿਮਾਗ਼ ਦਾ ਸੀ, ਜਿਸ ਨੂੰ ਵਹਿਸ਼ੀਆਨਾ ਕਾਰਿਆਂ ਤੇ ਮਾਣ ਸੀ ।

ਉਹ ਵਕੀਲਾਂ, ਉਹਨਾਂ ਦੇ ਮੁਣਸ਼ੀਆਂ ਤੇ ਚਪੜਾਸੀਆਂ ਤੇ ਸਮੁੱਚੀ ਪੜ੍ਹੀ ਲਿਖੀ ਸ਼ਰੇਣੀ ਦੇ ਰੱਜ ਕੇ ਵਿਰੁੱਧ ਸੀ । ਉਸ ਨੇ ਇਕ ਹੁਕਮ ਰਾਹੀਂ ਵਕੀਲਾਂ ਦਾ ਰੇਲ ਰਾਹੀਂ ਸਫ਼ਰ ਕਰਨਾ ਮਨ੍ਹਾਂ ਕਰ ਦਿੱਤਾ ।

ਉਸ ਨੇ ਬਹੁਤ ਸਾਰੇ ਵਕੀਲਾਂ ਨੂੰ ਗ੍ਰਿਫ਼ਤਾਰ ਵੀ ਕੀਤਾ । ਉਹਨਾਂ ਵਿਚੋਂ ਇਕ ਮਸ਼ਹੂਰ ਵਕੀਲ ਮਨੋਹਰ ਲਾਲ ਸੀ, ਜੋ ਪਿਛੋਂ ਜਾ ਕੇ 'ਸਰ' ਵੀ ਬਣਿਆ ਅਤੇ ਮਨਿਸਟਰ ਵੀ । ਉਹ ਪੰਜਾਬ ਤੋਂ ਐਮ. ਏ. ਸੀ, ਅਤੇ ਕੈਂਬਰਿਜ਼ ਤੋਂ ਬੀ. ਏ. । ਉਹ ਪੰਜਾਬ ਯੂਨੀਵਰਸਟੀ ਦਾ ਫੈਲੋ ਵੀ ਸੀ । ਉਹ ਸੇਂਟ ਜਾਹਨ ਕਾਲਜ ਕੈਂਬਰਿਜ ਦਾ ਫੌਂਡਸੇਨ ਸਕਾਲਰ ਸੀ । ਉਹ ਹਾਈ ਕੋਰਟ ਬਾਰ ਐਸੋਸੀਏਸ਼ਨ ਦਾ ਵਾਈਸ ਪ੍ਰੈਜ਼ੀਡੈਂਟ ਅਤੇ ਐਫ. ਸੀ. ਕਾਲਜ ਗਰੈਜੂਏਟ ਯੂਨੀਅਨ ਦਾ ਪ੍ਰਧਾਨ ਸੀ ।

ਉਸ ਨੂੰ ਟੈਲੀਗ੍ਰਾਫ ਆਫਿਸ ਤੋਂ ਗ੍ਰਿਫ਼ਤਾਰ ਕਰ ਕੇ ਸੈਂਟ੍ਰਲ ਜਿਹਲ ਲਾਹੌਰ ਭੇਜ ਦਿੱਤਾ । ਜਿਹਲ ਵੜਦਿਆਂ ਡਿਉੜੀ 'ਚ ਉਹਦੀ ਆਮ ਮੁਲਜ਼ਮਾਂ ਵਾਂਗੂ ਜਾਮਾ ਤਲਾਸ਼ੀ ਲਈ ਗਈ । ਘੜੀ, ਜ਼ੰਜੀਰੀ, ਪੈਸੇ, ਪਿਨਸਲ ਸਭ ਕੁਝ ਰਖਾ ਲਿਆ ਗਿਆ । ਰਜਿਸਟਰ ਤੇ ਅੰਗੂਠੇ ਦਾ ਨਿਸ਼ਾਨ ਲਵਾਇਆ ਗਿਆ, ਅਤੇ ਉਸ ਵਾਰਡ ਵਿਚ ਲੈ ਗਏ, ਜਿਥੇ ਫਾਂਸੀ ਵਾਲੇ ਕੈਦੀਆਂ ਨੂੰ ਰਖਿਆ ਜਾਂਦਾ ਹੈ । ਉਸੇ ਕੋਠੜੀ ਵਿਚ ਦੋ ਗੰਦੇ ਕੰਬਲ ਅਤੇ ਲੋਹੇ ਦੇ ਬਾਟੇ ਦੇ ਦਿੱਤੇ ਗਏ ।

ਫਿਰ ਉਥੋਂ ਕੱਢ ਕੇ ਚੱਕੀ ਬੰਦ ਕਰ ਦਿੱਤਾ ਗਿਆ । ਜਿਸ ਵਿਚ ਇਕ ਸੁਰਾਹੀ ਤੇ ਟੱਟੀ ਜਾਣ ਲਈ ਇਕ ਕੁਨਾਲੀ ਸੀ । ਸਵੇਰ ਵੇਲੇ ਥੋੜ੍ਹੇ ਸਮੇਂ ਲਈ ਬਾਹਰ ਕੱਢਦੇ ਸਨ, ਬਾਕੀ ਸਾਰਾ ਦਿਨ ਅੰਦਰ । ਉਸ ਕੋਲ ਆਪਣੇ ਸੂਟ ਦੇ ਸਿਵਾ ਹੋਰ ਕੋਈ ਕੱਪੜਾ ਵੀ ਨਹੀਂ ਸੀ । 18 ਤਾਰੀਕ ਨੂੰ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ । 21 ਤਾਰੀਖ ਨੂੰ ਜਾ ਕੇ ਘਰ ਦਿਆਂ ਨੂੰ ਮਿਲਣ ਦੀ ਆਗਿਆ ਦਿੱਤੀ ਗਈ । ਪਿਛੋ ਘਰ ਦੀ ਤਲਾਸ਼ੀ ਲਈ ਗਈ । ਕਈ ਚੀਜ਼ਾਂ ਪੁਲਸ ਨਾਲ ਲੈ ਗਈ ਜੋ ਵਾਪਸ ਨਹੀਂ ਕੀਤੀਆਂ । 16 ਮਈ ਨੂੰ ਜਾ ਕੇ ਉਹਨੂੰ ਰਿਹਾ ਕੀਤਾ ਗਿਆ । ਉਸ ਨੇ ਇਕ ਬਿਆਨ ਵਿਚ ਕਿਹਾ, "ਅੱਜ ਤੀਕਰ ਮੈਨੂੰ ਇਹ ਨਹੀਂ ਪਤਾ ਕਿ ਮੇਰੇ ਵਿਰੁੱਧ ਕੀ ਦੋਸ਼ ਸੀ, ਜਾਂ ਕੋਈ ਅਜਿਹੀ ਗੱਲ ਜਿਸ ਨਾਲ ਮੇਰੀ ਗ੍ਰਿਫ਼ਤਾਰੀ ਹੋਦੀ ਤੇ ਮੈਨੂੰ ਜਿਹਲ ਅੰਦਰ ਡੱਕਣ ਦੀ ਲੋੜ ਪਈ ।"

ਇਹ ਹਾਲਤ ਤਾਂ ਬੜੇ ਬੰਦਿਆਂ ਦੀ ਸੀ । ਆਮ ਸਾਧਾਰਣ ਲੋਕਾਂ ਨੂੰ ਜੋ ਤਸੀਹੇ ਝੱਲਣੇ ਪਏ, ਉਹਨਾਂ ਦੀ ਲਿਸਟ ਬੜੀ ਲੰਬੀ ਹੈ । ਇਸੇ ਤਰ੍ਹਾਂ ਇਕ ਜਨੇਤ ਫੜ ਲਈ ਗਈ । ਦੋਸ਼ ਇਹ ਲਾਇਆ ਗਿਆ ਕਿ ਦਸਾਂ ਤੋਂ ਵਧ ਬੰਦੇ ਹਨ । ਸਣੇ ਲਾੜੇ ਅਤੇ ਗਰੰਥੀ ਜੀ ਦੇ, ਸਭ ਨੂੰ ਬੈਂਤਾਂ ਮਾਰੀਆਂ ਗਈਆਂ ।

ਟ੍ਰੀਬਿਊਨ ਅਖ਼ਬਾਰ ਦੇ ਐਡੀਟਰ ਸ੍ਰੀ ਕਾਲੀ ਨਾਥ ਰਾਏ ਨੂੰ ਪਕੜ ਲਿਆ ਗਿਆ । ਇਸੇ ਤਰ੍ਹਾਂ 'ਪ੍ਰਤਾਪ' ਦੇ ਐਡੀਟਰ ਨੂੰ । ਦੋਹਾਂ ਨੂੰ ਦੋ ਤੇ ਡੇਢ੍ਹ ਸਾਲ ਦੀਆਂ



Sri Satguru Jagjit Singh Ji eLibrary NamdhariElibrary@gmail.com

ਸਜ਼ਾਵਾਂ ਦਿੱਤੀਆਂ ਗਈਆਂ। ਇਹਨਾਂ ਦੋਂਹ ਅਖ਼ਬਾਰਾਂ ਅਤੇ ਪੰਜਾਬੀ ਦੀ ਪ੍ਰਕਾਸ਼ਨ ਰੋਕ ਦਿੱਤੀ ਗਈ।

ਸ਼ਹਿਰ ਦੇ 11 ਪਤਵੰਤੇ ਵਿਅਕਤੀਆਂ ਵਿਰੁੱਧ 'ਬਾਦਸ਼ਾਹ ਵਿਰੁੱਧ ਜੰਗ' ਦੇ ਦੋਸ਼ ਵਿਚ ਮੁਕੱਦਮਾ ਬਣਾਇਆ ਗਿਆ। ਇਹਨਾਂ ਵਿਚੋਂ ਇਕ ਲਾਲਾ ਹਰਕਿਸ਼ਨ ਲਾਲ ਸਨ, ਜੋ ਪੰਜਾਬ ਨੈਸ਼ਨਲ ਬੈਂਕ ਦੇ ਬਾਨੀ ਅਤੇ ਲਾਹੌਰ ਅਲੈਕਟ੍ਰੀਸਿਟੀ ਕੰਪਨੀ ਦੇ ਚੇਅਰਮੈਨ ਸਨ। ਆਪ ਨੇ ਕੈਂਬਰਿਜ ਤੋਂ ਅਕਨਾਮਿਕਸ ਦੀ ਬੀ. ਏ. ਕੀਤੀ ਸੀ ਅਤੇ ਇਕ ਸਾਧਾਰਣ ਵਿਅਕਤੀ ਤੋਂ ਉਠ ਕੇ ਬੜੇ ਵਡੇ ਫਿਨਾਨਸਰ ਬਣੇ ਸਨ। ਆਪ ਦਾ ਬਿਆਨ ਹੈ :

"ਉਹਨਾਂ ਨੂੰ ਇਹ ਕਹਿਣ ਵਿਚ ਕੋਈ ਝਾਕਾ ਨਹੀਂ ਕਿ ਉਹਨਾਂ ਨੂੰ ਇਸ ਲਈ ਗ੍ਰਿਫ਼ਤਾਰ ਕੀਤਾ ਗਿਆ ਹੈ ਕਿ ਫਿਨਾਨਸਰ ਦੇ ਤੌਰ ਤੇ ਸਿੱਧੀ ਅੰਗਰੇਜ਼ੀ ਵਿਚ ਸਰ ਮਾਈਕਲ ਉਡਵਾਇਰ ਨੂੰ ਉਹਨਾਂ ਨਾਲ ਜੇਲਸੀ ਹੈ (ਈਰਖਾ ਕਰਦੇ ਹਨ) ਅਤੇ ਉਹਨਾਂ ਸਰਗਰਮੀਆਂ ਵਿਚ ਹਿੱਸਾ ਲੈਂਦੇ ਹਨ, ਜਿਹੜੀਆਂ ਉਹਦੇ ਸੁਆਦ ਦੇ ਵਿਰੁੱਧ ਹਨ।" ਉਹਦੇ ਕਾਰੋਬਾਰ ਨੂੰ ਤਬਾਹ ਕਰਨ ਲਈ ਕਈ ਸਾਜ਼ਿਸ਼ਾਂ ਕੀਤੀਆਂ ਗਈਆਂ। ਉਸ ਉਤੇ ਝੂਠੇ ਦੋਸ਼ ਲਾ ਕੇ ਕੇਸ ਬਣਾਇਆ ਗਿਆ, ਸਜ਼ਾ ਦਿੱਤੀ ਗਈ, ਜਲਾਵਤਨ ਕੀਤਾ ਗਿਆ।

ਲਾਹੌਰ ਵਿਚ ਕੋਈ ਗੰਭੀਰ ਗੜਬੜ ਨਹੀਂ ਸੀ ਹੋਈ, ਨਾ ਹੀ ਕਿਸੇ ਜਾਇਦਾਦ ਜਾਂ ਜਾਨ ਦਾ ਨੁਕਸਾਨ ਹੋਇਆ ਸੀ। 12 ਅਪਰੈਲ ਤੋਂ ਬਾਅਦ ਕੁਝ ਵੀ ਨਹੀਂ ਸੀ ਹੋਇਆ। ਫਿਰ ਵੀ ਇਸ ਸ਼ਹਿਰ ਵਿਚ 15 ਅਪਰੈਲ ਨੂੰ 406 ਬ੍ਰਿਟਿਸ਼ ਫ਼ੌਜੀ, 250 ਇੰਡੀਅਨ ਡੀਫੈਂਸ ਫੋਰਸ (ਯੂਰਪੀਅਨ ਸੈਕਸ਼ਨ), 381 ਇੰਡੀਅਨ ਫ਼ੌਜੀ, 460 ਆਰਮਡ ਪੁਲੀਸ, 800 ਦੂਜੀ ਪੁਲੀਸ, 3 ਆਰਮਰਡ ਕਾਰਾ ਮੌਜੂਦ ਸਨ। 20 ਤਾਰੀਖ ਨੂੰ ਹੋਰ ਬ੍ਰਿਟਿਸ਼ ਫ਼ੌਜ ਆ ਗਈ ਤੇ ਉਹਨਾਂ ਦੀ ਗਿਣਤੀ 1000 ਤੋਂ ਵੀ ਵਧ ਹੋ ਗਈ ਸੀ।

ਵਿਦਿਆਰਥੀਆਂ ਅਤੇ ਪ੍ਰੋਫੈਸਰਾਂ ਨੂੰ ਵੀ ਆਪਣੀ ਤਸ਼ੱਦਦ ਦੀ ਪਾਲਸੀ ਦਾ ਨਿਸ਼ਾਨਾ ਬਣਾਇਆ ਗਿਆ, ਅਤੇ ਵੱਖ ਵੱਖ ਢੰਗਾਂ ਨਾਲ ਉਹਨਾਂ ਨੂੰ ਤੰਗ ਕੀਤਾ ਗਿਆ। ਹੰਟਰ ਕਮਿਸ਼ਨ ਦੇ ਇਕ ਮੈਂਬਰ ਸਰ ਚਮਨ ਲਾਲ ਸੀਤਲਵਾਦ ਦੇ ਪ੍ਰਸ਼ਨਾਂ ਦੇ ਉਤਰ ਵਿਚ ਕਰਨਲ ਜਾਨਸਨ ਨੇ ਜੋ ਕਿਹਾ, ਉਹ ਉਸ ਦੇ ਮਨ ਦੀ ਕਿਰਿਆ ਦਾ ਪ੍ਰਗਟਾ ਕਰਦਾ ਹੈ :

ਸਵਾਲ : ਸਨਾਤਨ ਧਰਮ ਕਾਲਜ ਉਹਨਾਂ ਵਿਚੋਂ ਇਕ ਸੀ, ਜਿਹਨਾਂ ਬਿਲਡਿੰਗਾਂ ਨੂੰ ਤੂੰ ਨੋਟਿਸ ਲਾਉਣ ਲਈ ਚੁਣਿਆਂ ?

ਜਵਾਬ : ਮੇਰਾ ਵਿਸ਼ਵਾਸ ਹੈ, ਇਵੇਂ ਸੀ।

ਸ : ਕੀ ਇਸ ਕਾਲਜ ਦੀਆਂ ਬਾਹਰਲੀਆਂ ਕੰਧਾਂ ਤੇ ਲਾਇਆ ਨੋਟਿਸ ਕਿਸੇ ਨੇ ਪਾੜ ਦਿੱਤਾ ਸੀ ?

ਜ : ਇਹੋ ਇਤਲਾਹ ਸੀ, ਜੋ ਮੈਨੂੰ ਦਿੱਤੀ ਗਈ, ਪੁਲੀਸ ਨੇ ਨਹੀਂ, ਕਿਸੇ ਹੋਰ ਨੇ।



Sri Satguru Jagjit Singh Ji eLibrary NamdhariElibrary@gmail.com

ਸ : ਕੀ ਇਹ ਸੱਚ ਹੈ ਕਿ ਕਾਲਜ ਦੇ ਹੋਸਟਲਾਂ ਦੇ ਸਾਰੇ ਵਿਦਿਆਰਥੀ ਗ੍ਰਿਫ਼ਤਾਰ ਕਰ ਲਏ ਗਏ ਸਨ ?

ਜ : ਮੈਂ ਹੁਕਮ ਦਿੱਤਾ ਸੀ ਕਿ ਇਸ ਥਾਂ ਦੇ ਸਾਰੇ ਮਰਦ ਫੜ ਲਏ ਜਾਣ ।

ਸ : ਕਿੰਨੇ ਗ੍ਰਿਫ਼ਤਾਰ ਕੀਤੇ ਗਏ ?

ਜ : 500 ।

ਸ : ਕੀ 500 ਵਿਦਿਆਰਥੀ ਏਸ ਲਈ ਗ੍ਰਿਫ਼ਤਾਰ ਕੀਤੇ ਗਏ ਕਿ ਇਕ ਨੋਟਿਸ ਪਾੜ ਦਿੱਤਾ ਗਿਆ ਸੀ ?

ਜ : ਅਤੇ ਸਗੋਂ ਪ੍ਰੋਫ਼ੈਸਰ ਵੀ ।

ਸ : ਕੀ ਸਾਰੇ ਗ੍ਰਿਫ਼ਤਾਰ ਕੀਤਿਆਂ ਨੂੰ ਮਾਰਚ ਕਰਵਾ ਕੇ ਕਿਲ੍ਹੇ ਲਿਜਾਇਆ ਗਿਆ, ਜੋ ਕਾਲਜ ਤੋਂ ਤਿੰਨ ਮੀਲ ਸੀ ।

ਜ : ਬਿਲਕੁਲ ਠੀਕ ।

ਸ : ਅਤੇ ਮਾਰਚ ਦੇ ਦੌਰਾਨ ਉਹਨਾਂ ਨੂੰ ਇਹ ਹੁਕਮ ਦਿੱਤਾ ਗਿਆ ਕਿ ਉਹ ਆਪਣੇ ਬਿਸਤਰੇ ਆਪਣੇ ਮੋਢਿਆਂ ਜਾਂ ਸਿਰਾਂ ਤੇ ਰੱਖਣ ?

ਜ : ਜੇ ਉਹ ਚੁੱਕਣਾ ਚਾਹੁਣ ਤਾਂ ਇਉਂ ਕਰ ਸਕਦੇ ਸਨ ।

ਸ : ਕੀ ਉਹਨਾਂ ਨੂੰ ਚੁੱਕਣ ਲਈ ਨਹੀਂ ਕਿਹਾ ਗਿਆ ਸੀ ?

ਜ : ਮੈਂ ਕੋਈ ਆਰਡਰ ਨਹੀਂ ਸੀ ਦਿੱਤਾ, ਪਰ ਜੇ ਉਹ ਚੁੱਕਣਾ ਚਾਹੁੰਦੇ ਸਨ ਤਾਂ ਚੁੱਕ ਸਕਦੇ ਸਨ ।

ਸ : ਲਾਹੌਰ ਦੀਆਂ ਗਰਮੀਆਂ ਦੇ ਦਿਨਾਂ ਵਿਚ ?

ਜ : ਇਹ ਮਈ (ਜੇਠ) ਦਾ ਦਿਹਾੜਾ ਸੀ ।

ਸ : ਲਾਹੌਰ ਵਿਚ ਬੜੀ ਗਰਮੀ ਸੀ ?

ਜ : ਹਾਂ ।

ਸ : ਇਹਨਾਂ ਪੰਜ ਸੌ ਵਿਦਿਆਰਥੀਆਂ ਅਤੇ ਪ੍ਰੋਫ਼ੈਸਰਾਂ ਸਾਰਿਆਂ ਨੂੰ ਤਿੰਨ ਮੀਲ ਦਾ ਫ਼ਾਸਲਾ ਮਾਰਚ ਕਰਵਾਇਆ ਗਿਆ ?

ਜ : ਬਿਲਕੁਲ ।

ਸ : ਉਥੇ ਉਹਨਾਂ ਨੂੰ ਕਿੰਨਾ ਚਿਰ ਰੱਖਿਆ ਗਿਆ ?।

ਜ : ਮੇਰਾ ਖਿਆਲ ਇਕ ਦਿਨ, ਮੁਆਫ ਕਰਨਾ ਦੋ ਦਿਨ ।

ਸ : ਕੀ ਉਹਨਾਂ ਨੂੰ ਬਾਅਦ ਵਿਚ ਪ੍ਰਿੰਸੀਪਲ ਦੇ ਇਹ ਲਿਖ ਕੇ ਦੇਣ ਤੇ ਛੱਡ ਦਿੱਤਾ ਗਿਆ ਸੀ, ਕਿ ਉਹ ਨੋਟਿਸਾਂ ਦੀ ਰਾਖੀ ਕਰਨਗੇ ?

ਜ : ਹਾਂ, ਜਦੋਂ ਮੈਨੂੰ ਜ਼ਰੂਰੀ ਗਾਰੰਟੀ ਮਿਲ ਗਈ, ਕਿ ਮੁੜ ਕੇ ਇਉਂ ਨਹੀਂ ਵਾਪਰੇਗਾ ।

ਸ : ਹੁਣ ਮੈਂ ਕਰਨਲ ਤੈਨੂੰ ਪੁੱਛਦਾ ਹਾਂ,ਕਿ ਜੋ ਕੁਝ ਤੂੰ ਕੀਤਾ ਕੀ ਇਹ ਜਾਇਜ਼ ਸੀ ?

ਜ : ਹਾਂ, ਮੈਂ ਤਾਂ ਇਹ ਭਾਲ ਰਿਹਾ ਸੀ, ਮੈਂ ਤਾਂ ਇਸ ਲਈ ਮੌਕਾ ਭਾਲ ਰਿਹਾ ਸੀ ।

ਸ : ਤੂੰ ਉਦੋਂ ਵੀ ਗ਼ੌਰ ਕੀਤਾ ਹੋਵੇਗਾ, ਤੂੰ ਹੁਣ ਵੀ ਗ਼ੌਰ ਕਰ, ਕੀ ਇਹ ਜਾਇਜ਼ ਹੁਕਮ ਸੀ ?



Sri Satguru Jagjit Singh Ji eLibrary NamdhariElibrary@gmail.com

ਜ : ਬਗੈਰ ਕਿਸੇ ਸ਼ੱਕ ਤੋਂ ।

ਸ : ਕਰਨਲ ਤੇਰੇ ਮਨ ਦੀ ਦਸ਼ਾ, ਜਿਵੇਂ ਕਿ ਤੇਰੀ ਰੀਪੋਰਟ ਤੋਂ ਪਤਾ ਲੱਗਦਾ ਹੈ, ਕਿ ਤੂੰ ਮੌਕੇ ਦੀ ਉਡੀਕ ਵਿਚ ਸੀ ਕਿ ਤੂੰ ਮਾਰਸ਼ਲ ਲਾ ਦੀ ਤਾਕਤ ਨਾਲ ਉਹਨਾਂ ਨੂੰ ਸੂਤ ਕਰੇਂ ?

ਜ : ਇਹ ਇਵੇਂ ਹੀ ਸੀ ।

ਸ : ਤੂੰ ਅਜਿਹੇ ਮੌਕੇ ਨੂੰ ਉਡੀਕ ਰਿਹਾ ਸੀ ?

ਜ : ਸਿਰਫ ਲੋਕਾਂ ਦੇ ਆਪਣੇ ਭਲੇ ਲਈ ।

ਸ : ਮੈਂ ਤੈਨੂੰ ਇਹ ਨਹੀਂ ਕਿਹਾ ਕਿ ਇਹ ਉਹਨਾਂ ਦੇ ਭਲੇ ਲਈ ਨਹੀਂ ਸੀ । ਇਹ ਸੀ ਜਾਂ ਨਹੀਂ ਸੀ । ਪਰ ਤੂੰ ਇਸ ਮੌਕੇ ਨੂੰ ਉਡੀਕ ਰਿਹਾ ਸੀ, ਕਿ ਮਾਰਸ਼ਲ ਲਾ ਦੀ ਤਾਕਤ ਵਿਖਾ ਸਕੇਂ ?

ਜ : ਬਿਲਕੁਲ ।

ਸ : ਸੋ ਤੈਨੂੰ ਮੌਕਾ ਮਿਲ ਗਿਆ ?

ਜ : ਹਾਂ, ਹਾਂ ਤੇ ਮੈਂ ਲੈ ਲਿਆ ।

ਸ : ਤੂੰ ਲੈ ਲਿਆ ਅਤੇ 500 ਵਿਦਿਆਰਥੀਆਂ ਨੂੰ ਗਰਮੀ ਵਿਚ ਕਿਲ੍ਹੇ ਵੱਲ ਮਾਰਚ ਕਰਵਾਇਆ ?

ਜ : ਇਹ ਇਵੇਂ ਹੈ ।

ਸ : ਅਤੇ ਤੂੰ ਅਜੇ ਵੀ ਇਸ ਗੱਲ ਤੇ ਕਾਇਮ ਏਂ ਕਿ ਤੂੰ ਆਪਣੀ ਅਥਾਰਟੀ ਦੀ ਯੋਗ ਵਰਤੋਂ ਕੀਤੀ ?

ਜ : ਪੂਰੀ ਤਰ੍ਹਾਂ । ਜੇ ਹਾਲਾਤ ਦੀ ਮੰਗ ਹੋਈ, ਤਾਂ ਮੈਂ ਕਲ੍ਹ ਨੂੰ ਵੀ ਇਵੇਂ ਹੀ ਕਰਾਂਗਾ ।

ਇਸੇ ਤਰ੍ਹਾਂ ਹੀ ਦਿਆਲ ਸਿੰਘ ਕਾਲਜ ਦੀ ਬਾਹਰਲੀ ਕੰਧ ਦੇ ਬਾਹਰ ਇਕ ਇਤਰਾਜ਼ ਵਾਲਾ ਪੋਸਟਰ ਲੱਗਾ ਹੋਇਆ ਪਾਇਆ ਗਿਆ । ਕਰਨਲ ਜਾਨਸਾਨ ਨੇ ਉਸੇ ਵੇਲੇ ਹੁਕਮ ਜਾਰੀ ਕੀਤਾ ਕਿ ਜੇ ਬਾਰਾਂ ਵਜੇ ਤੀਕ ਇਸ ਪੋਸਟਰ ਦੇ ਲਿਖਣ ਵਾਲੇ ਦਾ ਨਾਮ ਉਸ ਨੂੰ ਨਾ ਦੱਸਿਆ ਗਿਆ, ਤਾਂ ਸਖਤ ਕਾਰਵਾਈ ਕੀਤੀ ਜਾਵੇਗੀ ।

ਸ੍ਰੀ ਸੰਤ ਰਾਮ ਗਰੋਵਰ, ਐਮ. ਏ. ਬੀ. ਐਸ. ਸੀ, ਜੋ ਦਿਆਲ ਸਿੰਘ ਕਾਲਜ ਵਿਚ ਅੰਗਰੇਜ਼ੀ ਦੇ ਪ੍ਰੋਫ਼ੈਸਰ ਸਨ, ਇਕ ਬਿਆਨ ਵਿਚ ਇਸ ਸਾਰੀ ਦਸ਼ਾ ਨੂੰ ਬਿਆਨ ਕਰਦਿਆਂ ਆਖਿਆ ਹੈ :

"ਹੜਤਾਲ ਦੇ ਦਿਨਾਂ ਵਿਚ ਮੈਂ ਆਪਣੇ ਕਾਲਜ ਦੇ ਵਿਦਿਆਰਥੀਆਂ ਦੇ ਵਤੀਰੇ ਵਿਚ ਕੋਈ ਤਬਦੀਲੀ ਨਹੀਂ ਦੇਖੀ, ਮੈਨੂੰ ਇਕ ਵੀ ਅਜਿਹੀ ਘਟਨਾ ਨਜ਼ਰ ਨਹੀਂ ਆਉਂਦੀ, ਜਿਹੜੀ ਉਹਨਾਂ ਦੇ ਵਤੀਰੇ ਬਾਰੇ ਹੋਵੇ ।

ਹੋਰਨਾਂ ਬਿਲਡਿੰਗਾਂ ਵਾਂਗੂ ਸਾਡਾ ਕਾਲਜ ਵੀ ਮਾਰਸ਼ਲ ਲਾਅ ਦੇ ਨੋਟਿਸ ਲਾਉਣ ਲਈ ਚੁਣਿਆ ਗਿਆ । ਮਾਰਸ਼ਲ ਲਾਅ ਦੇ ਕੋਈ ਦਸਾਂ ਜਾਂ ਵਧੇਰੇ ਦਿਨਾਂ ਬਾਅਦ,



Sri Satguru Jagjit Singh Ji eLibrary NamdhariElibrary@gmail.com

ਸ਼ਾਮ ਦੇ ਸੱਤ ਵਜੇ ਦੇ ਲਗਭਗ ਸਾਡੇ ਕਾਲਜ ਦੇ ਪ੍ਰਿੰਸੀਪਲ ਤੋਂ ਇਕ ਹੁਕਮ ਤੇ ਤਾਮੀਲ ਕਰਵਾਈ ਗਈ, ਕਿ ਉਹ ਇਸ ਬਾਗ਼ੀ ਵਿਚਾਰਾਂ ਦੇ ਪੋਸਟਰ, ਜੋ ਨੋਟਿਸ ਦੇ ਨਾਲ ਟਾਂਕਿਆ ਹੋਇਆ ਸੀ, ਦੇ ਲੇਖਕ ਨੂੰ ਲੱਭੇ ਤੇ ਉਸ ਦੀ ਰੀਪੋਰਟ ਅਗਲੇ ਦਿਨ 12 ਵਜੇ ਦੁਪਹਿਰ ਤੀਕਰ ਅਫਸਰ ਕਮਾਂਡਰ ਨੂੰ ਕਰੇ।

ਟਰੱਸਟੀ, ਵਿਦਿਆਰਥੀ ਤੇ ਸਟਾਫ, ਸਾਰੇ ਅਗਲੀ ਸਵੇਰ ਨੂੰ ਇਕੱਠੇ ਹੋਏ, ਤਾਂਕਿ ਲੇਖਕ ਦਾ ਪਤਾ ਲਾਇਆ ਜਾ ਸਕੇ, ਪਰ ਕੋਈ ਪਤਾ ਨਾ ਲੱਗ ਸਕਿਆ ਕਿਉਂਕਿ ਕਾਲਜ ਨਾਲ ਸੰਬੰਧਤ ਕੋਈ ਵਿਅਕਤੀ ਇਸ ਦਾ ਲੇਖਕ ਨਹੀਂ ਸੀ। ਅਸੀਂ ਹਾਲੇ ਉਤਰ ਡਰਾਫਟ ਹੀ ਕਰ ਰਹੇ ਸਾਂ ਕਿ ਕਰਨਲ ਜਾਨਸਨ ਸੀ. ਆਈ. ਡੀ. ਦੇ ਬੰਦਿਆਂ ਨਾਲ ਸਾਡੇ ਕਾਲਜ ਆ ਗਿਆ, ਇਕ ਟਰੱਸਟੀ ਰਾਜਾ ਨਰਿੰਦਰ ਨਾਥ ਅਤੇ ਕੁਝ ਹੋਰ ਕਰਨਲ ਨੂੰ ਸਾਰੀ ਹਾਲਤ ਬਿਆਨ ਕਰਨ ਲਈ ਉਸ ਕੋਲ ਗਏ।

ਇਕ ਸੀ. ਆਈ. ਡੀ. ਵਾਲੇ ਨੇ ਕਾਲਜ ਦੀ ਉਹ ਥਾਂ ਦੱਸੀ ਜਿੱਥੇ ਉਹ ਪੋਸਟਰ ਲੱਗਾ ਹੋਇਆ ਸੀ। ਮੈਂ ਤਜਵੀਜ਼ ਕੀਤਾ, ਕਿ ਇਕ ਕਹਾਣੀ ਬਣਾਈ ਲੱਗਦੀ ਹੈ, ਇਹ ਕਿਹਾ ਜਾ ਰਿਹਾ ਸੀ। ਕਿ ਪੋਸਟਰ ਕੰਧ ਤੇ ਮੇਖਾਂ ਨਾਲ ਲਾਇਆ ਹੋਇਆ ਸੀ, ਪਰ ਉੱਥੇ ਕੋਈ ਨਿਸ਼ਾਨ ਨਹੀਂ ਸੀ। ਅਸੀਂ ਕਰਨਲ ਨੂੰ ਉਹ ਉੱਤਰ ਦਿਖਾਇਆ, ਜੋ ਅਸੀਂ ਡਰਾਫਟ ਕੀਤਾ ਸੀ, ਇਸ ਤੇ ਕਰਨਲ ਨੇ ਆਖਿਆ, ਕਿ ਉੱਤਰ ਉਸ ਦੇ ਦਫ਼ਤਰ ਨੂੰ ਭੇਜ ਦਿੱਤਾ ਜਾਏ। ਜੋ ਭੇਜ ਦਿੱਤਾ ਗਿਆ।

ਉਸੇ ਸ਼ਾਮ ਪ੍ਰਿੰਸੀਪਲ ਨੂੰ ਇਕ ਹੋਰ ਨੋਟਿਸ ਰਾਹੀਂ ਆਖਿਆ ਗਿਆ ਕਿ ਉਹ ਅਗਲੀ ਸਵੇਰ 9 ਵਜੇ ਉਸ ਨੂੰ ਮਿਲੇ। ਪ੍ਰਿੰਸੀਪਲ ਕਰਨਲ ਨੂੰ ਤੈਅ ਕੀਤੇ ਹੋਏ ਵਕਤ ਤੇ ਮਿਲਿਆ। ਅਤੇ ਸੰਗੀਨਾਂ ਦੇ ਪਹਿਰੇ ਵਿਚੋਂ ਵਾਪਿਸ ਮੁੜਿਆ। ਉਸ ਨੂੰ ਕਿਹਾ ਗਿਆ, ਕਿ ਉਹ 250 ਰੁਪਏ ਜੁਰਮਾਨਾ ਦੇਵੇ, ਜਾਂ ਤਿੰਨਾਂ ਮਹੀਨਿਆਂ ਲਈ ਜੇਹਲ ਭੇਜ ਦਿੱਤਾ ਜਾਵੇਗਾ। ਜੁਰਮਾਨਾ ਮੌਕੇ ਤੇ ਦੇਣਾ ਪਿਆ।

16 ਅਪ੍ਰੈਲ ਨੂੰ ਕਰਨਲ ਜਾਨਸਨ ਨੇ ਡੀ. ਏ. ਵੀ. ਕਾਲਜ ਦੇ ਵਿਦਿਆਰਥੀਆਂ ਨੂੰ ਹੁਕਮ ਦਿੱਤਾ, ਕਿ ਸਾਰੇ ਵਿਦਿਆਰਥੀ ਦਿਹਾੜੀ ਵਿਚ ਚਾਰ ਵਾਰੀ ਬਰੈਡਲਾਹਾਲ ਆ ਕੇ ਹਾਜ਼ਰੀ ਲਵਾਉਣ। 19 ਅਪ੍ਰੈਲ ਨੂੰ ਦਿਆਲ ਸਿੰਘ ਕਾਲਜ ਦੇ ਵਿਦਿਆਰਥੀਆਂ ਨੂੰ ਵੀ ਹੁਕਮ ਦਿੱਤਾ ਗਿਆ, ਕਿ ਉਹ ਟੈਲੀਗਰਾਫ ਆਫਿਸ ਆ ਕੇ ਹਾਜ਼ਰੀ ਲਵਾਇਆ ਕਰਨ। 24 ਅਪ੍ਰੈਲ ਨੂੰ ਇਹ ਹੁਕਮ ਕਿੰਗ ਐਡਵਰਡ ਮੈਡੀਕਲ ਕਾਲਜ ਦੇ ਵਿਦਿਆਰਥੀਆਂ ਨੂੰ ਪਟਿਆਲਾ ਹਾਊਸ ਆ ਕੇ ਦਿਹਾੜੀ ਵਿਚ ਚਾਰ ਵਾਰ, ਆਫ਼ੀਸਰ ਕਮਾਂਡਰ ਕੋਲ ਹਾਜ਼ਰੀ ਲਵਾਉਣ ਲਈ ਕਿਹਾ ਗਿਆ।

ਵਿਦਿਆਰਥੀਆਂ ਕੋਲੋਂ ਸਾਰੇ ਸਾਈਕਲ ਲੈ ਕੇ ਜਮ੍ਹਾਂ ਕਰਵਾਏ ਗਏ। ਚਾਰ ਵਾਰੀ ਦਿਹਾੜੀ ਵਿਚ 7 ਵਜੇ ਸਵੇਰੇ, 11 ਵਜੇ, 3 ਵਜੇ ਅਤੇ 7.30 ਸ਼ਾਮ ਨੂੰ ਵੱਖ ਵੱਖ ਥਾਵਾਂ ਤੇ ਹਾਜ਼ਰੀ ਲਵਾਉਣ ਦਾ ਮਤਲਬ ਕਈਆਂ ਕੋਸਾਂ ਵਿਚ ਜੇਠ ਦੀ ਇਸ ਸੜਦੀ ਧੁੱਧ ਵਿਚ ਪੈਦਲ ਚਲਣਾ ਸੀ।

ਘਟਨਾ ਦੇ 6 ਮਹੀਨੇ ਬਾਅਦ ਨਵੰਬਰ ਵਿਚ ਜਦੋਂ ਹੰਟਰ ਕਮਿਸ਼ਨ ਨੇ ਉਸ ਨੂੰ ਇਸ ਬਾਰੇ ਪੁੱਛਿਆ, ਉਦੋਂ ਵੀ ਕਰਨਲ ਜਾਨਸਨ ਨੂੰ ਆਪਣੇ ਇਸ ਬੇਵਕੂਫਾਨਾ ਹੁਕਮ



Sri Satguru Jagjit Singh Ji eLibrary NamdhariElibrary@gmail.com

ਉੱਤੇ ਨਾ ਪਛਤਾਵਾ ਸੀ ਨਾ ਸ਼ਰਮ । ਜਦੋਂ ਉਸ ਨੂੰ ਇਹ ਆਖਿਆ ਗਿਆ ਕਿ ਉਸ ਦੇ ਹੁਕਮ ਵਜੋਂ ਵਿਦਿਆਰਥੀਆਂ ਨੂੰ 17 ਮੀਲ ਚਲਣਾ ਪਿਆ, ਤਾਂ ਉਸ ਨੇ ਉੱਤਰ ਦਿੱਤਾ, 17 ਨਹੀਂ 16, ਉਸ ਨੇ ਨਕਸ਼ੇ ਤੋਂ ਮਿਣ ਕੇ ਵੇਖਿਆ ਹੈ ।

ਲਗਭਗ 1000 ਵਿਦਿਆਰਥੀਆਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ । ਕਈਆਂ ਨੂੰ ਕਾਲਜਾਂ ਵਿਚੋਂ ਪੱਕੇ ਤੌਰ ਤੇ ਕਢਵਾ ਦਿੱਤਾ ਗਿਆ ਅਤੇ ਕਿਸੇ ਵੀ ਕਾਲਜ ਵਿਚ ਦਾਖਲੇ ਦੇ ਅਯੋਗ ਕਰਾਰ ਦਿੱਤਾ ਗਿਆ । ਕਈਆਂ ਦੇ ਦਾਖਲੇ ਰੋਕ ਲਏ ਗਏ, ਕਈਆਂ ਦੇ ਵਜ਼ੀਫੇ ਬੰਦ ਕਰ ਦਿੱਤੇ ਗਏ, ਸਕਾਲਰਸ਼ਿਪਾਂ ਖੋਹ ਲਈਆਂ ਗਈਆਂ ।

ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਇਹ ਸਭ ਕੁਝ ਕਰਨ ਲਈ ਮਜਬੂਰ ਕੀਤਾ ਗਿਆ । ਨਾ ਕਰਨ ਤੇ ਕਾਲਜ ਦੀ ਮੰਨਜ਼ੂਰੀ ਖੋਹਣ ਤੇ ਬੰਦ ਕਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ।

ਜਦੋਂ ਉਸ ਨੂੰ ਇਹ ਕਿਹਾ ਗਿਆ, ਕਿ ਜਿਸ ਤਰੀਕੇ ਨਾਲ ਤੂੰ ਇਹਨਾਂ ਨੌਜਵਾਨਾਂ ਨਾਲ ਪੇਸ਼ ਆਇਆ ਏਂ, ਤੂੰ ਇਹਨਾਂ ਵਿਚ ਇਹਨਾਂ ਦੀ ਬਾਕੀ ਸਾਰੀ ਉਮਰ ਅੰਗਰੇਜ਼ੀ ਰਾਜ ਬਾਰੇ ਘੋਰ ਨਫਰਤ ਭਰ ਦਿੱਤੀ ਹੈ ।

ਉਸ ਨੇ ਉੱਤਰ ਦਿੱਤਾ, "ਭਰ ਦਿੱਤੀ ਹੋਵੇਗੀ, ਪਰ ਮੈਂ ਇਸ ਸਿੱਟੇ ਤੇ ਪਹੁੰਚਿਆ ਸੀ, ਕਿ ਇਹਨਾਂ ਕਾਲਜਾਂ ਵਿਚ ਇੰਨੇ ਬਾਗ਼ੀ ਵਿਚਾਰ ਭਰੇ ਹੋਏ ਹਨ, ਮੈਂ ਕੁਝ ਵੀ ਕਰ ਲਾਂ, ਹੋਰ ਭੈੜੇ ਨਹੀਂ ਹੋਣ ਲੱਗੇ ।"

ਗੁਜਰਾਂਵਾਲੇ ਵਿਚ ਮਾਰਸ਼ਲ ਲਾਅ ਦਾ ਐਡਮਨਿਸਟ੍ਰੇਟਰ ਉੱਥੋਂ ਦਾ ਡਿਪਟੀ ਕਮਿਸ਼ਨਰ ਲੈਫਟੀਨੈਂਟ ਕਰਨਲ ਓਬਰਾਇਨ ਸੀ । ਲਾਹੌਰ ਤੇ ਅੰਮ੍ਰਿਤਸਰ ਵਿਚ ਮਾਰਸ਼ਲ ਲਾਅ ਦੇ ਅਧੀਨ ਜਿਹੜੇ ਕਾਨੂੰਨ ਲਾਗੂ ਕੀਤੇ ਗਏ, ਉਹਨਾਂ ਨੂੰ ਲਾਗੂ ਕਰਨ ਤੋਂ ਇਲਾਵਾ, ਇਸ ਨੇ ਹੋਰ ਵੀ ਵਧੀਕੀਆਂ ਕੀਤੀਆਂ । ਇਸ ਜ਼ਿਲ੍ਹੇ ਵਿਚ 22 ਅਪ੍ਰੈਲ ਨੂੰ ਜਨਰਲ ਕੈਂਪਬੈਲ ਨੇ ਇਕ ਆਰਡਰ ਕੱਢਿਆ —

"ਮੈਂ ਹੁਕਮ ਦਿੰਦਾ ਹਾਂ, ਕਿ ਗੁਜਰਾਂਵਾਲੇ ਜ਼ਿਲ੍ਹੇ ਦੇ ਸਾਰੇ ਵਸਨੀਕ ਹਿਜ਼ ਮੈਜਿਸਟੀ ਸਰਵਿਸ ਦੇ, ਗਜ਼ਟਿਡ ਜਾਂ ਕਮੀਸ਼ੰਡ, ਸਿਵਿਲ ਅਤੇ ਮਿਲਟਰੀ ਅਫ਼ਸਰਾਂ ਨੂੰ ਜਦੋਂ ਮਿਲਣ, ਉਹਨਾਂ ਨੂੰ ਸਲਾਮ ਕਰਨ, ਉਸੇ ਤਰ੍ਹਾਂ, ਜਿਵੇਂ ਉਹ ਹਿੰਦੁਸਤਾਨੀ ਰਿਵਾਜ ਦੇ ਮੁਤਾਬਿਕ ਉੱਚੀ ਸਮਾਜੀ ਪੁਜ਼ੀਸ਼ਨ ਵਾਲੇ ਹਿੰਦੁਸਤਾਨੀ ਪਤਵੰਤਿਆਂ ਨੂੰ ਕਰਦੇ ਹਨ । ਉਹ ਇਹ ਹੈ, ਕਿ ਹਰ ਵਿਅਕਤੀ ਜੋ ਕਿਸੇ ਪਸ਼ੂ (ਘੋੜੇ ਆਦਿ) ਜਾਂ ਕਿਸੇ ਪਹੀਆਂ ਵਾਲੀ ਸੁਆਰੀ (ਟਾਂਗਾ, ਗੱਡਾ, ਸਾਈਕਲ ਆਦਿ) ਤੇ ਚੜ੍ਹਿਆ ਹੋਵੇ, ਤਾਂ ਉੱਤਰ ਜਾਵੇ, ਜੇ ਕੋਲ ਛੱਤਰੀ ਹੋਵੇ, ਤਾਂ ਨੀਵੀਂ ਕਰ ਲਵੇ । ਫਿਰ ਹੱਥ ਨਾਲ ਸੈਲੂਟ ਕਰੇ ਜਾਂ ਸਲਾਮ ।"

ਇਹ ਹੁਕਮ 30 ਅਪ੍ਰੈਲ ਨੂੰ ਲਾਇਲਪੁਰ ਜ਼ਿਲ੍ਹੇ ਵਿਚ ਵੀ ਲਾਗੂ ਕਰ ਦਿੱਤਾ ਗਿਆ ਅਤੇ 2 ਮਈ ਨੂੰ ਗੁਜਰਾਤ ਜ਼ਿਲ੍ਹੇ ਵਿਚ ਵੀ ।

ਸਾਫ ਰੂਪ ਵਿਚ ਇਸ ਹੁਕਮ ਦਾ ਮੰਤਵ ਸਮੁੱਚੀ ਹਿੰਦੁਸਤਾਨੀ ਕੌਮ ਨੂੰ ਜ਼ਲੀਲ ਕਰਨਾ ਸੀ ।



Sri Satguru Jagjit Singh Ji eLibrary NamdhariElibrary@gmail.com

ਜਦੋਂ ਕਰਨਲ ਓਬਰਾਇਨ ਨੂੰ ਹੰਟਰ ਕਮਿਸ਼ਨ ਨੇ ਇਸ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ, ਕਿ ਉਸ ਨੇ ਇਸ ਹੁਕਮ ਦੀ ਸਵੀਕਾਰਤਾ ਦਿੱਤੀ ਸੀ।

ਸ : ਕੀ ਇਹ ਹਿੰਦੁਸਤਾਨੀ ਲੋਕਾਂ ਨੂੰ ਜ਼ਲੀਲ ਕਰਨਾ ਨਹੀਂ ਸੀ, ਕਿ ਉਹ ਆਪਣੇ ਕੈਰੇਜਿਜ਼ ਤੋਂ ਉੱਤਰ ਕੇ ਯੋਰਪੀਨ ਅਫ਼ਸਰਾਂ ਨੂੰ ਸਲਾਮ ਕਰਨ ? ਕੀ ਇਹ ਉਹਨਾਂ ਤੇ ਵਧੀਕੀ ਨਹੀਂ ਸੀ ?

ਜ : ਤੁਸੀਂ ਸ਼ਾਇਦ ਹੋਰ ਢੰਗ ਨਾਲ ਪੇਸ਼ ਕੀਤਾ ਹੈ। ਇਹ ਇਉਂ ਹੈ ਕਿ ਮੇਰਾ ਮੰਤਵ, ਸਾਧਾਰਣ ਢੰਗ ਨਾਲ ਸਲਾਮ ਕਰਨ ਉੱਤੇ ਜ਼ੋਰ ਦੇਣਾ ਹੈ।

ਸ : ਕੀ ਇਉਂ ਕਰਨਾ ਵੀ ਜ਼ਰੂਰੀ ਸੀ ?

ਜ : ਸ਼ਾਇਦ ਹੈ ਸੀ।

ਸ : ਕਿਸ ਮੰਤਵ ਲਈ ? ਇਉਂ ਕਰਨ ਦੀ ਅਤੇ ਅਜਿਹੇ ਆਰਡਰ ਪਾਸ ਕਰਨ ਦੀ ਕੀ ਲੋੜ ਸੀ ?

ਜ : ਅੱਜ ਕੱਲ੍ਹ, ਇੱਜ਼ਤ ਕਰਨ ਦੇ ਖ਼ਾਤਮੇ ਦੀ ਰੁਚੀ ਹੈ। ਹਿੰਦੁਸਤਾਨੀ ਬਾਪ ਤੁਹਾਨੂੰ ਦੱਸੇਗਾ ਕਿ ਅੱਜ ਕੱਲ੍ਹ ਦੇ ਮੁੰਡੇ ਆਪਣੇ ਮਾਪਿਆਂ ਦੀ ਇੱਜ਼ਤ ਵੀ ਨਹੀਂ ਕਰਦੇ।

ਸ : ਹਿੰਦੁਸਤਾਨੀ ਨੌਜਵਾਨ, ਇੱਜ਼ਤ ਕਰਨ ਤੋਂ ਲਾਂਭੇ ਜਾ ਰਹੇ ਹਨ। ਇਸ ਕਰ ਕੇ ਤੂੰ ਸੋਚਿਆ ਕਿ ਇਸ ਤਰ੍ਹਾਂ ਦੇ ਹੁਕਮ ਜਾਰੀ ਕਰ ਕੇ ਤੂੰ ਉਹਨਾਂ ਨੂੰ ਸੁਧਾਰੇਂ ?

ਜ : ਮੈਂ ਕਹਿੰਦਾ ਹਾਂ ਕਿ ਮੈਂ ਆਰਡਰ ਪਾਸ ਨਹੀਂ ਕੀਤਾ, ਮੈਂ ਆਮ ਤੌਰ ਤੇ ਸਹਿਮਤ ਸਾਂ।

ਸ : ਇਹ ਹੈ ਦਲੀਲ, ਜਿਸ ਤੇ ਤੂੰ ਇਸ ਨੂੰ ਬਚਾਉਣਾ ਚਾਹੁੰਦਾ ਏਂ, ਮੈਂ ਤੈਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੇ ਇਸ ਕਿਸਮ ਦਾ ਹੁਕਮ ਲਾਗੂ ਕੀਤਾ ਜਾਵੇ, ਕੀ ਇਹ ਲੋਕਾਂ ਵਿਚ ਬੇਚੈਨੀ ਤੇ ਘਿਰਣਾ ਨਹੀਂ ਪੈਦਾ ਕਰੇਗਾ ਅਤੇ ਕੀ ਉਹ ਆਪਣੀ ਹੱਤਕ ਨਹੀਂ ਮਹਿਸੂਸ ਕਰਨਗੇ ?

ਜ : ਮੈਨੂੰ ਕੁਝ ਨਹੀਂ ਪਤਾ। ਘ੍ਰਿਣਾ ਦੇ ਭਾਵ ਤਾਂ ਪਹਿਲਾਂ ਹੀ ਕਾਇਮ ਸਨ।

ਸ : ਕੀ ਤੂੰ ਇਹ ਸੋਚਿਆ ਸੀ, ਕਿਉਂਕਿ ਅੱਗੇ ਹੀ ਕਾਫੀ ਘ੍ਰਿਣਾ ਹੈ, ਇਸ ਲਈ ਕੋਈ ਵੀ ਜ਼ਲੀਲ ਕਰਨ ਵਾਲਾ ਆਰਡਰ ਹੋਰ ਘ੍ਰਿਣਾ ਵਿਚ ਵਾਧਾ ਕਰੇਗਾ ?

ਜ : ਮੇਰਾ ਨਹੀਂ ਖਿਆਲ ਕਿ ਇਸ ਦਾ ਅਸਰ ਕੋਈ ਵਧੇਰੇ ਪਿਆ ਹੋਵੇਗਾ।

ਇਹਨਾਂ ਅਫਸਰਾਂ ਨੂੰ ਇਹੀ ਗ਼ਮ ਖਾਈ ਜਾਂਦਾ ਸੀ, ਕਿ ਲੋਕ ਹੁਣ ਅੰਗਰੇਜ਼ ਹਾਕਮਾਂ ਦੀ ਇੱਜ਼ਤ ਨਹੀਂ ਕਰਦੇ। ਆਪਣੀ ਇੱਜ਼ਤ ਕਰਵਾਉਣ ਲਈ ਇਹਨਾਂ ਨੇ ਅੱਠ ਮਈ ਨੂੰ ਇਕ ਹੋਰ ਹੁਕਮ ਕੱਢਿਆ।

ਇਹ ਦੇਖਿਆ ਗਿਆ ਹੈ ਅਤੇ ਮੈਨੂੰ ਇਸ ਵਿਚ ਵਿਸ਼ਵਾਸ ਹੈ ਕਿ ਗੁਜਰਾਂਵਾਲੇ ਦੇ ਵਸਨੀਕਾਂ ਦੀ ਯੂਰਪੀਨਾਂ ਦੀ ਇੱਜ਼ਤ ਕਰਨ ਵਾਲੇ ਵਤੀਰੇ ਵਿਚ ਕਮੀ ਆ ਰਹੀ ਹੈ, ਜਿਹੜੀ ਕਿ ਮੇਰੇ ਨੋਟਿਸ ਨੰਬਰ 7, ਮਿਤੀ 22 ਅਪ੍ਰੈਲ 1919 ਦੀ ਉਲੰਘਣਾ



Sri Satguru Jagjit Singh Ji eLibrary NamdhariElibrary@gmail.com

ਕਰਨਾ ਹੈ। ਮੈਂ ਸਜ਼ਾ ਦੇ ਤੌਰ ਤੇ, ਗੁਜਰਾਂਵਾਲੇ ਤੋਂ ਅਤੇ ਅਮੀਨਾਬਾਦ ਅਤੇ ਕਾਮੋਕੀ ਤੋਂ ਦੱਖਣ ਵਲ ਅਤੇ ਰਾਹਵਾਲੀ ਤੇ ਗੱਖੜ ਤੋਂ ਉੱਤਰ ਵਲ, ਮੁਸਾਫਰਾਂ ਨੂੰ ਟਿਕਟਾਂ ਦੇਣ ਤੇ ਪਾਬੰਦੀਆਂ ਲਾਉਂਦਾ ਹਾਂ। ਜਿਹੜੀਆਂ ਕਿ 5 ਤੋਂ ਚੁੱਕੀਆਂ ਗਈਆਂ ਸਨ। ਅੱਜ ਤੋਂ 14 ਦਿਨਾਂ ਦੇ ਹੋਰ ਸਮੇਂ ਵਾਸਤੇ ਇਹਨਾਂ ਸਟੇਸ਼ਨਾਂ ਤੇ ਫੇਰ ਲਾ ਦਿੱਤੀਆਂ ਗਈਆਂ ਹਨ।

ਸਾਫ਼ ਨਜ਼ਰ ਆਉਂਦਾ ਹੈ ਕਿ ਮੁਸਾਫਰਾਂ ਦੀ ਆਵਾਜਾਈ ਤੇ ਪਾਬੰਦੀਆਂ ਕਾਨੂੰਨ ਤੇ ਅਮਨ ਨੂੰ ਬਹਾਲ ਕਰਨ ਲਈ ਨਹੀਂ ਸਨ, ਸਗੋਂ ਸਜ਼ਾ ਦੇ ਤੌਰ ਤੇ ਬਿਨਾਂ ਕਿਸੇ ਵਿਤਕਰੇ ਦੇ ਸਾਰੇ ਸ਼ਹਿਰੀਆਂ ਨੂੰ ਤੰਗ ਕਰਨ ਵਾਲੀਆਂ ਸਨ, ਭਾਵੇਂ ਉਹ ਵਿਦਰੋਹੀ ਸਨ ਜਾਂ ਸਰਕਾਰ ਦੇ ਵਫ਼ਾਦਾਰ।

14 ਅਪ੍ਰੈਲ ਨੂੰ ਚਾਰ ਜਹਾਜ਼ ਲਾਹੌਰ ਤੋਂ ਗੁਜਰਾਂਵਾਲੇ ਗਏ। ਸਰਕਾਰੀ ਰੀਪੋਰਟ ਦੇ ਮੁਤਾਬਿਕ :

ਪਹਿਲਾਂ ਦੋ ਬੰਬ ਗੁਜਰਾਂਵਾਲੇ ਦੇ ਬਾਹਰ ਇਕ ਪਿੰਡ ਢੱਲੇ ਦੇ ਲੋਕਾਂ ਦੀ ਇਕ ਟੋਲੀ ਤੇ ਸੁੱਟੇ ਗਏ। ਅਫ਼ਸਰ ਬਿਨਾਂ ਸ਼ੱਕ ਤੋਂ ਉਹਨਾਂ ਨੂੰ ਸ਼ਹਿਰ ਤੋਂ ਆਉਣ ਜਾਣ ਵਾਲੇ ਫਸਾਦੀ ਸਮਝ ਰਹੇ ਸਨ। ਇਕ ਬੰਬ ਘਰ ਦੀ ਛੱਤ ਥਾਣੀਂ ਡਿੱਗਾ ਅਤੇ ਫਟਣ ਤੋਂ ਅਸਫਲ ਰਿਹਾ, ਇਕ ਟੋਲੀ ਤੇ ਡਿੱਗਾ, ਇਕ ਇਸਤਰੀ ਤੇ ਇਕ ਮੁੰਡਾ ਮਰ ਗਏ। ਦੋ ਬੜੇ ਮਾਮੂਲੀ ਜ਼ਖਮੀ ਹੋਏ, ਮਸ਼ੀਨਗਨ ਰਾਹੀਂ ਪੰਜਾਹ ਰਾਊਂਡ ਫਾਇਰ ਕੀਤੇ ਗਏ।

ਛੇਤੀਂ ਹੀ ਇਸ ਤੋਂ ਪਿੱਛੋਂ ਇਕ ਥਾਂ ਤੇ ਦੱਖਣ ਵਲ ਇਕ ਮੀਲ ਤੇ ਇਕ ਹੋਰ ਬੰਬ ਡੇਗਿਆ ਗਿਆ। ਇਕ ਹੋਰ ਇਕੱਠ ਵੀ ਦੇਖਿਆ ਗਿਆ ਸੀ, ਮਸ਼ੀਨ ਗਨ ਥਾਂ ਵੀ 25 ਰਾਊਂਡ ਚਲਾਏ ਗਏ ਪਰ ਜਿੱਥੋਂ ਤੀਕਣ ਜਾਣਕਾਰੀ ਹੈ (ਮਹੀਨੇ ਬਾਅਦ) ਕੋਈ ਨੁਕਸਾਨ ਨਹੀਂ ਹੋਇਆ।

3.35 ਤੇ ਅਫ਼ਸਰਾਂ ਨੇ ਇਕ ਇਕੱਠ ਤੇ ਹਮਲਾ ਕੀਤਾ, ਸ਼ਹਿਰ ਦੀ ਬਾਹਰਲੀ ਆਬਾਦੀ ਵਿਚ ਖਾਲਸਾ ਹਾਈ ਸਕੂਲ ਤੇ ਬੋਰਡਿੰਗ ਹਾਊਸ ਦੇ ਨੇੜੇ ਇਕ ਬੰਬ ਸੁੱਟਿਆ ਗਿਆ ਅਤੇ 30 ਰਾਊਂਡ ਮਸ਼ੀਨ ਗਨ ਰਾਹੀਂ ਫਾਇਰ ਕੀਤੇ ਗਏ। ਜਿੱਥੋਂ ਤਕ ਜਾਣਕਾਰੀ ਮਿਲੀ ਹੈ, ਇਸ ਮੌਕੇ ਤੇ ਇਕ ਆਦਮੀ ਦੇ ਗੋਲੀ ਵੱਜੀ, ਇਕ ਬੱਚੇ ਦੇ ਸ਼ਰਾ ਲੱਗਾ ਅਤੇ ਇਕ ਛੋਟਾ ਬੱਚਾ ਧਮਾਕੇ ਨਾਲ ਹੀ ਮਰ ਗਿਆ।

ਦੋ ਬੰਬ ਸ਼ਹਿਰ ਦੀ ਮਸੀਤ ਦੇ ਨੇੜੇ ਸੁੱਟੇ ਗਏ। ਉਹ ਫਟਣ ਤੋਂ ਅਸਫਲ ਰਹੇ। ਹੁਣ ਹਵਾਈ ਜਹਾਜ਼ ਸਿੱਧਾ ਹੀ ਗੜ ਬੜ ਵਾਲੇ ਸਭ ਤੋਂ ਭੈੜੇ ਦ੍ਰਿਸ਼ ਵਾਲੀ ਥਾਂ ਤੇ ਸੀ। ਗਲੀ ਵਿਚ ਇਕੱਠਾਂ ਤੇ ਮਸ਼ੀਨ ਗਨ ਰਾਹੀਂ 150 ਰਾਊਂਡ ਫਾਇਰ ਕੀਤੇ ਗਏ। ਇਕ ਬੰਬ ਜਲ ਰਹੇ ਗੁਡਜ਼ ਸ਼ੈੱਡ ਦੇ ਨੇੜੇ ਹਜੂਮ ਤੇ ਸੁੱਟਿਆ ਗਿਆ, ਚਾਰ ਆਦਮੀ ਮਰੇ, ਪੰਜ ਜ਼ਖਮੀ ਹੋਏ। ਸਟੇਸ਼ਨ ਦੇ ਨੇੜੇ ਇਕ ਬੰਬ ਹਜੂਮ ਤੇ ਸੁੱਟਿਆ ਗਿਆ। ਦੋ ਮਰੇ ਤੇ 6 ਜ਼ਖਮੀ, ਕੁਲ ਜੋੜ ਅੱਠ ਹੋਏ। ਇਹ ਅਫਵਾਹ, ਕਿ ਵਧੇਰੇ ਬੰਬ ਸੁੱਟੇ ਗਏ, ਸ਼ਾਇਦ ਇਸ ਭੁਲੇਖੇ ਕਾਰਣ ਹੋਇਆ ਕਿ ਬੰਬਾਂ ਦੇ ਡਿੱਗਣ ਦਾ ਧਮਾਕਾ ਤੇ ਮਸ਼ੀਨਗਨ ਦੀ ਫਾਇਰਿੰਗ ਦੀ ਆਵਾਜ਼ ਰਲਦੀ ਗਈ। ਜਿੱਥੋਂ ਤਕ ਕਿ ਹੁਣ ਤਕ ਅੰਦਾਜ਼ਾ ਲਾਇਆ ਗਿਆ ਹੈ (ਮਹੀਨੇ ਬਾਅਦ) ਪੁਲਿਸ ਹੱਥੋਂ ਮਰਨ



Sri Satguru Jagjit Singh Ji eLibrary NamdhariElibrary@gmail.com

ਵਾਲਿਆਂ ਦੀ ਕੁਲ ਗਿਣਤੀ ਤਿੰਨ ਸੀ ਅਤੇ ਹਵਾਈ ਜਹਾਜ਼ ਰਾਹੀਂ ਨੌਂ ਅਤੇ 27 ਕੁਲ ਜ਼ਖਮੀ ਹੋਏ, ਪੁਲਿਸ ਤੇ ਹਵਾਈ ਜਹਾਜ਼ ਰਾਹੀਂ ।

ਇਹ ਰੀਪੋਰਟ ਸਮੁੱਚੇ ਤੌਰ ਤੇ ਬੇਈਮਾਨੀ ਵਾਲੀ ਸੀ, ਬੰਬਾਂ ਦਾ ਮੰਤਵ ਕਿਸੇ ਗੜਬੜ ਕਰਨ ਵਾਲੇ ਟੋਲਿਆਂ ਤੇ ਕਾਬੂ ਪਾਉਣਾ ਨਹੀਂ ਸੀ ਸਗੋਂ ਆਮ ਲੋਕਾਂ ਤੇ ਦਹਿਸ਼ਤ ਬਠਾਉਣਾ ਸੀ । ਮਰਨ ਅਤੇ ਜ਼ਖਮੀ ਹੋਣ ਵਾਲਿਆਂ ਦੀ ਗਿਣਤੀ ਵਧੇਰੇ ਸੀ । ਢੱਲੇ ਪਿੰਡ ਦੇ ਨੇੜੇ ਕੋਈ ਹਜੂਮ ਨਹੀਂ ਸੀ । ਵੱਖ ਵੱਖ ਥਾਵਾਂ ਤੇ ਲੋਕ ਵਾਢੀਆਂ ਕਰ ਰਹੇ ਸਨ, ਜਿਹਨਾਂ ਤੇ ਹਵਾਈ ਜਹਾਜ਼ ਰਾਹੀਂ ਸਿਰਫ ਦੋ ਸੌ ਫੁੱਟ ਦੀ ਉਚਾਈ ਤੋਂ ਮਸ਼ੀਨ ਗਨਾਂ ਰਾਹੀਂ ਫਾਇਰ ਕੀਤੇ ਗਏ । ਖਾਲਸਾ ਸਕੂਲ ਤੇ ਬੋਰਡਿੰਗ ਸ਼ਹਿਰ ਤੋਂ ਅੱਧਾ ਮੀਲ ਬਾਹਰ ਸਨ, ਉੱਥੇ ਕੋਈ ਰਾਜਸੀ ਇਕੱਠ ਨਹੀਂ ਸੀ, ਨਾ ਹੀ ਸਕੂਲ ਦੇ ਕਿਸੇ ਵਿਦਿਆਰਥੀਆਂ ਨੇ ਕਿਸੇ ਗੜਬੜ ਵਿਚ ਭਾਗ ਲਿਆ ।

ਕਰਨਲ ਓਬਰਾਇਨ ਨੇ ਸਰ ਮਾਈਕਲ ਓਡਵਾਇਰ ਦੇ ਚੀਫ ਸੈਕ੍ਰੇਟਰੀ ਤੋਂ ਜੋ ਮਰਜ਼ੀ ਕਰਨ ਦੀ ਖੁੱਲ੍ਹ ਲੈ ਲਈ ਸੀ, ਉਸ ਨੇ ਹੰਟਰ ਕਮਿਸ਼ਨ ਅੱਗੇ ਜਿਰਾਹ ਵਿਚ ਇਹ ਮੰਨਿਆ —

"15 ਤਾਰੀਖ ਨੂੰ ਮੈਂ ਚੀਫ ਸੈਕ੍ਰੇਟਰੀ ਨਾਲ ਟੈਲੀਫੂਨ ਤੇ ਗੱਲ ਬਾਤ ਕੀਤੀ ਸੀ ਅਤੇ ਉਸ ਨੂੰ ਕਿਹਾ ਸੀ, ਮੈਂ ਸ਼ਾਇਦ ਕੁਝ ਅਜਿਹੇ ਖਾਸ ਐਕਸ਼ਨ ਲਵਾਂ ਅਤੇ ਆਸ ਰੱਖਦਾ ਹਾਂ ਕਿ ਉਹ ਬਾਅਦ ਵਿਚ ਕਾਨੂੰਨੀ ਕਰਾਰ ਦਿੱਤੇ ਜਾਣਗੇ ।"

ਉਸ ਨੂੰ ਪ੍ਰਸ਼ਨ ਕੀਤਾ ਗਿਆ "ਕੀ ਇਹ ਮਾਰਸ਼ਲ ਲਾ ਤੋਂ ਪਹਿਲਾਂ ਦੀ ਗੱਲ ਹੈ ?"

ਉੱਤਰ 'ਹਾਂ' ਵਿਚ ਸੀ ।

ਫਿਰ ਪੁੱਛਿਆ ਗਿਆ ਕਿ ਤੂੰ ਉਸ ਨੂੰ ਟੈਲੀਫੂਨ ਕੀਤਾ, ਕਿ ਤੂੰ ਕੁਝ ਖਾਸ ਐਕਸ਼ਨ ਲੈਣੇ ਹਨ ਅਤੇ ਤੂੰ ਚਾਹਿਆ ਕਿ ਉਹ ਬਾਅਦ ਵਿਚ ਕਾਨੂੰਨੀ ਕਰ ਦਿੱਤੇ ਜਾਣ (ਅਰਥਾਤ ਐਕਸ਼ਨ ਪਹਿਲਾਂ ਤੇ ਉਸ ਲਈ ਕਾਨੂੰਨ ਪਿੱਛੋਂ, ਕੀ ਬ੍ਰਿਟਿਸ਼ ਜਸਟਿਸ ਸੀ ?) ਅਤੇ ਉਸ ਨੇ ਤੈਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ ?

ਕਰਨਲ ਜਾਨਸਨ ਨੇ ਕਿਹਾ 'ਹਾਂ', ਉਸ ਨੇ ਇਹ ਵੀ ਕਿਹਾ "ਆਪਣੀ ਸਮਝ ਤੋਂ ਕੰਮ ਲਵੀਂ, ਸਭ ਕੁਝ ਠੀਕ ਠਾਕ ਹੋ ਜਾਵੇਗਾ ।"

ਜਿਸ ਸਮਝ ਤੋਂ ਕਰਨਲ ਜਾਨਸਨ ਤੇ ਉਸ ਦੇ ਅਫਸਰਾਂ ਨੇ ਕੰਮ ਲਿਆ, ਹੰਟਰ ਕਮਿਸ਼ਨ ਅੱਗੇ ਮੇਜਰ ਕਾਰਬਰੀ ਦੀ ਗਵਾਹੀ ਇਸ ਦੀ ਇਕ ਉਦਾਹਰਣ ਹੈ :

ਸਵਾਲ : ਉਹ ਬੰਬ ਜੋ ਤੂੰ ਸੁੱਟੇ, ਇਕ ਵਿਸ਼ੇਸ਼ ਹਜੂਮ ਉੱਤੇ, ਜਿਸ ਨੂੰ ਤੂੰ ਉੱਥੇ ਵੇਖਿਆ ਸੀ ?

ਜਵਾਬ : ਹਾਂ ।

ਸ : ਉਹ ਹਜੂਮ ਕਿੱਥੇ ਸਨ, ਗਲੀਆਂ ਵਿਚ ਜਾਂ ਸ਼ਹਿਰ ਤੋਂ ਬਾਹਰ ?

ਜ : ਉਹ ਪਿੰਡ ਤੋਂ ਬਾਹਰ ਸੜਕ ਉੱਤੇ ਸਨ ।

ਸ : ਉਸ ਹਜੂਮ ਵਿਚ ਕਿੰਨੇ ਕੁ ਲੋਕ ਹੋਣਗੇ ?

ਜ : ਮੈਂ 150 ਦੀ ਰੀਪੋਰਟ ਕੀਤੀ ਸੀ, ਠੀਕ ਗਿਣਤੀ ਮੈਂ ਨਹੀਂ ਦੱਸ ਸਕਦਾ ।



Sri Satguru Jagjit Singh Ji eLibrary NamdhariElibrary@gmail.com

ਸ : ਇਹ ਪਿੰਡ ਗੁਜਰਾਂਵਾਲੇ ਤੋਂ ਕਿੰਨੀ ਦੂਰ ਤੇ ਹੈ ?

ਜ : ਗੁਜਰਾਂਵਾਲੇ ਤੋਂ ਉੱਤਰ ਪੱਛਮ ਵਲ ਦੋ ਮੀਲ ਦੇ ਲਗਪਗ ।

ਸ : ਇਹ ਹਜੂਮ ਕੀ ਕਰ ਰਿਹਾ ਸੀ ?

ਜ : ਇਹ ਗੁਜਰਾਂਵਾਲੇ ਵਲ ਜਾ ਰਿਹਾ ਸੀ ।

ਸ : ਤੂੰ ਇਹ ਕਿਵੇਂ ਜਾਣ ਲਿਆ, ਕਿ ਇਹ ਗੁਜਰਾਂਵਾਲੇ ਵਲ ਆ ਰਿਹਾ ਹੈ ?

ਜ : ਇਹ ਗੁਜਰਾਂਵਾਲੇ ਦੀ ਦਿਸ਼ਾ ਵਲ ਚਲ ਰਹੇ ਸਨ ।

ਸ : ਕੀ ਤੂੰ ਉਹਨਾਂ ਤੇ ਤਿੰਨ ਬੰਬ ਸੁੱਟੇ ?

ਜ : ਹਾਂ ।

ਸ : ਫਿਰ ਤੂੰ ਆਪਣੀ ਰੀਪੋਰਟ ਵਿਚ ਇਹ ਕਿਹਾ ਹੈ ਕਿ ਤੂੰ ਪਿੰਡ ਉਤੇ ਮਸ਼ੀਨ ਗੰਨ ਨਾਲ ਵੀ ਫਾਇਰ ਕੀਤੇ ।

ਜ : ਹਾਂ ।

ਸ : ਇਹ ਫਾਇਰਿੰਗ ਕਿਸੇ ਹਜੂਮ ਉਤੇ ਨਹੀਂ ਸੀ ?

ਜ : ਇਹ ਉਹਨਾਂ ਲੋਕਾਂ ਤੇ ਹੀ ਸੀ, ਜਿਹਨਾਂ ਤੇ ਮੈਂ ਬੰਬ ਸੁੱਟੇ ਸਨ ਅਤੇ ਉਹ ਦੌੜ ਕੇ ਵਾਪਸ ਪਿੰਡ ਜਾ ਵੜੇ ਸਨ ।

ਸ : ਜਦ ਤੂੰ 150 ਬੰਦਿਆਂ ਦੀ ਟੋਲੀ ਤੇ ਪਹਿਲਾਂ ਬੰਬ ਸੁੱਟੇ, ਉਹ ਪਿੰਡ ਵੱਲ ਨੂੰ ਦੌੜਨੇ ਸ਼ੁਰੂ ਹੋ ਗਏ ?

ਜ : ਹਾਂ ।

ਸ : ਅਤੇ ਤੂੰ ਮਸ਼ੀਨ ਗੰਨ ਨਾਲ ਪਿੰਡ ਤੇ ਵੀ ਫਾਇਰ ਕੀਤੇ ?

ਜ : ਹਾਂ ।

ਸ : ਇਹ ਪਿੰਡ ਦਿਆਂ ਘਰਾਂ ਉਤੇ ਸੀ ?

ਜ : ਮੇਰਾ ਖਿਆਲ ਹੈ ਕਿ ਕੁਝ ਸ਼ਾਟ ਘਰ ਨੂੰ ਵੀ ਲੱਗੇ ।

ਸ : ਤੂੰ ਕਿਹਾ ਹੈ, ਕਿ ਜਦੋਂ ਉਹਨਾਂ ਤੇ ਫਾਇਰ ਕੀਤੇ ਗਏ, ਉਹ ਲੋਕ ਦੌੜਨੇ ਸ਼ੁਰੂ ਹੋ ਗਏ, ਅਰਥਾਤ ਜਦੋਂ ਤੂੰ ਬੰਬ ਸੁੱਟੇ, ਉਹ ਖਿਲਰਨੇ ਸ਼ੁਰੂ ਹੋ ਗਏ ਅਤੇ ਕੁਝ ਘਰਾਂ ਵਿਚ ਚਲੇ ਗਏ । ਇਹ ਕੁਝ ਸੀ, ਜੋ ਉਹਨਾਂ ਕਰਨ ਦਾ ਯਤਨ ਕੀਤਾ ?

ਜ : ਹਾਂ ।

ਸ : ਤੂੰ ਪਿੰਡ ਤੇ ਮਸ਼ੀਨ ਗੰਨ ਨਾਲ ਗੋਲੀ ਚਲਾਈ ਅਤੇ ਉਹਨਾਂ ਲੋਕਾਂ ਤੇ ਬੰਬ ਸੁੱਟੇ, ਜਿਹਨਾਂ ਘਰਾਂ ਵਿਚ ਪਨਾਹ ਲਈ ਹੋਈ ਸੀ । ਪਰ ਉਹਨਾਂ ਘਰਾਂ ਵਿਚ ਹੋਰ ਵੀ ਬੇਗੁਨਾਹ ਲੋਕ ਸਨ ।

ਜ : ਮੈਂ ਬੇਗੁਨਾਹ ਅਤੇ ਦੂਜਿਆਂ ਲੋਕਾਂ ਵਿਚਕਾਰ, ਜਿਹੜੇ ਨੁਕਸਾਨ ਪਹੁੰਚਾ ਰਹੇ ਸਨ ਜਾਂ ਨੁਕਸਾਨ ਕਰਨ ਜਾ ਰਹੇ ਸਨ, ਕੋਈ ਵਿਤਕਰਾ ਨਹੀਂ ਕੀਤਾ ।

ਸ : ਤੂੰ ਕਿਹਾ ਹੈ ਕਿ 150 ਲੋਕ ਜੋ ਤੂੰ ਦੇਖੇ, ਤੂੰ ਉਹਨਾਂ ਤੇ ਤਿੰਨ ਬੰਬ ਸੁੱਟੇ, ਨਤੀਜੇ ਦੇ ਤੌਰ ਤੇ ਉਹ ਪਿੰਡ ਵੱਲ ਨੂੰ ਖਿੱਲਰ-ਪੁੱਤਰ ਗਏ । ਕੀ ਤੇਰਾ ਮੰਤਵ ਪੂਰਾ ਨਹੀਂ ਸੀ ਹੋ ਗਿਆ ? ਕੀ ਮਸ਼ੀਨ ਗੰਨਾਂ ਨਾਲ ਗੋਲੀ ਚਲਾਉਣ ਦੀ ਕੋਈ ਹੋਰ ਲੋੜ ਸੀ ?



Sri Satguru Jagjit Singh Ji eLibrary NamdhariElibrary@gmail.com

ਜ : ਮਸ਼ੀਨ ਗੰਨ ਨਾਲ ਗੋਲੀ ਅੰਨ੍ਹੇ ਵਾਹ ਨਹੀਂ ਚਲਾਈ ਗਈ, ਇਹ ਉਹਨਾਂ ਲੋਕਾਂ ਤੇ ਸੀ, ਜੋ ਦੌੜ ਰਹੇ ਸਨ।

ਸ : ਤੂੰ ਪਿੰਡ ਵਿਚ ਮਸ਼ੀਨ ਗੰਨ ਨਾਲ ਗੋਲੀ ਚਲਾਈ ?

ਜ : ਮੈਂ ਕਿਹਾ ਹੈ, ਕਿ ਹਜੂਮ ਖਿੱਲਰ ਪੁੱਲਰ ਗਿਆ ਸੀ, ਅਤੇ ਪਿੰਡ ਵਿਚ ਨੂੰ ਵਾਪਸ ਦੌੜ ਗਿਆ ਸੀ। ਅਤੇ ਮੈਂ ਕਹਿ ਚੁੱਕਾ ਹਾਂ ਕਿ ਮੈਂ ਪਿੰਡ ਵਿਚ ਨੂੰ ਮਸ਼ੀਨ ਗੰਨ ਰਾਹੀਂ 50 ਰਾਊਂਡ ਫਾਇਰ ਕੀਤੇ। ਮੈਂ ਆਦਮੀਆਂ ਤੇ ਗੋਲੀ ਚਲਾਈ।

ਸ : ਜਦ ਹਜੂਮ ਖਿੱਲਰ ਪੁੱਲਰ ਗਿਆ ਅਤੇ ਮੌਕੇ ਉਤੇ ਉਹੀ, ਖਾਸ ਲੋਕ ਪਿੰਡ ਨਾ ਰਹੇ। ਉਹ ਇੱਧਰ ਉਧਰ ਦੌੜ ਰਹੇ ਸਨ ਅਤੇ ਘਰਾਂ ਵਿਚ ਵੜ ਰਹੇ ਸਨ, ਤਦ ਤੂੰ ਪਿੰਡ 'ਚ ਨੂੰ ਮਸ਼ੀਨ ਗੰਨ ਨਾਲ ਗੋਲੀ ਚਲਾਈ। ਜਿਹੜੀ ਉਹਨਾਂ ਘਰਾਂ ਵਿਚ ਵੀ ਲੱਗੀ, ਜਿਥੇ ਕਿ ਬਿਲਕੁਲ ਬੇਗੁਨਾਹ ਲੋਕ ਸਨ ?

ਜ : ਮੈਂ ਦੋ ਸੋ ਫੁੱਟ ਦੀ ਉਚਾਈ ਤੇ ਸਾਂ, ਮੈਂ ਬਿਲਕੁਲ ਚੰਗੀ ਤਰ੍ਹਾਂ ਦੇਖ ਸਕਦਾ ਸਾਂ, ਮੈਂ ਕਿਸੇ ਬੇਗੁਨਾਹ ਨੂੰ ਪਿੰਡ ਵਿਚ ਨਹੀਂ ਵੇਖਿਆ।

ਸ : ਜੋ ਕੁਝ ਮੇਰੇ ਕਹਿਣ ਦਾ ਮਤਲਬ ਹੈ, ਕੈਪਟਨ, ਉਹ ਇਹ ਹੈ ਕਿ ਜਦ ਤੂੰ ਉਹਨਾਂ ਤੇ ਬੰਬ ਸੁੱਟੇ, ਉਹ ਦੌੜਨੇ ਸ਼ੁਰੂ ਹੋ ਗਏ, ਕੀ ਤੇਰਾ ਮੰਤਵ ਉਸੇ ਵੇਲੇ ਪੂਰਾ ਨਹੀਂ ਹੋ ਗਿਆ ਸੀ ?

ਜ : ਨਹੀਂ।

ਸ : ਉਹਨਾਂ ਤੇ ਮਸ਼ੀਨ ਗੰਨ ਨਾਲ ਗੋਲੀ ਚਲਾਉਣ ਅਤੇ ਉਹਨਾਂ ਨੂੰ ਜਾਨੋਂ ਮਾਰਨ ਦੀ ਹੋਰ ਕੀ ਲੋੜ ਸੀ ? ਤੇਰਾ ਮੰਤਵ ਉਸ ਹਜੂਮ ਨੂੰ ਖਿੰਡਾਉਣਾ ਸੀ, ਜਿਹੜਾ ਉਥੇ ਜਮ੍ਹਾਂ ਸੀ ਅਤੇ ਜਿਹੜਾ ਗੁਜਰਾਂਵਾਲੇ ਵਲ ਜਾਣ ਦੀ ਕੋਸ਼ਿਸ਼ ਕਰ ਰਿਹਾ ਸੀ। ਬੰਬਾਂ ਦੇ ਸੁੱਟਣ ਨਾਲ ਕੁਝ ਜਾਨੀ ਨੁਕਸਾਨ ਹੋਇਆ ਹੋਵੇਗਾ। ਕੀ ਮਸ਼ੀਨ ਗੰਨਾਂ ਨਾਲ ਗੋਲੀ ਚਲਾਉਣ ਦੀ ਵਧੇਰੇ ਲੋੜ ਸੀ ?

ਜ : ਹਾਂ, ਹੋਰ ਵਧੇਰੇ ਨੁਕਸਾਨ ਕਰਨ ਲਈ।

ਸ : ਕੀ ਮੈਂ ਇਸ ਨੂੰ ਇਸ ਤਰ੍ਹਾਂ ਲਵਾਂ, ਕਿ ਭਾਵੇਂ ਬੰਬ ਸੁੱਟਣ ਨਾਲ ਲੋਕ ਖਿੱਲਰਨ ਪੁਲਰਨ ਅਤੇ ਦੌੜਨ ਲੱਗ ਪਏ ਸਨ, ਤੂੰ ਉਹਨਾਂ ਤੇ ਇਸ ਲਈ ਮਸ਼ੀਨ ਗੰਨ ਨਾਲ ਗੋਲੀ ਚਲਾਈ ਕਿ ਉਹ ਮੁੜ ਕੇ ਇਕੱਠੇ ਨਾ ਹੋਣ ਲੱਗ ਪੈਣ। ਤੇਰਾ ਵਿਚਾਰ ਇਕ ਕਿਸਮ ਦਾ Moral effect ਪੈਦਾ ਕਰਨ ਦਾ ਸੀ ?

ਜ : ਹਾਂ, ਬਿਲਕੁਲ ਠੀਕ ਹੈ।

ਮੇਜਰ ਕਾਰਬਰੀ ਦੇ ਜਹਾਜ਼ ਤੋਂ ਬਿਨਾਂ ਇਕ ਹੋਰ ਜਹਾਜ਼ ਸੈਕੰਡ ਲੈਫਟੀਨੈਂਟ ਵਿਨਸੈਂਟ ਵੀ ਲੈ ਕੇ ਆਇਆ, ਜਿਸ ਨੇ ਲੋਕਾਂ ਤੇ ਮਸ਼ੀਨ ਗੰਨਾਂ ਰਾਹੀਂ ਕੋਈ 700 ਰਾਊਂਡ ਫਾਇਰ ਕੀਤੇ।

ਮਾਰਸ਼ਲ ਲਾਅ ਦੇ ਐਲਾਨ ਤੋਂ ਪਹਿਲਾਂ ਹੀ ਇਹ ਜਹਾਜ਼ ਭੇਜਣ ਦੀ ਤਜਵੀਜ਼ 14 ਅਪਰੈਲ ਨੂੰ ਸਰ ਮਾਈਕਲ ਉਡਵਾਇਰ ਨੇ ਹੀ ਬਣਾਈ। ਸਰਕਾਰ ਦੇ ਜੰਗੀ ਰੋਜ਼ਨਾਮਚੇ 'ਚ ਇਹ ਦਰਜ ਹੈ :

"ਜਨਰਲ ਸਟਾਫ ਅਫਸਰ, 16ਵਾਂ ਡਿਵੀਜ਼ਨ ਨੂੰ ਆਖਿਆ ਜਾਵੇ ਕਿ ਉਹ



Sri Satguru Jagjit Singh Ji eLibrary NamdhariElibrary@gmail.com

ਹਵਾਈ ਜਹਾਜ਼ ਭੇਜੇ ਅਤੇ ਜੇ ਜ਼ਰੂਰਤ ਹੋਵੇ ਚੰਗੇ ਨਿਸ਼ਾਨਿਆਂ ਤੇ ਬੰਬ ਸਿੱਟੇ, ਹਵਾਈ ਜਹਾਜ਼ਾਂ ਲਈ ਇਹ ਚੰਗਾ ਮੌਕਾ ਮਿਲਿਆ ਦਿਖਾਈ ਦਿੰਦਾ ਹੈ।"

ਜਨਰਲ ਸਟਾਫ ਦੀ ਡਾਇਰੀ ਵਿਚ ਇਹ ਦਰਜ ਹੈ :

"ਲੈਫਟੀਨੈਂਟ ਗਵਰਨਰ ਦੇ ਪ੍ਰਾਈਵੇਟ ਸੈਕਟਰੀ ਨੇ ਮੈਨੂੰ ਟੈਲੀਫੂਨ ਕੀਤਾ ਹੈ :

ਡਿਪਟੀ ਕਮਿਸ਼ਨਰ ਗੁਜਰਾਂਵਾਲਾ 12-30, ਹੜਤਾਲ ਅਜੇ ਜਾਰੀ ਹੈ, ਲੋਕ ਸਰਗਰਮ ਹਨ, ਹੋਰ ਵੀ ਆਸ ਹੈ, ਸਟੇਸ਼ਨ ਦੇ ਦੋਹਾਂ ਪਾਸਿਆਂ ਦੇ ਪੁਲ ਸਾੜ ਦਿੱਤੇ ਗਏ ਹਨ, 15 ਅਪ-ਪੈਸੰਜਰ ਵੀ ਹਜੂਮ ਨੇ ਰੋਕ ਦਿੱਤੀ ਸੀ — ਪੁਲੀਸ ਗੁਜ਼ਾਰੇ ਯੋਗ ਨਹੀਂ।

ਹਜ਼ੂਰ ਦਾ ਖਿਆਲ ਹੈ ਕਿ ਹਵਾਈ ਜਹਾਜ਼ਾਂ ਰਾਹੀਂ ਬੰਬਾਰੀ ਦਾ ਵਧੀਆ ਮੌਕਾ ਹੈ, ਦੋਸਤਾਂ ਨੂੰ ਸਦਮਾ ਪਹੁੰਚਣ ਦਾ ਘੱਟ ਮੌਕਾ ਹੈ।

ਮੈਂ ਜਨਰਲ ਅਫਸਰ ਕਮਾਂਡਰ ਨੂੰ ਇਹ ਗੱਲ ਦੁਹਰਾ ਦਿੱਤੀ ਸੀ, ਅਤੇ ਜਿਹੜੇ ਵੀ ਜਹਾਜ਼ ਮਿਲ ਰਹੇ ਹਨ, ਉਹਨਾਂ ਨੂੰ ਭੇਜਣ ਦਾ ਆਰਡਰ ਲੈ ਲਿਆ ਹੈ।"

15 ਅਪਰੈਲ ਨੂੰ ਵੀ ਲੈਫਟੀਨੈਂਟ ਡਡਕਿਨਜ਼ ਨੇ ਗੁਜਰਾਂਵਾਲੇ ਤੇ ਉਡਾਨ ਕੀਤੀ, ਬੰਬ ਸੁੱਟੇ ਅਤੇ ਲੁਈਸ ਗੰਨ ਨਾਲ ਫਾਇਰਿੰਗ ਕੀਤੀ। ਇਸ ਲੈਫਟੀਨੈਂਟ ਨੂੰ ਗੁਜਰਾਂਵਾਲੇ ਖਾਸ ਮਿਸ਼ਨ ਤੇ ਨਹੀਂ ਸੀ ਭੇਜਿਆ ਗਿਆ। ਬਲਕਿ ਇਹ ਆਪਣੇ ਆਪ ਹੀ ਆ ਗਿਆ ਕਿਉਂਕਿ ਜਨਰਲ ਬੇਨਨ ਨੇ ਹਦਾਇਤ ਕੀਤੀ ਹੋਈ ਸੀ ਕਿ ਰਾਇਲਏਅਰ ਫੋਰਸ ਦੇ ਪਾਈਲਟ, ਜਦੋਂ ਸੁਨੇਹੇ ਲੈ ਕੇ ਜਾਣ ਜਾਂ ਦੇਖ ਭਾਲ ਲਈ, ਕਿਸੇ ਹਜੂਮ ਨੂੰ ਰੇਲਾਂ ਨੂੰ ਨੁਕਸਾਨ ਪਹੁੰਚਾਉਂਦਾ ਦੇਖਣ ਫੌਰੀ ਤੌਰ ਤੇ ਗੋਲੀ ਚਲਾਉਣ, ਪਰ ਡਡਕਿਨਜ਼ ਨੇ ਇਹ ਹੁਕਮ ਵਾਦੀ ਕਰਦੇ ਲੋਕਾਂ ਤੇ ਵਰਤਿਆ।

ਗੁਜਰਾਂਵਾਲੇ ਵਿਚ ਵੀ ਵਿਦਿਆਰਥੀਆਂ ਨੂੰ ਫ਼ੌਜੀ ਕਮਾਂਡਰ ਨੂੰ ਸਲਾਮੀ ਦੇਣ ਲਈ ਸੱਦਿਆ ਜਾਂਦਾ ਰਿਹਾ, ਪੜ੍ਹੇ ਲਿਖੇ ਤੇ ਪਤਵੰਤੇ ਲੋਕਾਂ ਨੂੰ ਸ਼ਹਿਰ ਦੀਆਂ ਗਲੀਆਂ ਤੇ ਟੱਟੀਆਂ ਸਾਫ ਕਰਨ ਤੇ ਲਗਾਇਆ ਗਿਆ।

ਕਈ ਵਕੀਲ ਤੇ ਹੋਰ ਸਰਕਰਦਾ ਲੋਕਾਂ ਨੂੰ ਗ੍ਰਿਫਤਾਰੀ ਦੇ ਵੇਲੇ ਕੱਪੜੇ ਤਕ ਪਾਉਣ ਦੀ ਇਜਾਜ਼ਤ ਨਾ ਦਿੱਤੀ ਗਈ। ਘਰਦਿਆਂ ਨੂੰ ਘਰੋਂ ਕੱਢ ਕੇ ਘਰਾਂ ਨੂੰ ਜੰਦਰੇ ਲਾ ਦਿੱਤੇ ਗਏ। ਇਹਨਾਂ ਗ੍ਰਿਫਤਾਰ ਕੀਤਿਆਂ ਨੂੰ ਖੁੱਲ੍ਹੇ ਟਰੱਕ ਵਿਚ ਲਾਹੌਰ ਲਿਆਂਦਾ ਗਿਆ, ਖਾਣ ਪੀਣ ਨੂੰ ਤਾਂ ਕੀ ਦੇਣਾ ਸੀ, ਟੱਟੀ ਤੇ ਪਿਸ਼ਾਬ ਤੱਕ ਨਾ ਕਰਨ ਦਿੱਤਾ ਗਿਆ।

ਵਜ਼ੀਰਾਬਾਦ ਵਿਚ ਵੀ ਮਾਰਸ਼ਲ ਲਾਅ ਦੇ ਅਧੀਨ ਗ੍ਰਿਫਤਾਰੀਆਂ ਕੀਤੀਆਂ ਗਈਆਂ। ਇਥੇ ਵੀ ਜਿਹੜਾ ਕਿਸੇ ਅੰਗਰੇਜ਼ ਨੂੰ ਸਲਾਮ ਨਹੀਂ ਸੀ ਕਰਦਾ, ਉਸ ਦੀ ਪੱਗ ਲਾਹ ਕੇ ਉਹਦੇ ਗਲ ਨੂੰ ਬੰਨ੍ਹ ਦਿੱਤਾ ਜਾਂਦਾ ਸੀ। ਇਕ ਬਿਆਨ ਅਨੁਸਾਰ, ਇਕ ਵਿਅਕਤੀ ਨੇ ਸਲਾਮ ਤਾਂ ਕੀਤਾ ਪਰ ਅਫ਼ਸਰ ਨੇ ਦੇਖਿਆ ਨਾ, ਉਸ ਨੂੰ ਸਭ ਦੀਆਂ ਜੁੱਤੀਆਂ ਚੱਟਣ ਦੀ ਸਜ਼ਾ ਦਿੱਤੀ ਗਈ।

ਅੰਗਰੇਜ਼ ਫ਼ੌਜਾਂ ਲਈ ਮੁਫਤ ਦੁੱਧ ਅਤੇ ਮੱਖਣ ਇਕੱਠਾ ਕੀਤਾ ਗਿਆ, ਇਸ ਤੋਂ ਬਿਨਾਂ ਇਕ ਰੁਪਿਆ ਫੀ ਘਰ ਫ਼ੌਜੀਆਂ ਦੇ ਖ਼ਰਚ ਲਈ ਜਮ੍ਹਾਂ ਹੋਇਆ, ਇਸ ਤੋਂ



Sri Satguru Jagjit Singh Ji eLibrary NamdhariElibrary@gmail.com

ਬਿਨਾਂ 67000 ਰੁਪਿਆ ਬਤੌਰ ਹਰਜਾਨਾ ਵਸੂਲਿਆ ਗਿਆ।

ਇਥੇ ਗ੍ਰਿਫਤਾਰੀਆਂ ਤੋਂ ਬਚਣ ਲਈ ਜਾਂ ਝੂਠੀਆਂ ਗਵਾਹੀਆਂ ਦੇਣ ਤੋਂ ਬਚਣ ਲਈ, ਪੁਲਿਸ ਨੇ ਰਿਸ਼ਵਤ ਲਈ। ਇਥੇ ਵੀ ਸਕੂਲ ਦੇ ਬੱਚਿਆਂ ਨੂੰ ਤਿੰਨ ਵਾਰੀ ਦਿਹਾੜੀ ਵਿਚ ਯੂਨੀਅਨ ਜੈਕ ਨੂੰ ਸਲਾਮੀ ਦੇਣ ਲਈ ਜਾਣਾ ਪੈਂਦਾ ਰਿਹਾ।

ਵਜ਼ੀਰਾਬਾਦ ਦੇ ਨੇੜੇ ਨਿਜ਼ਾਮਾਬਾਦ ਵਿਚ 18 ਅਪ੍ਰੈਲ ਨੂੰ ਲਾਹੌਰ ਵਾਲੇ ਪਾਸਿਉਂ, ਬ੍ਰਿਟਿਸ਼ ਫ਼ੌਜੀਆਂ ਦੀ ਇਕ ਸਪੈਸ਼ਲ ਗੱਡੀ ਆ ਕੇ ਪਿੰਡ ਦੇ ਬਰਾਬਰ ਖੜ੍ਹੀ ਹੋ ਗਈ। ਫ਼ੌਜੀਆਂ ਨੇ ਸਾਰੇ ਪਿੰਡ ਨੂੰ ਘੇਰਾ ਪਾ ਲਿਆ, ਇਹਨਾਂ ਨੇ ਸਭ ਦੁਕਾਨਾਂ ਲੁੱਟ ਲਈਆਂ ਅਤੇ ਪਿੰਡ ਵਿਚੋਂ ਆਟਾ, ਘਿਉ, ਗੁੜ, ਜੋ ਮਿਲਿਆ, ਪਿੰਡ ਦੇ ਲੋਕਾਂ ਨੂੰ ਹੀ ਆਖਿਆ ਕਿ ਉਹ ਗੱਡੀ ਵਿਚ ਛੱਡ ਕੇ ਆਉਣ। ਪੰਦਰਾਂ ਦਿਨ ਸਾਰੇ ਪਿੰਡ ਨੂੰ ਠਾਣੇ ਸੱਦ ਕੇ ਸਵੇਰੇ ਸੱਤ ਵਜੇ ਤੋਂ ਸ਼ਾਮ ਦੇ ਅੱਠ ਵਜੇ ਤਕ ਧੁੱਪੇ ਬਹਾਇਆ ਜਾਂਦਾ ਰਿਹਾ।

ਮੁਹੰਮਦ ਰਮਜ਼ਾਨ ਨਾਮ ਦੇ ਇਕ ਨੌਜਵਾਨ ਨੂੰ ਜਦੋਂ ਉਹ ਬੱਕਰੀਆਂ ਚਾਰ ਰਿਹਾ ਸੀ, ਗੋਲੀ ਨਾਲ ਮਾਰ ਦਿੱਤਾ ਗਿਆ। ਦੋ ਜਾਂ ਤਿੰਨ ਅੰਗਰੇਜ਼ ਸਿਪਾਹੀ ਉਹਦੀ ਪੱਗ ਦੇ ਨਾਲ ਹੀ ਉਹਦੀ ਲਾਸ਼ ਨੂੰ ਬੰਨ੍ਹ ਕੇ ਛੱਪੜ ਵਿਚ ਸਿੱਟ ਆਏ। ਇਥੇ ਲੋਕਾਂ ਨੂੰ ਫੜ ਲਿਆ ਜਾਂਦਾ ਅਤੇ ਜ਼ਮੀਨ ਤੇ ਨੱਕ ਨਾਲ ਲਕੀਰਾਂ ਕਢਵਾ ਕੇ ਛੱਡਿਆ ਜਾਂਦਾ ਰਿਹਾ।

ਰਾਮ ਨਗਰ ਵਿਚ ਕੋਈ 28 ਦੇ ਕਰੀਬ ਵਿਅਕਤੀ ਫੜੇ ਗਏ ਜਿਹਨਾਂ 'ਤੇ ਬਾਦਸ਼ਾਹ ਦਾ ਬੁੱਤ ਬਣਾ ਕੇ ਸਾੜਨ ਦਾ ਇਲਜ਼ਾਮ ਲਾਇਆ ਗਿਆ। ਸਭ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਝੂਠਾ ਕੇਸ ਬਣਾ ਕੇ ਝੂਠੇ ਗਵਾਹ ਬਣਾਏ ਗਏ। ਜਿਹਨਾਂ ਨੇ ਝੂਠੀ ਗਵਾਹੀ ਦੇਣ ਤੋਂ ਨਾਂਹ ਕੀਤੀ, ਉਹਨਾਂ ਨੂੰ ਹਰ ਤਰ੍ਹਾਂ ਨਾਲ ਤੰਗ ਕੀਤਾ ਗਿਆ।

ਇਹ ਸਾਰਾ ਕੇਸ ਇਕ ਦਿਨ ਵਿਚ ਹੀ ਖਤਮ ਕਰ ਦਿੱਤਾ ਗਿਆ। ਹਾਫ਼ਿਜ਼ਾਬਾਦ ਵਿਚ ਗ੍ਰਿਫਤਾਰੀਆਂ ਕੀਤੀਆਂ ਗਈਆਂ, ਅਨੇਕਾਂ 'ਤੇ ਹਰ ਪ੍ਰਕਾਰ ਦਾ ਤਸ਼ੱਦਦ ਕੀਤਾ ਗਿਆ।

ਗੁਜਰਾਂਵਾਲੇ ਵਿਚ ਜਿਹਨਾਂ ਲੀਡਰਾਂ ਨੂੰ ਗ੍ਰਿਫਤਾਰ ਕੀਤਾ ਗਿਆ, ਉਹਨਾਂ ਵਿਚੋਂ ਦੋ ਬਾਰ-ਐਟ-ਲਾ ਵੀ ਸਨ। ਇਥੋਂ ਦੀ ਮਿਉਂਸਪਲ ਕਮੇਟੀ ਨੂੰ ਮਜਬੂਰ ਕੀਤਾ ਗਿਆ ਕਿ ਉਹ ਸਰ ਮਾਈਕਲ ਓਡਵਾਇਅਰ ਦੇ ਨਾਮ ਤੇ ਗੇਟ ਬਣਵਾਏ ਅਤੇ ਉਸ ਦੀ ਤਸਵੀਰ ਮਿਊਂਸੀਪਲ ਹਾਲ 'ਚ ਲਗਵਾਈ ਜਾਵੇ।

ਗੁਜਰਾਂਵਾਲੇ ਜ਼ਿਲ੍ਹੇ ਵਿਚ, ਮਾਰਸ਼ਲ ਲਾਅ ਦੇ ਕਮਿਸ਼ਨ ਨੇ 22 ਵਿਅਕਤੀਆਂ ਨੂੰ ਮੌਤ ਦੀ ਸਜ਼ਾ ਦਿੱਤੀ, 108 ਨੂੰ ਉਮਰ ਕੈਦ, ਬਾਕੀ ਦਿਆਂ ਨੂੰ ਦਸਾਂ ਸਾਲਾਂ ਤੋਂ ਹੇਠਾਂ। ਤਾਜ਼ੀਰੀ-ਚੌਕੀਆਂ, ਜੁਰਮਾਨੇ ਤੇ ਬੈਂਤਾਂ ਦੀ ਸਜ਼ਾ ਇਹਨਾਂ ਤੋਂ ਵੱਖਰੀ ਹੈ।

ਸਾਂਗਲਾ ਹਿਲ, ਸ਼ੇਖੂਪੁਰਾ ਅਤੇ ਚੂਹੜਕਾਣੇ ਵਿਚ ਜਿਹੜੀਆਂ ਵਧੀਕੀਆਂ ਹੋਈਆਂ, ਉਹਨਾਂ ਨੂੰ ਪੜ੍ਹ ਕੇ ਵੀ ਰੌਂਗਟੇ ਖੜੇ ਹੁੰਦੇ ਹਨ :

ਸਾਂਗਲਾ ਹਿਲ, ਲਾਹੌਰ ਤੋਂ ਲਾਇਲਪੁਰ ਨੂੰ ਜਾਣ ਵਾਲੀ ਰੇਲਵੇ ਲਾਈਨ ਤੇ



Sri Satguru Jagjit Singh Ji eLibrary NamdhariElibrary@gmail.com

ਹੈ। ਇਥੇ 19 ਅਪਰੈਲ ਨੂੰ ਮਾਰਸ਼ਲ ਲਾਅ ਲਾਗੂ ਕੀਤਾ ਗਿਆ। 12 ਮਈ ਨੂੰ ਬ੍ਰਿਟਿਸ਼ ਫੌਜਾਂ ਦੇ ਦਸਤੇ ਉਥੇ ਗਏ, ਉਹਨਾਂ ਮਸ਼ੀਨ ਗੰਨਾਂ ਤੇ ਲੁਈਸ ਗੰਨਾਂ ਨਾਲ ਦਹਿਸ਼ਤ ਫੈਲਾਉਣ ਲਈ ਫਾਇਰਿੰਗ ਕੀਤੀ। 13 ਮਈ ਨੂੰ ਪਹਿਲਾਂ 13 ਲੀਡਰ ਗ੍ਰਿਫਤਾਰ ਕੀਤੇ ਗਏ ਫਿਰ 64 ਹੋਰ ਗ੍ਰਿਫਤਾਰੀਆਂ ਕੀਤੀਆਂ, ਉਹਨਾਂ ਦੀਆਂ ਪੱਗਾਂ ਨਾਲ ਉਹਨਾਂ ਦੀਆਂ ਮੁਸ਼ਕਾਂ ਕੱਸ ਕੇ ਠਾਣੇ ਲਿਆਂਦਾ ਗਿਆ। 14 ਤੇ 18 ਤਾਰੀਖ ਨੂੰ 47 ਹੋਰ ਗ੍ਰਿਫਤਾਰੀਆਂ ਕੀਤੀਆਂ ਗਈਆਂ। ਮਿਸਟਰ ਬਾਸਵਰਥ ਸਮਿਥ ਨੇ ਉਹਨਾਂ ਨੂੰ ਕਿਹਾ ਕਿ ਜੇ ਸਾਂਗਲੇ ਦੇ ਲੋਕ 50000 ਰੁਪਿਆ ਦੇਣ ਤਾਂ ਉਹਨਾਂ ਨੂੰ ਛੱਡ ਦੇਵੇਗਾ। ਰੁਪਿਆ ਇਕੱਠਾ ਕਰ ਕੇ ਦੇਣ ਤੇ 124 ਵਿਚੋਂ 116 ਛੱਡ ਦਿੱਤੇ ਗਏ।

ਪਤਵੰਤੇ ਸੱਜਣਾਂ ਤੋਂ ਅਫਸਰਾਂ ਦੇ ਪੱਖੇ ਖਿੱਚਣ ਦਾ ਕੰਮ ਲਿਆ ਗਿਆ। ਸਕੂਲ ਦੇ ਮੁੰਡਿਆਂ ਨੂੰ ਛੋਟੇ ਛੋਟੇ ਨਿਆਣਿਆਂ ਸਮੇਤ ਹਾਜ਼ਰੀ ਦੇਣ ਲਈ ਸੱਦਿਆ ਜਾਂਦਾ, ਕਈ ਕਈ ਘੰਟੇ ਧੁੱਪ ਵਿਚ ਰਖਿਆ ਜਾਂਦਾ। ਇਕ ਸੱਤ ਸਾਲਾ ਬੱਚੇ ਦੀ ਇਸ ਤਰ੍ਹਾਂ ਮੌਤ ਹੋ ਗਈ।

ਗ੍ਰਿਫਤਾਰ ਹੋਏ ਵਿਅਕਤੀਆਂ ਨੂੰ ਟੱਟੀ ਤੱਕ ਨਾ ਜਾਣ ਦਿੱਤਾ ਜਾਂਦਾ। ਬਸੰਤ ਰਾਮ ਦੇ ਕਹਿਣ ਮੁਤਾਬਕ ਉਹ ਦੋ ਰੁਪਏ ਦੇ ਕੇ ਟੱਟੀ ਜਾਂਦੇ ਰਹੇ।

ਢਾਬਾਂ ਸਿੰਘ ਸਟੇਸ਼ਨ ਦੇ ਨੇੜੇ ਇਕ ਪਿੰਡ ਮਾਨਿਆਂ ਵਾਲਾ ਉਤੇ ਵੀ ਫੌਜੀਆਂ ਦੀ ਇਕ ਟਰੇਨ ਲਿਜਾ ਕੇ ਫਾਇਰਿੰਗ ਕੀਤੀ ਗਈ, ਇਕ ਵਿਅਕਤੀ ਉਥੇ ਥਾਂ ਤੇ ਹੀ ਮਰ ਗਿਆ, ਕਈ ਜ਼ਖ਼ਮੀ ਹੋਏ। ਇਸ ਪਿੰਡ ਦੇ ਬਾਨੀ 115 ਸਾਲਾ ਨੰਬਰਦਾਰ ਸਰਦਾਰ ਅਤਰ ਸਿੰਘ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਉਸ ਨੂੰ ਤੇ ਕਈ ਹੋਰ ਗ੍ਰਿਫਤਾਰ ਕੀਤਿਆਂ ਨੂੰ ਮਾਲ ਗੱਡੀ ਦੇ ਡੱਬੇ ਵਿਚ ਬੰਦ ਕਰ ਦਿੱਤਾ ਗਿਆ ਅਤੇ ਬਿਨਾਂ ਰੋਟੀ ਪਾਣੀ ਤੋਂ ਕਈ ਦਿਨ ਰਖਿਆ ਗਿਆ। ਉਸ ਦੇ ਪਿੰਡ ਦੇ ਤੇਜਾ ਸਿੰਘ ਦਾ ਬਿਆਨ ਹੈ :

ਮੈਂ ਹਾਲੇ ਬੰਗਲੇ ਤੋਂ ਨਹੀਂ ਗਿਆ ਸੀ, ਜਿਥੇ ਕਿ ਬਹੁਤ ਸਾਰੇ ਪੇਂਡੂ ਪੁਲਿਸ ਦੇ ਹੁਕਮ ਨਾਲ ਜਾਂਦੇ ਸਨ। ਮੇਰੇ ਹੁੰਦਿਆਂ ਹੀ ਬਾਸਵਰਥ ਸਮਿਥ ਨੇ ਮੁਨਸ਼ੀ ਨਵਾਬਦੀਨ ਅਤੇ ਲਹਿਣਾ ਸਿੰਘ ਨੂੰ ਸਖ਼ਤ ਮਾਰ ਕੁਟਾਈ ਕੀਤੀ। ਉਹ ਉਹਨਾਂ ਨੂੰ ਭਾਈ ਮੂਲ ਸਿੰਘ ਵਿਰੁਧ ਇਹ ਗਵਾਹੀ ਦੇਣ ਲਈ ਕਹਿੰਦੇ ਸੀ ਕਿ ਉਸ ਨੇ ਸਰਕਾਰ ਦੇ ਵਿਰੁਧ ਤਕਰੀਰ ਕੀਤੀ ਹੈ। ਉਹਨਾਂ ਨੂੰ ਪੁਲਿਸ ਦੇ ਸਿਪਾਹੀ ਦੇ ਹਵਾਲੇ ਕਰ ਕੇ ਕਿਹਾ ਕਿ ਉਹਨਾਂ ਨੂੰ ਬੰਗਲੇ ਵਿਚ ਲੈ ਜਾਵੇ, ਮਿਸਟਰ ਬਾਸਵਰਥ ਸਮਿਥ, ਆਪ ਔਰਤਾਂ ਵਲ ਗਿਆ। ਉਸ ਨੇ ਉਹਨਾਂ ਨੂੰ ਬੇਪਰਦ ਕਰ ਦਿੱਤਾ ਅਤੇ ਗਾਹਲਾਂ ਕੱਢਣ ਲੱਗਾ। ਉਸ ਨੇ ਉਹਨਾਂ ਨੂੰ ਮੱਖੀਆਂ, ਚੁੜੇਲਾਂ ਅਤੇ ਖੋਤੀਆਂ ਆਦਿ ਆਖਿਆ। ਫਿਰ ਕਹਿਣ ਲੱਗਾ, "ਪੁਲਿਸ ਦੇ ਸਿਪਾਹੀ ਤੁਹਾਡੀਆਂ ਘੱਗਰੀਆਂ ਦੀ ਤਲਾਸ਼ੀ ਲੈਣਗੇ। ਜਦੋਂ ਤੁਹਾਡੇ ਆਦਮੀ ਤੁਹਾਡੇ ਨਾਲ ਸੌਂਦੇ ਹਨ, ਤੁਸੀਂ ਉਹਨਾਂ ਨੂੰ ਉਠ ਕੇ ਕਿਉਂ ਜਾਣ ਦਿੰਦੀਆਂ ਹੋ। ਉਸ ਨੇ ਉਹਨਾਂ ਤੇ ਥੁੱਕਿਆ ਵੀ।

ਮੰਗਲ ਦੀ ਵਿਧਵਾ, ਗੁਰਦੇਵੀ ਦੇ ਕਹਿਣ ਮੁਤਾਬਕ ਉਸ ਨੇ ਪਿੰਡ ਦੀਆਂ ਸਾਰੀਆਂ ਤੀਵੀਆਂ ਦੇ ਲੱਤਾਂ ਹੇਠੋਂ ਕੰਨ ਫੜਾਏ ਅਤੇ ਚਿੱਤੜਾਂ ਤੇ ਬੈਂਤਾਂ ਮਾਰੀਆਂ। ਪਿੰਡ



Sri Satguru Jagjit Singh Ji eLibrary NamdhariElibrary@gmail.com

ਦੀਆਂ ਅਨੇਕਾਂ ਇਸਤਰੀਆਂ ਅਤੇ ਮਰਦਾਂ ਨੇ ਇਸ ਤਸ਼ੱਦਦ ਦੀ ਪੁਸ਼ਟੀ ਕੀਤੀ ।

ਬਾਦ ਵਿਚ ਇਸ ਪਿੰਡ ਵਿਚ ਇਕ ਅੰਗਰੇਜ਼ ਪਾਦਰੀ ਸੀ ਐਫ. ਐਂਡਰੀਊ, ਕਾਂਗਰਸ ਸਬ ਕਮੇਟੀ ਦੇ ਸੱਦੇ ਤੇ ਉੱਥੇ ਗਏ । ਉਹਨਾਂ ਇਸ ਪਿੰਡ ਵਿਚ ਕੀਤੇ ਗਏ ਪਸ਼ੂਆਂ ਵਾਲੇ ਸਲੂਕ ਉੱਤੇ ਬੜੇ ਅਫਸੋਸ ਦਾ ਪ੍ਰਗਟਾਵਾ ਕੀਤਾ ਅਤੇ ਗ਼ੈਰ-ਮਨੁੱਖੀ ਵਤੀਰੇ ਤੇ ਉਹਨਾਂ ਦੀਆਂ ਅੱਖਾਂ ਵਿਚ ਹੰਝੂ ਆ ਗਏ ।

ਮਾਰਸ਼ਲ ਲਾਅ ਲਾਗੂ ਹੋਣ ਤੋਂ ਪਹਿਲਾਂ ਇਕ ਹਥਿਆਰਬੰਦ ਰੇਲ ਗੱਡੀ, ਜਿਸ ਵਿਚ ਮਸ਼ੀਨ ਗੰਨਾਂ, ਲੁਈਸ ਗੰਨਾਂ ਅਤੇ ਸਰਚ ਲਾਈਟਾਂ ਸਨ, ਇਕ ਬ੍ਰਿਟਿਸ਼ ਅਫ਼ਸਰ ਦੀ ਕਮਾਂਡ ਹੇਠ ਬ੍ਰਿਟਿਸ਼ ਸਿਪਾਹੀਆਂ ਨਾਲ ਲਾਹੌਰ ਤੋਂ ਸ਼ੇਖੂਪੁਰੇ ਭੇਜੀ ਗਈ ।

ਸ਼ੇਖੂਪੁਰੇ ਤੋਂ ਉੱਥੋਂ ਦੇ ਸਬ ਡਵੀਜ਼ਨਲ ਅਫ਼ਸਰ ਰਾਏ ਸਾਹਿਬ ਲਾਲਾ ਸ੍ਰੀ ਰਾਮ ਸੂਦ ਨੂੰ ਲੈ ਕੇ ਇਹ ਚੂੜ੍ਹਕਾਣੇ ਪਹੁੰਚੇ । ਇਸ ਟਰੇਨ ਦੇ ਵਿਚੋਂ ਹੀ ਪਹਿਲਾਂ ਚੂੜ੍ਹਕਾਣੇ ਤੇ ਫਾਇਰਿੰਗ ਕੀਤੀ ਗਈ, ਫਿਰ ਫੌਜੀ ਟੁਕੜਿਆਂ ਨੇ ਇਸ ਪਿੰਡ ਜਾ ਕੇ ਹੋਰ ਫਾਇਰਿੰਗ ਕੀਤੀ । ਇਸ ਮੌਕੇ ਤੇ ਲੋਕੀ ਆਪੋ ਆਪਣੇ ਕੰਮਾਂ ਧੰਦਿਆਂ ਵਿਚ ਰੁੱਝੇ ਹੋਏ ਸਨ ਅਤੇ ਸਰਕਾਰ ਵਿਰੁਧ ਕੋਈ ਵੀ ਅਜੇਹੀ ਸਰਗਰਮੀ ਨਹੀਂ ਸਨ ਕਰ ਰਹੇ, ਕਿ ਉਹਨਾਂ ਉੱਤੇ ਫਾਇਰਿੰਗ ਦੀ ਲੋੜ ਪਵੇ ।

ਰਾਏ ਸਾਹਿਬ ਲਾਲਾ ਸ੍ਰੀ ਰਾਮ ਸੂਦ ਨੇ ਇਸ ਸਿਲਸਿਲੇ ਵਿਚ ਹੰਟਰ ਕਮਿਸ਼ਨ ਦੇ ਅੱਗੇ ਪ੍ਰਸ਼ਨਾਂ ਦਾ ਉੱਤਰ ਦਿੰਦਿਆਂ ਹੋਇਆਂ ਕਿਹਾ :

ਸ : ਸੋ ਤੂੰ ਹਥਿਆਰਬੰਦ ਟਰੇਨ ਨੂੰ ਸਟੇਸ਼ਨ ਤੋਂ ਤੋਰ ਕੇ ਪਿੰਡ ਦੇ ਬਰਾਬਰ ਲੈ ਗਿਆ ਅਤੇ ਉਥੇ ਖੜ੍ਹੀ ਕਰ ਦਿੱਤੀ ?

ਜ : ਹਾਂ ।

ਸ : ਫਿਰ ਤੂੰ ਪਿੰਡ ਵਿਚ ਨੂੰ ਗੋਲੀ ਚਲਾਈ, ਕੀ ਤੂੰ ਇਵੇਂ ਕੀਤਾ ?

ਜ : ਮੈਂ ਆਪਣੇ ਬਿਆਨ ਵਿਚ ਕਹਿ ਚੁੱਕਾ ਹਾਂ, ਕਿ ਜਦੋਂ ਅਸੀਂ ਹਥਿਆਰਬੰਦ ਗੱਡੀ ਵਿਚ ਸਾਂ, ਪਿੰਡ ਦੇ ਬਹੁਤ ਸਾਰੇ ਲੋਕਾਂ ਦੀ ਨਕਲੋ ਹਰਕਤ ਸਾਡੇ ਧਿਆਨ ਵਿਚ ਆਈ ।

ਸ : ਮੈਂ ਇਕ ਮਿੰਟ ਵਿਚ ਉਸ ਬਾਰੇ ਵੀ ਗੱਲ ਕਰਾਂਗਾ । ਇਹ ਲੋਕ ਕਿੱਡੀ ਕੁ ਦੂਰ ਸਨ, ਜਿਹਨਾਂ ਦੀ ਨਕਲੋ ਹਰਕਤ ਤੁਸੀਂ ਟਰੇਨ ਤੋਂ ਦੇਖੀ ?

ਜ : ਜਿੱਡੀ ਦੂਰ ਅੱਖਾਂ ਦੀ ਨਜ਼ਰ ਪਹੁੰਚ ਸਕਦੀ ਹੈ ।

ਸ : ਤੁਹਾਥੋਂ ਕਿੰਨੇ ਕੁ ਗਜ਼ ਤੇ ?

ਜ : ਮੈਂ ਗਜ਼ਾਂ ਦੀ ਗਿਣਤੀ ਨਹੀਂ ਦੱਸ ਸਕਦਾ, ਜਿੱਡੀ ਕੁ ਦੂਰ ਮੇਰੀਆਂ ਅੱਖਾਂ ਦੀ ਨਜ਼ਰ ਗਈ ।

ਸ : ਕੀ ਤੂੰ ਰੇਲਵੇ ਦੀ ਪਟੜੀ ਤੇ ਸੀ ?

ਜ : ਹਾਂ, ਅਤੇ ਮੈਂ ਲੋਕਾਂ ਦੀ ਨਕਲੋ ਹਰਕਤ ਦੇਖ ਸਕਦਾ ਸੀ ।

ਸ : ਤੂੰ ਪਿੰਡ ਦੇ ਦੂਜੇ ਪਾਸੇ, ਹਥਿਆਰਬੰਦ ਟਰੇਨ ਵਿਚ ਸੀ ? ਪਿੰਡ ਵਿਚ ਕਾਫੀ ਘਰ ਸਨ ?

ਜ : ਹਾਂ, ਪਰ ਅਸੀਂ ਲੋਕਾਂ ਨੂੰ ਪਿੰਡ ਦੇ ਬਾਹਰਵਾਰ ਚਲਦੇ ਫਿਰਦੇ ਦੇਖਿਆ ਸੀ ।



Sri Satguru Jagjit Singh Ji eLibrary NamdhariElibrary@gmail.com

ਸ : ਕੀ ਉਹ ਪਿੰਡ ਦੇ ਘਰਾਂ ਅਤੇ ਰੇਲਵੇ ਲਾਈਨ ਦੇ ਵਿਚਕਾਰ ਸਨ ?
ਜ : ਨਹੀਂ ! ਦੂਜੇ ਪਾਸੇ ।
ਸ : ਘਰਾਂ ਦੀਆਂ ਕਈ ਕਤਾਰਾਂ ਹੋਣਗੀਆਂ, ਸਿਰਫ਼ ਇਕੋ ਕਤਾਰ ਤਾਂ ਹੋ ਨਹੀਂ ਸਕਦੀ ?
ਜ : ਹਾਂ, ਪਰ ਮੈਂ ਪਿੰਡ ਦੇ ਬਾਹਰਵਾਰ ਦੀ ਗੱਲ ਕਰ ਰਿਹਾ ਹਾਂ । ਬਾਹਰਵਾਰ ਦੇਖਿਆ ਜਾ ਸਕਦਾ ਸੀ, ਪਰ ਪਿੰਡ ਦੇ ਅੰਦਰਲੇ ਪਾਸੇ ਨਹੀਂ ।
ਸ : ਇਹ ਲੋਕ ਕਿੱਥੇ ਸਨ, ਦੂਜੇ ਪਾਸੇ ਜਾਂ ਕਿੱਥੇ ?
ਜ : ਦੂਜੇ ਪਾਸੇ, ਪਰ ਮੇਰਾ ਮਤਲਬ ਉਸ ਥਾਂ ਤੋਂ ਨਹੀਂ, ਜਿਹੜੀ ਮੈਂ ਦੇਖ ਨਹੀਂ ਸੀ ਸਕਦਾ । ਮੇਰਾ ਮਤਲਬ ਹੈ, ਉਹ ਪਿੰਡ ਦੇ ਨੇੜੇ ਸਨ, ਪਰ ਪਿੰਡ ਦੇ ਬਾਹਰਵਾਰ ਸਨ ਅਤੇ ਹਥਿਆਰਬੰਦ ਟਰੇਨ ਤੋਂ ਮੈਂ ਉਹਨਾਂ ਨੂੰ ਦੇਖ ਸਕਦਾ ਸੀ ।
ਸ : ਕੀ ਉਹ ਤੇਰੇ ਤੇ ਪਿੰਡ ਦੇ ਘਰਾਂ ਵਿਚਕਾਰ ਸਨ ?
ਜ : ਨਹੀਂ ।
ਸ : ਕੀ ਤੇਰੇ ਤੇ ਪਿੰਡ ਦੇ ਘਰਾਂ ਵਿਚਕਾਰ ਕੁਝ ਨਹੀਂ ਸੀ ?
ਜ : ਨਹੀਂ ।
ਸ : ਇਹ ਲੋਕ ਕਿੱਥੇ ਸਨ ?
ਜ : ਇਹ ਲੋਕ ਪਿੰਡ ਦੇ ਇਕ ਪਾਸੇ ਸਨ ।
ਸ : ਹੋਰ ਪਾਸੇ ਤੋਂ ਤੇਰਾ ਕੀ ਭਾਵ ਹੈ, ਤੇਰਾ ਮਤਲਬ ਘਰਾਂ ਦੇ ਪਿਛਾੜੀ ਹੈ ?
ਜ : ਨਹੀਂ । ਮੇਰਾ ਇਹ ਮਤਲਬ ਨਹੀਂ, ਮੇਰਾ ਮਤਲਬ ਇਕ ਪਾਸੇ ਤੋਂ ਹੈ, ਜਿਹੜਾ ਕਿ ਮੈਂ ਦੇਖ ਸਕਦਾ ਸੀ ।
ਸ : ਉਹ ਕੁਝ ਬਾਹਰਵਾਰ ਸਨ ਅਤੇ ਤੁਸੀਂ ਦੇਖ ਸਕਦੇ ਸੀ ?
ਜ : ਹਾਂ ।
ਸ : ਉਹ ਉਥੇ ਕਿੰਨੇ ਸਨ ?
ਜ : ਮੈਂ ਲੋਕਾਂ ਦਾ ਤੁਰਨਾ ਫਿਰਨਾ ਦੇਖ ਸਕਦਾ ਸੀ ।
ਸ : ਤੂੰ ਲੋਕਾਂ ਨੂੰ ਬਿਲਕੁਲ ਨਹੀਂ ਸੀ ਦੇਖ ਸਕਦਾ ?
ਜ : ਮੈਂ ਲੋਕਾਂ ਨੂੰ ਦੇਖ ਸਕਦਾ ਸੀ, ਉਹਨਾਂ ਵਿਚੋਂ ਕੁਝ ਘੋੜਿਆਂ ਤੇ ਚੜ੍ਹ ਕੇ ਇਧਰ ਉਧਰ ਆ ਜਾ ਰਹੇ ਸਨ ।
ਸ : ਤੂੰ ਕੁਝ ਤਾਂ ਅੰਦਾਜ਼ਾ ਲਗਾਇਆ ਹੋਵੇਗਾ, ਕੀ ਤੂੰ ਦੱਸ ਨਹੀਂ ਸਕਦਾ, ਕਿ ਉਹ 5, 10 ਜਾਂ 100 ਸਨ ?
ਜ : ਨਹੀਂ, ਮੈਂ ਇਹੀ ਕਹਿੰਦਾ ਹਾਂ ਕਿ ਮੈਂ ਲੋਕਾਂ ਦੀ ਨਕਲੋ ਹਰਕਤ ਹੁੰਦੀ ਦੇਖੀ ।
ਸ : ਤੂੰ ਲੋਕ ਤਾਂ ਦੇਖੇ, ਪਰ ਤੂੰ ਦੱਸ ਨਹੀਂ ਸਕਦਾ, ਉਹ 5 ਸਨ ਜਾਂ ਸੌ ਸਨ ?
ਜ : ਮੈਂ ਤੁਹਾਨੂੰ ਦੱਸ ਨਹੀਂ ਸਕਦਾ, ਹੋ ਸਕਦਾ ਹੈ, ਸੌ ਆਦਮੀ ਪਿੱਛੇ ਲੁਕਿਆ ਹੋਇਆ ਹੋਵੇ ।
ਸ : ਮੈਂ ਤੁਹਾਨੂੰ ਉਹਨਾਂ ਲੋਕਾਂ ਬਾਰੇ ਪੁੱਛ ਰਿਹਾ ਹਾਂ ਜਿਹੜੇ ਤੂੰ ਦੇਖੇ ?
ਜ : ਉਥੇ ਬਹੁਤ ਸਾਰੇ ਲੋਕ ਸਨ । ਯਕੀਨੀ ਤੌਰ ਤੇ ਉਹ ਪੰਜਾਂ ਤੋਂ ਤਾਂ ਵਧੇਰੇ



Sri Satguru Jagjit Singh Ji eLibrary NamdhariElibrary@gmail.com

ਹੀ ਸਨ।

ਸ : ਕੀ ਤੂੰ ਉਹਨਾਂ ਦੇ ਚਿਹਰੇ ਚੰਗੀ ਤਰ੍ਹਾਂ ਦੇਖ ਸਕਦਾ ਸੀ ?

ਜ : ਹਾਂ।

ਸ : ਉਹਨਾਂ ਦੀ ਸਰਗਰਮੀ ਕੀ ਸੀ ?

ਜ : ਉਹ ਹਿਲਜੁਲ ਰਹੇ ਸਨ।

ਸ : ਮੈਂ ਜਾਣਨਾ ਚਾਹੁੰਦਾ ਹਾਂ ਕਿ ਤੇਰੇ ਇਹ ਕਹਿਣ ਦਾ ਕਿ ਮੈਂ ਉਹਨਾਂ ਦੀ ਨਕਲੋਂ ਹਰਕਤ ਦੇਖੀ ਦਾ ਕੀ ਅਰਥ ਹੈ ? ਕੀ ਨਕਲੋਂ ਹਰਕਤ ਦੇਖੀ ?

ਜ : ਉਹ ਕੋਈ ਸ਼ਰਾਰਤ ਨਹੀਂ ਸਨ ਕਰ ਰਹੇ, ਮੈਂ ਇਹ ਨਹੀਂ ਕਹਿੰਦਾ, ਉਹ ਸ਼ਾਇਦ ਆਪੋ ਵਿਚ ਸਲਾਹ ਮਸ਼ਵਰਾ ਕਰ ਰਹੇ ਸਨ।

ਸ : ਉਹ ਕੋਈ ਸ਼ਰਾਰਤ ਤਾਂ ਨਹੀਂ ਸਨ ਕਰ ਰਹੇ ?

ਜ : ਨਹੀਂ ? ਉਸ ਵੇਲੇ ਨਹੀਂ।

ਸ : ਫਿਰ ਅਸਲ ਵਿਚ ਉਹਨਾਂ ਦੀ ਸਰਗਰਮੀ ਕੀ ਸੀ ?

ਜ : ਲੋਕ ਪਿੰਡ ਨੂੰ ਆ ਜਾ ਰਹੇ ਸਨ।

ਸ : ਤੈਨੂੰ ਨਹੀਂ ਸੀ ਪਤਾ ਕਿ ਉਹਨਾਂ ਦਾ ਮੰਤਵ ਕੀ ਸੀ ?

ਜ : ਮੈਨੂੰ ਬਾਅਦ ਵਿਚ ਪਤਾ ਲੱਗਾ, ਕਿ ਉਹਨਾਂ ਦਾ ਮੰਤਵ ਹਥਿਆਰਬੰਦ ਟਰੇਨ ਵਿਚ ਸਾਡੇ ਤੇ ਹਮਲਾ ਕਰਨਾ ਸੀ।

ਸ : ਉਹਨਾਂ ਦਾ ਮੰਤਵ ਤੇਰੇ ਤੇ ਹਮਲਾ ਕਰਨਾ ਸੀ ?

ਜ : ਹਾਂ, ਉਹ ਇਕੱਠੇ ਹੋ ਰਹੇ ਸਨ ਅਤੇ ਦੂਜਿਆਂ ਲੋਕਾਂ ਨੂੰ ਬੁਲਾਉਣ ਜਾ ਰਹੇ ਸਨ।

ਸ : ਦੂਰ ਤੋਂ ਉਹਨਾਂ ਵਲ ਦੇਖ ਕੇ ਤੂੰ ਜਾਣ ਲਿਆ ਕਿ ਉਹ ਤੁਹਾਡੇ ਤੇ ਹਮਲਾ ਕਰਨ ਲਈ ਪਿੰਡ ਤੋਂ ਦੂਜਿਆਂ ਲੋਕਾਂ ਨੂੰ ਬੁਲਾਉਣ ਜਾ ਰਹੇ ਸਨ ?

ਜ : ਨਹੀਂ, ਮੈਂ ਇਹ ਨਹੀਂ ਕਿਹਾ। ਮੈਂ ਕਿਹਾ ਸੀ ਕਿ ਮੈਂ ਇਸ ਦੇ ਬਾਰੇ ਬਾਅਦ ਵਿਚ ਸੁਣਿਆਂ, ਪਰ ਅਸੀਂ ਅੰਦਾਜ਼ਾ ਲਾ ਸਕਦੇ ਸਾਂ ਕਿ ਉਹ ਜ਼ਰੂਰ ਸਾਡੇ ਨਾਲ ਕੁਝ ਗੜਬੜ ਕਰਨਗੇ।

ਸ : ਇਹ ਸੱਚ ਹੈ, ਕਿ ਤੂੰ ਬਾਅਦ ਵਿਚ ਸੁਣਿਆਂ। ਹੁਣ ਮੈਂ ਉਸ ਬਾਰੇ ਗੱਲ ਕਰਾਂਗਾ ਜੋ ਵਾਪਰਿਆ।

ਜ : ਬਦਕਿਸਮਤੀ ਨਾਲ, ਮੈਂ ਆਪਣੇ ਦਿਮਾਗ ਤੋਂ ਗੱਲਾਂ ਨੂੰ ਮਿਟਾ ਨਹੀਂ ਸਕਦਾ, ਮੈਂ ਸਭ ਕਾਸੇ ਨੂੰ ਇਕੱਠਾ ਲੈਂਦਾ ਹਾਂ।

ਸ : ਹੁਣ ਅਸੀਂ ਇਸ ਬਾਰੇ ਗੱਲ ਕਰਦੇ ਹਾਂ, ਕਿ ਤੂੰ ਉਸ ਵੇਲੇ ਕੀ ਕੀਤਾ, ਅਤੇ ਤੇਰੇ ਕੋਲ ਕੀ ਮਸਾਲਾ ਸੀ ਅਤੇ ਤੇਰੇ ਮਨ ਦੀ ਅਵਸਥਾ ਕੈਸੀ ਸੀ ਅਤੇ ਜੋ ਤੂੰ ਬਾਅਦ ਵਿਚ ਸੁਣਿਆਂ ਉਹ ਬਿਲਕੁਲ ਵਿਅਰਥ ਹੈ, ਜਦੋਂ ਤੂੰ ਉਹਨਾਂ ਦੀ ਆਵਾਜਾਈ ਕਹਿੰਦਾ ਹੈਂ, ਉਹਨਾਂ ਦੀ ਅਸਲ ਵਿਚ ਆਵਾਜਾਈ ਕੀ ਸੀ ?

ਜ : ਜਿਵੇਂ ਕਿ ਮੈਂ ਆਖਿਆ ਸੀ, ਉਹ ਆ ਤੇ ਜਾ ਰਹੇ ਸਨ। ਮੈਂ ਭਾਂਪ ਲਿਆ ਸੀ ਕਿ ਉਹ ਕਿਸੇ ਮਕਸਦ ਲਈ ਇਕੱਠੇ ਹੋ ਰਹੇ ਹਨ।



Sri Satguru Jagjit Singh Ji eLibrary NamdhariElibrary@gmail.com

ਸ : ਤੂੰ ਦੇਖਿਆ ਕਿ ਕੁਝ ਲੋਕ ਪਿੰਡੋਂ ਜਾ ਰਹੇ ਸਨ ਅਤੇ ਕੁਝ ਉਸ ਵੇਲੇ ਆ ਰਹੇ ਸਨ। ਤੂੰ ਸਿੱਟਾ ਕੱਢਿਆ ਕਿ ਉਹ ਤੁਹਾਡੇ ਤੇ ਹਮਲਾ ਕਰਨ ਲਈ ਇਕੱਠੇ ਹੋ ਰਹੇ ਹਨ।

ਜ : ਉਹ ਕਿਸੇ ਨਾਪਾਕ ਇਰਾਦੇ ਨਾਲ ਇਕੱਠੇ ਹੋ ਰਹੇ ਸਨ।

ਸ : ਸਿਰਫ਼ ਏਨੀ ਗੱਲ ਤੋਂ ਕਿ ਕੁਝ ਲੋਕ ਉਸ ਵੇਲੇ ਪਿੰਡ ਵਿਚੋਂ ਜਾ ਰਹੇ ਹਨ ਅਤੇ ਕੁਝ ਲੋਕ ਪਿੰਡ ਨੂੰ ਆ ਰਹੇ ਹਨ ਤੂੰ ਸਿੱਟਾ ਇਹ ਕੱਢਿਆ, ਕਿ ਉਹ ਨਾਪਾਕ ਇਰਾਦੇ ਨਾਲ ਇਕੱਠੇ ਹੋ ਰਹੇ ਹਨ ?

ਜ : ਹਾਂ, ਮੈਂ ਜਾਣਦਾ ਸੀ, ਕਿ ਉਹਨਾਂ ਦਾ ਪਾਰਾ ਪਹਿਲਾਂ ਕਿੱਥੇ ਸੀ। ਅਸੀਂ ਹਾਲੇ ਉਥੇ ਹੀ ਸੀ, ਉਹ ਇਕੱਠੇ ਹੋ ਰਹੇ ਸਨ, ਜਾ ਕੇ ਲੁਕੇ ਨਹੀਂ ਸਨ।

ਸ : ਕੀ ਮੈਂ ਇਸ ਨੂੰ ਇਵੇਂ ਲਵਾਂ ਕਿ ਚੂੰਕਿ ਜਦੋਂ ਤੁਸੀਂ ਆਪਣੀ ਹਥਿਆਰਬੰਦ ਗੱਡੀ ਵਿਚ ਆਏ, ਉਹ ਲੁਕੇ ਨਹੀਂ, ਤੂੰ ਸੋਚਿਆ ਕਿ ਉਹਨਾਂ ਦਾ ਇਰਾਦਾ ਨਾਪਾਕ ਹੈ ?

ਜ : ਠੀਕ ਇਵੇਂ ਨਹੀਂ। ਮੈਂ ਜਾਣਦਾ ਸੀ, ਕਿ ਇਹਨਾਂ ਲੋਕਾਂ ਅੱਗੇ ਵੀ ਗੜਬੜ ਕੀਤੀ ਹੈ ਅਤੇ ਹਥਿਆਰਬੰਦ ਟਰੇਨ ਦੇ ਆਉਣ ਤੇ ਇਹ ਖਿੱਲਰੇ ਪੁੱਲਰੇ ਨਹੀਂ, ਅਤੇ ਹਾਲੇ ਵੀ ਹਿਲਜੁਲ ਰਹੇ ਹਨ। ਮੈਂ ਜਾਣਦਾ ਸੀ ਕਿ ਜ਼ਰੂਰ ਇਹਨਾਂ ਦਾ ਗੜਬੜ ਕਰਨ ਦਾ ਇਰਾਦਾ ਹੈ।

ਸ : ਤੂੰ ਆਖਿਆ ਹੈ, ਕਿ ਇਹਨਾਂ ਲੋਕਾਂ ਨੇ ਇਹ ਗੜਬੜ ਕੀਤੀ ?

ਜ : ਸਾਰਾ ਪਿੰਡ ਉਥੇ ਸੀ, ਮੈਂ ਕੋਈ ਫਰਕ ਨਹੀਂ ਪਾ ਸਕਦਾ।

ਸ : ਅਤੇ ਤੂੰ ਸਮਝ ਲਿਆ, ਕਿ ਸਾਰਾ ਪਿੰਡ ਦੋਸ਼ੀ ਹੈ ?

ਜ : ਹਾਂ।

ਸ : ਅਤੇ ਕਿਉਂਕਿ ਉਹ ਲੁਕੇ ਨਹੀਂ ਸਨ ਅਤੇ ਹਾਲੇ ਤੀਕਰ ਆਪਣਾ ਆਪ ਦਿਖਾ ਰਹੇ ਸਨ ਤੂੰ ਸੋਚਿਆ ਕਿ ਤੈਨੂੰ ਇਹਨਾਂ ਤੇ ਗੋਲੀ ਚਲਾਉਣ ਦਾ ਅਧਿਕਾਰ ਹੈ ?

ਜ : ਉਹਨਾਂ ਲੋਕਾਂ ਨੂੰ ਸਾਧਾਰਣ ਤਰੀਕੇ ਨਾਲ ਖਿੱਲਰ ਪੁੱਲਰ ਜਾਣਾ ਚਾਹੀਦਾ ਸੀ।

ਸ : ਤੇਰਾ ਦ੍ਰਿਸ਼ਟੀਕੋਣ ਇਹ ਸੀ ਕਿ ਜਦੋਂ ਤੇਰੀ ਹਥਿਆਰਬੰਦ ਟਰੇਨ ਪਿੰਡ ਦੇ ਬਰਾਬਰ ਆ ਕੇ ਪਹੁੰਚੇ, ਕੋਈ ਪਿੰਡ ਵਾਸੀ ਦਿਖਾਈ ਨਹੀਂ ਦੇਣਾ ਚਾਹੀਦਾ ਸੀ। ਕੀ ਤੇਰਾ ਇਹ ਖ਼ਿਆਲ ਸੀ ? ਜਾਂ ਉਹ ਸੀ, ਜੋ ਹੋਇਆ ?

ਜ : ਇਹ ਇਵੇਂ ਨਹੀਂ ਹੋਇਆ ਕਿ ਕੋਈ ਪਿੰਡ ਵਾਸੀ ਨਾ ਦਿਖਾਈ ਦਿੰਦਾ।

ਸ : ਜਦੋਂ ਹਥਿਆਰਬੰਦ ਟਰੇਨ ਉੱਥੇ ਆਈ, ਤੂੰ ਦੇਖਿਆ ਕੁਝ ਨਕਲੋ ਹਰਕਤ ਹੋ ਰਹੀ ਹੈ ?

ਜ : ਹਾਂ ਕੁਝ ਖ਼ਾਸ ਨਕਲੋ ਹਰਕਤ ਮੇਰੇ ਧਿਆਨ ਵਿਚ ਆਈ। ਮੈਂ ਨਤੀਜਾ ਕੱਢਿਆ ਕਿ ਇਹ ਨਕਲੋ ਹਰਕਤ ਕਿਸੇ ਨਾਪਾਕ ਇਰਾਦੇ ਲਈ ਹੈ।

ਸ : ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਤੂੰ ਇਹ ਨਤੀਜਾ ਕਿਉਂ ਕੱਢਿਆ ?

ਜ : ਉਹ ਉੱਥੇ ਸਵੇਰ ਵੇਲੇ ਨਹੀਂ ਸਨ, ਉਹ ਉਦੋਂ ਇਕੱਠੇ ਹੋਏ ਸਨ, ਉਹ ਉੱਥੇ ਕਿਉਂ ਸਨ ?



Sri Satguru Jagjit Singh Ji eLibrary NamdhariElibrary@gmail.com

ਸ : ਇਹ ਦਿਨ ਦਾ ਕਿਹੜਾ ਸਮਾਂ ਸੀ, ਸਵੇਰ ਵੇਲੇ ?
ਜ : ਇਹ 12 ਜਾਂ ਇਕ ਦਾ ਵੇਲਾ ਸੀ ।
ਸ : ਅਤੇ ਤੇਰਾ ਖ਼ਿਆਲ ਸੀ ਕਿ ਉਸ ਵੇਲੇ ਉਹਨਾਂ ਦਾ ਪਿੰਡ ਤੋਂ ਬਾਹਰ ਜਾਣਾ ਜਾਂ ਪਿੰਡ ਵਿਚ ਆਉਣ ਦਾ ਕੋਈ ਕੰਮ ਨਹੀਂ ਸੀ ?
ਜ : ਨਾ ਅੰਦਰ ਆਉਣ ਦਾ ਅਤੇ ਨਾ ਬਾਹਰ ਜਾਣ ਦਾ । ਉਹਨਾਂ ਕੋਲ ਕੁਝ ਘੋੜੇ ਵੀ ਸਨ, ਉਹ ਉਹਨਾਂ ਕੋਲ ਕਿਉਂ ਸਨ ?
ਸ : ਕੀ ਇਹਨਾਂ ਪਿੰਡਾਂ ਦੇ ਲੋਕਾਂ ਨੂੰ ਘੋੜੇ ਨਹੀਂ ਰੱਖਣੇ ਚਾਹੀਦੇ ?
ਜ : ਨਹੀਂ, ਪਰ ਉਸ ਵੇਲੇ ਉਹਨਾਂ ਨੂੰ ਘੋੜਿਆਂ ਤੇ ਨਹੀਂ ਹੋਣਾ ਚਾਹੀਦਾ ਸੀ ।
ਸ : ਤੇਰਾ ਇਹ ਸਿੱਟਾ ਕੱਢਣਾ ਕਿ ਹੁਣ ਗੋਲੀ ਚਲਾਉਣੀ ਚਾਹੀਦੀ ਹੈ, ਕਿਉਂਕਿ ਕੁਝ ਲੋਕ ਘੋੜਿਆਂ ਤੇ ਸਨ, ਕੀ ਇਹ ਇਵੇਂ ਸੀ ?
ਜ : ਜਿਵੇਂ ਕਿ ਮੈਂ ਕਿਹਾ ਹੈ ਕਿ ਇਹ ਇਕ ਕਾਰਣ ਸੀ । ਗੱਲਾਂ ਨੂੰ ਵੱਖਰਾ ਕਰ ਕੇ ਨਹੀਂ ਲੈਣਾ ਚਾਹੀਦਾ ।
ਸ : ਤੂੰ ਜਿਹੜਾ ਗੋਲੀ ਚਲਾਉਣ ਦਾ ਫੈਸਲਾ ਕੀਤਾ, ਉਹਨਾਂ ਕਾਰਣਾਂ ਵਿਚੋਂ ਇਕ ਇਹ ਵੀ ਸੀ, ਕਿ ਤੂੰ ਲੋਕਾਂ ਨੂੰ ਘੋੜਿਆਂ ਤੇ ਦੇਖਿਆ ?
ਜ : ਹਾਂ, ਕੁਝ ਆ ਰਹੇ ਸਨ, ਕੁਝ ਜਾ ਰਹੇ ਸਨ ।
ਸ : ਅਤੇ ਤੂੰ ਸੋਚਿਆ ਕਿ ਲੋਕਾਂ ਦਾ ਘੋੜੇ ਤੇ ਚੜ੍ਹਨ ਦਾ ਕੋਈ ਕੰਮ ਨਹੀਂ ?
ਜ : ਉਸ ਵੇਲੇ ਨਹੀਂ ।
ਸ : ਅਤੇ ਇਸੇ ਕਰ ਕੇ ਤੂੰ ਗੋਲੀ ਚਲਾਈ ?
ਜ : ਹਾਂ ।
ਸ : ਫਿਰ ਤੂੰ ਕੀ ਕੀਤਾ ?
ਜ : ਅਸੀਂ ਬਾਹਰ ਨਿਕਲੇ, ਕੁਝ ਲੋਕਾਂ ਨੂੰ ਦੇਖਿਆ, ਜਿਹਨਾਂ ਤੇ ਅੰਗਰੇਜ਼ ਫੌਜੀਆਂ ਨੇ ਗੋਲੀ ਚਲਾ ਦਿੱਤੀ । ਪਰ ਇਸ ਦਾ ਕੋਈ ਬਹੁਤਾ ਅਸਰ ਨਹੀਂ ਪਿਆ ।
ਸ : ਤੁਸੀਂ ਉਹਨਾਂ ਨੂੰ ਕਿੱਥੇ ਦੇਖਿਆ ?
ਜ : ਪਿੰਡ ਦੇ ਬਾਹਰਵਾਰ ।
ਸ : ਉਸੇ ਥਾਂ ਤੇ, ਜਿੱਥੇ ਤੂੰ ਲੋਕਾਂ ਨੂੰ ਪਹਿਲੇ ਦੇਖਿਆ ਸੀ ?
ਜ : ਹਾਂ, ਉਸੇ ਪਾਸੇ ਹੀ ।
ਸ : ਜਦ ਤੂੰ ਲੋਕਾਂ ਨੂੰ ਦੇਖਿਆ, ਉਹ ਕੀ ਕਰ ਰਹੇ ਸਨ ?
ਜ : ਮੈਂ ਕੁਝ ਨਹੀਂ ਕਹਿ ਸਕਦਾ ।
ਸ : ਤੂੰ ਇਸ ਗੱਲ ਦਾ ਧਿਆਨ ਨਹੀਂ ਕੀਤਾ ਕਿ ਉਹ ਕੀ ਕਰ ਰਹੇ ਸਨ ?
ਜ : ਮੈਂ ਪਹਿਲਾਂ ਹੀ ਕਹਿ ਚੁੱਕਾ ਹਾਂ ਕਿ ਉਹ ਕੀ ਕਰ ਰਹੇ ਸਨ ।
ਸ : ਪਹਿਲਾਂ ਤਾਂ ਤੁਸੀਂ ਉਹਨਾਂ ਨੂੰ ਟਰੇਨ ਦੇ ਵਿਚੋਂ ਦੇਖਿਆ ਸੀ, ਹੁਣ ਤੁਸੀਂ ਟਰੇਨ ਤੋਂ ਲਹਿ ਗਏ ਸਾਓ, ਅਤੇ ਉਹਨਾਂ ਦੇ ਨੇੜੇ ਆ ਗਏ ਸੀ । ਕੀ ਤੁਸੀਂ ਦੇਖਿਆ, ਕਿ ਉਹ ਕੀ ਕਰ ਰਹੇ ਸਨ ?
ਜ : ਉਸ ਵੇਲੇ ਮੈਂ ਧਿਆਨ ਨਹੀਂ ਕੀਤਾ ਕਿ ਉਹ ਕੀ ਕਰ ਰਹੇ ਸਨ ।



Sri Satguru Jagjit Singh Ji eLibrary NamdhariElibrary@gmail.com

ਸ : ਤੂੰ ਇਹ ਗੱਲ ਪੁੱਛਣ ਦੀ ਲੋੜ ਨਹੀਂ ਸਮਝੀ ਕਿ ਉਹ ਕੀ ਕਰ ਰਹੇ ਸਨ ?
ਜ : ਮੈਂ ਪੁੱਛਣ ਦੀ ਲੋੜ ਨਹੀਂ ਸਮਝੀ।
ਸ : ਕੀ ਤੂੰ ਯਕਦਮ ਗੋਲੀ ਚਲਾਉਣ ਦਾ ਫੈਸਲਾ ਕਰ ਲਿਆ ?
ਜ : ਹਾਂ।
ਸ : ਤੂੰ ਗੋਲੀ ਚਲਾਉਣ ਦਾ ਫੈਸਲਾ ਕਿਉਂ ਕੀਤਾ ?
ਜ : ਕਿਉਂਕਿ ਅਸੀਂ ਜਾਣਦੇ ਸਾਂ ਕਿ ਉਹ ਗੜਬੜ ਕਰਨ ਲਈ ਬਾਹਰ ਨਿਕਲੇ ਹੋਏ ਸਨ। ਮੈਨੂੰ ਪਹਿਲਾਂ ਹੀ ਪਤਾ ਸੀ ਕਿ ਉਹ ਇਹ ਆਦਮੀ ਕੁਝ ਗੜਬੜ ਕਰ ਰਹੇ ਹਨ।
ਸ : ਕਿਉਂਕਿ ਤੂੰ ਆਪਣੇ ਮਨ ਵਿਚ ਵਿਚਾਰ ਬਣਾਇਆ ਹੋਇਆ ਸੀ ਕਿ ਇਹ ਲੋਕ ਗੜਬੜ ਤੇ ਤੁਲੇ ਹੋਏ ਹਨ, ਤੂੰ ਗੋਲੀ ਚਲਾ ਦਿੱਤੀ।
ਜ : ਹਾਂ।
ਸ : ਅਤੇ ਜਦੋਂ ਤੁਸੀਂ ਉਹਨਾਂ ਦੇ ਨੇੜੇ ਗਏ ਤੂੰ ਇਹ ਨਹੀਂ ਪੁੱਛਿਆ ਕਿ ਉਹ ਉਸ ਵੇਲੇ ਕੀ ਕਰ ਰਹੇ ਸਨ ?
ਜ : ਨਹੀਂ।
ਸ : ਅਤੇ ਨਾ ਹੀ ਉਹਨਾਂ ਵਲ ਦੇਖਿਆ ?
ਜ : ਅਸੀਂ ਉਹਨਾਂ ਵਲ ਦੇਖ ਰਹੇ ਸਾਂ।
ਸ : ਤੂੰ ਇਹ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ ਕਿ ਉਹ ਕੀ ਕਰ ਰਹੇ ਸਨ, ਤੂੰ ਉਹਨਾਂ ਤੇ ਸਿੱਧੀ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ ? ਤੂੰ ਕਿੰਨੇ ਸ਼ਾਟ ਫਾਇਰ ਕੀਤੇ ?
ਜ : ਮੈਨੂੰ ਪਤਾ ਨਹੀਂ। ਕੁਝ ਸ਼ਾਟ ਫਾਇਰ ਕੀਤੇ ਗਏ ਸਨ।
ਸ : ਕਿੰਨੇ ਲੋਕ ਮਾਰੇ ਗਏ ?
ਜ : ਮੇਰਾ ਨਹੀਂ ਖ਼ਿਆਲ, ਕੋਈ ਮਰਿਆ ਹੋਵੇ। ਇਕ ਆਦਮੀ ਜ਼ਖ਼ਮੀ ਹੋਇਆ।
ਸ : ਅਤੇ ਤੂੰ ਇਹ ਵੀ ਲੋਕਾਂ ਨੂੰ ਸਬਕ ਸਿਖਾਉਣ ਲਈ ਅਤੇ ਦਹਿਸ਼ਤ ਬਿਠਾਉਣ ਲਈ ਕੀਤਾ ?
ਜ : ਮੈਂ ਕਿਹਾ ਸੀ, ਖ਼ਤਰੇ ਨੂੰ ਟਾਲਣ ਲਈ।
ਸ : ਉਹਨਾਂ ਦੇ ਹੋਰ ਗੜਬੜ ਕਰਨ ਦੇ ਖਤਰੇ ਤੋਂ ਟਾਲਣ ਲਈ ?
ਜ : ਅਤੇ ਹਮਲੇ ਨੂੰ ਵੀ, ਇਹ ਵੀ ਪਤਾ ਲੱਗਾ ਹੈ ਕਿ ਉਹ ਹਮਲਾ ਕਰਨ ਲਈ ਤਿਆਰ ਸਨ।
ਸ : ਇਹ ਕਰਨ ਤੋਂ ਬਾਅਦ, ਤੁਸੀਂ ਵਾਪਿਸ ਟਰੇਨ ਤੇ ਚਲੇ ਗਏ ?
ਜ : ਹਾਂ।

ਲਾਲਾ ਸ੍ਰੀ ਰਾਮ ਸੂਦ ਦੇ ਇਹਨਾਂ ਉੱਤਰਾਂ ਤੋਂ ਪ੍ਰਗਟ ਹੁੰਦਾ ਹੈ,ਕਿ ਮਾਰਸ਼ਲ ਲਾਅ ਦੇ ਅਧੀਨ ਅਫ਼ਸਰਾਂ ਨੇ ਕਿਵੇਂ ਸਿਰਫ਼ ਦਹਿਸ਼ਤ ਬਿਠਾਉਣ ਲਈ ਅਤੇ ਸਰਕਾਰ ਦਾ ਰੌਅਬ ਕਾਇਮ ਕਰਨ ਲਈ ਬੇਗੁਨਾਹ ਲੋਕਾਂ ਤੇ ਜੋ ਅਮਨ ਚੈਨ ਨਾਲ ਆਪਣੇ ਪਿੰਡਾਂ ਵਿਚ, ਆਪਣੇ ਸਾਧਾਰਣ ਕੰਮ ਕਰ ਰਹੇ ਸਨ, ਅੰਨ੍ਹੇ-ਵਾਹ ਗੋਲੀਆਂ ਚਲਾਈਆਂ, ਅਤੇ



Sri Satguru Jagjit Singh Ji eLibrary NamdhariElibrary@gmail.com

ਲੋਕਾਂ ਨੂੰ ਮਾਰਿਆ ਤੇ ਜ਼ਖ਼ਮੀ ਕੀਤਾ ।

ਇਸ ਤੋਂ ਬਾਅਦ ਵੀ ਕੈਪਟਨ ਫਲੋਡਰੀਓ ਅਤੇ ਸਾਰਜੈਂਟ ਡੇਵਿਸ ਦੀ ਕਮਾਂਡ ਹੇਠਾਂ ਘੋੜ ਚੜ੍ਹੇ ਫੌਜੀ ਦਸਤਿਆਂ ਨੇ ਇਸ ਇਲਾਕੇ ਵਿਚ ਲੋਕਾਂ ਤੇ ਗੋਲੀਆਂ ਚਲਾਈਆਂ ।

ਸ਼ੇਖੂਪੁਰੇ ਵਿਚ ਸਭ ਪਬਲਿਕ ਲੀਡਰ ਗ੍ਰਿਫਤਾਰ ਕੀਤੇ ਗਏ । ਉਹਨਾਂ ਨੂੰ ਵੱਖ ਵੱਖ ਕਿਸਮ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ, ਕਈ ਪ੍ਰਕਾਰ ਦੇ ਜੁਰਮਾਨੇ ਕੀਤੇ ਗਏ ।

ਕਸੂਰ, ਜਿਹੜਾ ਕਿ ਜ਼ਿਲ੍ਹਾ ਲਾਹੌਰ ਦੀ ਤਸੀਲ ਹੈ, ਅਤੇ 24000 ਦੀ ਆਬਾਦੀ ਦਾ ਸ਼ਹਿਰ । ਕੈਪਟਨ ਡਾਵਟਨ ਨੇ ਜਿਸ ਕਿਸਮ ਦੀਆਂ ਸਜ਼ਾਵਾਂ ਇਥੇ ਦਿੱਤੀਆਂ, ਉਹ ਇਸ ਦੇ ਪਾਗ਼ਲ ਦਿਮਾਗ ਦਾ ਸਬੂਤ ਹਨ । ਇਹਨਾਂ ਸਜ਼ਾਵਾਂ ਨੂੰ ਫੈਨਸੀ ਸਜ਼ਾਵਾਂ ਦੇ ਤੌਰ ਤੇ ਜਾਣਿਆਂ ਜਾਂਦਾ ਹੈ । ਇਹ ਐਨੀਆਂ ਗ਼ੈਰ ਮਨੁੱਖੀ, ਸਭਿਅਤਾ ਹੀਨ, ਅਤੇ ਜ਼ਾਲਮਾਨਾਂ ਸਨ ਕਿ ਹੰਟਰ ਕਮਿਸ਼ਨ ਨੂੰ ਵੀ ਇਸ ਦਾ ਜ਼ਿਕਰ ਕਰਨਾ ਪਿਆ :

"ਪਹਿਲੀ ਮਈ ਨੂੰ ਇਸ ਨੇ ਸਾਰੇ ਕਸੂਰ ਸ਼ਹਿਰ ਦੇ ਲੋਕਾਂ ਨੂੰ ਰੇਲਵੇ ਸਟੇਸ਼ਨ ਤੇ ਇਕੱਠਾ ਕਰ ਕੇ ਨੰਗੇ ਸਿਰ ਦੁਪਹਿਰ ਦੇ ਦੋ ਵਜੇ ਤੀਕਰ ਬਿਨਾਂ ਕੁਝ ਖਾਣ ਪੀਣ ਦੇ ਬਿਠਾਈ ਰੱਖਿਆ ।

40 ਬੰਦਿਆਂ ਨੂੰ ਗ੍ਰਿਫਤਾਰ ਕਰ ਕੇ 710 ਬੈਂਤਾਂ ਦੀ ਸਜ਼ਾ ਦਿੱਤੀ ਗਈ । ਬੈਂਤਾਂ ਲਾਉਣ ਲਈ ਪਲੇਟਫਾਰਮ ਤੇ ਟਿਕਟਿਕੀ ਲਗਾਈ ਗਈ । ਸਕੂਲ ਦੇ ਬੱਚਿਆਂ ਨੂੰ ਵੀ ਇਹ ਸਜ਼ਾ ਦਿੱਤੀ ਗਈ । ਜਦੋਂ ਲਾਰਡ ਹੰਟਰ ਨੇ ਮਿਸਟਰ ਮਾਰਸਡਨ ਐਸ. ਡੀ. ਓ. ਨੂੰ ਇਸ ਦੇ ਮੰਤਵ ਬਾਰੇ ਪੁੱਛਿਆ, ਤਾਂ ਉਸ ਨੇ ਉੱਤਰ ਦਿੱਤਾ ਕਿ ਕੋਈ ਖ਼ਾਸ ਮੰਤਵ ਨਹੀਂ ਸੀ । ਇਹਨਾਂ ਬੱਚਿਆਂ ਨੇ ਮਾਰਸ਼ਲ ਲਾਅ ਦੇ ਕਿਸੇ ਨਿਯਮ ਨੂੰ ਵੀ ਭੰਗ ਨਹੀਂ ਸੀ ਕੀਤਾ । ਕੋਈ ਤਹਿਕੀਕਾਤ ਨਹੀਂ, ਕੋਈ ਮੁਕੱਦਮਾ ਨਹੀਂ, ਬਸ ਸਜ਼ਾ ਹੀ ਸਜ਼ਾ ।"

ਮਿਸਟਰ ਮਾਰਸਡਨ ਦੇ ਕਹਿਣ ਮੁਤਾਬਿਕ, ਕਪਤਾਨ ਡਾਵਟਨ, ਮੁਕੱਦਮੇ ਤੇ ਕੈਦ ਦੀਆਂ ਬੰਦਸ਼ਾਂ ਥਾਣੀ ਲੰਘਣਾ ਪਸੰਦ ਨਹੀਂ ਸੀ ਕਰਦਾ, ਉਹ ਛੇਤੀ ਕੰਮ ਭੁਗਤਾਉਣਾ ਚਾਹੁੰਦਾ ਸੀ, ਕਿਸੇ ਨੂੰ ਦਿੱਤੀ ਸਜ਼ਾ ਦਾ ਕੋਈ ਰੀਕਾਰਡ ਨਹੀਂ ਰੱਖਿਆ ਗਿਆ ।

ਉਸ ਨੇ ਪਬਲਿਕ ਥਾਵਾਂ ਤੇ ਫਾਂਸੀਆਂ ਗੱਡੀਆਂ । ਜਿਵੇਂ ਕਿ ਉਸ ਨੂੰ ਪਹਿਲਾਂ ਹੀ ਪਤਾ ਸੀ ਕਿ ਜੱਜ ਫਾਂਸੀ ਦੀ ਸਜ਼ਾ ਹੀ ਦੇਣਗੇ । ਜਿਹਨਾਂ ਲੋਕਾਂ ਨੂੰ ਉਹ ਸਰਕਾਰ ਵਿਰੋਧੀ ਸਮਝਦਾ ਸੀ, ਉਹਨਾਂ ਦੇ ਘਰ ਜਲਾ ਦਿੱਤੇ ਗਏ ।

ਕਸੂਰ ਸਟੇਸ਼ਨ ਤੇ 150 ਲੋਹੇ ਦੇ ਪਿੰਜਰੇ ਬਣਾਏ ਗਏ । ਲੋਕਾਂ ਨੂੰ ਉਹਨਾਂ ਵਿਚ ਡੱਕ ਦਿੱਤਾ ਜਾਂਦਾ । ਜੋ ਲੋਕ ਅੰਗਰੇਜ਼ਾਂ ਨੂੰ ਸਲਾਮ ਨਾ ਕਰਨ ਵਿਚ ਫੜੇ ਜਾਂਦੇ, ਉਹਨਾਂ ਤੋਂ ਜ਼ਮੀਨ ਤੇ ਮੱਥੇ ਰਗੜਾਏ ਜਾਂਦੇ ਅਤੇ ਨੱਕ ਨਾਲ ਲਕੀਰਾਂ ਕਢਵਾਈਆਂ ਜਾਂਦੀਆਂ ।

ਕੁਝ ਲੋਕਾਂ ਨੂੰ ਸਜ਼ਾ ਦੇ ਤੌਰ ਤੇ ਰੇਲਵੇ ਗੋਦਾਮ ਘਰ ਵਿਚ ਭਾਰੀਆਂ ਗੰਢਾਂ ਇਕ ਥਾਂ ਤੋਂ ਚੁੱਕ ਕੇ ਦੂਜੀ ਥਾਂ ਰੱਖਣ ਲਈ ਲਗਾ ਦਿੱਤਾ ਗਿਆ । ਕੁਝ ਲੋਕਾਂ ਨੂੰ ਪੌੜੀਆਂ ਚੜ੍ਹਨ ਉਤਰਨ ਦੀ ਸਜ਼ਾ ਦਿੱਤੀ ਗਈ । ਕੁਝ ਸਾਧੂ ਫੜ ਕੇ ਉਹਨਾਂ ਨੂੰ ਕਲੀ ਕਰ ਕੇ



Sri Satguru Jagjit Singh Ji eLibrary NamdhariElibrary@gmail.com

ਚਿੱਟਾ ਕਰ ਦਿੱਤਾ ਗਿਆ ।

ਕੁਝ ਜਨੇਤਾਂ ਨੂੰ ਫੜ ਕੇ ਉਹਨਾਂ ਨੂੰ ਬੈਂਤਾਂ ਦੀ ਸਜ਼ਾ ਦਿੱਤਾ ਗਈ । ਇਸ ਮੌਕੇ ਤੇ ਨੱਚਣ ਵਾਲੀਆਂ ਕੰਜਰੀਆਂ ਨੂੰ ਵੀ ਦੇਖਣ ਲਈ ਬੁਲਾਇਆ ਗਿਆ ।

ਇਕ ਮੁਸਲਮਾਨ ਸ਼ਾਇਰ ਨੂੰ ਵੀ ਗ੍ਰਿਫਤਾਰ ਕੀਤਾ ਗਿਆ । ਉਸ ਨੂੰ ਸਜ਼ਾ ਦਿੱਤੀ ਗਈ ਕਿ ਉਹ ਰੌਲਟ ਐਕਟ ਤੇ ਫੌਜੀ ਅਫਸਰਾਂ ਦੇ ਹੱਕ ਅਤੇ ਸਿਫਤ ਵਿਚ ਕਵਿਤਾ ਲਿਖੇ ।

ਮਾਰਸ਼ਲ ਲਾਅ ਦੇ ਅਧੀਨ ਕਈ ਪ੍ਰਕਾਰ ਦੀਆਂ ਅਦਾਲਤਾਂ ਕਾਇਮ ਕੀਤੀਆਂ ਗਈਆਂ ਸਨ, ਜਿਹਨਾਂ ਵਿਚ ਛੋਟੇ ਛੋਟੇ ਸਮਰੀ ਕੇਸਾਂ ਤੋਂ ਲੈ ਕੇ ਸਰਕਾਰ ਵਿਰੁਧ ਬਗਾਵਤ ਤੀਕਰ ਕੇਸ ਬਣਾਏ ਗਏ । ਭਾਵੇਂ ਮਾਰਸ਼ਲ ਲਾਅ 15 ਅਪ੍ਰੈਲ ਤੋਂ ਪਿਛੋਂ ਲਾਗੂ ਕੀਤਾ ਗਿਆ, ਪਰ ਉਸ ਤੋਂ ਪਹਿਲਾਂ ਗ੍ਰਿਫਤਾਰ ਕੀਤੇ ਗਏ ਲੋਕਾਂ ਤੇ ਵੀ ਇਸ ਦੇ ਅਧੀਨ ਮੁਕੱਦਮੇ ਚਲਾਏ ਗਏ, ਜਿਵੇਂ ਡਾਕਟਰ ਕਿਚਲੂ ਤੇ ਡਾ. ਸਤਪਾਲ ਉਤੇ, ਜਿਹਨਾਂ ਨੂੰ ਕਿਸੇ ਵੀ ਗੜਬੜ ਤੋਂ ਪਹਿਲਾਂ ਗ੍ਰਿਫਤਾਰ ਕਰ ਕੇ ਜਲਾਵਤਨ ਕਰ ਦਿੱਤਾ ਗਿਆ ਸੀ । ਇਸੇ ਤਰ੍ਹਾਂ ਲਾਲਾ ਹਰਕਿਸ਼ਨ ਲਾਲ, ਪੰਡਿਤ ਰਾਮ ਭਜਦਤ, ਲਾਲਾ ਦੁਨੀ ਚੰਦ ਆਦਿ ।

ਜਿਹਨਾਂ ਲੋਕਾਂ ਤੇ ਕੇਸ ਚਲਾਏ ਗਏ, ਉਹਨਾਂ ਨੂੰ ਆਪਣੀ ਮਰਜ਼ੀ ਦੇ ਵਕੀਲ ਕਰਨ ਦੀਆਂ ਸੁਵਿਧਾਵਾਂ ਦੇਣ ਤੋਂ ਇਨਕਾਰ ਕੀਤਾ ਗਿਆ । ਸਰਕਾਰ ਨੇ ਇਕ ਐਲਾਨ ਰਾਹੀਂ 14 ਮਈ ਨੂੰ ਆਖਿਆ :

"ਹਰ ਖਾਸ ਆਮ ਨੂੰ ਇਤਲਾਹ ਦਿੱਤੀ ਜਾਂਦੀ ਹੈ ਕਿ ਉਹ ਵਕੀਲ ਜਿਸ ਦਾ ਕਾਰੋਬਾਰ ਪੰਜਾਬ ਤੋਂ ਬਾਹਰ ਹੈ, ਉਹਨਾਂ ਨੂੰ ਮਾਰਸ਼ਲ ਲਾਅ ਦੇ ਇਲਾਕੇ ਵਿਚੋਂ, ਜਿਸ ਵਿਚ 16ਵੇਂ ਇੰਡੀਅਨ ਡਿਵੀਜ਼ਨ ਦੀਆਂ ਹੱਦਾਂ ਵੀ ਸ਼ਾਮਲ ਹਨ, ਮਾਰਸ਼ਲ ਲਾਅ ਦੇ ਪ੍ਰਬੰਧਕਾਂ ਦੀ ਆਗਿਆ ਬਿਨਾਂ, ਦਾਖਲ ਹੋਣ ਦੀ ਆਗਿਆ ਨਹੀਂ ।"

ਇਹ ਹੁਕਮ ਮੇਜਰ ਜਨਰਲ ਬੇਨਨ, ਕਮਾਂਡਰ 16ਵੀਂ ਇੰਡੀਅਨ ਡਿਵੀਜ਼ਨ ਵਲੋਂ ਲਾਗੂ ਕੀਤਾ ਗਿਆ । ਇਸ ਹੁਕਮ ਦਾ ਮਤਲਬ ਲੋਕਾਂ ਨੂੰ ਆਪਣੀ ਕਾਨੂੰਨੀ ਰਖਿਆ ਤੋਂ ਵਾਂਝੇ ਕਰਨਾ ਸੀ ।

ਇਸ ਐਲਾਨ ਦੇ ਅਧੀਨ 11 ਵਕੀਲਾਂ ਨੂੰ ਪੰਜਾਬ ਵਿਚ ਆਉਣ ਤੋਂ ਰੋਕ ਦਿੱਤਾ ਗਿਆ । ਇਹਨਾਂ ਵਿਚ ਜੇ. ਐਨ. ਰਾਏ (ਕਾਲੀ ਨਾਥ ਰਾਏ ਦੇ ਕੇਸ ਵਿਚ) ਕਲਕੱਤਾ, ਮਿਸਟਰ ਵਾਲਟਰ ਗਰੈਗਰੀ ਕਲਕੱਤਾ (ਦੀਵਾਨ ਮੰਗਲ ਸੇਨ ਦੇ ਕੇਸ ਵਿਚ), ਸ੍ਰੀ ਸੀ. ਆਰ. ਦਾਸ ਅਤੇ ਬੀ. ਚਕਰਵਰਤੀ (ਬੱਗਾ ਕੇਸ ਵਿਚ), ਪੰਡਤ ਮੋਤੀ ਲਾਲ ਨਹਿਰੂ, ਮਿਸਟਰ ਹਸਨ ਅਮਾਨ, ਸ੍ਰੀ ਸੀ. ਐਲ. ਸੀਤਲਵਾਦ (ਲਾਲਾ ਹਰਕਿਸ਼ਨ ਲਾਲ ਦੇ ਕੇਸ ਵਿਚ) ਮਿਸਟਰ ਜੋਜ਼ਫ ਬਾਪਟਿਸਟਾ, (ਗਵਰਧਨ ਦਾਸ ਦੇ ਕੇਸ ਵਿਚ, ਅਤੇ ਐਮ. ਏ. ਕੇ. ਆਜ਼ਾਦ (ਡਾ. ਕਿਚਲੂ ਦੇ ਕੇਸ ਵਿਚ) ਸ਼ਾਮਲ ਹਨ ।

ਬਾਹਰੋਂ ਆਉਣ ਵਾਲੇ ਵਕੀਲਾਂ ਤੇ ਪਾਬੰਦੀ ਤੋਂ ਬਿਨਾਂ ਲੋਕਲ ਸ਼ਹਿਰਾਂ ਦੇ ਬਹੁਤ ਸਾਰੇ ਵਕੀਲਾਂ ਨੂੰ ਗ੍ਰਿਫਤਾਰ ਕੀਤਾ ਗਿਆ ਜਾਂ ਉਹਨਾਂ ਤੇ ਦਬਾਉ ਪਾਇਆ ਗਿਆ ਕਿ ਉਹ ਇਹ ਕੇਸ ਨਾ ਲੜਨ ।



Sri Satguru Jagjit Singh Ji eLibrary NamdhariElibrary@gmail.com

ਝੂਠੀਆਂ ਗਵਾਹੀਆਂ ਖੜ੍ਹੀਆਂ ਕੀਤੀਆਂ ਗਈਆਂ, ਉਹਨਾਂ ਨੂੰ ਪੁਲਿਸ ਦੀ ਮਰਜ਼ੀ ਮੁਤਾਬਿਕ ਗਵਾਹੀਆਂ ਦੇਣ ਤੇ ਮਜਬੂਰ ਕੀਤਾ ਗਿਆ। ਜਿਹਨਾਂ ਨੇ ਵੀ ਐਸੀਆਂ ਗਵਾਹੀਆਂ ਦੇਣ ਤੋਂ ਇਨਕਾਰ ਕੀਤਾ, ਜਾਂ ਜੱਕੋ ਤੱਕੋ ਕੀਤਾ, ਉਹਨਾਂ ਤੇ ਵੀ ਤਸ਼ੱਦਦ ਕੀਤਾ ਗਿਆ।

ਮਿਸਜ਼ ਨੇਲੀ ਬੈਂਜਮਨ, ਸਬ ਅਸਿਸਟੈਂਟ ਦਾ ਬਿਆਨ ਹੈ ਕਿ :

"ਜਦੋਂ ਪੁੱਛ ਪੜਤਾਲ ਜਾਰੀ ਸੀ, ਉਸ ਨੂੰ ਦੋ ਵਾਰੀ ਕੁਤਵਾਲੀ ਲਿਜਾਇਆ ਗਿਆ। ਉਸ ਨੂੰ ਕਿਹਾ ਗਿਆ ਕਿ ਮੈਂ ਆਖਾਂ ਕਿ (ਮਿਸਜ਼ ਈਜ਼ਡਨ ਦੇ ਕੇਸ ਵਿਚ) ਮੁਹੰਮਦ ਅਮੀਨ (ਜੋ ਵਕੀਲ ਸੀ ਅਤੇ ਜਿਸ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ) ਇਕੱਠ ਵਿਚ ਸੀ। ਜਦ ਮੈਂ ਕਿਹਾ ਕਿ ਇਹ ਸੱਚ ਨਹੀਂ, ਮਿਸਟਰ ਪਲੂਮਰ ਨੇ ਮੈਨੂੰ ਜੇਹਲ ਭੇਜਣ ਦੀ ਧਮਕੀ ਦਿੱਤੀ।"

ਸੇਠ ਗੁਲ ਮੁਹੰਮਦ ਨੂੰ 20 ਅਪਰੈਲ ਨੂੰ ਜਦ ਉਹ ਨਮਾਜ਼ ਪੜ੍ਹ ਰਹੇ ਸਨ, ਗ੍ਰਿਫਤਾਰ ਕਰਕੇ ਕੁਤਵਾਲੀ ਲਿਜਾਇਆ ਗਿਆ। ਉਸ ਨੂੰ ਝੂਠੀ ਗਵਾਹੀ ਦੇਣ ਲਈ ਕਿਹਾ ਗਿਆ। ਉਸ ਦੀ ਦਾੜ੍ਹੀ ਪੱਟੀ ਗਈ ਅਤੇ ਚਪੇੜਾਂ ਮਾਰੀਆਂ ਗਈਆਂ, ਅਤੇ ਕਿਹਾ ਗਿਆ ਕਿ ਉਹ ਬਿਆਨ ਦੇਵੇ ਕਿ :

"ਡਾਕਟਰ ਸਤਪਾਲ ਅਤੇ ਕਿਚਲੂ ਨੇ ਮੈਨੂੰ 6 ਅਪਰੈਲ ਨੂੰ ਹੜਤਾਲ ਕਰਨ ਲਈ ਪ੍ਰੇਰਿਆ ਅਤੇ ਕਿਹਾ ਕਿ ਉਹ ਅੰਗਰੇਜ਼ਾਂ ਨੂੰ ਇਸ ਮੁਲਕ ਵਿਚੋਂ ਕੱਢਣ ਲਈ ਬੰਬ ਵੀ ਵਰਤਣਗੇ।"

ਉਸ ਦੇ ਨਾਂਹ ਕਰਨ ਤੇ ਉਸ ਦੇ ਹੱਥ ਮੰਜੇ ਦੇ ਪਾਵਿਆਂ ਹੇਠ ਰਖ ਕੇ ਉਤੇ 8 ਸਿਪਾਹੀ ਬੈਠ ਗਏ। 8 ਦਿਨ ਲਗਾਤਾਰ ਉਸ ਨੂੰ ਇਕ ਕੋਠੜੀ ਵਿਚ ਬੰਦ ਰਖਿਆ ਗਿਆ, ਰੋਜ਼ ਉਸ ਨੂੰ ਹਰ ਤਰੀਕੇ ਨਾਲ ਕੁੱਟਿਆ ਮਾਰਿਆ ਗਿਆ ਕਿ ਉਹ ਵੀ ਗਵਾਹੀ ਦੇਵੇ।

ਇਕ 14 ਸਾਲ ਦੇ ਮੁੰਡੇ ਬਰਿਜ ਲਾਲ ਨੂੰ 9 ਦਿਨ ਹਰਾਸਤ ਵਿਚ ਰਖਿਆ ਗਿਆ ਕਿ ਉਹ ਗਵਾਹੀ ਦੇਵੇ।

ਗੁਲਾਮ ਜੈਲਾਨੀ, ਜੋ ਅੰਮ੍ਰਿਤਸਰ ਮਸਜਿਦ ਦੇ ਅਮਾਮ ਸਨ, ਅਤੇ ਅਰਜ਼ੀ ਨਵੀਸ, ਉਸ ਨੂੰ ਵੀ ਝੂਠੀ ਗਵਾਹੀ ਦੇਣ ਲਈ ਆਖਿਆ ਗਿਆ। ਉਸ ਦੀ ਨਾਂਹ ਤੇ ਗ੍ਰਿਫਤਾਰ ਕਰ ਲਿਆ ਗਿਆ, ਉਸ ਤੇ ਹਰ ਤਰ੍ਹਾਂ ਨਾਲ ਤਸ਼ੱਦਦ ਕੀਤਾ ਗਿਆ, ਇਥੋਂ ਤੀਕਰ ਕਿ ਉਸ ਦੇ ਚਿੱਤੜਾਂ ਵਿਚ ਸੋਟੀ ਘੁਸੇੜ ਦਿੱਤੀ ਗਈ। ਉਸ ਤੇ ਕੀਤੇ ਗਏ ਤਸ਼ੱਦਦ ਦੀ ਪਰੋੜ੍ਹਤਾ, ਮੀਆਂ ਫੀਰੋਜ਼ਦੀਨ ਆਨਰੇਰੀ ਮੈਜਿਸਟਰੇਟ, ਮਿ. ਗੁਲਾਮ ਯਾਸੀਮ ਬਾਰ ਐਟ ਲਾਅ ਅਤੇ ਹਾਜ਼ੀ ਸ਼ਮਸ਼ਦੀਨ ਨੇ ਵੀ ਕੀਤੀ।

ਇਕ ਵਿਅਕਤੀ ਸ਼ੇਰ ਦੀਨ ਜਿਸ ਨਾਲ ਵੀ ਇਸੇ ਤਰ੍ਹਾਂ ਦਾ ਸਲੂਕ ਕੀਤਾ ਗਿਆ, ਜ਼ਖ਼ਮਾਂ ਦੀ ਤਾਬ ਨਾ ਝੱਲ ਸਕਿਆ ਅਤੇ ਚਲ ਵਸਿਆ।

ਇਸ ਤਰ੍ਹਾਂ ਦੀਆਂ ਹੋਰ ਅਨੇਕਾਂ ਮਿਸਾਲਾਂ ਮਿਲਦੀਆਂ ਹਨ। ਅਦਾਲਤਾਂ ਵਿਚੋਂ ਇਹਨਾਂ ਕੇਸਾਂ ਨੂੰ ਕਿੰਨਾ ਨਿਆਂ-ਪੂਰਵਕ ਨਜਿੱਠਿਆ ਜਾਂਦਾ ਸੀ, ਇਕ ਵਕੀਲ ਸ੍ਰੀ ਕੇ. ਸਨਤਾਨ ਹਮ, ਜੋ ਬੜੇ ਸਾਲਾਂ ਤੋਂ ਲਾਹੌਰ ਵਿਚ ਵਕਾਲਤ ਕਰਦੇ ਸਨ ਅਤੇ



Sri Satguru Jagjit Singh Ji eLibrary NamdhariElibrary@gmail.com

ਬਾਰ ਐਟ ਲਾਅ ਸਨ ਅਤੇ ਮਾਰਸ਼ਲ ਲਾਅ ਦੇ ਅਧੀਨ ਚਲਾਏ ਗਏ ਕੇਸਾਂ ਵਿਚ ਸਫਾਈ ਦੇ ਤੌਰ ਤੇ ਪੇਸ਼ ਹੋਏ, ਨੇ ਅਦਾਲਤਾਂ ਵਿਚ ਕੀ ਹੁੰਦਾ ਸੀ, ਬਾਰੇ ਇਕ ਬਿਆਨ ਵਿਚ ਆਖਿਆ :

"ਉਹਨਾਂ ਦਿਨਾਂ ਵਿਚ ਹਰ ਸਟੇਟਸ ਦੇ ਹਿੰਦੁਸਤਾਨੀ ਦੀ ਜ਼ਮੀਰ ਨੂੰ ਹੱਤਕ ਦੇ ਜਿਸ ਅਹਿਸਾਸ ਦਾ ਸ਼ਿਕਾਰ ਹੋਣਾ ਪਿਆ, ਉਸ ਦੀ ਕੋਈ ਮਿਸਾਲ ਨਹੀਂ ਮਿਲਦੀ। ਪਰ ਉਹਨਾਂ ਵਿਚਾਰੇ ਕੈਦੀਆਂ ਨੂੰ ਜਿਹਨਾਂ ਨੂੰ ਸੈਂਕੜਿਆਂ ਦੀ ਗਿਣਤੀ ਵਿਚ ਪਕੜ ਕੇ ਮਾਰਸ਼ਲ ਲਾਅ ਟ੍ਰੀਬਿਊਨਲਾਂ ਅਗੇ ਭੇਜਿਆ ਗਿਆ, ਉਹਨਾਂ ਦੀ ਬੇਵਸੀ ਦੀ ਅਵਸਥਾ ਬੜੀ ਅਫਸੋਸ ਵਾਲੀ ਸੀ। ਇਹ ਕਹਿਣਾ ਕੋਈ ਵਧਾ ਚੜ੍ਹਾ ਕੇ ਪੇਸ਼ ਕਰਨ ਵਾਲੀ ਗੱਲ ਨਹੀਂ ਕਿ ਉਹਨਾਂ ਨੂੰ ਕਿਸੇ ਕਿਸਮ ਦੀ ਵੀ ਕਾਨੂੰਨੀ ਸਹਾਇਤਾ ਨਹੀਂ ਦਿੱਤੀ ਗਈ। ਉਂਜ ਸਰਕਾਰ ਨੇ ਇਹ ਦੱਸਣ ਵਾਸਤੇ ਕਿ ਉਸ ਨੂੰ ਮਨੁੱਖਤਾ ਦਾ ਬੜਾ ਪਾਸ ਹੈ, ਹਰ ਟ੍ਰੀਬਿਊਨਲ ਦੇ ਨਾਲ ਇਕ ਵਕੀਲ ਲਾਇਆ ਹੋਇਆ ਸੀ, ਜੋ ਉਹਨਾਂ ਦੇ ਕੇਸ ਲੜੇ, ਜਿਹੜੇ ਆਪਣਾ ਵਕੀਲ ਨਹੀਂ ਕਰ ਸਕਦੇ ਸਨ। ਪਰ ਸ਼ਰਮ ਦੀ ਗੱਲ ਇਹ ਹੈ, ਕਿ ਉਹਨਾਂ ਵਕੀਲਾਂ ਨੂੰ ਵੀ 10 ਤੋਂ 15 ਬੰਦਿਆਂ ਦੇ ਕੇਸ ਇਕੋ ਸਮੇਂ ਲੜਨੇ ਪੈਂਦੇ ਸਨ, ਬਗ਼ੈਰ ਕੇਸਾਂ ਦੀ ਤਿਆਰੀ ਤੋਂ ਜਾਂ ਉਹਨਾਂ ਨਾਲ ਸਲਾਹ ਕੀਤੇ ਤੋਂ।

ਕਈ ਸ਼ਰੀਫ਼ ਆਦਮੀਆਂ ਨੇ ਮੇਰੇ ਕੋਲ ਮੰਨਿਆਂ ਕਿ ਕਈਆਂ ਕੇਸਾਂ ਵਿਚ ਕਥਿਤ ਦੋਸ਼ੀਆਂ ਨਾਲ ਹਰ ਇਕ ਨਾਲ ਸਲਾਹ ਕਰਨ ਲਈ ਉਹਨਾਂ ਕੋਲ ਪੰਜ ਪੰਜ ਮਿੰਟ ਵੀ ਨਹੀਂ ਹੁੰਦੇ ਸਨ। ਜਦ ਕਿ ਉਹਨਾਂ ਨੂੰ ਬੜੇ ਗੰਭੀਰ ਕੇਸਾਂ, ਜਿਵੇਂ ਬਾਦਸ਼ਾਹ ਵਿਰੁਧ ਜੰਗ, ਸਾਜ਼ਿਸ਼ਾਂ, ਫੂਕਣ ਸਾੜਨ ਅਤੇ ਕਤਲ ਦਿਆਂ ਕੇਸਾਂ ਵਿਚੋਂ ਬਚਾਉਣਾ ਹੁੰਦਾ ਸੀ। ਆਮ ਤੌਰ ਤੇ ਤਰੀਕਾ ਇਹ ਹੁੰਦਾ ਸੀ ਕਿ ਦੋਸ਼ੀਆਂ ਦੀ ਇਕ ਟੋਲੀ ਨੂੰ ਟ੍ਰਿਬਿਊਨਲ ਅੱਗੇ ਪੇਸ਼ ਕੀਤਾ ਜਾਂਦਾ ਸੀ, ਜਿਹਨਾਂ ਦੀ ਆਮ ਗਿਣਤੀ 30 ਤੋਂ 40 ਤੀਕਰ ਹੁੰਦੀ ਸੀ ਅਤੇ ਉਹਨਾਂ ਨੂੰ ਬਿਲਕੁਲ ਨਹੀਂ ਸੀ ਦੱਸਿਆ ਹੁੰਦਾ ਕਿ ਉਹਨਾਂ ਨੂੰ ਕਿਉਂ ਗ੍ਰਿਫਤਾਰ ਕੀਤਾ ਗਿਆ ਹੈ। ਉਹਨਾਂ ਦੇ ਵਿਰੁਧ ਇਲਜ਼ਾਮ ਪੜ੍ਹ ਦਿੱਤੇ ਜਾਂਦੇ ਸੀ ਅਤੇ ਉਨ੍ਹਾਂ ਨੂੰ ਕਿਹਾ ਜਾਂਦਾ ਸੀ ਕਿ ਤੁਸੀਂ ਜਿਹਨਾਂ ਨੂੰ ਸਫਾਈ ਲਈ ਸੱਦਣਾ ਹੈ, ਉਹਨਾਂ ਗਵਾਹਾਂ ਦੇ ਨਾਮ ਦੱਸ ਦਿਉ।

ਉਹਨਾਂ ਨੂੰ ਉਸੇ ਵੇਲੇ ਇਹ ਵੀ ਕਹਿ ਦਿੱਤਾ ਜਾਂਦਾ ਸੀ ਕਿ ਸਰਕਾਰ ਇਹਨਾਂ ਗਵਾਹਾਂ ਨੂੰ ਸੱਦਣ ਵਾਸਤੇ ਪੂਰੀ ਕੋਸ਼ਿਸ਼ ਕਰੇਗੀ, ਪਰ ਇਸ ਦੀ ਕੋਈ ਗਰੰਟੀ ਨਹੀਂ ਕਿ ਹਰ ਇਕ ਨੂੰ ਜ਼ਰੂਰ ਪੇਸ਼ ਕੀਤਾ ਜਾਵੇਗਾ।

ਦੋਸ਼ੀਆਂ ਦੇ ਵਿਰੁਧ ਜੋ ਸਬੂਤ ਹੁੰਦੇ, ਉਹਨਾਂ ਨੂੰ ਉਸ ਦੀ ਕੋਈ ਨਕਲ ਲੈਣ ਦੀ ਆਗਿਆ ਨਹੀਂ ਸੀ ਅਤੇ ਨਾ ਹੀ ਉਹ ਉਹਨਾਂ ਨੂੰ ਪੜ੍ਹ ਕੇ ਸੁਣਾਏ ਜਾਂਦੇ। ਹਰ ਦੋਸ਼ੀ ਨੂੰ ਪੁਛਿਆ ਜਾਂਦਾ, ਕੀ ਉਸ ਦਾ ਕੋਈ ਵਕੀਲ ਹੈ ? ਜੇ ਨਹੀਂ, ਤਾਂ ਉਸ ਨੂੰ ਦੱਸਿਆ ਜਾਂਦਾ, ਕਿ ਸਰਕਾਰ ਵਲੋਂ ਮੁਕੱਰਰ ਕੀਤਾ ਗਿਆ ਵਕੀਲ ਉਸ ਵਲੋਂ ਪੇਸ਼ ਹੋਏਗਾ। ਇਸ ਤੋਂ ਬਾਅਦ ਉਹ ਜੇਹਲ ਨੂੰ ਵਾਪਿਸ ਲਿਜਾਏ ਜਾਂਦੇ।

ਉਹਨਾਂ ਨੂੰ ਪੇਸ਼ੀ ਵਾਲੇ ਦਿਨ ਸਵੇਰੇ 9 ਵਜੇ ਤੋਂ ਪਹਿਲਾਂ ਮਿਲਣ ਦੀ ਕੋਈ



Sri Satguru Jagjit Singh Ji eLibrary NamdhariElibrary@gmail.com

ਇਜਾਜ਼ਤ ਨਾ ਦਿੱਤੀ ਜਾਂਦੀ, ਇਥੋਂ ਤੀਕਰ ਕਿ ਸਰਕਾਰੀ ਵਕੀਲ ਵੀ ਨਾ ਮਿਲ ਸਕਦੇ। ਪੇਸ਼ੀ ਦੀ ਤਾਰੀਖ, ਇਲਜ਼ਾਮ ਪੜ੍ਹ ਕੇ ਸੁਣਾਉਣ ਵਾਲੇ ਦਿਨ ਤੋਂ ਲਗਭਗ ਤੀਜੇ ਚੌਥੇ ਦਿਨ ਹੁੰਦੀ। ਮੈਨੂੰ ਦੱਸਿਆ ਗਿਆ ਕਿ ਕਈ ਵਾਰ, ਸਰਕਾਰੀ ਵਕੀਲ ਨੂੰ ਸਵੇਰੇ 7 ਵਜੇ ਤੋਂ ਲੈ ਕੇ 8.30 ਤੀਕਰ ਦੋਸ਼ੀਆਂ ਨੂੰ ਜੇਹਲ ਵਿਚ ਮਿਲਣ ਦੀ ਆਗਿਆ ਦਿੱਤੀ ਜਾਂਦੀ ਜਦ ਕਿ ਦੋਸ਼ੀ ਆਮ ਤੌਰ ਤੇ ਅਦਾਲਤ ਨੂੰ ਲਿਜਾਏ ਜਾਂਦੇ।

ਪਰ ਜ਼ਰਾ ਕਲਪਣਾ ਕਰੋ ਕਿ ਇਸ ਰਿਆਇਤ ਦੇ ਕੀ ਅਰਥ ਹਨ। ਜਦੋਂ ਕਿ ਵਕੀਲ ਨੇ ਦਸ ਵਜੇ ਅਦਾਲਤ ਵਿਚ ਜਾਣਾ ਹੋਵੇ, ਅਤੇ ਹਰ ਰੋਜ਼ ਦੋਸ਼ੀਆਂ ਦੇ ਨਵੇਂ ਟੋਲਿਆਂ ਨਾਲ ਭੁਗਤਣਾ ਹੋਵੇ, ਉਹ ਤਾਂ ਸਿਰਫ ਉਸੇ ਦਿਨ ਭੁਗਤਣ ਵਾਲਿਆਂ ਨਾਲ ਹੀ ਥੋੜ੍ਹਾ ਬਹੁਤ ਸਲਾਹ ਮਸ਼ਵਰਾ ਕਰ ਸਕਦਾ ਸੀ, ਅਤੇ ਇਹ ਵੀ ਯਾਦ ਰਖਣ ਵਾਲੀ ਗੱਲ ਹੈ ਕਿ ਬਹੁਤ ਗੰਭੀਰ ਦੋਸ਼ਾਂ ਵਾਲੇ 20 ਤੋਂ 30 ਵਿਅਕਤੀਆਂ ਤੀਕਰ ਦੇ ਕੇਸ ਇਕੋ ਦਿਨ ਵਿਚ ਮੁਕਾ ਦਿਤੇ ਜਾਂਦੇ ਸਨ ਅਤੇ ਜ਼ਰਾ ਖ਼ਿਆਲ ਕੀਤਾ ਜਾਵੇ ਕਿ ਇਹਨਾਂ ਵਿਚਾਰਿਆਂ ਦੇ ਕੇਸਾਂ ਦਾ ਕੀ ਬਣਦਾ ਹੋਵੇਗਾ ?

ਇਹ ਤਾਂ ਉਹਨਾਂ ਲੋਕਾਂ ਦੀ ਕਿਸਮਤ ਸੀ, ਜਿਹੜੇ ਇੰਨੇ ਗ਼ਰੀਬ ਸਨ ਕਿ ਵਕੀਲ ਤੀਕਰ ਨਹੀਂ ਸਨ ਕਰ ਸਕਦੇ। ਪਰ ਜਿਹੜੇ ਲੋਕ ਪੁੱਜਤ ਵਾਲੇ ਸਨ, ਉਹਨਾਂ ਦੀ ਕਿਸਮਤ ਕੋਈ ਵਧੇਰੇ ਚੰਗੀ ਨਹੀਂ ਸੀ, ਭਾਵੇਂ ਉਹ ਫੀਸ ਦੇਣ ਲਈ ਤਿਆਰ ਹੁੰਦੇ ਸਨ, ਪਰ ਉਹ ਆਪਣੇ ਕੇਸਾਂ ਲਈ ਉੱਚੀ ਪੱਧਰ ਦੇ ਵਕੀਲ ਨਹੀਂ ਸਨ ਲੱਭ ਸਕਦੇ। ਪਹਿਲਾਂ ਤਾਂ ਇਸ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਸੀ ਕਿ ਕੋਈ ਨਹੀਂ ਸੀ ਜਾਣਦਾ, ਕਿ ਦੋਸ਼ੀਆਂ ਨੂੰ ਕਿਹੜੇ ਦਿਨ ਟ੍ਰੀਬਿਊਨਲ ਅੱਗੇ ਲਿਆਂਦਾ ਜਾਵੇਗਾ ਅਤੇ ਦੋਸ਼ ਦੱਸੇ ਜਾਣਗੇ। ਇਸ ਦਸ਼ਾ ਵਿਚ, ਵਧੀਆ ਵਕੀਲ ਕੇਸਾਂ ਨੂੰ ਹੱਥ ਨਹੀਂ ਸਨ ਪਾਉਂਦੇ, ਜਦਕਿ ਉਹ ਇਹ ਨਹੀਂ ਸਨ ਜਾਣਦੇ, ਕਿ ਪੇਸ਼ੀ ਦੀ ਤਾਰੀਖ ਉਹਨਾਂ ਨੂੰ ਠੀਕ ਵੀ ਬੈਠਦੀ ਹੈ ਕਿ ਨਹੀਂ।

ਦੂਜੀ ਮੁਸ਼ਕਿਲ ਕਈਆਂ ਵਕੀਲਾਂ ਵਾਸਤੇ ਇਹ ਸੀ ਕਿ ਉਹ ਥੋੜ੍ਹਾ ਬਹੁਤ ਹਿੱਸਾ ਸਿਆਸਤ ਵਿਚ ਲੈਂਦੇ ਸਨ, ਜੋ ਸਰਕਾਰ ਨੂੰ ਚੁੱਭਦਾ ਸੀ। ਉਹ ਡਰਦੇ ਸਨ ਕਿ ਸਰਕਾਰ ਵਿਰੋਧੀ ਕੇਸਾਂ ਨੂੰ ਹੱਥ ਨਾ ਪਾਇਆ ਜਾਵੇ, ਤਾਂਕਿ ਕਿਤੇ ਉਹ ਆਪ ਵੀ ਗ੍ਰਿਫਤਾਰ ਨਾ ਕਰ ਲਏ ਜਾਣ।

ਤੀਜੇ ਸਭ ਤੋਂ ਵਧੇਰੇ ਜ਼ਰੂਰੀ ਇਹ ਸੀ ਕਿ ਇਹ ਆਮ ਵਿਸ਼ਵਾਸ਼ ਸੀ ਕਿ ਸਰਕਾਰ ਉਹਨਾਂ ਵਕੀਲਾਂ ਨੂੰ ਨਿਗਾਹ ਵਿਚ ਰਖਦੀ ਹੈ, ਜਿਹੜੇ ਅਜਿਹੇ ਕੇਸ ਲੈਂਦੇ ਹਨ, ਉਹਨਾਂ ਨੂੰ ਵੀ ਇਨਕਲਾਬੀ ਅਤੇ ਬਾਗ਼ੀ ਸਮਝਦੀ ਹੈ। ਅਜਿਹਾ ਰਸਤਾ ਅਖਤਿਆਰ ਕਰਨਾ ਆਪਣੇ ਆਪਨੂੰ ਆਪ ਹੀ ਖ਼ਤਰੇ ਵਿਚ ਪਾਉਣਾ ਹੁੰਦਾ ਹੈ। ਵਾਇਸਰਾਏ ਦੀ ਐਗਜ਼ੈਕਟਿਵ ਕੌਂਸਲ ਦੇ ਇਕ ਮੈਂਬਰ ਮੀਆਂ ਮੁਹੰਮਦ ਸ਼ਫ਼ੀ ਦੇ ਇਕ ਐਕਸ਼ਨ ਤੋਂ ਇਸ ਖਿਆਲ ਨੂੰ ਪ੍ਰੋੜ੍ਹਤਾ ਮਿਲਦੀ ਹੈ। ਉਸ ਨੂੰ ਸੇਠ ਰਾਮ ਪ੍ਰਸਾਦ ਦੇ ਇਕ ਰਿਸ਼ਤੇਦਾਰ ਨੇ ਸਫਾਈ ਲਈ ਉਹਦਾ ਕੇਸ ਲੜਨ ਲਈ ਕੀਤਾ ਸੀ। ਇਸ ਦੇ ਕੁਝ ਦਿਨਾਂ ਬਾਅਦ ਮੁਹੰਮਦ ਸ਼ਫੀ ਨੇ ਉਹ ਕੇਸ ਵਾਪਿਸ ਕਰ ਦਿੱਤਾ। ਮੈਨੂੰ ਭਰੋਸੇਯੋਗ ਵਸੀਲੇ ਤੋਂ ਇਸ ਦਾ ਕਾਰਣ ਪਤਾ ਲੱਗਾ ਹੈ, ਜੋ ਉਸ ਨੇ ਦਿੱਤਾ, ਕਿ



Sri Satguru Jagjit Singh Ji eLibrary NamdhariElibrary@gmail.com

ਸਰਕਾਰ ਦੇ ਇਕ ਵਡੇ ਅਫਸਰ ਨੇ ਉਸ ਨੂੰ ਇਸ਼ਾਰੇ ਨਾਲ ਆਖਿਆ ਕਿ ਉਸ ਦੇ ਇਉਂ ਕਰਨ ਨੂੰ ਸਰਕਾਰ ਚੰਗਾ ਨਹੀਂ ਸਮਝਦੀ।

ਦੱਸਣ ਨਾਲੋਂ ਖਿਆਲ ਕਰਨਾ ਵਧੇਰੇ ਚੰਗਾ ਹੋਵੇਗਾ, ਕਿ ਇਸ ਘਟਨਾ ਦਾ ਪ੍ਰਭਾਵ, ਪਹਿਲਾਂ ਹੀ ਦਿਲ ਛੱਡ ਚੁੱਕੇ ਵਕੀਲਾਂ ਤੇ ਕੀ ਪਿਆ ਹੋਵੇਗਾ।

ਮੇਰਾ ਜ਼ਾਤੀ ਤਜਰਬਾ ਇਹ ਹੈ, ਭਾਵੇਂ ਸਰਕਾਰ ਇਸ ਨੂੰ ਸਵੀਕਾਰ ਕਰੇ ਜਾਂ ਨਾ। ਇਸ ਗੱਲ ਦੀ ਗਵਾਹੀ ਮਿਲਦੀ ਹੈ ਕਿ ਉਸ ਵੇਲੇ ਪੁਲਿਸ ਹੀ ਸਭ ਕੁਝ ਸੀ।

ਮਈ 1919 ਤੀਕਰ ਮੇਰੀ ਚੰਗੀ ਕਿਸਮਤ ਸੀ, ਕਿ ਮੈਂ ਸੀ. ਆਈ. ਡੀ. ਦਾ ਧਿਆਨ ਨਾ ਖਿੱਚ ਸਕਿਆ ਪਰ 14 ਮਈ ਨੂੰ ਜਦੋਂ ਮੈਂ ਲਾਲਾ ਹਰਕਿਸ਼ਨ ਲਾਲ ਅਤੇ ਹੋਰਾਂ ਦੇ ਆਧਾਰ ਤੇ (ਜਿਹਨਾਂ ਨੂੰ ਲਾਹੌਰ ਦੇ ਲੀਡਰਾਂ ਦੇ ਕੇਸ ਕਰ ਕੇ ਜਾਣਿਆਂ ਜਾਂਦਾ ਸੀ) ਕੇਸ ਵਿਚ ਮਸਰੂਫ ਸਾਂ ਅਤੇ ਉਹਨਾਂ ਦੇ ਕੇਸ ਦੀ ਬਦਲੀ ਅਤੇ ਬਾਹਰੋਂ ਵਕੀਲ ਮੰਗਵਾਉਣ ਦੀ ਆਗਿਆ ਲੈਣ ਸ਼ਿਮਲੇ ਗਿਆ ਹੋਇਆ ਸਾਂ, ਜਿਹੜੀ ਕਿ ਨਹੀਂ ਦਿੱਤੀ ਗਈ ਸੀ। ਪਰ ਮੇਰਾ ਇਹ ਐਕਸ਼ਨ ਸੀ. ਆਈ. ਡੀ. ਲਈ ਕਾਫੀ ਸੀ, ਜਦੋਂ ਮੈਂ ਸ਼ਿਮਲੇ ਤੋਂ ਵਾਪਿਸ ਆਇਆ, ਮੈਨੂੰ ਦੱਸਿਆ ਗਿਆ, ਮੇਰੀ ਗੈਰ ਹਾਜ਼ਰੀ ਵਿਚ ਸੀ. ਆਈ. ਡੀ. ਰੋਜ਼ ਮੇਰੇ ਘਰ ਦੇ ਗੇੜੇ ਲਾਉਂਦੀ ਰਹੀ ਅਤੇ ਮੇਰੇ ਪ੍ਰਵਾਰ ਨੂੰ ਡਰਾਉਂਦੀ ਰਹੀ। ਉਦੋਂ ਤੋਂ ਲੈ ਕੇ ਸੀ. ਆਈ. ਡੀ. ਲਗਾਤਾਰ ਮੇਰੇ ਪਿਛੇ ਲੱਗੀ ਰਹੀ ਅਤੇ ਮੇਰੀ ਆਵਾਜਾਈ ਦੀ ਨਿਗਰਾਨੀ ਕਰਦੀ ਰਹੀ, ਹੁਣੇ ਜਿਹੇ ਹੀ ਉਹਨਾਂ ਦੇ ਨਾ ਖ਼ੁਸ਼ਗਵਾਰ ਧਿਆਨ ਵਿਚ ਕੁਝ ਢਿਲ ਆਈ ਹੈ।

ਜੋ ਕੁਝ ਮੈਂ ਉਤੇ ਕਿਹਾ ਹੈ, ਇਸ ਤੋਂ ਇਹ ਗੱਲ ਸਾਫ ਹੋਵੇਗੀ, ਕਿ ਦੋਸ਼ੀ ਅਮਲੀ ਤੋਰ ਤੇ ਆਪਣੀ ਸਫਾਈ ਨਹੀਂ ਸਨ ਦੇ ਸਕਦੇ ਅਤੇ ਸਰਕਾਰ ਆਪਣੇ ਇਸ ਮੰਤਵ ਵਿਚ ਸਫਲ ਸੀ ਕਿ ਬਗੈਰ ਕਿਸੇ ਵਿਰੋਧ ਤੋਂ ਸਜ਼ਾਵਾਂ ਤੇਜ਼ੀ ਨਾਲ ਦਿੱਤੀਆਂ ਜਾ ਸਕਣ। ਬਾਹਰਲੇ ਵਕੀਲਾਂ ਨੂੰ ਮਾਰਸ਼ਲ ਲਾਅ ਦੇ ਇਲਾਕੇ ਵਿਚ ਦਾਖ਼ਲੇ ਤੇ ਰੁਕਾਵਟ ਦੇ ਹੁਕਮ ਦਾ ਮਤਲਬ ਸਿਰਫ ਇਹ ਹੈ, ਕਿ ਜਿਹੜੇ ਅਤਿਆਚਾਰ ਇਥੇ ਕੀਤੇ ਗਏ ਹਨ, ਉਹਨਾਂ ਦੀ ਸਚਾਈ ਨੂੰ ਰੋਕਿਆ ਜਾ ਸਕੇ ਅਤੇ ਬਾਹਰਲੀ ਦੁਨੀਆਂ ਨੂੰ ਗਿਆਨ ਨਾ ਹੋਣ ਦਿੱਤਾ ਜਾਵੇ ਅਤੇ ਅਦਾਲਤੀ ਕਾਰਵਾਈ ਦੇ ਢੰਗ ਵਿਚ ਜਿਹੜਾ ਘੋਰ ਅਨਿਆਂ ਇਥੇ ਕੀਤਾ ਗਿਆ ਹੈ, ਉਸ ਦੇ ਵਿਰੁਧ ਕਿਸੇ ਐਜੀਟੇਸ਼ਨ ਦੀ ਸੰਭਾਵਨਾ ਨੂੰ ਰੋਕਿਆ ਜਾਵੇ।

ਇਕ ਤਕੜੀ ਸਫਾਈ ਦੇ ਰਾਹ ਵਿਚ ਇਹਨਾਂ ਮੁਸ਼ਕਲਾਂ ਨੂੰ ਖੜ੍ਹੀਆਂ ਕਰਨ ਉਪਰੰਤ ਵੀ ਟ੍ਰੀਬਿਊਨਲ ਦੀ ਤਸੱਲੀ ਨਹੀਂ ਸੀ ਹੋਈ ਲੱਗਦੀ। ਉਹ ਹੋਰ ਵੀ ਅੱਗੇ ਗਏ ਅਤੇ ਉਹ ਗੱਲਾਂ ਕੀਤੀਆਂ ਜਿਹਨਾਂ ਨੂੰ ਕੋਈ ਵੀ ਅਦਾਲਤ, ਸਿਵਿਲ ਜਾਂ ਮਿਲਟਰੀ ਕਿਸੇ ਮੰਨੇ ਪ੍ਰਮੰਨੇ ਕਰਦਾਰ ਨਾਲ ਵੀ ਨਿਆਂ ਕਰਨ ਵੇਲੇ ਅਜਿਹਾ ਕਰਨ ਦਾ ਹੌਸਲਾ ਕਰਦੀ।

ਵਾਇਸਰਾਏ ਦੇ ਆਰਡੀਨੈਂਸ ਨੇ ਅਦਾਲਤਾਂ ਬਣਾਉਣ ਵਾਲੀ ਅਥਾਰਟੀ ਨੂੰ ਸਮਰੀ ਜਨਰਲ ਕੋਰਟ ਮਾਰਸ਼ਲ ਦੀਆਂ ਤਾਕਤਾਂ ਰਖਣ ਵਾਲੀਆਂ ਅਦਾਲਤਾਂ ਬਣਾਉਣ



Sri Satguru Jagjit Singh Ji eLibrary NamdhariElibrary@gmail.com

ਦਾ ਅਖਤਿਆਰ ਦਿੱਤਾ ਹੋਇਆ ਸੀ "ਜਿਥੇ ਵੀ ਇਹ ਲੋਕ ਸੁਰੱਖਿਆ ਦੇ ਹਿਤਾਂ ਲਈ ਜ਼ਰੂਰੀ ਹੋਣ, ਪਰ ਚਾਰੇ ਮਾਰਸ਼ਲ ਲਾਅ ਟ੍ਰੀਬਿਊਨਲਾਂ ਨੇ ਜਿਹੜੇ ਵੀ ਮੁਕੱਦਮੇ ਸੁਣੇ, ਉਹ ਸਾਰੇ ਹੀ ਸਮਰੀ ਜਨਰਲ ਕੋਰਟ ਮਾਰਸ਼ਲ ਦੇ ਅਧੀਨ ਹੀ ਜਾਂ ਇਹੋ ਕਹਿ ਲਉ ਕਿ ਇਹ (Drumheadl) ਕੋਰਟ ਮਾਰਸ਼ਲ ਸਨ। ਮੈਂ ਇਹ ਵਿਆਖਿਆ ਕਰਦਿਆਂ, ਕਿ ਅਜੇਹੇ ਕੋਰਟ ਮਾਰਸ਼ਲ, ਅਸਲੀ ਜੰਗ ਦੇ ਮੈਦਾਨ ਵਿਚੋਂ ਫੌਜਾਂ ਵਾਸਤੇ ਹੁੰਦੇ ਹਨ, ਜਿਥੇ ਕਿ ਫੌਜ ਦੇ ਹਿਤਾਂ ਨੂੰ ਮੁਖ ਰਖਦੇ ਹੋਏ, ਵਧੀਆ ਪ੍ਰਕਾਰ ਦੇ ਕਾਨੂੰਨੀ ਤਰੀਕੇ ਨਹੀਂ ਅਪਣਾਏ ਜਾ ਸਕਦੇ।

ਜਿਹੜੇ ਵਕੀਲ ਸਫਾਈ ਵਲੋਂ ਕੀਤੇ ਵੀ ਜਾਂਦੇ ਸਨ, ਉਹਨਾਂ ਨਾਲ ਬੜਾ ਰੁੱਖਾ ਵਰਤਾਉ ਹੁੰਦਾ ਸੀ ਅਤੇ ਉਹਨਾਂ ਨੂੰ ਇਹ ਅਹਿਸਾਸ ਕਰਵਾ ਦਿੱਤਾ ਜਾਂਦਾ ਸੀ ਕਿ ਉਹਨਾਂ ਦੀ ਇਥੇ ਕੋਈ ਪੁੱਛਗਿੱਛ ਨਹੀਂ। ਬਹੁਤ ਵਾਰੀ ਦਲੀਲ ਭਰਪੂਰ ਦਰਖ਼ਾਸਤਾਂ ਨੂੰ ਵੀ ਬੜੀ ਰੁਖਾਈ ਨਾਲ ਨਾਂਹ ਕਰ ਦਿੱਤੀ ਜਾਂਦੀ। ਕਈ ਵਾਰ ਤਾਂ ਵਕੀਲਾਂ ਦੀ ਸੱਚ ਮੁੱਚ ਹੀ ਬੇ-ਇਜ਼ਤੀ ਕੀਤੀ ਜਾਂਦੀ।

ਦੋਸ਼ੀਆਂ ਦੇ ਆਧਾਰ ਤੇ ਵਕੀਲਾਂ ਨੂੰ ਕਾਰਵਾਈ ਦਾ ਕੋਈ ਵੀ ਰੀਕਾਰਡ ਰੱਖਣ ਦੀ ਆਗਿਆ ਨਹੀਂ ਸੀ।

ਜਿਹੜਾ ਰੀਕਾਰਡ ਅਦਾਲਤਾਂ ਵਿਚ ਲਿਆ ਜਾਂਦਾ ਸੀ, ਉਹ ਬਹੁਤ ਹਦ ਤੱਕ ਗ਼ਲਤ ਮਲਤ ਹੁੰਦਾ ਸੀ। ਸਰਕਾਰੀ ਗਵਾਹਾਂ ਦੇ ਬਿਆਨ ਤਾਂ ਹੂਬਹੂ ਲਿਖ ਲਏ ਜਾਂਦੇ ਸਨ, ਪਰ ਜਿਹੜੇ ਉਤਰ ਉਹ ਜਿਰਾਹ ਵਿਚ ਦੇਂਦੇ ਸਨ, ਉਹ ਨਹੀਂ ਲਿਖੇ ਜਾਂਦੇ ਸਨ, ਖਾਸ ਤੌਰ ਤੇ ਜਿਹੜੇ ਦੋਸ਼ੀਆਂ ਦੇ ਹੱਕ ਵਿਚ ਜਾਂਦੇ ਹੋਣ। ਇਸ ਦੇ ਬਾਵਜੂਦ ਕਿ ਦੋਸ਼ੀਆਂ ਦੇ ਵਕੀਲ ਇਸ ਲਈ ਪ੍ਰਾਰਥਣਾ ਵੀ ਕਰਦੇ ਸਨ। ਜੱਜ (ਕਮਿਸ਼ਨਰਜ਼) ਆਮ ਤੌਰ ਤੇ ਇਹੋ ਉਤਰ ਦਿੰਦੇ ਸਨ ਕਿ ਉਹ ਸਮਰੀ ਕੋਰਟ ਜਨਰਲ ਮਾਰਸ਼ਲ ਦੇ ਅਧੀਨ ਬੈਠਦੇ ਹਨ, ਕਿਸੇ ਕਿਸਮ ਦਾ ਰੀਕਾਰਡ ਰਖਣਾ ਕੋਈ ਜ਼ਰੂਰੀ ਨਹੀਂ, ਸਿਵਾਏ ਫੁਟਕਲ ਨੋਟਾਂ ਤੋਂ ਜਿਹੜੇ ਕਿ ਉਹ ਆਪਣੇ ਲਈ ਲੈਣੇ ਜ਼ਰੂਰੀ ਸਮਝਦੇ ਹੋਣ।

ਇਸ ਦੇ ਨਤੀਜੇ ਦੇ ਤੌਰ ਤੇ ਮਿਲਦੇ ਰੀਕਾਰਡ ਵਿਚ ਦੇਖਿਆ ਜਾ ਸਕਦਾ ਹੈ, ਕਿ ਸਰਕਾਰੀ ਗਵਾਹ ਦੀ ਲੰਬੀ ਗਵਾਹੀ ਦੇ ਮਗਰ ਜਿਰਾਹ ਦੀਆਂ ਸਿਰਫ ਕੁਝ ਪੰਗਤੀਆਂ ਹੀ ਹੁੰਦੀਆਂ ਹਨ ਅਤੇ ਇਹ ਕੁਝ ਪੰਗਤੀਆਂ ਵੀ ਬੜੇ ਧੁੰਦਲੇ ਅਤੇ ਗ਼ੈਰ ਜ਼ਰੂਰੀ ਜੁਆਬਾਂ ਦੀਆਂ ਹੀ ਹੁੰਦੀਆਂ ਹਨ। ਮਿਸਾਲ ਦੇ ਤੌਰ ਤੇ ਇਕ ਮਰਾਤਬ ਅਲੀ ਸ਼ਾਹ, ਠਾਣੇਦਾਰ ਪੁਲਿਸ ਦੀ ਲਾਹੌਰ ਲੀਡਰਾਂ ਦੇ ਕੇਸ ਵਿਚ ਗਵਾਹੀ। ਇਸ ਸਰਕਾਰੀ ਗਵਾਹ ਦਾ ਨੰਬਰ 29 ਸੀ। ਉਸ ਉਤੇ ਕੋਈ ਅੱਧੇ ਘੰਟੇ ਦੀ ਬੜੀ ਸਖਤ ਜਿਰਾਹ ਕੀਤੀ ਗਈ ਤੇ ਜੇ ਉਹ ਸਾਰੀ ਲਈ ਜਾਂਦੀ ਤਾਂ ਉਸ ਤੋਂ ਸਾਫ ਸੀ, ਕਿ ਜੇ ਕਿਸੇ ਗਵਾਹ ਦਾ ਬਿਲਕੁਲ ਭੱਠਾ ਬੈਠਾ ਹੋਇਆ ਸੀ ਤਾਂ ਉਹ ਇਹ ਸੀ।

ਪਰ ਅਸਲੀ ਰੀਕਾਰਡ ਉਤੇ ਜਿਰਾਹ ਦੀਆਂ ਸਿਰਫ ਦੋ ਪਾਲਾਂ ਸਨ, ਜੱਜਾਂ ਦੇ ਫੈਸਲੇ ਦਾ ਸਾਰਾ ਅਧਾਰ ਇਸ ਆਦਮੀ ਦੀ ਗਵਾਹੀ ਤੇ ਸੀ।

ਜਿਰਾਹ ਵਾਸਤੇ ਕੋਈ ਵੀ ਯੋਗ ਜਾਂ ਠੀਕ ਮੌਕਾ ਨਹੀਂ ਦਿੱਤਾ ਜਾਂਦਾ ਸੀ।



Sri Satguru Jagjit Singh Ji eLibrary NamdhariElibrary@gmail.com

ਵਕੀਲਾਂ ਨੂੰ ਆਮ ਤੌਰ ਤੇ ਕਿਹਾ ਜਾਂਦਾ ਸੀ, ਕਿ ਉਹ ਐਨੀ ਗਿਣਤੀ ਤੋਂ ਵਧ ਸੁਆਲ ਨਾ ਕਰਨ, ਜਾਂ ਸਮਾਂ ਨੀਅਤ ਕਰ ਦਿੱਤਾ ਜਾਂਦਾ ਸੀ। ਸਰਕਾਰੀ ਗਵਾਹਾਂ ਦਾ ਬੜਾ ਬਚਾ ਕੀਤਾ ਜਾਂਦਾ ਸੀ ਅਤੇ ਜੱਜ ਕਈ ਵਾਰ ਉਹਨਾਂ ਨੂੰ, ਜੇ ਸੁਆਲ ਦਾ ਉੱਤਰ ਦੇਂਦਿਆਂ ਔਖਿਆਈ ਮਹਿਸੂਸ ਹੁੰਦੀ ਹੋਵੇ, ਨਾ ਦੇਣ ਲਈ ਕਹਿ ਦਿੰਦੇ ਸਨ। ਭਾਵੇਂ ਉਹ ਉੱਤਰ ਕੇਸ ਲਈ ਕਿੰਨਾ ਜ਼ਰੂਰੀ ਹੋਵੇ, ਉਹ ਉਹਨਾਂ ਦੀ ਵਕੀਲਾਂ ਨਾਲ ਰੁੱਖੇ ਪੇਸ਼ ਆਉਣ ਲਈ ਵੀ ਹੌਸਲਾ ਅਫਜ਼ਾਈ ਕਰਦੇ ਸਨ।

ਕਈ ਵਾਰ ਗਵਾਹ ਜਦੋਂ ਗੁੱਠੇ ਲੱਗਾ ਹੁੰਦਾ ਸੀ ਅਤੇ ਉੱਤਰ ਦੇਣ ਤੋਂ ਜੱਕੋ ਤੱਕਾ ਕਰਦਾ ਸੀ, ਤਾਂ ਜੱਜ ਕਹਿ ਦਿੰਦੇ ਸਨ, "ਜੇ ਤੈਨੂੰ ਯਾਦ ਨਹੀਂ, ਤਾਂ ਇਹ ਕਹਿ ਦੇ।"

ਇਹ ਇਸ਼ਾਰਾ ਗਵਾਹ ਲਈ ਕਾਫੀ ਹੁੰਦਾ ਸੀ, ਉਹ ਫਟ ਕਹਿ ਦਿੰਦਾ ਸੀ, "ਮੈਨੂੰ ਯਾਦ ਨਹੀਂ।"

ਗੋਰੇ ਗਵਾਹਾਂ ਸੰਬੰਧੀ, ਸੁਰੱਖਿਆ ਖਾਸ ਤੌਰ ਤੇ ਬੜੀ ਇਤਰਾਜ਼ਯੋਗ ਸੀ। ਜਿਹੜਾ ਵੀ ਪ੍ਰਸ਼ਨ ਉਹਨਾਂ ਨੂੰ ਇਸ ਮੰਤਵ ਨਾਲ ਕੀਤਾ ਜਾਂਦਾ ਜਿਸ ਦਾ ਉੱਤਰ ਉਹਨਾਂ ਲਈ ਸਵੈ-ਵਿਰੋਧੀ ਹੁੰਦਾ, ਉਹ ਸਰਕਾਰ ਦੀ ਸ਼ਾਨ ਦੇ ਖ਼ਿਲਾਫ਼ ਕਹਿ ਕੇ ਰੱਦ ਕਰ ਦਿੱਤਾ ਜਾਂਦਾ।

ਬਹੁਤੀ ਵਾਰ ਗਵਾਹ, ਜਿਹੜਾ ਕਿਸੇ ਘਟਨਾ ਨੂੰ ਬਿਆਨ ਕਰ ਰਿਹਾ ਹੁੰਦਾ, ਜੇ ਜਿਰਾਹ ਵਿਚ ਉਸੇ ਘਟਨਾ ਬਾਰੇ ਹੋਰ ਪ੍ਰਸ਼ਨ ਪੁੱਛੇ ਜਾਂਦੇ, ਤਾਂ ਕਿ ਹੋਰ ਤਫਸੀਲ ਪਤਾ ਲੱਗੇ, ਤਾਂ ਉਹ ਫਟ "ਮੈਨੂੰ ਯਾਦ ਨਹੀਂ" ਦੇ ਉੱਤਰ ਪਿੱਛੇ ਪਨਾਹ ਲੈ ਲੈਂਦਾ। ਇਸ ਤੋਂ ਬਾਅਦ ਵਕੀਲ ਨੂੰ ਇਸ ਗੱਲ ਦੀ ਆਗਿਆ ਨਹੀਂ ਸੀ ਕਿ ਉਸ ਨੂੰ ਯਾਦ ਕਰਾਉਣ ਲਈ ਹੋਰ ਸਵਾਲ ਪੁੱਛੇ, ਜਿਸ ਨਾਲ ਸਹੀ ਉੱਤਰ ਨਿੱਖਰ ਸਕੇ। ਜੇ ਵਕੀਲ ਪੁੱਛ ਲੈਣ, ਜੱਜ ਝੱਟ ਖਾਣ ਨੂੰ ਪੈਂਦੇ ਸਨ, "ਤੂੰ ਸੁਣਿਆਂ ਨਹੀਂ, ਉਹ ਕਹਿੰਦਾ, ਹੈ ਕਿ ਉਸ ਨੂੰ ਯਾਦ ਨਹੀਂ।"

ਉਤਲੀ ਹਕੀਕਤ ਮੈਂ ਆਪਣੇ ਤਜਰਬੇ ਤੋਂ ਦੱਸ ਰਿਹਾ ਹਾਂ, ਜਿਹੜੀ ਕਿ ਮੈਨੂੰ ਉਸ ਟ੍ਰੀਬਿਊਨਲ ਤੋਂ, ਜਿਸ ਦਾ ਪ੍ਰਧਾਨ ਜਸਟਿਸ ਲੈਜ਼ਲੀ ਜਾਨਜ਼ ਸੀ, ਜਿਹਦੇ ਲਾਹੌਰ ਲੀਡਰਾਂ ਦਾ ਕੇਸ ਲੱਗਾ ਸੀ।

ਕੇਸ ਦੇ ਖ਼ਾਤਮੇ ਤੇ ਬਹੁਤ ਥੋੜ੍ਹੀ ਬਹਿਸ ਦੀ ਆਗਿਆ ਸੀ। ਬਹੁਤੀ ਵਾਰੀ ਸਮਾਂ ਬੰਨ੍ਹ ਦਿੱਤਾ ਜਾਂਦਾ ਸੀ। ਕਾਨੂੰਨੀ ਇਤਰਾਜ਼, ਬੜੀ ਹਕਾਰਤ ਨਾਲ ਠੁਕਰਾ ਦਿੱਤੇ ਜਾਂਦੇ ਸਨ। ਜਦੋਂ ਮੈਂ ਗੁਜਰਾਂਵਾਲੇ ਦੇ ਲੀਡਰਾਂ ਦੇ ਕੇਸ ਵਿਚ ਉਸ ਟ੍ਰੀਬਿਊਨਲ ਅੱਗੇ ਪੇਸ਼ ਹੋਇਆ, ਜਿਸ ਦੀ ਪ੍ਰਧਾਨਗੀ ਜਸਟਿਸ ਬਰਾਡਵੇ ਕਰ ਰਿਹਾ ਸੀ, ਤਾਂ ਮੈਂ ਉਸ ਅੱਗੇ ਕੇਸ ਚਲਾਉਣ ਦੇ ਅਧਿਕਾਰਾਂ ਬਾਰੇ ਉਹ ਨੁਕਤੇ ਇਕ ਅਰਜ਼ੀ ਰਾਹੀਂ ਪੇਸ਼ ਕੀਤੇ, ਜਿਹੜੇ ਕਿ ਹੁਣ ਪ੍ਰੀਵੀ ਕੌਂਸਲ ਅੱਗੇ ਉਠਾਏ ਗਏ ਹਨ।

ਮਾਨਯੋਗ ਜੱਜ ਨੇ ਪਹਿਲਾਂ ਤਾਂ ਮੈਨੂੰ ਸੁਣਨ ਤੋਂ ਹੀ ਨਾਂਹ ਕਰ ਦਿੱਤੀ ਅਤੇ ਆਖਿਆ ਕਿ ਉਹ ਮੇਰੀ ਅਰਜ਼ੀ ਅਦਾਲਤਾਂ ਬਣਾਉਣ ਵਾਲੀ ਅਥਾਰਟੀ ਨੂੰ ਭੇਜ ਦੇਣਗੇ। ਮੇਰੇ ਇਹ ਰੋਸ ਪ੍ਰਗਟ ਕਰਨ ਅਤੇ ਆਰਮੀ ਐਕਟ ਦੀ ਇਕ ਧਾਰਾ ਦਾ



Sri Satguru Jagjit Singh Ji eLibrary NamdhariElibrary@gmail.com

ਹਵਾਲਾ ਦੇਣ ਉੱਤੇ ਕਿ ਅਦਾਲਤਾਂ ਕਾਇਮ ਕਰਨ ਤੋਂ ਬਾਅਦ ਅਦਾਲਤਾਂ ਬਣਾਉਣ ਵਾਲੀ ਅਥਾਰਟੀ ਖਤਮ ਹੋ ਜਾਂਦੀ ਹੈ, ਅਤੇ ਹਰ ਨੁਕਤੇ ਦਾ ਫੈਸਲਾ ਕਰਨਾ ਅਦਾਲਤ ਦਾ ਆਪਣਾ ਕੰਮ ਹੈ, ਬੜੇ ਜੱਕੋ ਤੱਕੇ ਦੇ ਬਾਅਦ ਉਸ ਨੇ ਮੈਨੂੰ ਬਹਿਸ ਕਰਨ ਦੀ ਆਗਿਆ ਦਿੱਤੀ ਤੇ ਜਿਹੜੇ ਸੱਤ ਅੱਠ ਨੁਕਤੇ ਮੈਂ ਉਠਾਏ ਸਨ, ਉਸ ਲਈ ਸਿਰਫ਼ ਅੱਧਾ ਘੰਟਾ ਦਿੱਤਾ। ਮੇਰੇ ਰੋਸ ਨੂੰ ਲਾਂਭੇ ਛੱਡ ਦਿੱਤਾ ਗਿਆ।

ਮੈਂ ਬਹਿਸ ਆਰੰਭ ਕੀਤੀ। ਬਹਿਸ ਦੇ ਵਿਚਕਾਰ ਸਰਕਾਰੀ ਵਕੀਲ ਉਠਿਆ ਤੇ ਮੇਰੀ ਇਕ ਕਹੀ ਹੋਈ ਗੱਲ ਤੇ ਇਤਰਾਜ਼ ਕੀਤਾ। ਜੱਜ ਨੇ ਫੌਰੀ ਤੌਰ ਤੇ ਆਖਿਆ —

"ਮਿਸਟਰ ਹਰਬਰਟ, ਤੂੰ ਇਹਨੂੰ ਇਤਰਾਜ਼ ਕਰਨ ਦੇ ਕਾਬਲ ਕਿਉਂ ਸਮਝਦਾ ਏਂ, ਇਸ ਨਾਲ ਇਸ ਨੂੰ ਹੋਰ ਵਧੇਰੇ ਸਮਾਂ ਮਿਲੇਗਾ, ਇਸ ਨੇ ਜੋ ਕਹਿਣਾ ਹੈ, ਕਹਿਣ ਦੇ, ਆਪਾਂ ਜੋ ਕਰਨਾ, ਉਹ ਕਰਾਂਗੇ।"

ਅੱਧੇ ਘੰਟੇ ਦੇ ਮੁੱਕਣ ਤੇ ਕੁਝ ਸਮਾਂ ਪਹਿਲਾਂ ਮੈਨੂੰ ਕਿਹਾ ਗਿਆ ਕਿ ਮੈਂ ਆਪਣੀ ਬਹਿਸ ਮੁਕਾ ਦਿਆਂ, ਮੈਨੂੰ ਦਿੱਤੇ ਵਕਤ ਵਿਚੋਂ ਸਿਰਫ਼ ਪੰਜ ਮਿੰਟ ਬਾਕੀ ਹਨ। ਮੈਨੂੰ ਮਜਬੂਰ ਕੀਤਾ ਗਿਆ ਕਿ ਮੈਂ ਇਸ ਨੂੰ ਮੰਨਾਂ। ਪਰ ਅਦਾਲਤ ਨੇ ਦੂਜੇ ਪਾਸੇ ਤੋਂ ਕੋਈ ਵੀ ਉੱਤਰ ਲਏ ਬਿਨਾਂ ਆਪਣਾ ਫੈਸਲਾ ਸੁਣਾ ਦਿੱਤਾ। ਮੇਰੇ ਉਠਾਏ ਨੁਕਤਿਆਂ ਵਿਚੋਂ ਕੁਝ ਵਿੰਗੇ ਟੇਢੇ ਕਰ ਕੇ ਨਜਿੱਠੇ, ਬਾਕੀ ਨੁਕਤੇ ਉੱਕਾ ਹੀ ਛੱਡ ਦਿੱਤੇ।

ਇਹੋ ਜਿਹੇ ਹਾਲਾਤ ਵਿਚ ਕੇਸਾਂ ਦੀ ਸੁਣਵਾਈ, ਮਹਿਜ਼ ਇਕ ਡਰਾਮਾ ਰਚਣ ਵਾਲੀ ਗੱਲ ਸੀ, ਜਿੱਥੇ ਨਾ ਸੱਚਾ ਇਨਸਾਫ ਕੀਤਾ ਜਾਂਦਾ ਸੀ, ਨਾ ਕੋਈ ਕਰਨ ਦਾ ਪ੍ਰਬੰਧ ਸੀ।"

15 ਅਪ੍ਰੈਲ ਤੋਂ ਲੈ ਕੇ 11 ਜੂਨ ਤੀਕਰ ਮਾਰਸ਼ਲ ਲਾਅ ਜਾਰੀ ਰਿਹਾ। ਪੰਜਾਬ ਦਾ ਹਰ ਤਬਕਾ, ਹਰ ਮਜ਼ਹਬ ਦੇ ਲੋਕ ਅਤੇ ਹਰ ਉਮਰ ਦੇ ਇਸਤ੍ਰੀਆਂ, ਮਰਦ ਤੇ ਬੱਚੇ ਤੀਕਰ ਇਸ ਦੇ ਜ਼ੁਲਮ ਦਾ ਸ਼ਿਕਾਰ ਹੋਏ। ਪੰਜਾਬ ਦੇ ਸਿਰ ਤੇ ਮਾਰਸ਼ਲ ਲਾਅ ਠੋਸਣ ਵਾਲਾ ਸਰ ਮਾਈਕਲ ਉਡਵਾਇਰ, ਇਸ ਟੂਕ ਵਿਚ ਵਿਸ਼ਵਾਸ ਰੱਖਦਾ ਸੀ।

"ਹਰ ਦਿਨ ਜਦੋਂ ਬਗਾਵਤ ਜਾਰੀ ਰਹਿੰਦੀ ਹੈ, ਨਵੇਂ ਰੰਗਰੂਟਾਂ ਨਾਲ ਤਕੜਾਈ ਫੜਦੀ ਹੈ ਅਤੇ ਸਰਕਾਰ ਦੀ ਤਾਕਤ ਕਮਜ਼ੋਰ ਹੁੰਦੀ ਹੈ ਅਤੇ ਗਵਰਨਰ ਜਿਹੜਾ ਇਹਨੂੰ ਤਦ ਤੀਕਰ ਪਛਾਨਣ ਦੀ ਉਡੀਕ ਕਰਦਾ ਹੈ, ਜਦੋਂ ਇਹ ਬਗਾਵਤ ਜੰਗ ਦਾ ਰੂਪ ਧਾਰਨ ਕਰ ਜਾਂਦੀ ਹੈ, ਉਸ ਨੂੰ ਸ਼ਾਇਦ ਪਿੱਛੋਂ ਗਿਆਨ ਹੁੰਦਾ ਹੈ ਕਿ ਉਸ ਨੇ ਬਹੁਤ ਦੇਰ ਉਡੀਕ ਵਿਚ ਲਾ ਦਿੱਤੀ ਹੈ।"

"ਇਹ ਅੰਗਰੇਜ਼ੀ ਕਾਨੂੰਨੀ ਦਾ ਅਸੂਲ ਹੈ, ਭਾਵੇਂ ਇਸ ਅਸੂਲ ਨੂੰ ਲਾਗੂ ਕਰਨਾ ਸਦਾ ਮੁਸ਼ਕਿਲ ਹੁੰਦਾ ਹੈ ਅਤੇ ਆਮ ਤੌਰ ਤੇ ਬਹੁਤ ਸਖਤ ਵੀ, ਪਰ ਇਹ ਦਿਖਾਈ ਦਿੰਦਾ ਹੈ, ਕਿ ਇਹ ਅਸੂਲ ਆਪਣੇ ਆਪ ਵਿਚ ਬੜਾ ਠੋਸ ਹੈ ਅਤੇ ਕੋਈ ਹੋਰ ਅਜਿਹਾ ਮੁਲਕ ਨਹੀਂ, ਜਿੱਥੇ ਇਸ ਨੂੰ ਲਾਗੂ ਕਰਨ ਦੀ ਏਨੀ ਲੋੜ ਹੋਵੇ, ਜਿੰਨੀ ਕਿ ਇੰਡੀਆ ਵਿਚ।"

(ਮਿਸਟਰ ਮੇਨ 'ਜ, "ਕਰਿਮਨਿਲ ਲਾਅ ਆਫ਼ ਇੰਡੀਆ" ਚੌਥੀ ਐਡੀਸ਼ਨ, ਸਫ਼ਾ 279)



Sri Satguru Jagjit Singh Ji eLibrary NamdhariElibrary@gmail.com

28 ਮਈ 1919 ਨੂੰ ਸਰ ਮਾਈਕਲ ਉਡਵਾਇਰ ਰੀਟਾਇਰ ਹੋ ਕੇ ਆਪਣੇ ਅਹਿਦ ਦੀਆਂ ਤਲਖ਼ ਯਾਦਾਂ ਛੱਡ ਕੇ ਪੰਜਾਬ ਤੋਂ ਚਲਾ ਗਿਆ। ਉਸ ਦੇ ਜਾਣ ਤੇ ਜਿੱਥੇ ਪੰਜਾਬ ਭਰ ਵਿਚ ਸੁਖ ਦਾ ਸਾਹ ਲਿਆ ਗਿਆ, ਕਈ ਗੱਦਾਰ ਤੇ ਝੋਲੀ ਚੁਕ ਲੋਕਾਂ ਨੇ ਉਹਦੇ ਵਿਛੋੜੇ ਵਿਚ ਅੱਥਰੂ ਵੀ ਕੇਰੇ। ਉਸ ਦੇ ਲਗਾਏ ਮਾਰਸ਼ਲ ਲਾਅ ਨੂੰ ਇਕ ਸੂਰਮਗਤੀ ਗਰਦਾਨਿਆਂ।

ਮਲਿਕ ਸਰ ਉਮਰ ਹਿਆਤ ਖਾਂ ਟਿਵਾਣੇ, ਮਲੇਰ ਕੋਟਲੇ ਦੇ ਨਵਾਬ ਜ਼ੁਲਫਕਾਰ ਅਲੀ ਖਾਂ ਅਤੇ ਹੋਰ ਨਵਾਬਾਂ, ਖਾਨ ਬਹਾਦਰਾਂ ਦੇ ਇਕ ਟੋਲੇ ਨੇ ਅਲਵਿਦਾਈ ਐਡਰੈਸ ਵਿਚ ਆਖਿਆ :

"ਮਾਰਸ਼ਲ ਲਾਅ ਦੇ ਪੁਰ ਅਸਰ ਅਤੇ ਤੇਜ਼ੀ ਭਰੇ ਢੰਗ ਵਰਤਣ ਨਾਲ ਹਾਲਾਤ ਤੇ ਛੇਤੀ ਕਾਬੂ ਪਾ ਲਿਆ ਗਿਆ ਅਤੇ ਸਾਡੇ ਮੁਖੀ ਸ਼ਹਿਰਾਂ ਦੇ ਕਾਨੂੰਨ ਅੰਦਰ ਰਹਿਣ ਵਾਲੇ ਸ਼ਹਿਰੀਆਂ ਲਈ ਇਕ ਵਾਰੀ ਫਿਰ ਅਮਨ ਭਰੀ ਜ਼ਿੰਦਗੀ ਸੰਭਵ ਬਣਾ ਦਿੱਤੀ।"

ਸ. ਸੁੰਦਰ ਸਿੰਘ ਮਜੀਠੀਆ ਦੀ ਅਗਵਾਈ ਹੇਠ ਸਿੱਖ ਸਰਦਾਰਾਂ, ਧਾਰਮਕ ਆਗੂਆਂ, ਜਾਗੀਰਦਾਰਾਂ ਦੀ ਇਕ ਧਾੜ ਨੂੰ ਵੀ ਸਰ ਮਾਈਕਲ ਦੇ ਵਿਛੋੜੇ ਦਾ ਬੜਾ ਦੁਖ ਹੋਇਆ। ਉਹਨਾਂ ਕਿਹਾ :

"ਇਹ ਬੜੇ ਅਫ਼ਸੋਸ ਦੀ ਗੱਲ ਹੈ, ਕਿ ਕੁਝ ਬੁਰੇ ਇਰਾਦੇ ਵਾਲੇ ਲੋਕਾਂ ਵਲੋਂ, ਇਸ ਧਰਤੀ ਦੇ ਅਮਨ ਨੂੰ ਤਬਾਹ ਕਰਨ ਲਈ ਸ਼ਰਾਰਤੀ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ ਅਤੇ ਕੁਝ ਥਾਂਵਾਂ ਤੇ ਅਜਿਹੀਆਂ ਜ਼ਾਲਮਾਨਾ ਹਰਕਤਾਂ ਕੀਤੀਆਂ ਗਈਆਂ, ਜਿਸ ਨਾਲ ਇਸ ਸੂਬੇ ਦੇ ਪਵਿੱਤਰ ਨਾਮ ਨੂੰ ਧੱਬਾ ਲੱਗਾ। ਪਰ ਹਜ਼ੂਰ (ਮਾਈ ਬਾਪ !) ਨੇ ਹਾਲਾਤ ਤੇ ਸਖ਼ਤੀ ਨਾਲ ਕਾਬੂ ਪਾ ਕੇ ਅਤੇ ਠੀਕ ਤਰੀਕੇ ਅਪਣਾ ਕੇ ਇਸ ਬੁਰਿਆਈ ਦਾ ਖ਼ਾਤਮਾ ਕਰ ਦਿੱਤਾ।"

ਹਿੰਦੂ, ਟੋਡੀ ਕਿਸ ਨਾਲੋਂ ਘੱਟ ਸਨ, ਰਾਜਾ ਨਰਿੰਦਰ ਨਾਥ, ਰਾਏ ਬਹਾਦਰ ਰਾਮ ਸਰਨਦਾਸ, ਰਾਏ ਬਹਾਦਰ ਗੋਪਾਲ ਦਾਸ ਭੰਡਾਰੀ ਅਤੇ ਹੋਰ ਦੋ ਕੁ ਦਰਜਨਾਂ ਰਾਏ ਬਹਾਦਰਾਂ ਤੇ ਰਾਏ ਸਾਹਿਬਾਂ ਨੇ ਆਪਣੇ ਐਡਰੈਸ ਵਿਚ ਆਖਿਆ :

"ਸਾਨੂੰ ਸੱਚਮੁੱਚ ਬੜਾ ਅਫ਼ਸੋਸ ਹੈ ਕਿ ਹਜ਼ੂਰ ਦੇ ਰਾਜ ਦੇ ਆਖਰੀ ਦਿਨਾਂ ਵਿਚ ਗੁੰਮਰਾਹ ਕੀਤੇ ਗਏ ਲੋਕਾਂ ਨੇ ਬੜੀਆਂ ਬੇਵਕੂਫ਼ੀਆਂ ਅਤੇ ਸ਼ਰਾਰਤਾਂ ਭਰੀਆਂ ਕਾਰਵਾਈਆਂ ਕੀਤੀਆਂ ਹਨ। ਅਸੀਂ ਤਸ਼ੱਦਦ ਅਤੇ ਗ਼ੈਰ ਕਾਨੂੰਨੀਅਤ ਵਾਲੇ ਸਾਰੇ ਕਾਰਿਆਂ ਦੀ ਨਿਖੇਧੀ ਕਰਦੇ ਹਾਂ। ਸਾਨੂੰ ਬ੍ਰਿਟਿਸ਼ ਸਰਕਾਰ ਦੀ ਤਾਕਤ ਵਿਚ ਪੂਰਾ ਵਿਸ਼ਵਾਸ ਹੈ। ਸਾਨੂੰ ਯਕੀਨ ਹੈ ਕਿ ਅਜਿਹੀਆਂ ਗੱਲਾਂ ਛੇਤੀ ਦੱਬ ਜਾਣਗੀਆਂ।"

ਸ਼ਾਇਦ ਮਾਰਸ਼ਲ ਲਾਅ ਦੇ ਅਧਿਕਾਰੀ ਤੇ ਉਹਨਾਂ ਦੇ ਇਹ ਵਫ਼ਾਦਾਰ ਇਹ ਨਹੀਂ ਸਨ ਜਾਣਦੇ ਕਿ ਤਸ਼ੱਦਦ ਨਾਲ ਆਤਮਾ ਦੀ ਆਵਾਜ਼ ਨਹੀਂ ਸੀ ਦਬਾਈ ਜਾ ਸਕਦੀ। ਮਾਰਸ਼ਲ ਲਾਅ ਦੇ ਦਿਨਾਂ ਵਿਚ ਪੰਜਾਬ ਦੀ ਜਿਸ ਆਤਮਾ ਨੂੰ ਜ਼ਖਮੀ ਕੀਤਾ ਗਿਆ, ਉਹ ਸਾਡੀ ਆਜ਼ਾਦੀ ਦੇ ਇਤਿਹਾਸ ਦਾ ਕਰੁਣਾ-ਮਈ ਕਾਂਡ ਹੈ।



Sri Satguru Jagjit Singh Ji eLibrary NamdhariElibrary@gmail.com

# ਪ੍ਰਤੀਕਰਮ

ਗੱਲ ਕੀ, ਸਾਰਾ ਪੰਜਾਬ ਹੀ ਨਰਕ ਦੀ ਭੱਠੀ ਵਿਚ ਸੜ ਰਿਹਾ ਸੀ। ਸਭ ਕੌਮੀ ਅਖ਼ਬਾਰ ਸਣੇ ਟ੍ਰਿਬਿਊਨ ਬੰਦ ਸਨ। ਇਸ ਦੇ ਸੰਪਾਦਕ ਸ੍ਰੀ ਕਾਲੀ ਨਾਥ ਰਾਏ ਨੂੰ ਗ੍ਰਿਫਤਾਰ ਕਰ ਲਿਆ ਹੋਇਆ ਸੀ। ਸਾਰੇ ਪੰਜਾਬ ਤੇ ਸੈਂਸਰ ਸੀ। ਨਾ ਕੋਈ ਬਾਹਰੋਂ ਆ ਸਕਦਾ ਸੀ, ਨਾ ਕੋਈ ਅੰਦਰੋਂ ਬਿਨਾਂ ਆਗਿਆ ਬਾਹਰ ਜਾ ਸਕਦਾ ਸੀ। ਸਾਰਾ ਪੰਜਾਬ ਇਕ ਜਿਹਲਖਾਨਾ ਸੀ।

3 ਸਤੰਬਰ 1919 ਨੂੰ ਇੰਡੀਆ ਲੈਜਿਸਲੇਟਿਵ ਕੌਂਸਲ ਵਿਚ ਸ੍ਰੀ ਕਾਮਨੀ ਕੁਮਾਰ ਚੰਦਾ ਦੇ ਪ੍ਰਸ਼ਨ ਦੇ ਉੱਤਰ ਵਿਚ ਹੋਮ ਸੈਕਰੇਟਰੀ ਸਰ ਵਿਲੀਅਮ ਵਿਨਸੈਂਟ ਨੇ ਦੱਸਿਆ :

"ਪੰਜਾਬ ਵਿਚ ਸਥਾਪਤ ਕੀਤੇ ਗਏ 4 ਮਾਰਸ਼ਲ ਲਾਅ ਕਮਿਸ਼ਨਾਂ ਨੇ 114 ਕੇਸਾਂ ਵਿਚ 852 ਵਿਅਕਤੀਆਂ ਦਾ ਟਰਾਇਲ ਕੀਤਾ ਹੈ, ਜਿਹਨਾਂ ਵਿਚੋਂ 580 ਬੰਦਿਆਂ ਅਤੇ ਇਕ ਇਸਤਰੀ ਨੂੰ ਸਜ਼ਾ ਦਿੱਤੀ ਗਈ, 217 ਬੰਦੇ ਰਿਹਾ ਕੀਤੇ ਗਏ ਹਨ।

ਸਜ਼ਾ ਪਾਉਣ ਵਾਲਿਆਂ ਵਿਚੋਂ 108 ਨੂੰ ਮੌਤ ਦੀ ਸਜ਼ਾ, 265 ਨੂੰ ਉਮਰ ਕੈਦ, ਇਕ ਨੂੰ 14 ਸਾਲ, ਇਕ ਨੂੰ 10 ਸਾਲ ਤੇ ਬਾਕੀ ਦਿਆਂ ਨੂੰ ਇਕ ਤੋਂ ਦਸ ਸਾਲ ਦੇ ਵਿਚਕਾਰ ਸਜ਼ਾਵਾਂ ਦਿੱਤੀਆਂ ਗਈਆਂ। 9 ਜੂਨ ਤੀਕਰ ਮਾਰਸ਼ਲ ਲਾਅ ਲਾਗੂ ਰਿਹਾ।

ਗੁਰੂਕੁਲ ਕਾਂਗੜੀ ਹਰਦੁਆਰ ਦੇ ਬਾਨੀ ਸੁਆਮੀ ਸ਼ਰਧਾ ਨੰਦ ਜੀ ਨੇ ਬਿਆਨ ਦਿੱਤਾ :

"ਮੈਂ ਪਿਛਲੇ ਅਪਰੈਲ ਵਿਚ ਵਾਪਰੀ ਦੁਰਘਟਨਾ ਤੋਂ ਪਿੱਛੋਂ ਦੋ ਵਾਰੀ ਪੰਜਾਬ ਗਿਆ ਹਾਂ। ਮੈਂ ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲਾ, ਸ਼ੇਖ਼ੂਪੁਰਾ ਅਤੇ ਚੂਹੜਕਾਣਾ ਜਾ ਕੇ ਕਈ ਕੁਝ ਅੱਖੀਂ ਦੇਖਿਆ ਤੇ ਸੁਣਿਆ ਹੈ। ਅੰਮ੍ਰਿਤਸਰ ਵਿਖੇ 13 ਅਪਰੈਲ ਨੂੰ 1500 ਤੋਂ ਵਧ ਹੀ ਵਿਅਕਤੀ ਮਾਰੇ ਗਏ। ਹੋਰਨਾਂ ਥਾਵਾਂ ਤੇ ਵੀ, ਭਾਵੇਂ ਅੰਮ੍ਰਿਤਸਰ ਜਿੰਨੇ ਨਹੀਂ, ਪਰ ਕਾਫੀ ਵਿਅਕਤੀ ਮਾਰੇ ਗਏ ਹਨ, ਜਿਹਨਾਂ ਵਿਚੋਂ ਸੌ ਦੇ ਲਗ ਭਗ ਤਾਂ ਆਪਣੇ ਪ੍ਰੀਵਾਰਾਂ ਦੇ ਇਕੱਲੇ ਹੀ ਰੋਜ਼ੀ ਕਮਾਉਣ ਵਾਲੇ ਸਨ। ਕਈਆਂ ਨੂੰ ਫਾਂਸੀ ਦਿੱਤੀ ਗਈ ਹੈ ਜਾਂ ਉਮਰ ਕੈਦ ਦੀ ਸਜ਼ਾ। ਬਾਕੀ ਦਿਆਂ ਨੂੰ ਦਸ ਤੋਂ



Sri Satguru Jagjit Singh Ji eLibrary NamdhariElibrary@gmail.com

ਵੀਹ ਸਾਲ ਤੀਕਰ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ ਹਨ। ਪੰਜਾਬ ਵਿਚ ਘਟੋ ਘਟ ਇਕ ਹਜ਼ਾਰ ਪ੍ਰੀਵਾਰ ਅਜਿਹੇ ਹਨ, ਜਿੱਥੇ ਸਿਰਫ ਉਹਨਾਂ ਦੇ ਬੱਚੇ ਤੇ ਇਸਤਰੀਆਂ ਹੀ ਰਹਿ ਗਈਆਂ ਹਨ।"

ਲੈਫਟੀਨੈਂਟ ਗਵਰਨਰ ਸਰ ਮਾਈਕਲ ਉਡਵਾਇਰ ਵਲੋਂ ਪੂਰੀਆਂ ਪਾਬੰਦੀਆਂ ਦੇ ਉਪਰੰਤ ਵੀ ਪੰਜਾਬ ਵਿਚ ਹੋਈਆਂ ਦੁਰਘਟਨਾਵਾਂ ਦੀ ਖ਼ਬਰ ਸਾਰੇ ਮੁਲਕ ਵਿਚ ਫੈਲ ਗਈ। ਸਰ ਗੋਕਲ ਚੰਦ ਨਾਰੰਗ ਦੇ ਕਹਿਣ ਅਨੁਸਾਰ ਦੇਸ਼ ਭਰ ਦੇ ਲੋਕਾਂ ਨੂੰ ਅਕਹਿ ਸਦਮਾ ਪਹੁੰਚਾ। ਦੇਸ਼ ਭਰ ਵਿਚ ਸ਼ੋਕ ਮੀਟਿੰਗਾਂ ਹੋਈਆਂ, ਸ਼ਹੀਦਾਂ ਦੇ ਪ੍ਰੀਵਾਰਾਂ ਨਾਲ ਹਮਦਰਦੀ ਦਾ ਪ੍ਰਗਟਾ ਕੀਤਾ ਗਿਆ। ਜ਼ੁੰਮੇਵਾਰ ਅਫਸਰਾਂ ਤੇ ਮੁਕੱਦਮਾ ਚਲਾਉਣ ਅਤੇ ਪੰਜਾਬ ਵਿਚ ਕੀਤੀਆਂ ਜ਼ਿਆਦਤੀਆਂ ਦੀ ਪੜਤਾਲ ਦੀ ਮੰਗ ਕੀਤੀ ਗਈ। ਦੇਸ਼ ਭਰ ਦੇ ਕੌਮੀ ਪ੍ਰੈਸ ਵਿਚ ਲੋਕਾਂ ਦੇ ਇਹਨਾਂ ਜਜ਼ਬਾਤਾਂ ਦੀ ਤਰਜਮਾਨੀ ਕੀਤੀ ਗਈ।

ਮਹਾਤਮਾ ਗਾਂਧੀ ਨੇ ਵਾਇਸਰਾਏ ਦੇ ਪ੍ਰਾਈਵੇਟ ਸੈਕਰੇਟਰੀ ਦੇ ਨਾਮ 30 ਮਈ 1919 ਨੂੰ ਇਕ ਖ਼ਤ ਲਿਖਿਆ :

"ਮੈਂ ਆਪਣੇ ਆਪ ਨੂੰ ਪ੍ਰੈਸ ਵਲੋਂ ਕੀਤੀ ਜਾ ਰਹੀ ਇਸ ਮੰਗ ਨਾਲ ਜੋੜਦਾ ਹਾਂ ਕਿ ਇਕ ਨਿਰਪੱਖ ਤੇ ਆਜ਼ਾਦ ਪੜਤਾਲੀਆ ਕਮੇਟੀ ਮੁਕੱਰਰ ਕੀਤੀ ਜਾਵੇ, ਜੋ ਪੰਜਾਬ ਵਿਚ ਹੋਈ ਗੜਬੜ ਦੇ ਕਾਰਣਾਂ, ਸੂਬੇ ਵਿਚ ਮਾਰਸ਼ਲ ਲਾਅ ਦੀ ਐਡਮਨਿਸਟਰੇਸ਼ਨ ਅਤੇ ਮਾਰਸ਼ਲ ਲਾਅ ਟਰੀਬਿਊਨਲਾਂ ਵਲੋਂ ਦਿੱਤੀਆਂ ਗਈਆਂ ਸਜ਼ਾਵਾਂ ਦਾ ਪੂਰਾ ਨਿਰਨਾ ਕਰੇ।"

24 ਜੂਨ 1919 ਨੂੰ ਗਾਂਧੀ ਜੀ ਨੇ ਉਸ ਸਮੇਂ ਦੇ ਵਜ਼ੀਰ ਹਿੰਦ, ਮਿਸਟਰ ਮਾਂਟੀਗੋ ਨੂੰ ਫੇਰ ਕੇਬਲ ਦੇ ਕੇ ਇਹੋ ਮੰਗ ਦੁਹਰਾਈ, ਜੋ ਉਹਨੀਂ ਦਿਨੀਂ ਆਪਣੀ ਸੁਧਾਰ ਸਕੀਮ ਰਾਹੀਂ ਹਿੰਦੁਸਤਾਨ ਦੀ ਕੌਮੀ ਲਹਿਰ ਨੂੰ ਕੁਝ ਰਿਆਇਤਾਂ ਦੇਣ ਦੇ ਗੇੜ ਵਿਚ ਸੀ।

ਗਾਂਧੀ ਜੀ ਨੇ 28 ਜੂਨ 1919 ਨੂੰ ਮਿਸਟਰ ਮੁਹੰਮਦ ਅਲੀ ਜਿਨਾਹ ਨੂੰ ਇਹ ਲਿਖਿਆ :

"ਸਾਡੇ ਸੁਧਾਰ ਅਮਲੀ ਤੌਰ ਤੇ ਫਜ਼ੂਲ ਹੋਣਗੇ ਜੇ ਅਸੀਂ ਰੋਲਟ ਐਕਟ ਨੂੰ ਰੱਦ ਨਾ ਕੀਤਾ ਅਤੇ ਪੰਜਾਬ ਦੀਆਂ ਘਟਨਾਵਾਂ ਦੀ ਪੜਤਾਲ ਬਾਰੇ ਇਕ ਮਜ਼ਬੂਤ ਕਮੇਟੀ ਸਥਾਪਤ ਨਾ ਕੀਤੀ।"

ਹਿੰਦ ਸਰਕਾਰ ਅਤੇ ਪੰਜਾਬ ਸਰਕਾਰ ਵਲੋਂ ਪੰਜਾਬ ਵਿਚ ਨਿਆਂ ਦੀਆਂ ਅਦਾਲਤਾਂ ਨੂੰ ਦਬਾ ਕੇ ਮਾਰਸ਼ਲ ਲਾਅ ਪ੍ਰਬੰਧ ਲਾਗੂ ਕਰਨ ਅਤੇ ਜਾਰੀ ਰੱਖਣ ਦੀ ਨੀਤੀ ਵਿਰੁਧ ਵਾਇਸਰਾਏ ਹਿੰਦ ਦੀ ਐਗਜ਼ੇਕਟਿਵ ਕੌਂਸਲ ਦੇ ਇਕ ਮੈਂਬਰ ਸਰ ਸੰਕਰਨ ਨਾਇਰ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ।

ਸਭ ਤੋਂ ਮਹਾਨ ਕਦਮ ਨੋਬਲ ਪੁਰਸਕਾਰ ਪ੍ਰਾਪਤ ਕਰਨ ਵਾਲੇ ਮਹਾਨ ਸਾਹਿੱਤਕਾਰ ਸਰ ਡਾਕਟਰ ਰਾਬਿੰਦਰ ਨਾਥ ਟੈਗੋਰ ਨੇ ਉਠਾਇਆ। ਮਹਾਂ ਕਵੀ ਨੇ ਹਿਜ਼ਐਕਸੀਲੈਂਸੀ



Sri Satguru Jagjit Singh Ji eLibrary NamdhariElibrary@gmail.com

ਵਾਇਸਰਾਏ ਦੇ ਨਾਮ ਬੜੇ ਸਖ਼ਤ ਸ਼ਬਦਾਂ ਵਿਚ ਇਕ ਰੋਸ ਪੱਤਰ ਲਿਖਿਆ, ਜਿਸ ਵਿਚ ਉਹਨਾਂ ਨੇ ਸਰਕਾਰ ਵਲੋਂ ਪੰਜਾਬ ਦੇ ਲੋਕਾਂ ਨਾਲ ਕੀਤੀਆਂ ਵਧੀਕੀਆਂ ਨੂੰ ਇਕ ਗ਼ੈਰ-ਸਭਿਆ ਕਾਰਨਾਮਾ ਦੱਸਿਆ, ਅਤੇ ਬੇਹਥਿਆਰੇ ਅਤੇ ਬੇਬਸ ਲੋਕਾਂ ਤੇ ਸਭ ਵਸੀਲਿਆਂ ਵਾਲੀ ਸਰਕਾਰ ਵਲੋਂ ਇਹਨਾਂ ਅਤਿਆਚਾਰਾਂ ਵਿਰੁਧ ਪਰੋਟੈਸਟ ਕੀਤਾ ਅਤੇ ਇਹ ਲਿਖ ਕੇ ਕਿ ਇਸ ਸਮੇਂ ਮੈਂ ਆਪਣੇ ਲੋਕਾਂ ਦੇ ਨਾਲ ਹਾਂ ਅਤੇ ਉਹਨਾਂ ਤੋਂ ਵੱਖਰਾ ਨਹੀਂ ਦਿਸਣਾ ਚਾਹੁੰਦਾ, ਸਰ ਦਾ ਖ਼ਿਤਾਬ ਵਾਪਸ ਕਰ ਦਿੱਤਾ।

ਅੰਗਰੇਜ਼ ਪਾਦਰੀ ਸੀ. ਐਫ਼. ਐਂਡਰੀਊਜ਼ ਨੇ ਆਪ ਪੰਜਾਬ ਜਾ ਕੇ ਹਾਲਾਤ ਦਾ ਜਾਇਜ਼ਾ ਲੈਣ ਦੀ ਕੋਸ਼ਿਸ਼ ਕੀਤੀ। ਸਰ ਮਾਈਕਲ ਉਡਵਾਇਰ ਨੇ ਉਸ ਨੂੰ ਵੀ ਰੋਕ ਦਿੱਤਾ। ਉਹਨਾਂ ਨੇ ਆਪਣੇ ਇਕ ਮਿੱਤਰ ਦੇ ਨਾਂ ਖ਼ਤ ਵਿਚ ਮਹਾਂ ਕਵੀ ਟੈਗੋਰ ਬਾਰੇ ਲਿਖਿਆ :

"ਜਦੋਂ ਅੰਮ੍ਰਿਤਸਰ ਬਾਰੇ ਖ਼ਬਰ ਆਈ, ਇਸ ਨਾਜ਼ਕ ਅਵਸਰ ਤੇ ਮੈਂ ਕਲਕੱਤੇ ਉਹਨਾਂ ਦੇ ਨਾਲ ਸਾਂ ਅਤੇ ਉਹਨਾਂ ਦੀ ਮਨ ਦੀ ਦੁਖੀ ਅਵਸਥਾ ਨੂੰ ਭੁਲਣਾ ਮੇਰੇ ਲਈ ਅਸੰਭਵ ਹੋਵੇਗਾ। ਉਹਨਾਂ ਦੀ ਰਾਤ ਤੋਂ ਬਾਦ ਰਾਤ ਉਨੀਂਦਰੇ ਬੀਤਣ ਲੱਗੀ। ਰੋਸ ਵਜੋਂ 'ਸਰ' ਦਾ ਖ਼ਿਤਾਬ ਤਿਆਗ ਦੇਣ ਤੋਂ ਬਾਦ ਉਹਨਾਂ ਦੇ ਮਨ ਨੂੰ ਕੁਝ ਸ਼ਾਂਤੀ ਮਿਲੀ।"

ਇਸੇ ਦੌਰਾਨ ਵਿਚ, ਖਾਸ ਤੌਰ ਤੇ ਸਤੰਬਰ ਵਿਚ ਹੋਏ ਇੰਡੀਅਨ ਲੈਜਿਸਲੇਟਿਵ ਕੌਂਸਲ ਵਿਚ ਇਨਡੈਮਨਿਟੀ ਬਿਲ ਦੀ ਬਹਿਸ ਦੇ ਦੌਰਾਨ ਵਿਚ ਜਦ ਪੰਜਾਬ ਵਿਚ ਹੋਈਆਂ ਘਟਨਾਵਾਂ ਪ੍ਰਗਟ ਰੂਪ ਵਿਚ ਸਾਹਮਣੇ ਆਈਆਂ, ਇੰਗਲੈਂਡ ਵਿਚ ਵੀ ਪੂਰੀ ਤਸਵੀਰ ਲੋਕਾਂ ਦੇ ਸਾਹਮਣੇ ਆਉਣੀ ਸ਼ੁਰੂ ਹੋ ਗਈ।

ਨਹੀਂ ਤਾਂ ਉਸ ਤੋਂ ਪਹਿਲਾਂ ਤਾਂ ਵਾਇਸਰਾਏ ਨੇ ਇੰਡੀਆ ਆਫਿਸ ਨੂੰ ਇੰਨੀ ਖ਼ੁਫ਼ੀਆ ਰੀਪੋਰਟ ਕਰ ਕੇ ਹੀ ਚੁੱਪ ਸਾਧ ਲਈ ਸੀ ਕਿ :

"13 ਅਪਰੈਲ ਨੂੰ ਹਜੂਮ ਨੇ, ਅੰਮ੍ਰਿਤਸਰ ਵਿਖੇ ਪਬਲਿਕ ਮੀਟਿੰਗਾਂ ਦੀ ਮਨਾਹੀ ਦੇ ਐਲਾਨ ਦੀ ਖਿਲਾਫ਼ਵਰਜ਼ੀ ਕੀਤੀ — ਗੋਲੀ ਚਲਾਈ ਗਈ। ਦੋ ਸੌ ਮੌਤਾਂ ਹੋਈਆਂ।"

(ਖ਼ੁਫ਼ੀਆ ਰੀਪੋਰਟ 13 ਅਪਰੈਲ 1919)

ਬਰਤਾਨਵੀ ਪਾਰਲੀਮੈਂਟ ਵਿਚ 22 ਦਸੰਬਰ 1919 ਨੂੰ ਕਰਨਲ ਵੈਜਵੁਡ ਬੈਨ, ਲੇਬਰ ਐਮ. ਪੀ., ਨੇ ਅੰਮ੍ਰਿਤਸਰ ਦੀ ਗੜਬੜ ਬਾਰੇ ਆਖਿਆ :

"ਮੈਂ ਅੰਮ੍ਰਿਤਸਰ ਦੇ ਕਤਲਾਮ ਬਾਰੇ ਸੁਆਲ ਉਠਾਉਣਾ ਚਾਹੁੰਦਾ ਹਾਂ ਅਤੇ ਏਸ ਮੁਆਮਲੇ ਵਿਚ, ਇਸ ਮੁਲਕ ਦਾ ਹਿੰਦੁਸਤਾਨ ਬਾਰੇ ਕੀ ਫ਼ਰਜ਼ ਹੈ। ਬਦਕਿਸਮਤੀ ਨਾਲ ਕਤਲਾਮ ਦੇ ਵਿਸਥਾਰ ਬਾਰੇ, ਸਾਨੂੰ ਸਭ ਨੂੰ ਬਹੁਤ ਕੁਝ ਪਤਾ ਹੈ। ਅੰਗਰੇਜ਼ੀ ਅਖ਼ਬਾਰਾਂ ਨੇ ਕੁੱਝ ਇਕ ਨੂੰ ਛੱਡ ਕੇ, ਇਸ ਮਾਮਲੇ ਬਾਰੇ, ਅੰਗਰੇਜ਼ੀ ਦ੍ਰਿਸ਼ਟੀਕੋਣ ਹੀ ਲਿਆ ਹੈ। ਜੋ ਕੁੱਝ ਬੀਤਿਆ ਹੈ, ਸਾਰਾ ਮੁਲਕ ਉਸ ਨਾਲ ਦਹਿਲਿਆ ਪਿਆ ਹੈ।

"ਮੈਂ ਹਾਊਸ ਨੂੰ, ਜੋ ਕੁਝ ਉਥੇ ਬੀਤਿਆ ਹੈ, ਕਿਸੇ ਸੁਣੀ ਸੁਣਾਈ ਗੱਲ ਤੇ ਨਹੀਂ,



Sri Satguru Jagjit Singh Ji eLibrary NamdhariElibrary@gmail.com

ਸਗੋਂ ਮੁਖੀ ਐਕਟਰ ਦੀ ਦਿੱਤੀ ਗਵਾਹੀ ਦੇ ਆਧਾਰ ਤੇ ਯਾਦ ਕਰਵਾਉਣਾ ਚਾਹੁੰਦਾ ਹਾਂ।"

ਉਸ ਨੇ ਅਗੇ ਅੰਮ੍ਰਿਤਸਰ ਤੇ ਜਲ੍ਹਿਆਂ ਵਾਲੇ ਬਾਗ ਦੀਆਂ ਘਟਨਾਵਾਂ ਦਾ ਜ਼ਿਕਰ ਕਰਦਿਆਂ ਆਖਿਆ :

"ਇਕ ਅੰਗਰੇਜ਼ ਸਪੋਰਟਸਮੈਨ ਇਕ ਬਟੇਰੇ ਨੂੰ ਜ਼ਖ਼ਮੀ ਹਾਲਤ ਵਿਚੋਂ ਕੱਢਣ ਲਈ, ਵੱਧ ਤੋਂ ਵੱਧ ਸਮਾਂ ਦੇਣ ਤੇ ਵੱਧ ਤੋਂ ਵੱਧ ਯਤਨ ਕਰਨ ਲਈ ਤਿਆਰ ਰਹਿੰਦਾ ਹੈ। ਪਰ ਇਹ ਜ਼ਖ਼ਮੀ ਲੋਕੀ ਉਥੇ ਦੋ ਦਿਨ ਪਏ ਰਹੇ ਅਤੇ ਹੌਲੀ ਹੌਲੀ ਮਰਦੇ ਰਹੇ। ਜ਼ਰਾ ਸੋਚੋ ਸਹੀ ਇਸ ਦੇ ਕੀ ਅਰਥ ਹਨ ?

"ਅਜਿਹੀ ਕੋਈ ਵੀ ਚੀਜ਼, ਇਸ ਤੋਂ ਪਹਿਲਾਂ ਅੰਗਰੇਜ਼ੀ ਇਤਿਹਾਸ ਵਿਚ ਨਹੀਂ ਵਾਪਰੀ ਅਤੇ ਨਾ ਹੀ ਹਿੰਦੁਸਤਾਨ ਨਾਲ ਸਾਡੇ ਸੰਬੰਧਾਂ ਵਿਚਕਾਰ ਇਸ ਪੱਧਰ ਤੇ ਕਦੀ।

"ਸਾਧਾਰਨ ਅੰਗਰੇਜ਼ੀ ਪਾਠ ਪੁਸਤਕਾਂ ਵਿਚੋਂ ਕੇਵਲ ਇਕੋ ਚੀਜ਼ ਸਾਧਾਰਨ ਪਾਠਕ ਸਿਖਦਾ ਹੈ, ਹਿੰਦੁਸਤਾਨ ਵਿਚ ਬਰਤਾਨਵੀ ਰਾਜ ਬਾਰੇ। ਜਾਂ ਤਾਂ ਕਲਕੱਤੇ ਦਾ ਬਲੈਕ-ਹੋਲ ਦਾ ਹਾਦਸਾ, ਜਾਂ ਕਾਨ੍ਹਪੁਰ ਦਾ ਕਤਲ, ਜਿਥੇ ਕਿ ਇਕ ਖੂਹ ਲਾਸ਼ਾਂ ਨਾਲ ਭਰ ਗਿਆ ਸੀ।

"ਤੁਸੀਂ ਦੇਖੋਗੇ ਕਿ ਸਦੀਆਂ ਤੀਕਰ ਹਿੰਦੁਸਤਾਨੀ ਬੱਚੇ ਇਹਨਾਂ ਥਾਵਾਂ ਤੇ ਲਿਆਂਦੇ ਜਾਣਗੇ, ਜਿਵੇਂ ਕਿ ਉਹ ਕਾਨ੍ਹਪੁਰ ਲਿਜਾਏ ਜਾਂਦੇ ਹਨ। ਕੀ ਤੁਸੀਂ ਨਸਲਾਂ ਤੀਕਰ ਇਹਨਾਂ ਹੌਲਨਾਕ ਕਾਰਿਆਂ ਬਾਰੇ ਹਿੰਦੁਸਤਾਨ ਦੇ ਅਹਿਸਾਸ ਦੀ ਕਲਪਨਾ ਕਰ ਸਕਦੇ ਹੋ ?

"ਤੁਸੀਂ ਉਥੇ ਇਕ ਤੀਰਥ ਬਣਾ ਦਿੱਤਾ ਹੈ। ਹਰ ਸਾਲ ਹਜ਼ਾਰਾਂ ਹਿੰਦੁਸਤਾਨੀਆਂ ਦੇ ਜਲੂਸ, ਸ਼ਹੀਦਾਂ ਦੀ ਸਮਾਧੀ ਤੇ ਸ਼ਰਧਾਂਜਲੀ ਭੇਟ ਕਰਿਆ ਕਰਨਗੇ ਅਤੇ ਅੰਗਰੇਜ਼ ਦਰਸ਼ਕ ਉਨ੍ਹਾਂ ਅੱਗੇ ਨੰਗੇ ਸਿਰ ਖੜ੍ਹਿਆ ਕਰਨਗੇ।

"ਇਸ ਹਾਦਸੇ ਨਾਲ ਤੁਸੀਂ ਸਦਾ ਲਈ ਨਸਲਾਂ ਨੂੰ ਵੰਡ ਦਿੱਤਾ ਹੈ, ਵਰਨਾ ਉਹ ਨਸਲਾਂ ਇਕ ਦੂਜੇ ਨੂੰ ਪਿਆਰ ਕਰਦੀਆਂ।

"ਅਸਲ ਵਿਚ ਸਾਨੂੰ ਸਭ ਨੂੰ ਪਤਾ ਹੈ ਕਿ ਏਸ ਕਿਸਮ ਦੀ ਚੀਜ਼ ਅਤਿ ਦਰਜੇ ਦਾ ਪ੍ਰਸ਼ੀਅਨ-ਇਜ਼ਮ ਹੈ। ਇਸ ਤੋਂ ਭੈੜੀ ਤਾਂ ਕਦੀ ਜਰਮਨੀ ਨੇ ਬੈਲਜੀਅਮ ਵਿਚ ਵੀ ਨਹੀਂ ਕੀਤੀ ਸੀ।

"ਇਸ ਨੇ ਸਦਾ ਲਈ ਸਾਡਾ ਮੂੰਹ ਕਾਲਾ ਕਰ ਦਿਤਾ ਹੈ। ਜਦੋਂ ਵੀ ਅਸੀਂ ਕਿਤੇ ਮਾਨਵਤਾ ਦੀ ਗੱਲ ਕਰਿਆ ਕਰਾਂਗੇ, ਸਾਡੇ ਦੰਦਾਂ ਵਿਚ ਇਹ ਕਹਾਣੀ ਠੋਸ ਦਿੱਤੀ ਜਾਇਆ ਕਰੇਗੀ।"

ਸੈਕਰੇਟਰੀ ਆਫ ਸਟੇਟ ਫਾਰ ਇੰਡੀਆ ਮਿਸਟਰ ਮਾਂਟੀਗੋ ਨੇ ਉਤਰ ਦਿਤਾ ਕਿ ਹਾਲ ਦੀ ਘੜੀ ਇਕ ਇਮਪੀਰੀਅਲ ਟ੍ਰੀਬਿਊਨਲ ਸਾਰੀਆਂ ਘਟਨਾਵਾਂ ਦੀ ਜਾਂਚ ਪੜਤਾਲ ਕਰ ਰਿਹਾ ਹੈ। ਜਦ ਤੀਕਰ ਉਸ ਦੀ ਰੀਪੋਰਟ ਨਹੀਂ ਮਿਲਦੀ, ਕੋਈ ਐਕਸ਼ਨ ਨਹੀਂ ਲਿਆ ਜਾ ਸਕਦਾ।



Sri Satguru Jagjit Singh Ji eLibrary NamdhariElibrary@gmail.com

## ਸਰਕਾਰ-ਪ੍ਰਸਤਾਂ ਦੀ ਬੇਸ਼ਰਮੀ

ਇਕ ਪਾਸੇ ਸਰਕਾਰ ਦੇ ਤਸ਼ੱਦਦ ਵਿਰੁੱਧ ਦੇਸ਼ ਭਰ ਵਿਚ ਪਰੋਟੈਸਟ ਦੀ ਇਕ ਲਹਿਰ ਚਲ ਰਹੀ ਸੀ। ਦੂਜੇ ਪਾਸੇ ਕਈ ਸ਼ਰਮਨਾਕ ਘਟਨਾਵਾਂ ਵੀ ਹੋ ਰਹੀਆਂ ਸਨ। ਇਹਨਾਂ ਵਿਚੋਂ ਸਭ ਤੋਂ ਵਧੇਰੇ ਸ਼ਰਮਨਾਕ ਘਟਨਾ ਇਹ ਸੀ :

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਰਬਰਾਹ ਸਰਦਾਰ ਬਹਾਦਰ ਅਰੂੜ ਸਿੰਘ ਨੇ ਜਨਰਲ ਡਾਇਰ ਅਤੇ ਬ੍ਰਗੇਡ ਮੇਜਰ ਕੈਪਟਨ ਬ੍ਰਿਗਜ਼ ਨੂੰ ਜਲ੍ਹਿਆਂਵਾਲੇ ਬਾਗ ਵਿਚ ਗੋਲੀ ਚੱਲਣ ਦੇ 17 ਦਿਨ ਬਾਅਦ 30 ਅਪਰੈਲ ਨੂੰ ਦਰਬਾਰ ਸਾਹਿਬ ਵਿਖੇ ਬੁਲਾ ਕੇ ਸਰੋਪਾ ਦਿੱਤਾ। ਅਰੂੜ ਸਿੰਘ ਨੁਸ਼ਹਿਰਾ ਜ਼ਿਲ੍ਹਾ ਅੰਮ੍ਰਿਤਸਰ ਦਾ ਸੀ, ਜੋ ਉਸ ਸਮੇਂ ਦਾ ਬੜਾ ਤਕੜਾ ਸਰਕਾਰ-ਪ੍ਰਸਤ ਅਤੇ ਦੇਸ਼-ਗ਼ਦਾਰ ਸੀ, ਜਿਸ ਕੋਲ 33 ਮੁਰੱਬੇ ਚਨਾਬ ਕਨਾਲ ਵਿਚ ਅਤੇ 800 ਘੁਮਾਂ ਜ਼ਮੀਨ ਜ਼ਿਲ੍ਹਾ ਅੰਮ੍ਰਿਤਸਰ ਵਿਚ ਸੀ। ਇਸ ਤੋਂ ਇਲਾਵਾ ਨਕਦ ਜਗੀਰ ਵੱਖਰੀ ਸੀ।

ਜਨਰਲ ਡਾਇਰ ਦੀ ਜੀਵਨੀ ਲਿਖਣ ਵਾਲੇ ਮਿਸਟਰ ਕਾਲਵਿਨ ਨੇ ਇਉਂ ਬਿਆਨ ਕੀਤਾ ਹੈ :

"ਸਾਹਿਬ, ਉਹਨਾਂ ਕਿਹਾ, ਤੁਹਾਨੂੰ ਤਾਂ ਸਿੱਖ ਸਜ ਜਾਣਾ ਚਾਹੀਦਾ ਹੈ। ਜਿਵੇਂ ਕਿ ਨਿਕਲੇਸਨ ਸਾਹਿਬ (ਗ਼ਦਰ ਵੇਲੇ ਦਾ ਇਕ ਜਨਰਲ)। ਜਨਰਲ ਨੇ ਇਹ ਮਾਣ ਦੇਣ ਲਈ ਉਹਨਾਂ ਦਾ ਧੰਨਵਾਦ ਕੀਤਾ। ਪਰ ਇਤਰਾਜ਼ ਕੀਤਾ ਕਿ ਉਹ ਬਰਤਾਨਵੀ ਫ਼ੌਜ ਦਾ ਅਫ਼ਸਰ ਹੁੰਦਿਆਂ ਹੋਇਆਂ ਆਪਣੇ ਕੇਸ ਲੰਬੇ ਨਹੀਂ ਵਧਾ ਸਕਦਾ।

ਅਰੂੜ ਸਿੰਘ ਹੱਸਿਆ, "ਅਸੀਂ ਤੁਹਾਨੂੰ ਲੰਬੇ ਕੇਸ ਰੱਖਣ ਤੋਂ ਛੋਟ ਦੇ ਦਿਆਂਗੇ।"

ਜਨਰਲ ਡਾਇਰ ਨੇ ਇਕ ਹੋਰ ਇਤਰਾਜ਼ ਕੀਤਾ, "ਪਰ ਮੈਂ ਤਬਾਕੂ ਪੀਣਾ ਨਹੀਂ ਛੱਡ ਸਕਦਾ।"

"ਉਹ ਤਾਂ ਤੁਹਾਨੂੰ ਛੱਡਣਾ ਪਵੇਗਾ।" ਅਰੂੜ ਸਿੰਘ ਨੇ ਕਿਹਾ।

"ਨਹੀਂ" ਜਨਰਲ ਨੇ ਕਿਹਾ। "ਮੈਨੂੰ ਬੜਾ ਅਫਸੋਸ ਹੈ, ਪਰ ਮੈਂ ਤਮਾਕੂ ਪੀਣਾ ਨਹੀਂ ਛੱਡ ਸਕਦਾ।'

ਗ੍ਰੰਥੀ ਜੀ ਨੇ ਆਖਿਆ "ਅਸੀਂ ਤੁਹਾਨੂੰ ਹੌਲੀ ਹੌਲੀ ਛੱਡਣ ਦੀ ਖੁੱਲ੍ਹ ਦੇ ਸਕਦੇ ਹਾਂ।"

"ਇਹਦਾ ਮੈਂ ਵਾਅਦਾ ਕਰਦਾ ਹਾਂ। ਸਾਲ ਦੀ ਇਕ ਸਿਗਰਟ ਛੱਡ ਦਿਆ ਕਰਾਂਗਾ।" ਜਨਰਲ ਡਾਇਰ ਨੇ ਉੱਤਰ ਦਿੱਤਾ।

ਮਿਸਟਰ ਕਾਲਵਿਨ ਨੇ ਇਹ ਵੀ ਲਿਖਿਆ ਹੈ ਕਿ ਗੁਰੂਸਰ ਸੁਤਲਾਨੀ ਦੇ ਗੁਰਦੁਆਰੇ ਦੇ ਮਹੰਤ ਕਿਰਪਾਲ ਸਿੰਘ ਨੇ ਡਾਇਰ ਦੀ ਗੁਰਦੁਆਰੇ ਵਿਚ ਯਾਦਗਾਰ ਬਣਾਉਣ ਲਈ ਵੀ ਕਿਹਾ।

ਲੈਫਟੀਨੈਂਟ ਗਵਰਨਰ ਸਰ ਮਾਈਕਲ ਓਡਵਾਇਰ ਦੇ ਪੰਜਾਬ ਛੱਡਣ ਤੇ ਉਸ ਨੂੰ



Sri Satguru Jagjit Singh Ji eLibrary NamdhariElibrary@gmail.com

ਵਿਦਾਇਗੀ ਪੱਤਰਾਂ ਵਿਚ ਹਿੰਦੂ, ਮੁਸਲਮਾਨ ਅਤੇ ਸਿੱਖ ਸਰਕਾਰ-ਪ੍ਰਸਤਾਂ ਨੇ ਜਿਸ ਬੇਸ਼ਰਮੀ ਦਾ ਮੁਜ਼ਾਹਰਾ ਕੀਤਾ, ਉਸ ਨੂੰ ਪੜ੍ਹ ਕੇ ਅਜ ਦੀਆਂ ਨਸਲਾਂ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ।

12 ਮਈ 1919 ਨੂੰ ਲਾਹੌਰ ਗੌਰਮੈਂਟ ਹਾਊਸ ਵਿਖੇ, ਸਵੇਰ ਵੇਲੇ ਵੱਖ ਵੱਖ ਫਿਰਕਿਆਂ ਵਲੋਂ ਸਰ ਮਾਈਕਲ ਉਡਵਾਇਰ ਦੇ ਰੀਟਾਇਰ ਹੋਣ ਤੇ, ਉਸ ਨੂੰ ਵਿਦਾਇਗੀ ਐਡਰੈਸ ਪੇਸ਼ ਕੀਤੇ ਗਏ।

ਇਸ ਅਵਸਰ ਤੇ ਉਡਵਾਇਰ ਦੀ ਪਤਨੀ, ਮੇਜਰ ਜਨਰਲ ਸਰ ਵਿਲੀਅਮ ਬੇਨਨ, ਮਿਸਟਰ ਮੇਨਾਰਡ, ਮਿਸਟਰ ਫਾਗਨ ਫਿਸਾਨਸ਼ਲ ਕਮਿਸ਼ਨਰ, ਮਿਸਟਰ ਥਾਮਪਸਨ ਚੀਫ ਸੈਕ੍ਰੇਟਰੀ, ਬਰਗੇਡੀਅਰ ਜਨਰਲ ਕਲਾਰਕ, ਮਿਸਟਰ ਕਿਚਨ, ਕਮਿਸ਼ਨਰ ਲਾਹੌਰ, ਲੈਫਟੀਨੈਂਟ ਕਰਨਲ ਜਾਹਨਸਨ, ਮਿਸਟਰ ਸਟੀਊਆਰਟ ਆਈ. ਜੀ. ਪੁਲੀਸ ਪੰਜਾਬ, ਮਿਸਟਰ ਫਿਸਨ ਡਿਪਟੀ ਕਮਿਸ਼ਨਰ ਲਾਹੌਰ ਅਤੇ ਉਹਨਾਂ ਦਾ ਅਮਲਾ ਫੈਲਾ ਮੌਜੂਦ ਸੀ।

ਮੁਸਲਿਮ ਫਿਰਕੇ ਦੇ ਆਧਾਰ ਤੇ ਖ਼ਾਨ ਬਹਾਦਰ ਸਈਅਦ ਮਹਿਦੀ ਸ਼ਾਹ ਓ.ਬੀ.ਈ. ਨੇ ਐਡਰੈਸ ਪੇਸ਼ ਕੀਤਾ ਜਿਸ ਵਿਚ ਕਿਹਾ ਗਿਆ :

"ਪੰਜਾਬ ਹਿੰਦੁਸਤਾਨ ਦਾ ਤਲਵਾਰ ਵਾਲਾ ਹੱਥ ਕਹਾਉਣ ਦਾ ਹੱਕ ਰਖਦਾ ਹੈ।" ਉਸ ਨੇ ਪੰਜਾਬ ਵਲੋਂ ਭਿਆਨਕ ਸੰਸਾਰ ਜੰਗ ਵਿਚ ਅਦਾ ਕੀਤੇ ਹਿੱਸੇ ਦਾ ਜ਼ਿਕਰ ਕੀਤਾ, ਅਤੇ ਇਹ ਇਸ਼ਾਰਾ ਕੀਤਾ, ਕਿ "ਇਸ ਸੂਬੇ ਵਿਚ ਰਹਿਣ ਵਾਲੀ ਮੁਸਲਿਮ ਰਿਆਇਆ ਨੇ ਬਹੁਤ ਪ੍ਰੀਖਿਆ ਦੀ ਘੜੀ ਵਿਚ ਬੇਮਿਸਾਲ ਅਤੇ ਵਿਸ਼ੇਸ਼ ਵਫ਼ਾਦਾਰੀ ਦਾ ਸਬੂਤ ਦਿੱਤਾ ਹੈ।"...

"...ਭਾਵੇਂ ਤੁਹਾਡੀ ਸ਼ਾਨਦਾਰ ਸਰਕਾਰ ਦੇ ਕਾਨੂੰਨ ਅਤੇ ਅਮਨ ਦੇ ਦੁਸ਼ਮਣਾਂ ਨੇ ਇਕ ਸੰਘਠਤ ਸਾਜ਼ਿਸ਼ ਦੇ ਨਤੀਜੇ ਵਜੋਂ ਉਹ ਲੋਕਾਂ ਦੇ ਇਕ ਭਾਗ ਨੂੰ ਫਸਾਦਾਂ ਅਤੇ ਗੜਬੜ ਵਿਚ ਪਾਉਣ ਵਿਚ ਸਫਲ ਹੋਏ ਹਨ, ਪਰ ਹਜ਼ੂਰ ਦੀ ਦੂਰ ਅੰਦੇਸ਼ੀ, ਸਟੇਟਸਮੈਨਸ਼ਿਪ ਅਤੇ ਦਰਿੜ੍ਹਤਾ ਨੇ ਮਾਰਸ਼ਲ ਲਾਅ ਦੇ ਤੇਜ਼ ਅਤੇ ਪ੍ਰਭਾਵਸ਼ਾਲੀ ਢੰਗਾਂ ਨੂੰ ਵਰਤਦੇ ਹੋਏ ਹਾਲਾਤ ਨੂੰ ਛੇਤੀ ਠੀਕ ਕਰ ਦਿੱਤਾ।...ਅਸੀਂ ਸਾਰੇ ਬਾਦਸ਼ਾਹ ਸਲਾਮਤ ਦੇ ਬੜੇ ਸ਼ੁਕਰ ਗੁਜ਼ਾਰ ਹਾਂ ਕਿ ਉਹਨਾਂ ਤੁਹਾਡੇ ਔਹਦੇ ਦੀ ਹੋਰ ਮਿਆਦ ਵਧਾਈ ਸੀ।...

"ਹਜ਼ੂਰ ਨੇ ਤਬਾਹਕਰੂ ਗ਼ਦਰ ਲਹਿਰ ਨੂੰ ਦਬਾ ਕੇ ਸੂਬੇ ਨੂੰ ਬੜੇ ਅਹਿਸਾਨ ਥੱਲੇ ਦੱਬ ਦਿੱਤਾ ਹੈ।...

"ਅਸੀਂ ਮੁਸਲਿਮ ਜਿਹਨਾਂ ਦੀ ਭਲਾਈ ਤੇ ਮੁਫਾਦ, ਵਸੋਂ ਦੇ ਇਕ ਮਹੱਤਵਪੂਰਨ ਭਾਗ ਦੇ ਤੌਰ ਤੇ, ਬਰਤਾਨਵੀ ਸਰਕਾਰ ਦੀ ਭਲਾਈ ਅਤੇ ਮੁਫਾਦ ਨਾਲ ਅਟੁਟ ਜੁੜੇ ਹੋਏ ਹਨ, ਅਤੇ ਜਿਹਨਾਂ ਦਾ ਆਪਣੇ ਬਾਦਸ਼ਾਹ ਦਾ ਹੁਕਮ ਮੰਨਣਾ ਇਕ ਮਜ਼ਬੀ ਫ਼ਰਜ਼ ਹੈ, ਗ਼ੈਰ ਸਰਗਰਮ ਮੁਕਾਬਲੇ ਤੋਂ ਆਪਣੇ ਆਪ ਨੂੰ ਬਿਲਕੁਲ ਅਲਿਹਦਾ ਦੱਸਣ ਦਾ ਮੌਕਾ ਲੈਂਦੇ ਹਾਂ।"



Sri Satguru Jagjit Singh Ji eLibrary NamdhariElibrary@gmail.com

ਐਡਰੈਸ ਪੇਸ਼ ਕਰਨ ਵਾਲਿਆਂ ਵਿਚ ਇਹ ਲੋਕ ਸ਼ਾਮਲ ਸਨ :
ਮੇਜਰ ਮਲਿਕ ਸਰ ਉਮਰ ਹਿਆਤ ਖਾਂ ਟਿਵਾਣਾ K. C. I. E. M. V. O.
—ਸ਼ਾਹਪੁਰ

ਨਵਾਬ ਜ਼ੁਲਫਿਕਾਰ ਅਲੀ ਖਾਂ C.S.I.—ਮਲੇਰ ਕੋਟਲਾ
ਖਾਨ ਬਹਾਦਰ ਮੀਆਂ ਮੁਹੰਮਦ ਸ਼ਫੀ C.I.E.—ਲਾਹੌਰ
ਖ਼ੁਆਜਾ ਯੂਸਫ ਸ਼ਾਹ—ਅੰਮ੍ਰਿਤਸਰ
ਖ਼ਾਨ ਬਹਾਦਰ ਸਈਅਦ ਮਹਿਦੀ ਸ਼ਾਹ—ਗੋਜਰਾ
ਨਵਾਬ ਹਾਜੀ ਫਤਿਹ ਅਲੀ ਖਾਂ C.I.E. ਕਜ਼ਲਬਾਸ਼—ਲਾਹੌਰ
ਲੈਫਟੀਨੈਂਟ ਨਵਾਬ ਇਬ੍ਰਾਹੀਮ ਅਲੀ ਖਾਂ—ਕੁੰਜਪੁਰਾ
ਸਰਦਾਰ ਜਮਾਲ ਖਾਂ ਲਗ਼ਾਰੀ ਚੀਫ—ਡੇਰਾ ਗ਼ਾਜ਼ੀ ਖਾਂ
ਖ਼ਾਨ ਬਹਾਦਰ ਸਰਦਾਰ ਅਬਦੁਲ ਰਹਿਮਾਨ ਖਾਂ—ਲਾਹੌਰ
ਖ਼ਾਨ ਬਹਾਦਰ ਸ਼ੇਖ਼ ਰਿਆਜ਼ ਹਸੈਨ C.I.E.—ਮੁਲਤਾਨ
ਹਾਜੀ ਸਮਸ਼ਉਦੀਨ—ਲਾਹੌਰ
ਖ਼ਾਨ ਬਹਾਦਰ ਸ਼ੇਖ਼ ਨਸੀਰਉਦੀਨ—ਲਾਹੌਰ
ਖ਼ਾਨ ਬਹਾਦਰ ਮੀਰ ਮੁਹੰਮਦ ਖਾਂ—ਸ਼ਿਮਲਾ
ਖ਼ਾਨ ਬਹਾਦਰ ਮਿਹਰ ਅਲਾ ਯਾਰ ਖਾਂ—ਮੁਲਤਾਨ
ਸ਼ੇਖ਼ ਖ਼ਾਨ ਮੁਹੰਮਦ ਖਾਂ ਫਾਰੂਕੀ—ਰਾਵਲਪਿੰਡੀ
ਖ਼ਾਨ ਬਹਾਦਰ ਡਾਕਟਰ ਅਮੀਰ ਸ਼ਾਹ—ਲਾਹੌਰ
ਖ਼ਾਨ ਬਹਾਦਰ ਸ਼ੇਖ਼ ਗੁਲਾਮ ਸਾਦਿਕ—ਅੰਮ੍ਰਿਤਸਰ
ਖ਼ਾਨ ਸਾਹਿਬ ਖ਼ੁਆਜਾ ਗੁਲ ਮੁਹੰਮਦ—ਫੀਰੋਜ਼ਪੁਰ
ਚੌਧਰੀ ਸ਼ਹਾਬਦੀਨ, ਪਲੀਡਰ—ਲਾਹੌਰ
ਚੌਧਰੀ ਕਰਮ ਇਲਾਹੀ—ਗੁਜਰਾਂਵਾਲਾ
ਸ਼ੇਖ਼ ਅਬਦੁਲ ਕਾਦਰ ਬੀ. ਏ.
ਖ਼ਾਨ ਬਸ਼ੀਰ ਅਲੀ ਖਾਂ
ਮੌਲਵੀ ਮਹਿਮੂਦ ਆਲਮ
ਮੀਆਂ ਹੱਕ ਨਿਵਾਜ਼ ਖਾਂ
ਚੌਧਰੀ ਜ਼ਫਰੁਲਾ ਖਾਂ

ਸਿੱਖ ਫਿਰਕੇ ਦੇ ਆਧਾਰ ਤੇ ਸਰਦਾਰ ਬਹਾਦਰ ਸਰਦਾਰ ਸੁੰਦਰ ਸਿੰਘ ਮਜੀਠੀਏ ਨੇ ਇਹ ਐਡਰੈਸ ਪੜ੍ਹਿਆ। ਇਸ ਵਿਚ ਸਿੱਖਾਂ ਵਲੋਂ ਸਰਕਾਰ ਨੂੰ ਜੰਗੀ ਸਰਗਰਮੀਆਂ ਵਿਚ ਦਿੱਤੀ ਮਿਲਵਰਤਨ ਅਤੇ ਸਹਾਇਤਾ, ਮਾਂਟੇਗੋ ਚੈਮਸਫੋਰਡ ਰੀਫਾਰਮ ਸਕੀਮ ਅਧੀਨ ਸਿੱਖਾਂ ਨੂੰ ਮਿਲੀ ਵੱਖਰੀ ਪ੍ਰਤੀਨਿਧਤਾ ਅਤੇ ਸੱਚੇ ਸਿੱਖਾਂ ਨੂੰ ਪ੍ਰਤੀਨਿਧ ਲਏ ਜਾਣ ਦਾ ਜ਼ਿਕਰ ਸੀ। ਇਸ ਤੋਂ ਇਲਾਵਾ ਇਹ ਵੀ ਕਿਹਾ ਗਿਆ :

"...ਵਕਤ ਜਿਹਦੇ ਵਿਚ ਦੀ ਅਸੀਂ ਲੰਘ ਚੁਕੇ ਹਾਂ, ਬੜਾ ਸਖ਼ਤ ਅਤੇ ਚਿੰਤਾਜਨਕ ਸੀ। ਅਤੇ ਆਪਣੀ ਦਰਿੜ੍ਹਤਾ, ਸਿਆਣਪ ਅਤੇ ਭਿੰਨ ਭਿੰਨ ਤਜਰਬੇ



Sri Satguru Jagjit Singh Ji eLibrary NamdhariElibrary@gmail.com

ਨਾਲ ਤੁਸੀਂ ਸੂਬੇ ਦੇ ਲੋਕਾਂ ਨੂੰ ਉਹਨਾਂ ਦੇ (ਬਰਤਾਨਵੀ) ਸਲਤਨਤ ਪ੍ਰਤੀ ਕਰਤਵਾਂ ਨੂੰ ਕੀਮਤੀ ਅਤੇ ਯੋਗ ਢੰਗ ਨਾਲ ਨਿਭਾਉਣ ਲਈ ਅਗਵਾਈ ਦਿੱਤੀ। ਇਹ ਸਭ ਹਜ਼ੂਰ ਦੇ, ਹਾਲਾਤ ਨੂੰ ਸਿਆਣਪ ਨਾਲ ਨਜਿੱਠਣ ਨਾਲ ਹੋਇਆ। ਉਦੋਂ ਜਦੋਂ ਕਿ ਸੰਸਾਰ ਜੰਗ ਜਾਰੀ ਸੀ, ਲੋਕ ਆਪਣੇ ਘਰਾਂ ਵਿਚ ਆਰਾਮ ਦਿਹ ਜੀਵਨ ਗੁਜ਼ਾਰ ਰਹੇ ਸਨ।...

"...ਇਹ ਬੜੇ ਅਫ਼ਸੋਸ ਦਾ ਮਾਮਲਾ ਹੈ, ਕਿ ਹਜ਼ੂਰ ਦੀ ਸਫਲ ਹਕੂਮਤ ਦੇ ਅੰਤ ਤੇ ਕੁਝ ਬਦਮਾਸ਼ ਲੋਕਾਂ ਵਲੋਂ ਮੁਲਕ ਦੇ ਅਮਨ ਨੂੰ ਬੇਦਰਦੀ ਨਾਲ ਤਬਾਹ ਕਰਨ ਦੀ ਸ਼ਰਾਰਤ ਭਰੀ ਕੋਸ਼ਿਸ਼ ਕੀਤੀ ਗਈ। ਅਤੇ ਕਈਆਂ ਥਾਵਾਂ ਤੇ ਜ਼ੁਲਮ ਢਾਏ ਗਏ, ਜਿਹਨਾਂ ਨੇ ਸੂਬੇ ਦੇ ਪਵਿਤਰ ਨਾਮ ਨੂੰ ਦਾਗ਼ਦਾਰ ਕੀਤਾ। ਪਰ ਤੁਹਾਡੀ ਹਜ਼ੂਰ ਦੀ ਹਾਲਾਤ ਉਤੇ ਮਜ਼ਬੂਤ ਪਕੜ ਅਤੇ ਅਪਣਾਈਆਂ ਗਈਆਂ ਤਦਬੀਰਾਂ ਨੇ ਬੁਰਾਈ ਨੂੰ ਮੁਢ ਵਿਚ ਹੀ ਨੱਪ ਲਿਆ।...

"...ਪਰ ਸਾਡੇ ਲਈ ਇਹ ਮੁਬਾਰਕਬਾਦ ਦਾ ਮਾਮਲਾ ਹੈ ਕਿ ਸਾਡੇ ਫਿਰਕੇ ਨੇ ਆਪਣੇ ਆਪ ਨੂੰ ਇਸ ਗੜਬੜ ਨਾਲ ਜੁੜਨ ਤੋਂ ਵੱਖਰਾ ਰਖਿਆ ਹੈ। ਹਿਜ਼ ਮੈਜਿਸਟੀ ਬਾਦਸ਼ਾਹ ਸਲਾਮਤ ਦੇ ਤਖਤ ਵਲ ਆਪਣੀ ਰਵਾਇਤੀ ਵਫ਼ਾਦਾਰੀ ਅਤੇ ਸ਼ਰਧਾ ਨੂੰ ਦਾਗ਼ ਨਹੀਂ ਲੱਗਣ ਦਿੱਤਾ।"

ਐਡਰੈਸ ਪੇਸ਼ ਕਰਨ ਵਾਲਿਆਂ ਵਿਚ ਹੇਠ ਲਿਖੇ ਸਿੱਖ ਪ੍ਰਤੀਨਿਧ ਸ਼ਾਮਲ ਸਨ :

ਸਰਦਾਰ ਬਹਾਦਰ ਗੱਜਣ ਸਿੰਘ O.B.E.—ਨਾਰੰਗਵਾਲ
ਸਰਦਾਰ ਜੈ ਸਿੰਘ ਪਲੀਡਰ
ਸਰਦਾਰ ਸਾਹਿਬ ਮਹਿਤਾਬ ਸਿੰਘ
ਸਰਦਾਰ ਬਹਾਦਰ ਸੁੰਦਰ ਸਿੰਘ—ਗੁੱਜਰ ਖਾਂ
ਆਨਰੇਰੀ ਲੈਫਟੀਨੈਂਟ ਸਰਦਾਰ ਬਹਾਦਰ ਰਾਜਿੰਦਰ ਸਿੰਘ ਆਫ ਲੋਕੋ
ਸੋਢੀ ਲਾਲ ਸਿੰਘ—ਫੀਰੋਜ਼ਪੁਰ
ਚੋਧਰੀ ਬਸੰਤ ਸਿੰਘ—ਜਾਲੰਧਰ
ਸਰਦਾਰ ਰਾਮ ਸਿੰਘ ਕਾਬਲੀ
ਰਾਏ ਸਾਹਿਬ ਸਰਦਾਰ ਵਿਸਾਖਾ ਸਿੰਘ—ਦਿੱਲੀ
ਸਰਦਾਰ ਮਿਹਰ ਸਿੰਘ ਚਾਵਲਾ—ਲਾਹੌਰ
ਸ. ਸਾਹਿਬ ਸੁੰਦਰ ਸਿੰਘ ਭੰਗਰਾਇਨ
ਆਨਰੇਰੀ ਲੈਫਟੀਨੈਂਟ ਸਰਦਾਰ ਜਗਬੀਰ ਸਿੰਘ O.B.E.
ਸ. ਝੰਡਾ ਸਿੰਘ ਮਲਵਈ
ਭਾਈ ਗੁਰਬਖਸ਼ ਸਿੰਘ ਗਿਆਨੀ
ਸ. ਜੋਗਿੰਦਰ ਸਿੰਘ ਏਰੂ
ਭਾਈ ਹਰਨਾਮ ਸਿੰਘ—ਲਾਹੌਰ
ਮਹੰਤ ਨਰਾਇਣ ਸਿੰਘ—ਨੌਰੰਗਾਬਾਦ



Sri Satguru Jagjit Singh Ji eLibrary NamdhariElibrary@gmail.com

ਭਾਈ ਗੁਰਬਚਨ ਸਿੰਘ ਗਰੰਥੀ
ਡਾਕਟਰ ਕਰਤਾਰ ਸਿੰਘ ਕੁਰਦੇਂਦਾ ਆਫ ਰਾਵਲਪਿੰਡੀ
ਸ. ਬਸੰਤ ਸਿੰਘ C.I.E.—ਅੰਮ੍ਰਿਤਸਰ
ਸ. ਗੁਲਜ਼ਾਰ ਸਿੰਘ—ਖਾਨੇਵਾਲ
ਮਹੰਤ ਰਘਬੀਰ ਸਿੰਘ ਆਫ ਰਮਦਾਸ
ਭਾਈ ਤਖ਼ਤ ਸਿੰਘ—ਫ਼ੀਰੋਜ਼ਪੁਰ
ਸ. ਖ਼ਜ਼ਾਨ ਸਿੰਘ ਬਾਰ.ਐਟ.ਲਾ—ਲਾਇਲਪੁਰ
ਭਾਈ ਗੁਰਦਿਤ ਸਿੰਘ—ਲਾਹੌਰ
ਸ. ਪ੍ਰਤਾਪ ਸਿੰਘ—ਲਾਹੌਰ
ਕੈਪਟਨ ਗੋਪਾਲ ਸਿੰਘ—ਭਾਗੋਵਾਲ
ਸਰਦਾਰ ਬਹਾਦਰ ਸਰਦਾਰ ਸੁੰਦਰ ਸਿੰਘ ਮਜੀਠੀਆ

ਰਾਜਾ ਨਰਿੰਦਰ ਨਾਥ ਨੇ ਹਿੰਦੂ ਕਮਿਊਨਿਟੀ ਵਲੋਂ ਐਡਰੇਸ ਪੜ੍ਹਿਆ, ਜਿਸ ਵਿਚ ਇਹ ਪ੍ਰਗਟ ਕਰਨ ਦਾ ਯਤਨ ਕੀਤਾ ਗਿਆ, ਕਿ ਹਿੰਦੂ, ਸਿੱਖਾਂ ਅਤੇ ਮੁਸਲਮਾਨਾਂ ਤੋਂ ਘੱਟ ਵਫ਼ਾਦਾਰ ਨਹੀਂ। ਚੂੰਕਿ ਸਤਿਆਗ੍ਰਹਿ ਦੀ ਲਹਿਰ, ਅਤੇ ਰੋਲਟ ਐਕਟ ਵਿਰੁੱਧ ਸੰਗ੍ਰਾਮ ਵਿਚ ਹਿੰਦੂ ਪੜ੍ਹੀ ਲਿਖੀ ਸ਼੍ਰੇਣੀ ਵਿਸ਼ੇਸ਼ ਕਰ ਕੇ ਵਿਦਿਆਰਥੀ ਤੇ ਵਕੀਲ ਵਧੇਰੇ ਅੱਗੇ ਅੱਗੇ ਸਨ। ਹਿੰਦੂ ਸਰਕਾਰ ਪ੍ਰਸਤਾਂ ਨੂੰ, ਸਰਕਰ ਪ੍ਰਤੀ ਆਪਣੀ ਵਫ਼ਾਦਾਰੀ ਦਿਖਾਉਣ ਲਈ ਵਧੇਰੇ ਜ਼ੋਰ ਲਗਾਉਣਾ ਪਿਆ। ਉਹਨਾਂ ਆਪਣੇ ਐਡਰੈਸ ਵਿਚ ਕਿਹਾ :

"ਸਾਨੂੰ ਬੜਾ ਅਫਸੋਸ ਹੈ ਕਿ ਹਜ਼ੂਰ ਦੇ ਕੈਰੀਅਰ (ਗਵਰਨਰੀ) ਦੇ ਅੰਤਲੇ ਕੁਝ ਦਿਨਾਂ ਵਿਚ ਗ਼ਲਤ ਰਾਹੇ ਪਾਏ ਗਏ ਆਦਮੀਆਂ ਨੇ ਮੂਰਖਤਾ-ਭਰੇ ਅਤੇ ਸ਼ੈਤਾਨੀ ਕਾਰੇ ਕੀਤੇ ਹਨ।...

"...ਅਸੀਂ ਤਸ਼ੱਦਦ ਅਤੇ ਕਾਨੂੰਨ ਰਹਿਤ ਸਾਰੇ ਕਾਰਿਆਂ ਦੀ ਪੁਰਜ਼ੋਰ ਨਿਖੇਧੀ ਕਰਦੇ ਹਾਂ। ਸਾਨੂੰ ਨਿੱਜੀ ਅਤੇ ਸਰਕਾਰੀ ਸੰਪਤੀ ਨੂੰ ਹਾਨੀ ਪਹੁੰਚਾਏ ਜਾਣ ਦਾ ਬਹੁਤ ਅਫਸੋਸ ਹੈ।...

"...ਸਾਡਾ ਇਹ ਪੱਕਾ ਵਿਸ਼ਵਾਸ਼ ਹੈ, ਕਿ ਬਰਤਾਨਵੀ ਸੁਰੱਖਿਆ ਭਾਰਤ ਵਿਚ ਮਿਹਰ ਭਰੀ ਦੇਖ ਭਾਲ ਲਿਆਈ ਹੈ।...

"...ਜਿਸ ਫਿਰਕੇ ਦੀ ਅਸੀਂ ਪ੍ਰਤੀਨਿਧਤਾ ਕਰਦੇ ਹਾਂ, ਉਸ ਵਲੋਂ ਅਸੀਂ ਸਰਕਾਰ ਨੂੰ ਪੱਕੀ ਵਫ਼ਾਦਾਰੀ ਅਤੇ ਦਿਲੀ ਸਹਾਇਤਾ ਦਾ ਯਕੀਨ ਦਿਵਾਉਂਦੇ ਹਾਂ। ਅਸੀਂ ਖ਼ੁਸ਼ੀ ਨਾਲ ਆਪਣੀਆਂ ਸਭ ਸੇਵਾਵਾਂ ਸਰਕਾਰ ਦੇ ਪੇਸ਼ ਕਰਦੇ ਹਾਂ।" ਸਭ ਹਿੰਦੂਆਂ ਦੇ ਆਪਣੇ ਆਪ ਨੂੰ ਪ੍ਰਤੀਨਿਧ ਦੱਸਣ ਵਾਲੇ ਇਹ ਵਿਅਕਤੀ ਸਨ :

ਰਾਜਾ ਨਰਿੰਦਰ ਨਾਥ ਦੀਵਾਨ ਬਹਾਦਰ
ਰਾਜਾ ਫਤਿਹ ਸਿੰਘ M.B.E.—ਸ਼ੇਖ਼ੂਪੁਰ
ਰਾਏ ਬਹਾਦਰ ਰਾਮ ਸਰਨ ਦਾਸ C.I.E.



Sri Satguru Jagjit Singh Ji eLibrary NamdhariElibrary@gmail.com

ਰਾਏ ਬਹਾਦਰ ਬਖ਼ਸ਼ੀ ਸੋਹਣ ਲਾਲ—ਕਾਂਗੜਾ
ਰਾਏ ਬਹਾਦਰ ਚੌਧਰੀ ਲਾਲ ਚੰਦ O.B.E.—ਰੋਹਤਕ
ਰਾਏ ਬਹਾਦਰ ਹਰੀ ਚੰਦ—ਮੁਲਤਾਨ
ਰਾਏ ਬਹਾਦਰ ਮੋਹਣ ਲਾਲ
ਰਾਏ ਬਹਾਦਰ ਮਿਲਖੀ ਰਾਮ
ਰਾਏ ਬਹਾਦਰ ਗੰਗਾ ਰਾਮ C.I.E., M.V.O.
ਦੀਵਾਨ ਕਰਿਸ਼ਨ ਕਿਸ਼ੋਰ ਧਾਰੀਵਾਲਾ
ਰਾਏ ਸਾਹਿਬ ਡਾਕਟਰ ਹੀਰਾ ਲਾਲ
ਰਾਏ ਬਹਾਦਰ ਸੇਵਕ ਰਾਮ—ਲਾਇਲਪੁਰ
ਲਾਲਾ ਕਰਮ ਚੰਦ ਪੁਰੀ
ਪੰਡਿਤ ਰਿਖੀ ਰਾਮ
ਰਾਏ ਸਾਹਿਬ ਮੂਲ ਚੰਦ ਸਹਿਗਲ
ਰਾਏ ਬਹਾਦਰ ਚੂਨੀ ਲਾਲ—ਗੁਰਦਾਸਪੁਰ
ਰਾਏ ਬਹਾਦਰ ਮੂਲ ਰਾਜ
ਕੈਪਟਨ ਮਹਾਰਾਜ ਕਰਿਸ਼ਨ I.M.S.
ਰਾਏ ਬਹਾਦਰ ਨਰਿੰਜਣ ਦਾਸ
ਰਾਏ ਸਾਹਿਬ ਗਿਰਧਾਰੀ ਲਾਲ—ਝੰਗ
ਰਾਏ ਬਹਾਦਰ ਨਰਸਿੰਘ ਦਾਸ
ਭਾਈ ਮਨੋਹਰ ਲਾਲ
ਰਾਏ ਸਾਹਿਬ ਕਾਂਸ਼ੀ ਰਾਮ
ਪੰਡਿਤ ਬਾਲਕ ਰਾਮ ਪਾਂਡੇ
ਲਾਲਾ ਹਰੀ ਰਾਮ ਮੁਜ਼ੰਗ
ਰਾਏ ਸਾਹਿਬ ਮੋਤੀ ਸਾਗਰ ਵਕੀਲ ਹਾਈ ਕੋਰਟ
ਲਾਲਾ ਮੁਕੰਦ ਲਾਲ ਐਮ.ਏ.—ਪੁਰੀ
ਲਾਲਾ ਕੰਵਰ ਸੈਨ
ਰਾਏ ਬਹਾਦਰ ਪੰਡਤ ਸ਼ਿਵ ਨਰਾਇਣ ਸਰਕਾਰੀ ਵਕੀਲ
ਦੀਵਾਨ ਬਹਾਦਰ ਦੀਵਾਨ ਦੌਲਤ ਰਾਏ
ਲਾਲਾ ਸ਼ਿਵ ਨਾਰਾਇਣ ਵਕੀਲ—ਕਰਨਾਲ
ਲਾਲਾ ਤਿਲੋਕ ਚੰਦ ਆਨਰੇਰੀ ਮਜਿਸਟਰੇਟ, ਅੰਮ੍ਰਿਤਸਰ
ਰਾਏ ਬਹਾਦਰ ਬਿਸ਼ਨ ਦਾਸ—ਜਿਹਲਮ
ਸਰਦਾਰ ਬਿਕਰਮ ਸਿੰਘ ਸਾਹਿਬ—ਅੰਮ੍ਰਿਤਸਰ
ਰਾਏ ਸਾਹਿਬ ਪੰਨਾ ਲਾਲ—ਅੰਬਾਲਾ
ਰਾਏ ਸਾਹਿਬ ਦੇਵੀ ਦਿੱਤਾ ਮੱਲ—ਬਟਾਲਾ
ਰਾਏ ਬਹਾਦਰ ਗੋਪਾਲ ਦਾਸ ਭੰਡਾਰੀ—ਅੰਮ੍ਰਿਤਸਰ



Sri Satguru Jagjit Singh Ji eLibrary NamdhariElibrary@gmail.com

ਰਾਏ ਬਹਾਦਰ ਡਾਕਟਰ ਬਾਲ ਕਿਸ਼ਨ ਕੌਲ—ਲਾਹੌਰ
ਪੰਡਿਤ ਅਮਰ ਨਾਥ ਆਨਰੇਰੀ ਮਜਿਸਟ੍ਰੇਟ
ਲਾਲਾ ਮਥਰਾ ਦਾਸ ਪੁਰੀ ਆਨਰੇਰੀ ਮਜਿਸਟ੍ਰੇਟ
ਸੇਠ ਬੁਲਾਕੀ ਦਾਸ ਬੀ. ਏ. ਏਜੰਟ
ਸੇਠ ਬੰਸੀ ਲਾਲ ਰਾਮ ਰਤਨ—ਲਾਹੌਰ ਛਾਉਣੀ

ਇਕ ਹੋਰ ਐਡਰੈਸ ਪੰਜਾਬ ਐਸੋਸੀਏਸ਼ਨ ਨਾਮ ਦੀ ਸੰਸਥਾ ਵਲੋਂ ਸਰ ਜਸਟਿਸ ਸ਼ਾਦੀ ਲਾਲ ਨੇ ਪੜ੍ਹਿਆ, ਜਿਸ ਨੇ ਪਿਛਲੇ ਛਿਆਂ ਸਾਲਾਂ ਵਿਚ ਸੂਬੇ ਨੂੰ ਪਹੁੰਚਾਏ ਫਾਇਦਿਆਂ ਬਾਰੇ ਧੰਨਵਾਦ ਸਹਿਤ ਪ੍ਰਸੰਸਾ ਕੀਤੀ। ਇਸ ਵਿਚ ਸਰ ਮਾਈਕਲ ਉਡਵਾਇਰ ਦੇ ਨਾਲ ਨਾਲ ਲੇਡੀ ਓਡਵਾਇਰ ਦੀ ਵੀ ਕਾਫੀ ਮਹਿਮਾ ਦੇ ਗੀਤ ਗਾਏ ਹੋਏ ਸਨ।

ਇਹਨਾਂ ਵਿਚ ਹੇਠ ਲਿਖੇ ਪ੍ਰਤਿਸ਼ਠ ਵਿਅਕਤੀ ਸ਼ਾਮਲ ਸਨ :
ਰਾਜਾ ਨਰਿੰਦਰ ਨਾਥ, ਐਮ. ਏ., ਦੀਵਾਨ ਬਹਾਦਰ
ਜਸਟਿਸ ਸ਼ਾਦੀ ਲਾਲ
ਖ਼ਾਨ ਬਹਾਦਰ ਮੀਆਂ ਮੁਹੰਮਦ ਸ਼ਫੀ C.I.E.
ਰਾਏ ਬਹਾਦਰ ਰਾਮ ਸਰਨ ਦਾਸ C.I.E.
ਰਾਏ ਬਹਾਦਰ ਗੰਗਾ ਰਾਮ M.V.O.
ਦੀਵਾਨ ਕਰਿਸ਼ਨ ਕਿਸ਼ੋਰ ਆਨਰੇਰੀ ਮਜਿਸਟ੍ਰੇਟ
ਖ਼ਾਨ ਬਹਾਦਰ ਡਾਕਟਰ ਸਈਅਦ ਅਮੀਰ ਸ਼ਾਹ
ਮੌਲਵੀ ਮੁਹੰਮਦ ਫ਼ਜ਼ਲਉਦੀਨ ਵਕੀਲ, ਹਾਈ ਕੋਰਟ
ਖ਼ਾਨ ਮੁਹੰਮਦ ਬਸ਼ੀਰ ਅਲੀ ਖਾਂ, ਆਨਰੇਰੀ ਐਕਸਟਰਾ ਅਸਿਸਟੈਂਟ ਕਮਿਸ਼ਨਰ
ਮੀਆਂ ਹੱਕ ਨਿਵਾਜ਼ ਬੀ.ਏ.ਐਲ.ਐਲ.ਬੀ.,ਬਾਰ.ਐਟ.ਲਾ
ਰਾਏ ਬਹਾਦਰ ਮੋਹਣ ਲਾਲ, ਮਾਲਕ ਮੁਫੀਦੇ ਆਮ ਪ੍ਰੈਸ—ਲਾਹੌਰ
ਸਈਅਦ ਮੁਮਤਾਜ਼ ਅਲੀ ।

ਇਹਨਾਂ ਐਡਰੈਸਾਂ ਨੂੰ ਬਾਅਦ ਵਿਚ ਪੰਜਾਬ ਸਰਕਾਰ ਅਤੇ ਸਰ ਮਾਈਕਲ ਉਡਵਾਇਰ ਨੇ ਹੰਟਰ ਕਮੇਟੀ ਅੱਗੇ, ਗਵਾਹੀ ਵਿਚ ਹਵਾਲੇ ਦੇ ਤੌਰ ਤੇ, ਅਤੇ ਸਰ ਮਾਈਕਲ ਉਡਵਾਇਰ ਨੇ ਹੋਰਨੀ ਥਾਈਂ ਆਪਣੀ ਹਿਮਾਇਤ ਲਈ ਵਰਤਿਆ। ਇਹਨਾਂ ਪ੍ਰਤੀਨਿਧਾਂ ਵਿਚੋਂ ਕਈਆਂ ਨੂੰ ਬਾਅਦ ਵਿਚ ਸਰ ਦੇ ਖ਼ਿਤਾਬ ਵੀ ਮਿਲੇ ਅਤੇ ਉਹਨਾਂ ਦੀ ਸਰਕਾਰ ਪ੍ਰਸਤੀ ਦੀ ਕੀਮਤ ਚੁਕਾਈ ਗਈ।



Sri Satguru Jagjit Singh Ji eLibrary NamdhariElibrary@gmail.com

# ਇਨਡੈਮਨਿਟੀ ਐਕਟ

ਹਿੰਦ ਸਰਕਾਰ ਨੂੰ ਜਦੋਂ ਇਹ ਵਿਸ਼ਵਾਸ ਹੋ ਗਿਆ, ਕਿ ਪੜਤਾਲ ਹਰ ਹਾਲਤ ਵਿਚ ਹੋਏਗੀ, ਅਤੇ ਪੜਤਾਲੀਆ ਕਮੇਟੀ ਸ਼ੀਘਰ ਹੀ ਸਥਾਪਤ ਕੀਤੀ ਜਾ ਰਹੀ ਹੈ, ਉਹਨਾਂ ਸਤੰਬਰ 1919 ਵਿਚ ਇੰਪੀਰੀਅਲ ਲੈਜਿਸਲੇਟਿਵ ਕੌਂਸਿਲ ਵਿਚ ਇਕ ਬਿਲ ਲਿਆਂਦਾ, ਜੋ ਪਾਸ ਹੋਣ ਤੇ "ਇਨਡੈਮਨਿਟੀ ਐਕਟ 1919" ਕਹਾਇਆ।

ਹਿੰਦ ਸਰਕਾਰ ਇਸ ਗਲ ਤੋਂ ਜਾਣੂ ਸੀ ਕਿ ਮਾਰਸ਼ਲ ਲਾਅ ਦੇ ਦੌਰਾਨ ਜਾਂ ਇਸ ਤੋਂ ਬਿਨਾਂ ਵੀ ਪੰਜਾਬ ਦੇ ਅਨੇਕਾਂ ਜ਼ਿਲ੍ਹਿਆਂ ਅਤੇ ਹਿੰਦੁਸਤਾਨ ਦੇ ਦੂਸਰੇ ਹਿੱਸਿਆਂ ਵਿਚ ਉਸ ਦੇ ਕਰਮਚਾਰੀਆਂ ਨੇ ਅਨੇਕਾਂ ਅਤਿਆਚਾਰ ਕੀਤੇ ਹਨ, ਅਤੇ ਉਹ ਢੰਗ ਵਰਤੇ ਹਨ, ਜੋ ਗ਼ੈਰ ਕਾਨੂੰਨੀ ਸਨ ਅਤੇ ਉਹਨਾਂ ਦੀਆਂ ਕੀਤੀਆਂ ਕਾਰਵਾਈਆਂ ਵਿਰੁਧ ਅਦਾਲਤਾਂ ਵਿਚ ਕਾਨੂੰਨੀ ਚਾਰਾਜੋਈ ਕੀਤੀ ਜਾ ਸਕਦੀ ਹੈ, ਜਿਸ ਵਿਚ ਕਰਮਚਾਰੀਆਂ ਨੂੰ ਕੁਝ ਦਲੇਰ ਜੱਜਾਂ ਦੁਆਰਾ ਸਜ਼ਾਵਾਂ ਵੀ ਹੋ ਸਕਦੀਆਂ ਹਨ। ਅਜਿਹੇ ਕਰਮਚਾਰੀਆਂ ਨੂੰ ਸਜ਼ਾਵਾਂ ਤੋਂ ਬਚਾਉਣ ਲਈ ਸਰਕਾਰ ਨੇ ਇਹ ਐਕਟ ਪਾਸ ਕੀਤਾ।

ਇਸ ਐਕਟ ਦਾ ਲਾਭ ਉਹਨਾਂ ਸਭ ਸਰਕਾਰੀ ਅਫ਼ਸਰਾਂ ਅਤੇ ਦੂਸਰੇ ਲੋਕਾਂ ਦੇ ਕਾਰਿਆਂ, ਮਾਮਲਿਆਂ ਅਤੇ ਚੀਜ਼ਾਂ ਤੇ ਸੀ, ਜੋ ਉਹਨਾਂ ਹੁਕਮ ਕੀਤੇ, ਜਾਂ ਆਪ ਕੁਝ ਕੀਤਾ, ਜਾਂ ਅੱਗੇ ਹੁਕਮ ਦੇ ਕੇ ਕਰਵਾਇਆ, ਜਿਸ ਨੂੰ ਉਹ ਅਮਨ ਕਾਇਮ ਕਰਨ ਲਈ ਜਾਂ ਰੱਖਣ ਲਈ ਕਹਿੰਦੇ ਸਨ।

ਇਸ ਸ਼ਰਤ ਤੇ ਕਿ ਅਜਿਹੇ ਕਾਰੇ, ਮਾਮਲੇ, ਜਾਂ ਚੀਜ਼ਾਂ ਜਿਹਨਾਂ ਲਈ ਹੁਕਮ ਦਿੱਤਾ ਗਿਆ, ਜਾਂ ਕੀਤੀਆਂ ਗਈਆਂ ਨੇਕ ਨੀਅਤੀ, ਅਤੇ ਦਲੀਲ ਪੂਰਵਕ ਵਿਸ਼ਵਾਸ ਨਾਲ, ਕਿ ਉਹ ਕਥਿਤ ਮੰਤਵ ਲਈ ਜ਼ਰੂਰੀ ਸਨ।

ਹਿੰਦ ਸਰਕਾਰ ਨੂੰ ਇਹ ਵੀ ਖ਼ਦਸ਼ਾ ਸੀ ਕਿ ਮਾਰਸ਼ਲ ਲਾਅ ਦੇ ਅਧੀਨ ਦਿੱਤੀਆਂ ਗਈਆਂ ਸਜ਼ਾਵਾਂ ਨੂੰ ਜਦੋਂ ਅਦਾਲਤਾਂ ਵਿਚ ਚੈਲੰਜ ਕੀਤਾ ਗਿਆ, ਉਹਨਾਂ ਸਜ਼ਾਵਾਂ ਦੇਣ ਵਾਲਿਆਂ ਦੀ ਕਾਨੂੰਨ ਤੋਂ ਲਾਇਲਮੀ ਅਤੇ ਜਹਾਲਤ ਵੀ ਸਾਹਮਣੇ ਆਏਗੀ।

ਉਹਨਾਂ ਇਸ ਐਕਟ ਵਿਚ ਇਹ ਵੀ ਲਿਆਂਦਾ, ਕਿ :

"ਇਸ ਗੱਲ ਨੂੰ ਮੁਖ ਰੱਖਦੇ ਹੋਏ, ਕਿ ਵਿਸ਼ੇਸ਼ ਵਿਅਕਤੀ ਮਾਰਸ਼ਲ ਲਾਅ ਦੇ ਅਧੀਨ



Sri Satguru Jagjit Singh Ji eLibrary NamdhariElibrary@gmail.com

ਥਾਪੇ ਗਏ ਜਾਂ ਅਦਾਲਤਾਂ ਅਤੇ ਹੋਰ ਨਿਯੁਕਤ ਕੀਤੇ ਗਏ ਅਧਿਕਾਰੀਆਂ ਦੁਆਰਾ ਸਜ਼ਾਵਾਂ ਪਾ ਚੁੱਕੇ ਹਨ।

"ਅਜਿਹੀਆਂ ਅਦਾਲਤਾਂ ਅਤੇ ਅਧਿਕਾਰੀਆਂ ਦੁਆਰਾ ਦਿੱਤੀਆਂ ਗਈਆਂ ਸਜ਼ਾਵਾਂ ਨੂੰ ਜਾਰੀ ਰੱਖਣਾ ਹੈ ਅਤੇ ਉਹਨਾਂ ਦੀ ਤਸਦੀਕ ਨੂੰ ਅੱਗੇ ਵਧਾਉਣਾ ਹੈ।"

ਇਸ ਐਕਟ ਦੇ ਦੁਆਰਾ ਕਿਸੇ ਸਰਕਾਰੀ ਅਫ਼ਸਰ ਦੇ ਵਿਰੁਧ, ਭਾਵੇਂ ਉਹ ਸਿਵਿਲ ਦਾ ਹੈ, ਜਾਂ ਮਿਲਟਰੀ ਦਾ, ਜਾਂ ਕਿਸੇ ਵਿਅਕਤੀ ਦੇ ਵਿਰੁਧ, ਜਿਸ ਨੂੰ ਕਿਸੇ ਵੀ ਕੰਮ ਲਈ ਨਿਯੁਕਤ ਕੀਤਾ ਗਿਆ ਹੋਵੇ, ਕੋਈ ਕਾਰਵਾਈ ਨਹੀਂ ਕੀਤੀ ਜਾ ਸਕਦੀ। ਬਰਤਾਨਵੀ ਹਿੰਦ ਦੇ ਕਿਸੇ ਹਿੱਸੇ ਵਿਚ ਵੀ ਜਿੱਥੇ ਮਾਰਸ਼ਲ ਲਾਅ ਲਾਗੂ ਕੀਤਾ ਗਿਆ ਹੋਵੇ, 30 ਮਾਰਚ 1919 ਨੂੰ, ਜਾਂ ਉਸ ਤੋਂ ਬਾਅਦ 26 ਅਗਸਤ 1919 ਤੋਂ ਪਹਿਲਾਂ।

ਅਤੇ ਜੇ ਕੋਈ ਅਜਿਹੀ ਕਾਰਵਾਈ ਇਸ ਐਕਟ ਦੇ ਪਾਸ ਹੋਣ ਤੋਂ ਪਹਿਲਾਂ ਸਥਾਪਤ ਕੀਤੀ ਜਾ ਚੁੱਕੀ ਹੈ, ਉਸ ਨੂੰ ਰੱਦ ਕੀਤਾ ਜਾਂਦਾ ਹੈ।

ਇਸ ਵਿਚ ਇਕ ਸ਼ਰਤ ਦਾ ਵੀ ਜ਼ਿਕਰ ਹੈ, ਕਿ ਅਜਿਹੇ ਅਫ਼ਸਰ ਜਾਂ ਵਿਅਕਤੀ ਦੀ ਕਾਰਵਾਈ ਨੇਕ ਨੀਅਤੀ ਅਤੇ ਦਲੀਲ ਪੂਰਵਕ ਵਿਸ਼ਵਾਸ ਵਿਚ ਕਥਿਤ ਮੰਤਵ ਲਈ ਜ਼ਰੂਰੀ ਸੀ।

ਇਹਨਾਂ ਮੰਤਵਾਂ ਲਈ ਗੌਰਮੈਂਟ ਦੇ ਸੈਕ੍ਰੇਟਰੀ ਦਾ ਸਰਟੀਫਿਕੇਟ ਅੰਤਲਾ ਸਬੂਤ ਹੋਵੇਗਾ ਕਿ ਸਰਕਾਰ ਦੇ ਕਿਸੇ ਅਫ਼ਸਰ ਜਾਂ ਵਿਅਕਤੀ ਦਾ ਕੀਤਾ ਗਿਆ ਕਾਰਾ ਪਹਿਲਾਂ ਕਹੇ ਜਾ ਚੁੱਕੇ ਮੰਤਵਾਂ ਲਈ ਮੰਨਿਆ ਜਾਂਦਾ ਹੈ ਕਿ ਇਸ ਨੇ ਨੇਕ ਨੀਅਤੀ ਅਤੇ ਦਲੀਲ ਪੂਰਵਕ ਵਿਸ਼ਵਾਸ ਨਾਲ ਕੀਤਾ ਹੈ। ਕਿ ਇਹ ਜ਼ਰੂਰੀ ਸੀ ਜਦ ਤੀਕਰ ਕਿ ਇਸ ਦੇ ਵਿਪਰੀਤ ਸਾਬਤ ਨਾ ਕੀਤਾ ਜਾ ਸਕੇ।

ਧਾਰਾ 4 ਦੇ ਅਧੀਨ ਹਰੇਕ ਵਿਅਕਤੀ ਜਿਸ ਨੂੰ ਬੰਨ੍ਹਿਆ ਗਿਆ ਹੈ — ਅਦਾਲਤ ਜਾਂ ਹੋਰ ਬਣਾਈ ਗਈ ਜਾਂ ਨਿਯੁਕਤ ਕੀਤੀ ਗਈ ਅਥਾਰਟੀ ਦੁਆਰਾ ਸਜ਼ਾ ਮਾਰਸ਼ਲ ਲਾਅ ਦੇ ਅਧੀਨ ਅਤੇ ਜੁਡੀਸ਼ਲ ਹਸੀਅਤ ਵਿਚ ਕੰਮ ਕਰਦੀ ਰਾਹੀਂ ਖ਼ਿਆਲ ਕੀਤੀ ਜਾਏਗੀ।

ਜਦ ਤੀਕਰ ਕਾਨੂੰਨੀ ਤੌਰ ਦੇ ਬੰਨ੍ਹਿਆਂ ਦੀ ਇਹ ਸਜ਼ਾ ਪੂਰੀ ਨਾ ਹੋ ਜਾਏ ਜਾਂ ਗਵਰਨਰ ਜਨਰਲ ਇਨ ਕੌਂਸਿਲ ਦੁਆਰਾ ਨਾ ਛੱਡ ਦਿੱਤੇ ਜਾਣ ਜਾਂ ਕਿਸੇ ਹੋਰ ਕਾਨੂੰਨੀ ਅਥਾਰਟੀ ਦੁਆਰਾ ਡਿਸਚਾਰਜ ਨਾ ਕਰ ਦਿੱਤੇ ਜਾਣ।"

ਇਹ ਬਿਲ ਬੜਾ ਸਾਫ਼ ਤੇ ਸਿੱਧਾ ਸੀ। ਇਸ ਬਿਲ ਤੇ ਹੋਈ ਬਹਿਸ ਵਿਚ ਮੈਂਬਰਾਂ ਨੂੰ ਇਹ ਵੀ ਅਵਸਰ ਮਿਲਿਆ ਕਿ ਉਹ ਦੇਸ਼ ਵਿਚ ਕੀਤੇ ਗਏ ਸਰਕਾਰੀ ਦਮਨ ਨੂੰ ਲੋਕਾਂ ਸਾਹਮਣੇ ਲਿਆ ਸਕਣ।

ਇਮਪੀਰੀਅਲ ਲੈਜਿਸਲੇਟਿਵ ਕੌਂਸਿਲ ਵਿਚ ਵ. ਮ. ਹੇਲੀਨ, ਲਾ ਮੈਂਬਰ ਸਰ ਜਾਰਜ ਲਾਉਂਡੇਸ, ਹੋਮ ਸੈਕ੍ਰੇਟਰੀ ਸਰ ਵਿਲੀਅਮ ਵਿਨਸੈਂਟ ਅਤੇ ਪੰਜਾਬ ਸਰਕਾਰ ਦੇ ਚੀਫ ਸੈਕ੍ਰੇਟਰੀ ਜੇ. ਪੀ. ਥਾਮਪਸਨ ਨੇ ਸਰਕਾਰ ਦਾ ਪੱਖ ਪੇਸ਼ ਕੀਤਾ। ਸਰ ਵਿਨਸੈਂਟ ਨੇ ਕਿਹਾ : "ਕਾਰੇ ਠੀਕ ਸਨ, ਭਾਵੇਂ ਉਹ ਲਾਜ਼ਮੀ ਤੌਰ ਤੇ ਕਾਨੂੰਨੀ ਨਹੀਂ



Sri Satguru Jagjit Singh Ji eLibrary NamdhariElibrary@gmail.com

ਸਨ । ਉਹ ਅਜਿਹੇ ਹਾਲਾਤ ਵਿਚੋਂ ਕਾਨੂੰਨ ਦਾ ਨਿਰਨਾ ਕਰਨ ਲਈ ਸੰਭਵ ਤੌਰ ਤੇ ਇੰਤਜ਼ਾਰ ਨਹੀਂ ਕਰ ਸਕਦੇ ਸਨ ਕਿ ਜੋ ਕੁਝ ਕਰਨ ਦਾ ਉਹਨਾਂ ਦਾ ਮੰਤਵ ਹੈ, ਉਹ ਕਰੜੇ ਤੌਰ ਤੇ ਕਾਨੂੰਨੀ ਹੈ ਜਾਂ ਨਹੀਂ । ਅਜਿਹੇ ਵਕਤ ਤੇ ਦੇਰ ਕਰਨੀ ਨੁਕਸਾਨ ਦਿਹ ਹੈ ।''

ਸ੍ਰੀ ਕੇ. ਕੇ. ਚੰਦਾ, ਪੰਡਤ ਮਦਨ ਮੋਹਨ ਮਾਲਵੀਆ ਅਤੇ ਹੋਰ ਹਿੰਦੁਸਤਾਨੀ ਮੈਂਬਰਾਂ ਨੇ ਸਰਕਾਰੀ ਦਮਨ ਨੂੰ ਸਾਹਮਣੇ ਲਿਆਂਦਾ ਅਤੇ ਸਰਕਾਰੀ ਨੀਤੀਆਂ ਦਾ ਵਿਰੋਧ ਕੀਤਾ । ਪੰਜਾਬ ਵਲੋਂ ਇਮਪੀਰੀਅਲ ਲੈਜਿਸਲੇਟਿਵ ਕੌਂਸਿਲ ਵਿਚਲੇ ਦੋ ਮੈਂਬਰਾਂ ਸਰਦਾਰ ਬਹਾਦਰ ਸੁੰਦਰ ਸਿੰਘ ਮਜੀਠੀਏ ਅਤੇ ਮਲਿਕ ਸਰ ਉਮਰ ਹਿਆਤ ਖਾਂ ਟਿਵਾਣੇ ਨੇ ਆਪਣੀ ਰਾਏ ਪ੍ਰਗਟ ਕੀਤੀ ।

ਸਰਦਾਰ ਸੁੰਦਰ ਸਿੰਘ ਮਜੀਠੀਏ ਨੇ ਕਿਹਾ :

''ਬਾਦਸ਼ਾਹ ਸਲਾਮਤ ਦੀ ਫਰਮਾ ਬਰਦਾਰ ਰਿਆਇਆ ਹੋਣ ਦੇ ਨਾਤੇ ਹਿਜ਼ ਮੈਜਿਸਟੀ ਬਾਦਸ਼ਾਹ ਸਲਾਮਤ ਅਤੇ ਦੇਸ਼ ਵਿਚਲੀ ਕਾਨੂੰਨ ਦੇ ਅਧੀਨ ਸਥਾਪਤ ਕੀਤੀ ਸਰਕਾਰ ਵਲ ਸਾਡਾ ਇਕ ਕਰਤੱਵ ਹੈ । ਪਰ ਦੂਜੇ ਪਾਸੇ ਇਸ ਕੌਂਸਿਲ ਵਿਚ ਲੋਕਾਂ ਦੇ ਪ੍ਰਤੀਨਿਧ ਹੋਣ ਦੇ ਨਾਤੇ ਉਹਨਾਂ ਵਲ ਵੀ ਇਕ ਕਰਤੱਵ ਬਣਦਾ ਹੈ । ਇਸ ਨੂੰ ਮੈਂ ਆਪਣੀ ਪੂਰੀ ਯੋਗਤਾ ਨਾਲ ਨਿਭਾਉਣਾ ਚਾਹੁੰਦਾ ਹਾਂ ।...

''...ਮੈਂ ਆਪਣੀ ਲਾਰਡਸ਼ਿਪ ਨੂੰ ਇਹ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਮੈਂ ਆਪਣੀ ਇਸ ਜ਼ਿੰਮੇਵਾਰੀ ਨੂੰ ਬਹੁਤ ਸ਼ਿੱਦਤ ਨਾਲ ਮਹਿਸੂਸ ਕਰ ਰਿਹਾ ਹਾਂ, ਅਤੇ ਪਿਛਲੇ ਕਈਆਂ ਦਿਨਾਂ ਤੋਂ ਮੇਰੇ ਅਹਿਸਾਸ ਵਿਚ ਬੜਾ ਤਨਾਓ ਹੈ । (ਪੰਜਾਬ ਵਿਚ ਹੋਈਆਂ ਵਧੀਕੀਆਂ ਅਤੇ ਅਤਿਆਚਾਰਾਂ ਦਾ ਉਹਨਾਂ ਨੂੰ ਅਹਿਸਾਸ ਸੀ !) ਅਜਿਹੇ ਹਾਲਾਤ ਵਿਚ ਕੋਈ ਇਕ, ਸਿਰਫ਼ ਸਰਵ ਸ਼ਕਤੀਮਾਨ ਅੱਗੇ ਹੀ ਝੁਕ ਸਕਦਾ ਹੈ, ਕਿ ਉਹ ਉਸ ਨੂੰ ਉਸ ਰਸਤੇ 'ਤੇ ਚਲਣ ਲਈ ਚਾਨਣ ਬਖ਼ਸ਼ੇ, ਜੋ ਕਿ ਸਹੀ ਰਸਤਾ ਹੋਵੇ ।...

''...ਮਾਰਸ਼ਲ ਲਾਅ ਦੇ ਅਧੀਨ ਚਲਾਏ ਗਏ ਸਾਰੇ ਕੇਸਾਂ ਦੀ ਜਾਂਚ ਕੀਤੀ ਜਾਏ, ਅਤੇ ਜਿੱਥੇ ਅਨਿਆ ਕੀਤਾ ਲੱਭ ਹੁੰਦਾ ਹੈ, ਅਤੇ ਜਿਹੜੇ ਲੋਕ ਜਿਹਲਾਂ ਵਿਚ ਨਜ਼ਰਬੰਦ ਕੀਤੇ ਹੋਏ ਹਨ, ਉਹਨਾਂ ਨੂੰ ਛੱਡਿਆ ਜਾਏ ।

''ਮੈਂ ਉਹਨਾਂ ਲਈ ਰਹਿਮ ਨਹੀਂ ਮੰਗਦਾ ਜਿਹਨਾਂ ਜੁਰਮ ਕੀਤੇ ਸਨ । ਮੇਰਾ ਖ਼ਿਆਲ ਹੈ, ਉਹਨਾਂ ਬਦਕਿਸਮਤ ਲੋਕਾਂ ਨੂੰ ਮਾਫੀ ਦਿੱਤੀ ਜਾਏ, ਜੋ ਜਜ਼ਬਾਤ ਦੇ ਭੜਕ ਜਾਣ ਨਾਲ ਆਮ ਤਕ, ਅਤੇ ਰਾਜ ਦੇ ਕਾਨੂੰਨ ਨੂੰ ਮੰਨਣ ਵਾਲੇ ਸ਼ਹਿਰੀਆਂ ਦੇ ਕਰਤਵ ਦੇ ਰਸਤੇ ਤੋਂ ਭਟਕ ਗਏ ਸਨ ।

''...ਪਰ ਦੂਜੇ ਪਾਸੇ, ਜੋ ਕੁਝ ਮੇਰੇ ਸੂਬੇ ਵਿਚ ਹੋਇਆ, ਕੋਈ ਇਕ ਇਸ ਤੋਂ ਅੱਖਾਂ ਨਹੀਂ ਬੰਦ ਕਰ ਸਕਦਾ ਹੁਣ ਚੂੰਕਿ ਹਿਜ਼ ਐਕਸੀਲੈਂਸੀ ਦੁਆਰਾ ਪੜਤਾਲੀਆ ਕਮੇਟੀ ਬਣਾਈ ਜਾ ਚੁੱਕੀ ਹੈ, ਹੁਣ ਸਾਰਾ ਕੁਝ ਉਹਦੇ ਕੋਲ ਜਾਏਗਾ । ਮੈਂ ਇਸ ਨੁਕਤੇ ਨੂੰ ਨਹੀਂ ਛੇੜਨਾ ਚਾਹੁੰਦਾ ।''

ਸ: ਬ: ਸੁੰਦਰ ਸਿੰਘ ਹੁਰੀਂ ਅਫ਼ਸਰਾਂ ਵਲੋਂ ਕੀਤੇ ਅਤਿਆਚਾਰਾਂ ਨੂੰ ਮੁਖ ਰੱਖ ਕੇ



Sri Satguru Jagjit Singh Ji eLibrary NamdhariElibrary@gmail.com

ਸਭ ਨੂੰ ਸਜ਼ਾ ਤੋਂ ਬਚਾਣ ਵਾਲੇ ਇਸ ਕਾਨੂੰਨ ਦੀ ਹਮਾਇਤ ਕਰਨ ਲਈ ਤਿਆਰ ਨਹੀਂ ਸਨ। ਪਰ ਫੇਰ "ਨੇਕ ਨੀਅਤੀ ਅਤੇ ਦਲੀਲ ਪੂਰਵਕ ਮੰਤਵ" ਦੀ ਸ਼ਰਤ ਅਤੇ ਹੋਰਨਾਂ ਮੁਲਕਾਂ ਜਿਵੇਂ ਕਿ ਦੱਖਣੀ ਅਫਰੀਕਾ ਅਤੇ ਸ੍ਰੀ ਲੰਕਾ ਵਿਚ ਮਾਰਸ਼ਲ ਲਾਅ ਤੋਂ ਬਾਹਦ ਅਜਿਹੇ ਕਾਨੂੰਨਾਂ ਦੇ ਲਾਗੂ ਹੋਣ ਦਾ ਸੁਣ ਕੇ ਆਪਣੀ ਰਜ਼ਾਮੰਦੀ ਦੇਣ ਲਈ ਤਿਆਰ ਹੋ ਗਏ।

ਮਲਿਕ ਸਰ ਉਮਰ ਹਿਆਤ ਖਾਂ ਟਿਵਾਣੇ ਨੇ ਆਖਿਆ :

"ਮੈਂ ਇਸ ਬਿਲ ਨੂੰ ਜੀ ਆਇਆਂ ਕਹਿੰਦਾ ਹਾਂ, ਜਿਹੜਾ ਕਿ ਬਹੁਤ ਸਾਧਾਰਨ ਜਿਹਾ ਕਦਮ ਹੈ। ਅਤੇ ਸਦਾ ਹੀ ਗੜਬੜ ਅਤੇ ਮਾਰਸ਼ਲ ਲਾਅ ਤੋਂ ਬਾਹਦ ਆਉਂਦਾ ਹੈ। ਮੈਂ ਤਾਂ ਇਸ ਰਾਏ ਦਾ ਹਾਂ, ਕਿ ਇਹ ਤਾਂ ਸਗੋਂ ਪੱਛੜ ਕੇ ਆਇਆ ਹੈ, ਅਤੇ ਹੁਣ ਜਦੋਂ ਇਹ ਆ ਚੁੱਕਾ ਹੈ, ਇਸ ਨੂੰ ਇਕਦਮ ਪਾਸ ਕਰ ਦੇਣਾ ਚਾਹੀਦਾ ਹੈ।...

"...ਮੈਨੂੰ ਆਸ ਹੈ ਕਿ ਇਹ ਛੇਤੀ ਕਾਨੂੰਨ ਦੇ ਰੂਪ ਵਿਚ ਪਾਸ ਹੋ ਜਾਏਗਾ, ਵਫ਼ਾਦਾਰ ਫ਼ੌਜੀ ਅਤੇ ਹੋਰ ਅਫ਼ਸਰ ਇਕ ਮਿੰਟ ਵੀ ਇਸ ਬਿਲ ਦੇ ਬਚਾਓ ਤੋਂ ਬਿਨਾਂ ਨਹੀਂ ਛੱਡਣੇ ਚਾਹੀਦੇ।"

ਅਜਿਹੀ ਰਾਏ ਦਾ ਪ੍ਰਗਟਾ ਕਰਦੇ ਹੋਏ ਆਪ ਨੇ ਬਿਲ ਦੀ ਹਮਾਇਤ ਕੀਤੀ।

ਕੁਝ ਮੈਂਬਰਾਂ ਨੇ ਬਿਲ ਨੂੰ ਪੜਤਾਲੀਆ ਕਮੇਟੀ ਦੀ ਜਾਂਚ ਤੀਕਰ ਮੁਲਤਵੀ ਕਰਨ ਦੀ ਤਜਵੀਜ਼ ਵੀ ਪੇਸ਼ ਕੀਤੀ।

ਪਰ ਸਰਕਾਰ ਸੋਚ ਸਮਝ ਕੇ ਇਸ ਬਿਲ ਨੂੰ ਲਿਆਈ ਸੀ। ਸਰਕਾਰੀ ਮੈਂਬਰ ਪਹਿਲਾਂ ਹੀ ਬਹੁ ਗਿਣਤੀ ਵਿਚ ਸਨ। ਬਿਲ ਦਾ ਕਾਨੂੰਨ ਬਣ ਜਾਣਾ ਅਸੰਭਵ ਨਹੀਂ ਸੀ।

ਆਰਮੀ ਦੇ ਲੈਫਟੀਨੈਂਟ ਜਨਰਲ ਸਰ ਹੈਵਲਕ ਹਡਸਨ ਨੇ ਵੀ ਬਿਲ ਦੀ ਪ੍ਰੋੜ੍ਹਤਾ ਕਰਦੇ ਹੋਏ ਸਰਕਾਰੀ ਪੱਖ ਦਾ ਸਮਰਥਨ ਕੀਤਾ।



Sri Satguru Jagjit Singh Ji eLibrary NamdhariElibrary@gmail.com

# ਹੰਟਰ ਕਮੇਟੀ (ਕਮੀਸ਼ਨ)

ਇਕ ਛੋਟੀ ਜਿਹੀ ਘੱਟ ਗਿਣਤੀ ਤੋਂ ਬਿਨਾ, ਦੇਸ਼ ਭਰ ਵਿਚ ਇਕ ਪਰੋਟੈਸਟ ਦੀ ਲਹਿਰ ਨੇ ਜਨਮ ਲਿਆ। ਥਾਂ ਥਾਂ ਤੇ ਇਹ ਮੰਗ ਕੀਤੀ ਜਾਣ ਲੱਗੀ ਕਿ ਸਰਕਾਰ ਇਕ ਪੜਤਾਲੀਆ ਕਮੇਟੀ ਕਾਇਮ ਕਰੇ, ਜੋ ਪੰਜਾਬ ਵਿਚ ਹੋਏ ਅਤਿਆਚਾਰਾਂ, ਗੜਬੜ ਦੇ ਕਾਰਨਾਂ, ਮਾਰਸ਼ਲ ਲਾਅ ਦੇ ਪ੍ਰਬੰਧਕ ਅਫਸਰਾਂ ਦੀਆਂ ਜ਼ਾਲਮਾਨਾ ਕਾਰਵਾਈਆਂ, ਅਤੇ ਮਾਰਸ਼ਲ ਲਾਅ ਦੇ ਤਹਿਤ ਖੜ੍ਹੀਆਂ ਕੀਤੀਆਂ ਗਈਆਂ ਅਦਾਲਤਾਂ ਵਲੋਂ ਦਿੱਤੀਆਂ ਗਈਆਂ ਅੰਨ੍ਹੀਆਂ ਸਜ਼ਾਵਾਂ ਦਾ ਨਿਰੀਖਸ਼ਣ ਕਰੇ।

ਗਾਂਧੀ ਜੀ ਨੇ ਪਹਿਲਾਂ ਵੀ ਵਾਇਸਰਾਏ ਦੇ ਪ੍ਰਾਈਵੇਟ ਸੈਕ੍ਰੇਟਰੀ ਨੂੰ ਇਸ ਬਾਰੇ ਖ਼ਤ ਲਿਖਿਆ ਸੀ। ਉਹਨਾਂ 27 ਜੂਨ 1919 ਨੂੰ ਲੰਡਨ ਵਿਖੇ ਵਜ਼ੀਰ ਹਿੰਦ ਮਾਂਟੇਗੋ ਨੂੰ ਵੀ ਇਕ ਤਾਰ ਭੇਜੀ।

ਮਾਂਟੇਗੋ ਪਹਿਲਾਂ ਹੀ 22 ਮਈ 1919 ਨੂੰ ਪਾਰਲੀਮੈਂਟ ਦੇ ਬਜਟ ਇਜਲਾਸ ਵਿਚ ਅਜਿਹੀ ਪੜਤਾਲੀਆ ਕਮੇਟੀ ਦੀ ਸਥਾਪਨਾ ਦੀ ਤਜਵੀਜ਼ ਬਾਰੇ ਕਹਿ ਚੁੱਕਾ ਸੀ। ਉਹ ਜਾਣਦਾ ਸੀ ਕਿ ਹਿੰਦੁਸਤਾਨ ਵਿਚ ਨਾਰਾਜ਼ਗੀ ਦੀ ਲਹਿਰ ਦੀ ਹੋਂਦ ਵਿਚ, ਉਹ ਹਿੰਦੁਸਤਾਨ ਨਾਲ ਸੰਬੰਧਤ ਵਿਧਾਨਕ ਸੁਧਾਰ ਸਕੀਮ ਸਿਰੇ ਨਹੀਂ ਚੜ੍ਹਾ ਸਕੇਗਾ। ਹਿੰਦੁਸਤਾਨੀਆਂ ਦਾ ਮੁੜ ਵਿਸ਼ਵਾਸ ਜਿੱਤਣ ਲਈ ਪੜਤਾਲੀਆ ਕਮੇਟੀ ਦਾ ਕਾਇਮ ਕਰਨਾ ਬਹੁਤ ਜ਼ਰੂਰੀ ਹੈ। ਉਹ ਇਹ ਵੀ ਜਾਣਦਾ ਸੀ ਕਿ ਹਿੰਦੁਸਤਾਨ ਵਿਚਲੀ ਬਰਤਾਨਵੀ ਨੌਕਰਸ਼ਾਹੀ, ਸਮੇਤ ਵਾਇਸਰਾਏ ਦੇ, ਹਿੰਦੁਸਤਾਨੀਆਂ ਨੂੰ ਰਾਜ ਕਾਜ ਵਿਚ ਕੋਈ ਵੀ ਸ਼ਕਤੀ ਦੇਣਾ ਪਸੰਦ ਨਹੀਂ ਕਰਦੀ। ਉਹ ਵਾਇਸਰਾਏ ਲਾਰਡ ਚੈਮਸਫੋਰਡ ਨਾਲ ਉਸੇ ਸਥਿਤੀ ਵਿਚ ਸੀ, ਜਿਸ ਵਿਚ ਉਸ ਤੋਂ ਪਹਿਲਾਂ ਇਕ ਵਜ਼ੀਰ ਹਿੰਦ ਮਿਸਟਰ ਮਾਰਲੇ ਲਾਰਡ ਮਿੰਟੋ ਨਾਲ।

ਭਾਵੇਂ ਹਿੰਦੁਸਤਾਨ ਦਾ ਵਾਇਸਰਾਏ ਤੇ ਉਸ ਦੇ ਸਹਿਕਾਰੀ ਪੜਤਾਲ ਨਹੀਂ ਸਨ ਚਾਹੁੰਦੇ। ਪਰ ਜਦੋਂ ਵਜ਼ੀਰ ਹਿੰਦ ਨੇ ਐਲਾਨ ਕਰ ਹੀ ਦਿੱਤਾ, ਕਮੇਟੀ ਦੀ ਕਾਇਮੀ ਨੂੰ ਟਾਲਣਾ ਕਠਿਨ ਸੀ।

ਉਹਨਾਂ ਕਮੇਟੀ ਦੀ ਸਥਾਪਨਾ ਦੇ ਕੰਮ ਨੂੰ ਲਟਕਾਉਣ ਲਈ ਵੀ ਕਈ ਦਾਓ-ਪੇਚ



Sri Satguru Jagjit Singh Ji eLibrary NamdhariElibrary@gmail.com

ਅਖ਼ਤਿਆਰ ਕੀਤੇ । ਪਰ ਮਾਂਟੇਗੋ ਕੰਮ ਨੂੰ ਸਿਰੇ ਚੜ੍ਹਾਉਣਾ ਜਾਣਦਾ ਸੀ ।

ਉਹਨਾਂ ਦਿਨਾਂ ਵਿਚ ਹੀ ਲਾਰਡ ਸਾਲਬੋਰਨ ਦੀ ਪ੍ਰਧਾਨਗੀ ਹੇਠ ਬਣੀ ਇਕ ਜਾਇੰਟ ਪਾਰਲੀਮੈਂਟਰੀ ਕਮੇਟੀ ਦੀਆਂ ਬੈਠਕਾਂ ਹੋ ਰਹੀਆਂ ਸਨ ਜਿਸ ਦੇ ਜ਼ਿੰਮੇ ਹਿੰਦੁਸਤਾਨ ਲਈ ਇਕ ਵਿਧਾਨਕ ਢਾਂਚਾ ਉਲੀਕਣ ਲਈ ਨਿਰੀਖਸ਼ਣ ਕਰਨ ਦਾ ਕੰਮ ਸੀ ।

ਕਾਂਗਰਸ ਵਲੋਂ ਵੀ ਇਕ ਪ੍ਰਤੀਨਿਧ ਮੰਡਲ ਦੀ ਸਥਾਪਨਾ ਹੋਈ ਜਿਸ ਵਿਚ ਸ੍ਰੀ ਵਿੱਠਲ ਭਾਈ ਪਟੇਲ, ਬਾਲ ਗੰਗਾਧਰ ਤਿਲਕ, ਬਿਪਨ ਚੰਦਰ ਪਾਲ, ਬੀ. ਜੀ. ਹਾਰਨੀਮਾਨ, ਸਈਅਦ ਹਸਨ ਇਮਾਮ ਅਤੇ ਕੁਝ ਹੋਰ ਪਤਵੰਤੇ ਸ਼ਾਮਲ ਸਨ । ਇਹ ਪ੍ਰਤੀਨਿਧ ਮੰਡਲ ਬਰਤਾਨੀਆ ਦੇ ਲੋਕਾਂ ਨੂੰ ਹਿੰਦੁਸਤਾਨੀ ਪੱਖ ਤੋਂ ਜਾਣੂ ਕਰਾਉਣ ਲਈ ਭੇਜਿਆ ਗਿਆ ਸੀ ।

ਮਾਂਟੇਗੋ ਨੇ ਉਹਨਾਂ ਦੇ ਰਵੱਈਏ ਨੂੰ ਨਰਮ ਕਰਨ ਲਈ 18 ਜੁਲਾਈ 1919 ਨੂੰ ਹਿੰਦੁਸਤਾਨ ਦੇ ਵਾਇਸਰਾਏ ਲਾਰਡ ਚੈਮਸਫੋਰਡ ਨੂੰ ਇਕ ਤਾਰ ਦਿੱਤੀ :

"ਮੈਂ ਪਾਰਲੀਮੈਂਟ ਵਿਚ ਇਸ ਪ੍ਰਭਾਵ ਦਾ ਬਿਆਨ ਦੇ ਚੁੱਕਾ ਹਾਂ ਕਿ ਤੁਸੀਂ ਇਕ ਕਮੇਟੀ ਸਥਾਪਤ ਕਰਨ ਜਾ ਰਹੇ ਹੋ । ਅਤੇ ਤੁਸੀਂ ਮੈਨੂੰ ਉਸ ਦਾ ਪ੍ਰਧਾਨ ਸਥਾਪਤ ਕਰਨ ਲਈ ਆਖਿਆ ਹੈ ।"

ਹਿੰਦ ਸਰਕਾਰ ਚਾਹੁੰਦੀ ਸੀ ਕਿ ਮਾਮਲਾ ਠੱਪਿਆ ਹੀ ਰਹੇ । ਵਾਇਸਰਾਏ ਦੇ ਹੋਮ ਮੈਂਬਰ ਸਰ ਵਿਲੀਅਮ ਵਿਨਸੈਂਟ ਦਾ ਵਿਚਾਰ ਸੀ ਕਿ ਪੜਤਾਲ "ਪੁਰਾਣੀ ਤਲਖ਼ੀ ਜੋ ਮਿਟ ਚੁੱਕੀ ਹੈ ਉਸ ਨੂੰ ਮੁੜ ਤਾਜ਼ਾ ਕਰੇਗੀ ।"

ਆਰਮੀ ਮੈਂਬਰ ਜਨਰਲ ਸਰ ਚਾਰਲਸ ਮਨਰੋ ਵੀ ਪੜਤਾਲ ਦੇ ਵਿਰੁੱਧ ਸੀ । ਉਸ ਦਾ ਵਿਚਾਰ ਸੀ ਕਿ ਪੜਤਾਲ ਨਾ ਕੇਵਲ ਫ਼ੌਜੀ ਅਫ਼ਸਰਾਂ ਦੇ ਕਾਰਿਆਂ ਦੀ ਹੀ ਹੋਵੇਗੀ, ਸਗੋਂ ਸਮੁੱਚੀ ਫ਼ੌਜ ਦੇ ਰਵੱਈਏ ਦੀ ਵੀ । ਇਉਂ ਫ਼ੌਜ ਸਿਆਸੀ ਦਾਇਰੇ ਵਲ ਘਸੀਟੀ ਜਾਏਗੀ, ਅਤੇ ਅਫ਼ਸਰਾਂ ਦੇ ਹੌਸਲੇ ਵੀ ਪਸਤ ਹੋਣਗੇ ।

ਸੂਬਿਆਂ ਦੇ ਗਵਰਨਰ ਵੀ ਪੜਤਾਲ ਦੇ ਵਿਰੁੱਧ ਸਨ । ਉਹ ਜਾਣਦੇ ਸਨ ਕਿ ਉਹਨਾਂ ਦੇ ਮਿੱਤਰ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਜੋ ਕੁਝ ਪੰਜਾਬ ਵਿਚ ਕੀਤਾ ਹੈ, ਉਹ ਸਾਹਮਣੇ ਆ ਜਾਏਗਾ ।

ਪਰ ਵਜ਼ੀਰੇ ਹਿੰਦ ਵੀ ਆਪਣੀ ਧੁਨ ਦਾ ਪੱਕਾ ਸੀ । ਇਸ ਵਿਰੋਧਤਾ ਦੇ ਉਪ੍ਰੰਤ ਵੀ ਉਸ ਨੇ ਹਿੰਦ ਸਰਕਾਰ ਦੇ ਅੱਗੇ ਕਮੇਟੀ ਦੀ ਬਣਤਰ ਦਾ ਖ਼ਾਕਾ ਰੱਖ ਦਿੱਤਾ । ਉਸ ਨੇ ਹਿੰਦ ਸਰਕਾਰ ਨੂੰ ਇਹ ਵੀ ਲਿਖਿਆ ਕਿ "ਕਮੇਟੀ ਵਿਚ ਅਜਿਹੇ ਹਿੰਦੁਸਤਾਨੀ ਪ੍ਰਤੀਨਿਧਾਂ ਨੂੰ ਵੀ ਪਾਉਣਾ ਜ਼ਰੂਰੀ ਹੈ ਜਿਹੜੇ ਘੱਟੋ ਘੱਟ ਨਰਮ ਖ਼ਿਆਲੀਆਂ ਦੀ ਪ੍ਰਤੀਨਿਧਤਾ ਕਰਦੇ ਹੋਣ ।"

ਵਜ਼ੀਰੇ ਹਿੰਦ ਨੂੰ ਇਸ ਗੱਲ ਦਾ ਵੀ ਖ਼ਿਆਲ ਸੀ ਕਿ ਕਿਤੇ ਅਜਿਹਾ ਨਾ ਹੋਵੇ ਕਿ ਹਿੰਦ ਸਰਕਾਰ ਆਪਣੀ ਪੱਖ ਦੇ ਹੀ ਕੁਝ ਵਿਅਕਤੀਆਂ ਉਤੇ ਸ਼ਾਮਿਲ ਇਕ ਨਾਮ ਨਿਹਾਦ ਕਮੇਟੀ ਖੜ੍ਹੀ ਕਰ ਦੇਵੇ । ਉਸ ਨੇ 13 ਅਗਸਤ 1919 ਨੂੰ ਵਾਇਸਰਾਏ ਨੂੰ ਇਕ ਹੋਰ ਤਾਰ ਦਿੱਤੀ ।



Sri Satguru Jagjit Singh Ji eLibrary NamdhariElibrary@gmail.com

"ਮੈਂ ਇਸ ਰਾਏ ਨਾਲ ਜੁੜਿਆ ਹੋਇਆ ਹਾਂ ਕਿ ਹਿੰਦ ਸਰਕਾਰ ਨੂੰ ਇਸ ਦੂਸ਼ਣ ਤੋਂ ਵਧ ਕੇ ਕੋਈ ਹੋਰ ਨੁਕਸਾਨ ਨਹੀਂ ਪਹੁੰਚ ਸਕਦਾ ਕਿ ਅਸੀਂ ਹਿੰਦੁਸਤਾਨੀ ਰਾਏ ਤੋਂ ਡਰਦੇ ਹਾਂ, ਅਤੇ ਸੁਰਖਿਅਤ ਨਾਮਜ਼ਦਗੀਆਂ ਕੀਤੀਆਂ ਹਨ, ਜਿਹਨਾਂ ਵਿਚ ਉਹਨਾਂ ਦਾ ਕੋਈ ਵਿਸ਼ਵਾਸ ਨਹੀਂ, ਜਿਹਨਾਂ ਦੀ ਉਹ ਪ੍ਰਤੀਨਿਧਤਾ ਕਰਦੇ ਫ਼ਰਜ਼ ਕੀਤੇ ਜਾਂਦੇ ਹਨ।"

ਇਸ ਕਮੇਟੀ ਲਈ ਕਈ ਨਾਮ ਤਜਵੀਜ਼ ਤੇ ਕਈ ਰੱਦ ਹੋਏ। ਬਿਹਾਰ ਤੇ ਉੜੀਸਾ ਦੇ ਗਵਰਨਰ ਸਰ ਐਡਵਰਡ ਗੇਟ ਅਤੇ ਯੂ. ਪੀ. ਦੇ ਗਵਰਨਰ ਸਰ ਹਰਕੋਰਟ ਬਟਲਰ ਨੂੰ ਵੀ ਬੇਨਤੀ ਕੀਤੀ ਗਈ। ਉਹਨਾਂ ਕੋਈ ਨਾ ਕੋਈ ਕਾਰਨ ਦੱਸ ਕੇ ਨਾਂਹ ਕਰ ਦਿੱਤੀ। ਹਿੰਦ ਸਰਕਾਰ ਲਿਬਰਲ ਵਿਚਾਰਾਂ ਦੇ ਸਰ ਤੇਜ ਬਹਾਦਰ ਸਪਰੂ ਨੂੰ ਕਮੇਟੀ ਵਿਚ ਪਾਉਣਾ ਚਾਹੁੰਦੀ ਸੀ, ਪਰ ਪੰਜਾਬ ਦੇ ਨਵੇਂ ਆਏ ਗਵਰਨਰ ਸਰ ਈ. ਡੀ. ਮੈਕਲੇਗਨ ਨੇ ਵਿਰੋਧਤਾ ਕੀਤੀ ਕਿਉਂਕਿ ਉਹ ਪੰਜਾਬ ਵਿਚ ਹੋਏ ਅਤਿਆਚਾਰਾਂ ਬਾਰੇ ਆਪਣੀ ਰਾਏ ਪਹਿਲਾਂ ਅਖ਼ਬਾਰਾਂ ਵਿਚ ਪ੍ਰਗਟ ਕਰ ਚੁੱਕੇ ਸਨ।

3 ਸਤੰਬਰ 1919 ਨੂੰ ਵਾਇਸਰਾਏ ਨੇ ਇੰਡੀਅਨ ਲੈਜਿਸਲੇਟਿਵ ਕੌਂਸਲ ਵਿਚ ਐਲਾਨ ਕੀਤਾ :

ਕੁਝ ਸਮੇਂ ਤੋਂ ਮੇਰੀ ਸਰਕਾਰ ਦੀ ਸੈਕ੍ਰੇਟਰੀ ਆਫ ਸਟੇਟ ਫਾਰ ਇੰਡੀਆ (ਵਜ਼ੀਰ ਹਿੰਦ) ਨਾਲ ਇਸ ਗੜਬੜ ਦੀ ਪੜਤਾਲ ਕਰਨ ਦੇ ਸੁਆਲ ਤੇ ਚਿੱਠੀ ਪੱਤਰ ਚੱਲ ਰਹੀ ਸੀ। ਅਸੀਂ ਇਸ ਸੁਆਲ ਨੂੰ ਜਿੰਨੀ ਛੇਤੀ ਸੰਭਵ ਹੋ ਸਕੇ, ਹੱਲ ਕਰਨ ਲਈ ਫਿਕਰਮੰਦ ਸਾਂ। ਇਹਦੇ ਵਿਚ ਲਟਕਾ ਦਾ ਕਾਰਨ ਕਿਸੇ ਯੋਗ ਪ੍ਰਧਾਨ ਦੀ ਸੇਵਾ ਪ੍ਰਾਪਤੀ ਦੀ ਮੁਸ਼ਕਿਲ ਸੀ। ਇਹ ਸਿਰਫ ਪਿਛਲੇ ਸਨਿਚਰਵਾਰ ਹੀ ਮੈਂ ਸੁਣਿਆ ਹੈ ਕਿ ਲਾਰਡ ਹੰਟਰ ਇਸ ਲਈ ਹਿੰਦੁਸਤਾਨ ਆਉਣਾ ਮੰਨ ਗਏ ਹਨ। ਹੁਣ ਕਮੇਟੀ ਮੁਕੰਮਲ ਹੋ ਗਈ ਹੈ, ਅਤੇ ਉਹ ਇਵੇਂ ਹੋਵੇਗੀ :

ਚੇਅਰਮੈਨ — ਲਾਰਡ ਹੰਟਰ — ਸਾਬਕਾ ਸੁਲਿਸਟਰ ਜਨਰਲ, ਤੇ ਹੁਣ ਸਕਾਟਲੈਂਡ ਵਿਚ ਕਾਲਜ ਆਫ ਜਸਟਿਸ ਦੇ ਸੈਨੇਟਰ (ਇੰਗਲੈਂਡ ਵਿਚ ਹਾਈਕੋਰਟ ਦੇ ਜਜ ਦੇ ਬਰਾਬਰ)।

ਸੈਕ੍ਰੇਟਰੀ — ਐਚ. ਜੀ. ਸਟੋਕਸ।

ਮੈਂਬਰਾਨ — ਮੇਜਰ ਜਨਰਲ ਸਰ ਜਾਹਨ ਬੈਰੋ — ਪਿਸ਼ਾਵਰ ਡਿਵੀਜ਼ਨ ਦਾ ਕਮਾਂਡੈਂਟ।

— ਥਾਮਸ ਸਮਿਥ — ਉਤਰ ਪ੍ਰਦੇਸ਼ ਦੀ ਲੈਜਿਸਲੇਟਿਵ ਕੌਂਸਲ ਦਾ ਯੋਰਪੀਅਨ ਵਪਾਰੀਆਂ ਵਲੋਂ ਮੈਂਬਰ।

— ਚਮਨ ਲਾਲ ਹੀਰਾ ਲਾਲ ਸੀਤਲਵਾਦ — ਐਡਵੋਕੇਟ ਬੰਬਈ ਹਾਈ ਕੋਰਟ।

— ਜੀ. ਸੀ. ਰੈਂਕਿਨ — ਜੱਜ ਹਾਈ ਕੋਰਟ।

— ਸਰਦਾਰ ਸਾਹਿਬਜ਼ਾਦਾ ਸੁਲਤਾਨ ਅਹਿਮਦ ਖਾਂ ਬਾਰ. ਐਟ. ਲਾ ਮੈਂਬਰ ਅਪੀਲ ਕੋਰਟ ਗਵਾਲੀਅਰ ਸਟੇਟ।



Sri Satguru Jagjit Singh Ji eLibrary NamdhariElibrary@gmail.com

— ਪੰਡਤ ਜਗਤ ਨਾਰਾਇਣ ਮੈਂਬਰ ਲੈਜਿਸਲੇਟਿਵ ਕੌਂਸਿਲ ਯੂ. ਪੀ. ।

ਇਸ ਪੜਤਾਲੀਆ ਕਮੇਟੀ ਤੇ ਆਉਣ ਵਾਲੇ ਖ਼ਰਚ ਦਾ ਤਖ਼ਮੀਨਾ 2,12,000 ਰੁਪਏ ਲਾਇਆ ਗਿਆ । ਇਸ ਕਮੇਟੀ ਨੂੰ 'ਡਿਸਆਰਡਰਜ਼ ਇਨਕੁਆਇਰੀ ਕਮੇਟੀ ਦਾ ਨਾਮ ਦਿੱਤਾ ਗਿਆ । ਪਰ ਆਮ ਤੌਰ ਤੇ ਇਸ ਨੂੰ ਹੰਟਰ ਕਮੇਟੀ ਹੀ ਕਿਹਾ ਜਾਂਦਾ ਹੈ ।

ਲੋਕਾਂ ਨੂੰ ਇਸ ਹੰਟਰ ਕਮੇਟੀ ਤੇ ਵਿਸ਼ਵਾਸ ਨਹੀਂ ਸੀ, ਉਹਦੇ ਕਈ ਕਾਰਨ ਸਨ :

1. ਇਸ ਵਿਚ ਭਾਰਤੀ ਅਨਸਰ ਬੜਾ ਕਮਜ਼ੋਰ ਸੀ ।
2. ਕਮੇਟੀ ਦੀ ਰੀਪੋਰਟ ਵਾਇਸਰਾਏ ਕੋਲ ਜਾਣੀ ਸੀ ਜਿਹੜਾ ਕਿ ਪੰਜਾਬ ਗੌਰਮਿੰਟ ਦੀ ਪਾਲਿਸੀ ਨਾਲ ਪੂਰੀ ਤਰ੍ਹਾਂ ਸਹਿਮਤ ਗਿਣਿਆਂ ਜਾਂਦਾ ਸੀ । ਇਹ ਗੌਰਮਿੰਟ ਆਫ ਇੰਡੀਆ, ਗਵਰਨਰ ਜਨਰਲ ਇਨ ਕੌਂਸਿਲ ਹੀ ਸੀ, ਜਿਸ ਨੇ ਅੰਮ੍ਰਿਤਸਰ ਅਤੇ ਲਾਹੌਰ ਵਿਚ ਖੁਲ੍ਹੀ ਬਗ਼ਾਵਤ ਹੋਣ ਦਾ ਐਲਾਨ ਕੀਤਾ ਸੀ ਜਿਥੋਂ ਕਿ ਗੜਬੜ ਦਾ ਮੁੱਢ ਬੱਝਾ ।

— ਇਸ ਨੇ ਹੀ ਮਾਰਸ਼ਲ ਲਾਅ ਦੀ ਮਨਜ਼ੂਰੀ ਦਿੱਤੀ ਸੀ । ਇਸੇ ਵਾਇਸਰਾਏ ਨੇ ਹੀ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਮਾਈਕਲ ਓਡਵਾਇਰ ਦੀ ਪੂਰੀ ਮੱਦਦ ਕੀਤੀ ਸੀ ਜਿਹੜਾ ਕਿ ਮਾਰਸ਼ਲ ਲਾਅ ਦੇ ਪ੍ਰਬੰਧ ਨੂੰ ਚਲਾ ਰਿਹਾ ਸੀ ।

ਕਾਂਗਰਸ ਨੇ ਇਸ ਕਮੇਟੀ ਦਾ ਬਾਈਕਾਟ ਕਰ ਦਿੱਤਾ ।

ਪਰ ਇਸ ਕਮੇਟੀ ਨੇ ਆਪਣੇ ਤਰੀਕੇ ਨਾਲ 29 ਅਕਤੂਬਰ 1919 ਤੋਂ ਆਪਣਾ ਕੰਮ ਸ਼ੁਰੂ ਕਰ ਦਿੱਤਾ । ਇਸ ਨੇ ਆਪਣੀਆਂ 46 ਬੈਠਕਾਂ ਕੀਤੀਆਂ । ਜਿਹਨਾਂ ਵਿਚੋਂ 29 ਲਾਹੌਰ ਵਿਚ, 8 ਦਿੱਲੀ ਵਿਚ, 3 ਬੰਬਈ ਵਿਚ ਅਤੇ 6 ਅਹਿਮਦਾਬਾਦ ਵਿਚ ਹੋਈਆਂ ।

ਪੰਜਾਬ ਸਰਕਾਰ ਵਲੋਂ ਚੀਫ ਸੈਕ੍ਰੇਟਰੀ ਜੇ. ਪੀ. ਥਾਮਪਸਨ ਨੇ, ਸਰ ਮਾਈਕਲ ਉਡਵਾਇਰ ਨੇ ਨਿੱਜੀ ਤੌਰ ਤੇ, ਸਰ ਮਲਿਕ ਉਮਰ ਹਿਆਤ ਖਾਂ ਟਿਵਾਣੇ, ਜਨਰਲ ਹਡਸਨ ਅਤੇ ਸਾਰੇ ਸੰਬੰਧਤ ਫ਼ੌਜੀ ਤੇ ਸਿਵਲੀਅਨ ਅਫਸਰਾਂ ਨੇ ਸਣੇ ਜਨਰਲ ਡਾਇਰ ਦੇ ਗੁਆਹੀਆਂ ਦਿੱਤੀਆਂ । ਕੁਝ ਗੁਆਹੀਆਂ ਬੰਦ ਕਮਰਿਆਂ ਵਿਚ ਵੀ ਹੋਈਆਂ ।

13 ਮਾਰਚ 1920 ਨੂੰ ਹੰਟਰ ਕਮੇਟੀ ਨੇ ਹਿੰਦ ਸਰਕਾਰ ਨੂੰ ਆਪਣੀ ਰਿਪੋਰਟ ਪੇਸ਼ ਕਰ ਦਿੱਤੀ । ਉਸ ਨਾਲ ਗਵਾਹੀਆਂ ਦੀਆਂ ਸੱਤ ਜਿਲਦਾਂ ਵੀ ਸਨ । ਇਹਨਾਂ ਵਿਚੋਂ ਪੰਜ ਜਿਲਦਾਂ ਹੀ ਮਿਲਦੀਆਂ ਰਹੀਆਂ । ਛੇਵੀਂ ਤੇ ਸੱਤਵੀਂ ਜਿਲਦ ਪ੍ਰਕਾਸ਼ਤ ਹੀ ਨਹੀਂ ਕੀਤੀ ਗਈ । ਉਹਨਾਂ ਜਿਲਦਾਂ ਵਿਚੋਂ ਛੇ ਵਿਚ ਸਰ ਮਾਈਕਲ ਉਡਵਾਇਰ ਦੀ ਜ਼ਬਾਨੀ ਤੇ ਲਿਖਤੀ ਗੁਆਹੀ, ਜੇ. ਪੀ. ਥਾਮਪਸਨ ਦੀ ਜ਼ਬਾਨੀ ਤੇ ਲਿਖਤੀ ਗੁਆਹੀ, ਮੇਜਰ ਸਰ ਮਲਕ ਉਮਰ ਹਿਆਤ ਖਾਂ ਟਿਵਾਣੇ ਦੀ ਜ਼ਬਾਨੀ ਤੇ ਲਿਖਤੀ ਗੁਆਹੀ ਸ਼ਾਮਲ ਸੀ । ਸਤਵੀਂ ਜਿਲਦ ਵਿਚ ਹਿੰਦ ਸਰਕਾਰ ਦੀ ਖ਼ੁਫੀਆ ਗਵਾਹੀ ਤੇ ਜ਼ਮੀਮੇ, ਅਤੇ ਸਰ ਹੈਵਲਾਕ ਹਡਸਨ, ਐਡਜੂਟੈਂਟ ਜਨਰਲ ਆਫ ਇੰਡੀਆ ਦੀ ਗੁਆਹੀ ਸ਼ਾਮਲ ਸੀ । ਇਹਨਾਂ ਗੁਆਹੀਆਂ ਦਾ ਪ੍ਰਕਾਸ਼ਤ ਕਰਨਾ ਬਰਤਾਨਵੀ ਹਿੱਤਾਂ ਦੇ ਅਨੁਕੂਲ ਨਾ ਖ਼ਿਆਲ ਕੀਤਾ ਗਿਆ । ਜਿਵੇਂ ਕਿ ਜੀ. ਬੀ. ਜੈਕਬ ਚੀਫ ਆਫ



Sri Satguru Jagjit Singh Ji eLibrary NamdhariElibrary@gmail.com

ਜਨਰਲ ਸਟਾਫ ਨੇ ਨੋਟ ਕੀਤਾ ਕਿ ਇਹਨਾਂ ਦੀ ਪ੍ਰਕਾਸ਼ਨਾ ਸਾਡੇ ਮਿਲਟਰੀ ਇੰਟੈਲੀਜੈਂਸ ਪ੍ਰਬੰਧ ਲਈ ਖ਼ਤਰਾ ਹੋ ਸਕਦੀ ਹੈ। ਵਿਦੇਸ਼ੀ ਅਤੇ ਰਾਜਨੀਤਕ ਵਿਭਾਗ ਨੇ ਵੀ ਇਹਨਾਂ ਦੀ ਪ੍ਰਕਾਸ਼ਨਾ ਤੇ ਇਤਰਾਜ਼ ਕੀਤਾ। ਵਾਇਸਰਾਏ ਨੇ ਮਾਂਟੇਗੋ ਕੋਲ ਇਹਨਾਂ ਬਾਰੇ ਆਪਣੀ ਪੁਜ਼ੀਸ਼ਨ ਦੀ ਵਿਆਖਿਆ ਕਰ ਦਿਤੀ। 27 ਅਪ੍ਰੈਲ 1920 ਨੂੰ ਆਪਣੀ ਤਾਰ ਵਿਚ ਹਿੰਦ ਸਰਕਾਰ ਦੀ ਰਾਏ ਨੂੰ ਸਵੀਕਾਰ ਕਰਦਿਆਂ ਆਪਣੀ ਤਾਰ ਵਿਚ ਇਵੇਂ ਉੱਤਰ ਦਿੱਤਾ :

"ਤੁਹਾਡੇ ਸਿੱਟੇ ਮੇਰੇ ਦੁਆਰਾ ਸਵੀਕਾਰ ਹਨ, ਅਤੇ ਹਾਲ ਦੀ ਘੜੀ ਮੈਂ ਜਿਲਦ ਛੇ ਤੇ ਸੱਤ ਦੀ ਪ੍ਰਕਾਸ਼ਨਾ ਰੋਕ ਦੇਵਾਂਗਾ।"

ਇਹ ਦੋਨੋਂ ਜਿਲਦਾਂ 1968 ਤੀਕਰ ਪਹੁੰਚ ਤੋਂ ਬਾਹਰ ਰਹੀਆਂ। ਹੰਟਰ ਕਮੇਟੀ ਦੀ ਰੀਪੋਰਟ ਵਿਚ ਦਿੱਲੀ ਦੇ ਝਗੜਿਆਂ ਬਾਰੇ ਇਹ ਕਿਹਾ ਗਿਆ ਕਿ :

"ਮੁਖ ਪ੍ਰਸ਼ਨ ਇਹ ਉਠਦਾ ਹੈ ਕਿ ਜੋ ਤਿੰਨਾਂ ਥਾਵਾਂ ਤੇ ਹਜੂਮ ਤੇ ਗੋਲੀ ਚਲਾਈ ਗਈ ਹੈ, ਕੀ ਇਹ ਨਿਆਂ ਪੂਰਵਕ ਸੀ ਜਾਂ ਨਹੀਂ।

ਉਹਨਾਂ ਕਿਹਾ ਕਿ ਜਿਥੋਂ ਤੀਕਰ ਇਹਨਾਂ ਤਿੰਨਾਂ ਅਵਸਰਾਂ ਦਾ ਸੰਬੰਧ ਹੈ ਸਾਡੀ ਰਾਏ ਹਾਂ-ਪੱਖੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਸਿਵਿਲ ਅਤੇ ਮਿਲਟਰੀ ਅਧਿਕਾਰੀਆਂ ਦਾ ਕੰਮ ਹੈ ਕਿ ਉਹ ਗ਼ੈਰ ਕਾਨੂੰਨੀ ਇਕੱਠ ਤੇ ਗੋਲੀ ਚਲਾ ਸਕਦੇ ਹਨ, ਜੇ ਲੋਕਾਂ ਦੀ ਸੁਰੱਖਿਆ ਲਈ ਉਸ ਨੂੰ ਖਿੰਡਾਉਣਾ ਜ਼ਰੂਰੀ ਹੋਵੇ, ਅਤੇ ਉਹ ਕਿਸੇ ਹੋਰ ਤਰੀਕੇ ਨਾਲ ਨਾ ਕੀਤਾ ਜਾ ਸਕਦਾ ਹੋਵੇ।

— ਅਤੇ ਕਿਸੇ ਕੇਸ ਵਿਚ ਵੀ ਫਾਇਰਿੰਗ ਅਮਨ ਬਹਾਲ ਕਰਨ ਅਤੇ ਹਿੰਸਾ ਦੇ ਤਬਾਹ-ਕੁਨ ਫੈਲਾਓ ਨੂੰ ਰੋਕਣ ਦੇ ਕਾਨੂੰਨੀ ਮੰਤਵ ਦੀ ਪ੍ਰਾਪਤੀ ਵਿਚ ਜ਼ਰੂਰਤ ਤੋਂ ਵਧੇਰੇ ਲੰਬੀ ਨਹੀਂ ਸੀ।

ਅਹਿਮਦਾਬਾਦ ਵਿਚ ਵੀ ਸਖ਼ਤ ਫਸਾਦ ਹੋਏ ਸਨ। ਭਾਵੇਂ ਇਹ ਗਾਂਧੀ ਜੀ ਦਾ ਆਪਣਾ ਸੂਬਾ ਸੀ ਫਿਰ ਵੀ ਇਥੇ ਇਕ ਹਿੰਦੁਸਤਾਨੀ ਪੁਲੀਸ ਮੈਨ ਅਤੇ ਇਕ ਯੋਰਪੀਅਨ ਪੁਲੀਸ ਸਾਰਜੰਟ ਦਾ ਕਤਲ ਹੋ ਗਿਆ ਸੀ। ਪੁਲੀਸ ਨੇ ਇਥੇ ਕੋਈ ਚਾਰ ਵਾਰ ਤੇ ਫ਼ੌਜ ਨੇ ਦਸ ਜਾਂ ਵਧੇਰੇ ਵਾਰ ਗੋਲੀ ਚਲਾਈ ਸੀ। ਲਗਭਗ 28 ਵਿਅਕਤੀ ਇਹਨਾਂ ਨਾਲ ਮਰੇ, ਅਤੇ 123 ਜ਼ਖ਼ਮੀ ਹੋਏ ਸਨ।

ਹੰਟਰ ਕਮੇਟੀ ਦੀ ਰੀਪੋਰਟ ਕਹਿੰਦੀ ਹੈ :

"ਫ਼ੌਜੀ ਸ਼ਕਤੀ ਦੀ ਵਰਤੋਂ ਬਿਨਾ ਸਰਦਾ ਨਹੀਂ ਸੀ। ਜਿਹੜੀਆਂ ਵੀ ਮੌਤਾਂ ਹੋਈਆਂ, ਉਸ ਲਈ ਸਿਰਫ ਫਸਾਦੀ ਜ਼ਿੰਮੇਵਾਰ ਸਨ.. ਸਾਡਾ ਖ਼ਿਆਲ ਹੈ ਕਿ ਫ਼ੌਜੀ ਦਸਤੇ ਬਹੁਤ ਖ਼ਰਾਬ ਹਾਲਾਤ ਵਿਚ ਵੀ ਸਬਰ ਤੋਂ ਕੰਮ ਲੈਣ ਲਈ ਸਿਫਤ ਦੇ ਕਾਬਲ ਹਨ, ਅਤੇ ਫ਼ੌਜੀ ਕਾਰਵਾਈ ਵਿਚ ਕੋਈ ਵਧੀਕੀ ਨਹੀਂ ਸੀ।"

ਬੀਰਮਗਾਮ ਜਿਥੇ ਪੁਲੀਸ ਨੇ ਤਿੰਨ ਵਾਰੀ ਗੋਲੀ ਚਲਾਈ ਸੀ, 10 ਮਰੇ ਅਤੇ 40 ਜ਼ਖ਼ਮੀ ਹੋਏ ਸਨ।

ਹੰਟਰ ਕਮੇਟੀ ਨੇ ਕਿਹਾ :

"ਗੜਬੜ ਕਰਨ ਵਾਲਿਆਂ ਵਿਰੁਧ ਵਰਤੀ ਗਈ ਤਾਕਤ ਵਧੇਰੇ ਨਹੀਂ ਸੀ। ਜੇ



Sri Satguru Jagjit Singh Ji eLibrary NamdhariElibrary@gmail.com

ਮੁਢਲੇ ਪੜਾਅ ਤੇ ਵਧੇਰੇ ਸ਼ਕਤੀ ਦਾ ਪ੍ਰਯੋਗ ਹੋ ਜਾਂਦਾ, ਵਧੀਕੀਆਂ, ਕਤਲ ਅਤੇ ਸੰਪਤੀ ਦੀ ਬਰਬਾਦੀ ਨੂੰ ਰੋਕਿਆ ਜਾ ਸਕਦਾ ਸੀ।"

ਜਲ੍ਹਿਆਂਵਾਲੇ ਬਾਗ ਦੇ ਸਾਕੇ ਤੋਂ ਪਹਿਲਾਂ ਲਾਹੌਰ ਵਿਚ ਵੀ ਕਾਫੀ ਭੜਕਾਹਟ ਸੀ। ਇਥੇ ਵੀ ਮਾਲ ਰੋਡ ਤੇ ਇਕ ਹਜੂਮ ਨੂੰ ਖਿੰਡਾਉਣ ਲਈ ਫਾਇਰਿੰਗ ਕੀਤੀ ਗਈ ਸੀ, ਜਿਸ ਨਾਲ ਕੁਝ ਜਾਨਾਂ ਨੂੰ ਨੁਕਸਾਨ ਪਹੁੰਚਾ ਸੀ। ਲੋਹਾਰੀ ਗੇਟ ਦੇ ਨੇੜੇ ਅਤੇ ਹੀਰਾ ਮੰਡੀ ਦੇ ਵਿਚ ਵੀ ਗੋਲੀ ਚੱਲੀ ਸੀ, ਦੋਹਾਂ ਥਾਵਾਂ ਤੇ ਹੀ ਬੰਦੇ ਮਰੇ ਅਤੇ ਜ਼ਖਮੀ ਹੋਏ ਸਨ।

ਪਹਿਲੇ ਬਾਰੇ ਕਮੇਟੀ ਨੇ ਕਿਹਾ :

"ਸਾਡੀ ਰਾਏ ਵਿਚ ਜੋ ਕੁਝ ਸਾਬਤ ਹੋਇਆ ਹੈ। ...ਹਜੂਮ ਨੂੰ ਬਾਰ ਬਾਰ ਖਿੰਡ ਪੁੰਡ ਜਾਣ ਲਈ ਕਿਹਾ। ਪਰ ਉਸ ਦੇ ਵਤੀਰੇ ਤੋਂ ਪ੍ਰਗਟ ਹੋਇਆ ਕਿ ਉਹ ਅੱਗੇ ਵਧਣ ਤੇ ਤੁੱਲਿਆ ਹੋਇਆ ਸੀ। ਫਾਇਰਿੰਗ ਤੋਂ ਬਿਨਾ ਕੁਝ ਵੀ ਘੱਟ ਕੁਝ ਵੀ ਫ਼ਾਇਦੇਮੰਦ ਨਹੀਂ ਸੀ।

ਦੂਜੇ ਬਾਰੇ :

"ਇਸ ਫਾਇਰਿੰਗ ਦੀ ਨਿਆਂ ਪੂਰਵਕਤਾ ਵੀ ਸਾਫ ਦਿਖਾਈ ਦਿੰਦੀ ਹੈ। ਇਸ ਗੱਲ ਵੱਲ ਧਿਆਨ ਦੁਆਇਆ ਗਿਆ ਹੈ ਕਿ ਇਕ ਸਥਾਨਕ ਵਕੀਲ ਦੇ ਯਤਨਾਂ ਨੂੰ ਵਧੇਰੇ ਸਮਾਂ ਦਿੱਤੇ ਜਾਣ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਸੀ, ਤਾ ਕਿ ਉਹ ਹਜੂਮ ਨੂੰ ਖਿੰਡ ਪੁੰਡ ਜਾਣ ਲਈ ਰਾਜ਼ੀ ਕਰ ਲੈਂਦਾ।"

ਉਹਨਾਂ ਦਾ ਉੱਤਰ ਸੀ ਕਿ ਇਸ ਕਿਸਮ ਦੀ ਨੁਕਤਾਚੀਨੀ ਹਮੇਸ਼ਾਂ ਸੰਭਵ ਹੈ, ਪਰ ਇਸ ਮੌਕੇ ਤੇ ਇਹ ਵਿਸ਼ੇਸ਼ ਤੌਰ ਤੇ ਲਾਗੂ ਹੁੰਦੀ ਦਿਖਾਈ ਨਹੀਂ ਦਿੰਦੀ।

ਤੀਜੇ ਬਾਰੇ :

"ਸਾਡਾ ਖ਼ਿਆਲ ਹੈ, ਉਸ ਦਿਨ ਹਜੂਮ ਨੂੰ ਖਿੰਡਾਉਣ ਵਾਸਤੇ ਇਹ ਜ਼ਰੂਰੀ ਸੀ। ਜੇ ਪੁਲੀਸ ਅਤੇ ਫ਼ੌਜੀ ਦਸਤੇ ਹਜੂਮ ਨੂੰ ਖਿੰਡਾਏ ਬਿਨਾ ਚਲੇ ਜਾਂਦੇ, ਤਾਂ ਲਾਹੌਰ ਵਿਚ ਅਮਨ ਬਹਾਲ ਰੱਖਣ ਦੇ ਸਾਰੇ ਚਾਂਸ ਮੁੱਕ ਜਾਣੇ ਸਨ।"

ਕਸੂਰ ਵਿਚ ਚੱਲੀ ਗੋਲੀ ਬਾਰੇ ਜਿਸ ਨਾਲ ਚਾਰ ਮੌਤਾਂ ਅਤੇ ਹੋਰ ਜਾਨੀ ਨੁਕਸਾਨ ਹੋਇਆ ਸੀ, ਹੰਟਰ ਕਮੇਟੀ ਦੀ ਰੀਪੋਰਟ ਵਿਚ ਦਰਜ ਹੈ :

"ਅਸੀਂ ਇਸ ਹਜੂਮ ਤੇ ਗੋਲੀ ਚਲਾਉਣ ਦੇ ਫੈਸਲੇ ਨੂੰ ਬਰਕਰਾਰ ਰਖਦੇ ਹਾਂ"। ਇਹਨਾਂ ਨੇ ਇਸ ਵਿਚ ਆਪਣੀ ਰਾਏ ਦਾ ਵਾਧਾ ਕਰਦੇ ਹੋਏ ਕਿਹਾ ਕਿ "ਫਾਇਰਿੰਗ ਜਦੋਂ ਕਿ ਇਹ ਹੋਈ, ਉਸ ਤੋਂ ਪਹਿਲਾਂ ਹੋਣੀ ਚਾਹੀਦੀ ਸੀ।"

ਗੁਜਰਾਂਵਾਲੇ ਵਿਚ ਸੁਪਰਨਟੈਂਡੈਂਟ ਪੁਲੀਸ ਨੇ ਆਪਣੇ ਆਦਮੀਆਂ ਨੂੰ ਇਕ ਧਮਕੀਆਂ ਦੇ ਰਹੇ ਇਕੱਠ ਤੇ ਗੋਲੀ ਚਲਾਉਣ ਦਾ ਹੁਕਮ ਦਿੱਤਾ ਸੀ। ਕਮੇਟੀ ਨੇ ਉਸ ਦੇ ਕਾਰੇ ਨੂੰ ਪੂਰੀ ਸਵੀਕਾਰਤਾ ਦਿੱਤੀ। ਉਸੇ ਥਾਂ ਤੇ ਹੀ ਬਾਅਦ ਵਿਚ ਲੋਕਾਂ ਦੇ ਇਕ ਇਕੱਠ ਨੇ ਡਾਕਖਾਨੇ ਅਤੇ ਸਰਕਾਰੀ ਸੰਪਤੀ ਨੂੰ ਸਾੜ ਦੇਣ ਦਾ ਯਤਨ ਕੀਤਾ ਸੀ। ਪੁਲੀਸ ਅਫਸਰ ਉਸ ਤੇ ਗੋਲੀ ਚਲਾਉਣਾ ਚਾਹੁੰਦੇ ਸਨ, ਪਰ ਐਕਟਿੰਗ ਡਿਪਟੀ ਕਮਿਸ਼ਨਰ ਜੋ ਹਿੰਦੁਸਤਾਨੀ ਸੀ, ਨੇ ਆਗਿਆ ਦੇਣ ਤੋਂ ਨਾਂਹ ਕਰ ਦਿੱਤੀ।



Sri Satguru Jagjit Singh Ji eLibrary NamdhariElibrary@gmail.com

ਕਮੇਟੀ ਦੀ ਰਾਏ ਵਿਚ :

''ਸੜ ਰਹੇ ਡਾਕਖਾਨੇ ਦੇ ਦੁਆਲੇ ਲੋਕਾਂ ਦੇ ਇਕੱਠ ਨੂੰ ਖਿੰਡਾਉਣ ਲਈ ਪੁਲੀਸ ਨੂੰ ਗੋਲੀ ਚਲਾਉਣ ਦੇ ਹੁਕਮ ਦੇਣ ਦੀ ਅਸਫਲਤਾ ਲਈ ਸਾਨੂੰ ਇਉਂ ਪ੍ਰਤੀਤ ਹੁੰਦਾ ਹੈ, ਕਿ ਐਕਟਿੰਗ ਡਿਪਟੀ ਕਮਿਸ਼ਨਰ ਨੇ ਗ਼ਲਤੀ ਦਾ ਇਰਤਕਾਬ ਕੀਤਾ ਹੈ।''

ਅੰਮ੍ਰਿਤਸਰ ਵਿਚ ਵੀ 13 ਅਪ੍ਰੈਲ ਤੋਂ ਪਹਿਲਾਂ ਕਈ ਵਾਰੀ ਪੁਲੀਸ ਨੇ ਗੋਲੀ ਚਲਾਈ ਸੀ। ਉਹਨਾਂ ਵਿਚੋਂ ਦੋ ਥਾਵਾਂ ਬਾਰੇ ਪੁਲੀਸ ਦੀ ਰੀਪੋਰਟ ਸੀ :

ਫਾਇਰਿੰਗ ਲਈ ਇਹੀ ਚਾਰਾ ਮੁਕੰਮਲ ਤੌਰ ਤੇ ਨਿਆਂ ਪੂਰਵਕ ਸੀ। ਅਜਿਹੇ ਹਾਲਾਤ ਵਿਚ ਇਹੀ ਜ਼ਰੂਰੀ ਸੀ ਅਤੇ ਇਸ ਮੌਕੇ ਤੇ ਕੋਈ ਵਧੀਕੀ ਨਹੀਂ ਸੀ।... ਸਾਡਾ ਖਿਆਲ ਹੈ ਕਿ ਗੋਲੀ ਦਾ ਹੁਕਮ ਠੀਕ ਦਿਤਾ ਗਿਆ ਸੀ, ਅਤੇ ਸਾਡੇ ਕੋਲ ਕੋਈ ਆਧਾਰ ਨਹੀਂ ਇਹ ਕਹਿਣ ਲਈ ਕਿ ਸਮੇਂ ਦੀ ਲੋੜ ਦੀ ਕਿਸੇ ਵੀ ਢੰਗ ਨਾਲ ਗ਼ਲਤ ਜਾਂ ਵਧੇਰੇ ਵਰਤੋਂ ਕੀਤੀ ਗਈ ਹੈ।''

ਹੰਟਰ ਕਮੇਟੀ ਨੇ ਜਿਵੇਂ ਕਿ ਆਸ ਸੀ, ਪੰਜਾਬ ਸਰਕਾਰ ਦੀਆਂ ਵਧੀਕੀਆਂ ਤੇ ਪੋਚਾ ਪਾਚੀ ਕਰਨ ਦੀ ਕੋਸ਼ਿਸ਼ ਕੀਤੀ। ਇਹੋ ਵਜ੍ਹਾ ਸੀ ਕਿ ਚਾਰ ਅੰਗਰੇਜ਼ ਮੈਂਬਰਾਂ ਤੇ ਤਿੰਨ ਹਿੰਦੁਸਤਾਨੀ ਮੈਂਬਰਾਂ ਨੇ ਵੱਖੋ ਵੱਖਰੀ ਰੀਪੋਰਟ ਪੇਸ਼ ਕੀਤੀ। ਪਰ ਜਨਰਲ ਡਾਇਰ ਵਲੋਂ ਜ਼ਲ੍ਹਿਆਂਵਾਲੇ ਬਾਗ਼ ਵਿਚ ਚਲਾਈ ਗੋਲੀ ਅਤੇ ਕਰਾਲਿੰਗ ਆਰਡਰਾਂ ਆਦਿ ਨੂੰ ਪੂਰੀ ਕਮੇਟੀ ਨੇ ਨੋਟਿਸ ਵਿਚ ਲਿਆ। ਹੋ ਸਕਦਾ ਹੈ ਕਿ ਜਨਰਲ ਡਾਇਰ ਵੀ ਦੂਸਰੇ ਅਫਸਰਾਂ ਵਾਂਗ ਮੁਆਫ ਕਰ ਦਿਤਾ ਜਾਂਦਾ, ਪਰ ਉਹ ਕਮੇਟੀ ਅਗੇ ਵੀ ਇਸ ਖ਼ੂਨੀ ਕਾਰਨਾਮੇ ਬਾਰੇ ਆਪਣੇ ਬਿਆਨਾਂ ਵਿਚ ਸ਼ੇਖ਼ੀ ਮਾਰਨੋ ਨਾ ਟਲਿਆ।

ਉਸ ਨੇ ਆਖਿਆ ਕਿ ਉਹਨੇ ਉਥੇ ਪਹੁੰਚਣ ਤੋਂ ਪਹਿਲਾਂ ਹੀ ਆਪਣਾ ਮਨ ਬਣਾਇਆ ਹੋਇਆ ਸੀ ਕਿ ਜੇ ਬਾਗ਼ ਵਿਚ ਲੋਕਾਂ ਦਾ ਇਕੱਠ ਹੋਇਆ, ਤਾਂ ਇਸ ਦਾ ਮਤਲਬ ਗੋਲੀ ਹੋਵੇਗਾ।''

ਉਸ ਨੇ ਇਹ ਵੀ ਕਿਹਾ :

''ਮੈਂ ਗੋਲੀ ਚਲਾਈ ਅਤੇ ਲੋਕਾਂ ਦੇ ਖਿੰਡ ਪੁੰਡ ਜਾਣ ਤੀਕਰ ਲਗਾਤਾਰ ਚਲਾਉਂਦਾ ਰਿਹਾ। ਜੇ ਮੇਰੇ ਹੱਥਾਂ ਵਿਚ ਹੋਰ ਫੌਜ ਹੁੰਦੀ, ਤਾਂ ਉਸੇ ਅਨੁਪਾਤ ਨਾਲ ਹੋਰ ਵਧੇਰੇ ਮੌਤਾਂ ਹੁੰਦੀਆਂ। ਇਹ ਕੋਈ ਪ੍ਰਸ਼ਨ ਨਹੀਂ ਸੀ ਕਿ ਮੈਂ ਇਕੱਲੇ ਇਕੱਠ ਨੂੰ ਹੀ ਖਿੰਡਾਉਣਾ ਸੀ, ਬਲਕਿ ਕਾਫੀ ਹੱਦ ਤੀਕਰ ਫੌਜੀ ਦ੍ਰਿਸ਼ਟੀਕੋਣ ਤੋਂ ਇਕ ਅਖਲਾਕੀ ਅਸਰ ਪੈਦਾ ਕਰਨਾ ਸੀ। ਨਾ ਸਿਰਫ ਹਾਜ਼ਰ ਲੋਕਾਂ ਤੇ, ਸਗੋਂ ਖਾਸ ਤੌਰ ਤੇ ਸਾਰੇ ਪੰਜਾਬ ਤੇ।''

ਇਸ ਬਿਆਨ ਤੋਂ ਪਤਾ ਲੱਗਦਾ ਸੀ ਕਿ ਉਹਦੇ ਦਿਮਾਗ਼ ਵਿਚ ਕੀ ਘੁੰਮ ਰਿਹਾ ਸੀ ਤੇ ਕਿਸ ਕਿਸਮ ਦੇ ਖ਼ਤਰਨਾਕ ਇਰਾਦੇ ਉਸ ਦੇ ਦਿਮਾਗ਼ ਵਿਚ ਸਨ। ਉਸ ਨੇ ਕਮੇਟੀ ਦੇ ਮੈਂਬਰਾਂ ਵਲੋਂ ਕੀਤੀ ਜਿਰਾਹ ਦੇ ਉਤਰ ਵਿਚ ਵੀ ਇਸ ਕਿਸਮ ਦੇ ਵਿਚਾਰਾਂ ਦਾ ਪ੍ਰਗਟਾ ਕੀਤਾ :

''ਤੂੰ ਆਪਣੇ ਨਾਲ ਦੋ ਹਥਿਆਰਬੰਦ ਕਾਰਾਂ ਲੈ ਕੇ ਗਿਆ ਸੀ ?''

''ਹਾਂ।''



Sri Satguru Jagjit Singh Ji eLibrary NamdhariElibrary@gmail.com

"ਉਹਨਾਂ ਕਾਰਾਂ ਵਿਚ ਮਸ਼ੀਨ ਗੰਨਾਂ ਸਨ ?"

"ਹਾਂ ।"

"ਕੀ ਤੇਰਾ ਉਹਨਾਂ ਨੂੰ ਲਿਜਾਣ ਦਾ ਇਹ ਮੰਤਵ ਸੀ ਕਿ ਤੂੰ ਇਹਨਾਂ ਮਸ਼ੀਨ ਗੰਨਾਂ ਨੂੰ ਇਕੱਠ ਦੇ ਵਿਰੁਧ ਵਰਤੇਂ ? ਜਦ ਤੂੰ ਉਥੇ ਪਹੁੰਚਾ ਤੂੰ ਇਹਨਾਂ ਹਥਿਆਰਬੰਦ ਕਾਰਾਂ ਨੂੰ ਅੰਦਰ ਏਸ ਕਰ ਕੇ ਨਹੀਂ ਲਿਜਾ ਸਕਿਆ ਕਿਉਂਕਿ ਰਸਤਾ ਬਹੁਤ ਤੰਗ ਸੀ ?"

"ਹਾਂ ।"

"ਫਰਜ਼ ਕਰੋ ਕਿ ਜੇ ਰਸਤਾ ਏਨਾ ਹੁੰਦਾ ਕਿ ਹਥਿਆਰਬੰਦ ਕਾਰਾਂ ਅੰਦਰ ਜਾ ਸਕਦੀਆਂ, ਕੀ ਤੂੰ ਫਿਰ ਮਸ਼ੀਨਗੰਨਾਂ ਨਾਲ ਗੋਲੀ ਚਲਾਉਂਦਾ ?"

"ਮੇਰਾ ਖਿਆਲ ਹੈ, ਸ਼ਾਇਦ ਇਵੇਂ ਕਰਦਾ ।"

"ਇਨ੍ਹਾਂ ਹਾਲਾਤ ਵਿਚ ਮੌਤਾਂ ਬਹੁਤ ਹੀ ਜ਼ਿਆਦਾ ਹੁੰਦੀਆਂ ?"

"ਹਾਂ"

"ਤਾਂ ਤੂੰ ਮਸ਼ੀਨਗੰਨਾਂ ਨਾਲ ਇਸ ਲਈ ਨਹੀਂ ਫਾਇਰਿੰਗ ਕੀਤੀ ਕਿ ਤੂੰ ਹਥਿਆਰਬੰਦ ਕਾਰਾਂ ਨੂੰ ਅੰਦਰ ਲੈ ਜਾਣ ਦੇ ਕਾਬਿਲ ਨਹੀਂ ਸੀ ?"

"ਮੈਂ ਪਹਿਲਾਂ ਉੱਤਰ ਦੇ ਚੁੱਕਾ ਹਾਂ । ਮੈਂ ਇਹ ਕਿਹਾ ਹੈ ਕਿ ਜੇ ਇਹ ਸੰਭਵ ਹੋ ਸਕਦਾ, ਤਾਂ ਮੈਂ ਜ਼ਰੂਰ ਉਨ੍ਹਾਂ ਨਾਲ ਹੀ ਫਾਇਰਿੰਗ ਕਰਦਾ ।"

"ਸਿੱਧਾ ਮਸ਼ੀਨਗੰਨਾਂ ਨਾਲ ?

"ਮਸ਼ੀਨਗੰਨਾਂ ਨਾਲ ।"

ਜਦ ਸ੍ਰੀ ਸੀਤਲਵਾਦ ਨੇ ਇਹ ਆਖਿਆ ਕਿ ਤੇਰੇ ਬਿਆਨਾਂ ਨੂੰ, "ਮੈਂ ਇਵੇਂ ਲੈਂਦਾ ਹਾਂ, ਕਿ ਇਹ ਐਕਸ਼ਨ ਤੂੰ ਇਸ ਖਿਆਲ ਨਾਲ ਲਿਆ, ਕਿ ਤੂੰ ਦਹਿਸ਼ਤ ਬਣਾਉਣੀ ਚਾਹੁੰਦਾ ਸੀ ?"

ਡਾਇਰ ਨੇ ਉੱਤਰ ਦਿੱਤਾ, "ਤੂੰ ਇਸ ਨੂੰ ਜੋ ਮਰਜ਼ੀ ਹੈ ਆਖ, ਮੈਂ ਉਨ੍ਹਾਂ ਨੂੰ ਪੂਰੀ ਸਜ਼ਾ ਦੇਣੀ ਚਾਹੁੰਦਾ ਸੀ ਅਤੇ ਇਕ ਵਿਸ਼ਾਲ ਅਸਰ ਛੱਡਣਾ ਚਾਹੁੰਦਾ ਸੀ ।"

ਇਸ ਤਰ੍ਹਾਂ ਕੁਝ ਹੋਰ ਪ੍ਰਸ਼ਨਾਂ ਦੇ ਉਤਰ ਵੀ ਉਸ ਇਸੇ ਤਰ੍ਹਾਂ ਦਿੱਤੇ ।

ਪ੍ਰਸ਼ਨ — ਗੋਲੀ ਚਲਾਉਣ ਤੋਂ ਪਹਿਲਾਂ ਤੂੰ ਮਿਸਟਰ ਗੇਹਲ, ਜਿਹੜਾ ਕਿ ਸਿਵਲੀਅਨ ਸੀ, ਤੋਂ ਪੁਛਿਆ ਸੀ ਕਿ ਕੀ ਉਸ ਦੇ ਨਿਰਨੇ ਮੁਤਾਬਿਕ ਗੋਲੀ ਚਲਾਉਣੀ ਜ਼ਰੂਰੀ ਸੀ ?

ਉੱਤਰ — ਨਹੀਂ ਜਨਾਬ, ਮੈਂ ਮੋਟਰਕਾਰ ਵਿਚ ਆਉਂਦਿਆਂ ਹੀ ਆਪਣਾ ਮਨ ਬਣਾ ਲਿਆ ਸੀ ਕਿ ਜੇ ਮੇਰਾ ਹੁਕਮ ਨਾ ਮੰਨਿਆ ਗਿਆ ਤਾਂ ਮੈਂ ਫੋਰੀ ਤੋਰ ਤੇ ਗੋਲੀ ਚਲਾ ਦਿਆਂਗਾ ।

ਪ੍ਰਸ਼ਨ — ਕੀ ਗੋਲੀ ਚਲਾਉਣ ਤੋਂ ਤੇਰਾ ਮੰਤਵ ਇਕੱਠ ਨੂੰ ਖਿੰਡਾਉਣਾ ਸੀ ?

ਉ : ਨਹੀਂ ।

ਪ੍ਰ : ਹੋਰ ਕੋਈ ਮੰਤਵ ?

ਉ : ਨਹੀਂ ਜਨਾਬ, ਮੈਂ ਉਦੋਂ ਤੀਕਰ ਗੋਲੀ ਚਲਾਉਣੀ ਸੀ ਜਦ ਤੀਕਰ ਉਹ ਖਿੰਡ ਪੁੰਡ ਨਾ ਜਾਂਦੇ ।



Sri Satguru Jagjit Singh Ji eLibrary NamdhariElibrary@gmail.com

ਪ੍ਰ : ਜਦੋਂ ਹੀ ਤੂੰ ਗੋਲੀ ਚਲਾਉਣੀ ਸ਼ੁਰੂ ਕੀਤੀ, ਕੀ ਇਕੱਠ ਨੇ ਖਿੰਡਣਾ ਪੁੰਡਣਾ ਸ਼ੁਰੂ ਕਰ ਦਿਤਾ ਸੀ ?

ਉ : ਛੇਤੀ ਹੀ ।

ਪ੍ਰ : ਕੀ ਤੂੰ ਗੋਲੀ ਚਲਾਉਣੀ ਜਾਰੀ ਰਖੀ ?

ਉ : ਹਾਂ ।

ਪ੍ਰ : ਜੇ ਇਕੱਠ ਖਿੰਡਣਾ ਪੁੰਡਣਾ ਸ਼ੁਰੂ ਹੋ ਗਿਆ ਸੀ, ਤੂੰ ਗੋਲੀ ਚਲਾਉਣੀ ਬੰਦ ਕਿਉਂ ਨਾ ਕੀਤੀ ?

ਉ : ਮੈਂ ਸੋਚਿਆ ਕਿ ਮੇਰਾ ਫਰਜ਼ ਹੈ ਕਿ ਗੋਲੀ ਚਲਾਈ ਜਾਵਾਂ, ਜਦ ਤੀਕਰ ਕਿ ਸਾਰਾ ਇਕੱਠ ਨਾ ਖਿੰਡ ਪੁੰਡ ਜਾਵੇ । ਜੇ ਮੈਂ ਥੋਹੜੀ ਗੋਲੀ ਚਲਾਉਂਦਾ ਤਾਂ ਉਸ ਦਾ ਅਸਰ ਕਾਫੀ ਨਹੀਂ ਸੀ ਹੋਣਾ ।

ਕਮੇਟੀ ਦੇ ਮੈਂਬਰਾਂ ਨੇ ਇਸ ਭਾਵ ਦੇ ਅਧੀਨ ਕਿ ਜੇ ਉਸ ਦਾ ਮੰਤਵ ਸਿਰਫ ਹਜੂਮ ਨੂੰ ਖਿੰਡਾਉਣਾ ਹੀ ਸੀ, ਤਾਂ ਉਹ ਹਜੂਮ ਨੂੰ ਇਹ ਕਹਿ ਸਕਦਾ ਸੀ ।

ਉਸ ਨੂੰ ਪੁਛਿਆ ਗਿਆ, "ਤੇਰੇ ਕੋਲ ਇਹ ਫਰਜ਼ ਕਰਨ ਲਈ ਕੀ ਦਲੀਲ ਸੀ ਕਿ ਜੇ ਤੂੰ ਇਕੱਠੇ ਹੋਏ ਲੋਕਾਂ ਨੂੰ ਬਾਗ ਵਿਚੋਂ ਚਲੇ ਜਾਣ ਲਈ ਕਹਿੰਦਾ, ਤਾਂ ਉਹ ਤੇਰੇ ਗੋਲੀ ਚਲਾਉਣ ਤੇ ਇਕ ਲੰਮਾ ਸਮਾਂ ਗੋਲੀ ਚਲਾਉਣੀ ਜਾਰੀ ਰੱਖਣ ਤੋਂ ਬਿਨਾਂ ਉਥੋਂ ਨਾ ਜਾਂਦੇ ?

ਉਸ ਨੇ ਉੱਤਰ ਦਿਤਾ, "ਮੇਰਾ ਖਿਆਲ ਹੈ ਕਿ ਇਹ ਬਿਲਕੁਲ ਸੰਭਵ ਸੀ ਕਿ ਮੈਂ ਉਨ੍ਹਾਂ ਨੂੰ ਗੋਲੀ ਚਲਾਉਣ ਤੋਂ ਬਿਨਾਂ ਵੀ ਖਿੰਡਾ ਪੁੰਡਾ ਸਕਦਾ ਸੀ ।"

"ਫਿਰ ਤੂੰ ਇਵੇਂ ਕਿਉਂ ਨਾ ਕੀਤਾ ?"

"ਮੈਂ ਸ਼ਾਇਦ ਕੁਝ ਸਮੇਂ ਲਈ ਨਾ ਖਿੰਡਾ ਸਕਦਾ, ਸ਼ਾਇਦ ਉਹ ਫੇਰ ਵਾਪਸ ਆ ਜਾਂਦੇ, ਆਦਿ ।"

ਇਹ ਬਿਆਨ ਇਸ ਗੱਲ ਨੂੰ ਪ੍ਰਗਟ ਕਰਦੇ ਹਨ ਕਿ ਦਰਅਸਲ ਵੱਡੇ ਪੱਧਰ ਤੇ ਲੋਕਾਂ ਦੀ ਜਾਨ ਲੈਣਾ ਹੀ ਇਸ ਦਾ ਜਾਣਿਆਂ ਬੁਝਿਆ ਮੰਤਵ ਸੀ ਜਿਹੜਾ ਕਿ ਇਸ ਨੇ ਅਮਲ ਵਿਚ ਲਿਆਂਦਾ ।

ਅਖੀਰ 13 ਮਾਰਚ 1920 ਨੂੰ ਹੰਟਰ ਕਮੇਟੀ ਨੇ ਆਪਣੀ ਰੀਪੋਰਟ ਹਿੰਦ ਸਰਕਾਰ ਨੂੰ ਦੇ ਦਿਤੀ ।

ਹੰਟਰ ਕਮੇਟੀ ਦੇ ਗੋਰੇ ਮੈਂਬਰਾਂ ਦੀ ਰੀਪੋਰਟ ਵਿਚ ਅੰਮ੍ਰਿਤਸਰ ਦੇ ਹਾਲਾਤ ਦੇ ਨਿਰਨੇ ਬਾਰੇ ਕਾਫੀ ਹੱਦ ਤੀਕਰ ਸਰਕਾਰੀ ਨਿਰਨੇ ਨਾਲ ਸਹਿਮਤੀ ਕਰਦਿਆਂ ਹੋਇਆਂ, ਜਨਰਲ ਡਾਇਰ ਦੇ ਬੜੀ ਕਠਿਨ ਸਥਿਤੀ ਨਾਲ ਵਾਹ ਪੈਣ ਦਾ ਜ਼ਿਕਰ ਵੀ ਕੀਤਾ ਗਿਆ । ਪਰ ਗੋਲੀ ਚਲਾਉਣ ਬਾਰੇ ਦੋ ਇਤਰਾਜ਼ ਕੀਤੇ ਗਏ :

1. ਉਸ ਨੇ ਬਿਨਾਂ ਵਾਰਨਿੰਗ ਦਿੱਤਿਆਂ ਗੋਲੀ ਚਲਾਈ ।

2. ਉਸ ਨੇ ਇਕੱਠ ਦੇ ਖਿੰਡ ਪੁੰਡ ਜਾਣ ਤੇ ਵੀ ਗੋਲੀ ਚਲਾਉਣੀ ਜਾਰੀ ਰਖੀ ।

ਉਨ੍ਹਾਂ ਨੇ ਸਿਰਫ ਇਸ ਦੀ, ਇਨ੍ਹਾਂ ਦੋ ਨੁਕਤਿਆਂ ਤੇ ਹੀ ਨਿਖੇਧੀ ਕੀਤੀ, ਅਤੇ ਕਿਹਾ ਕਿ ਉਸ ਨੇ ਨਿਰਨਾ ਕਰਨ ਲੱਗਿਆਂ, ਵੱਡੀ ਗਲਤੀ ਕੀਤੀ ਹੈ । ਉਸ ਨੇ



Sri Satguru Jagjit Singh Ji eLibrary NamdhariElibrary@gmail.com

ਆਪਣੇ ਫਰਜ਼ ਨੂੰ ਗ਼ਲਤ ਤੋਰ ਤੇ ਲਿਆ ਹੈ, ਆਦਿ।

ਪਰ ਤਿੰਨਾਂ ਹਿੰਦੁਸਤਾਨੀ ਮੈਂਬਰਾਂ ਨੇ ਆਖਿਆ :

"ਕਿ ਉਹ ਬਹੁ ਗਿਣਤੀ (ਗੋਰੇ ਮੈਂਬਰਾਂ) ਨਾਲ ਸਹਿਮਤ ਨਹੀਂ ਹਨ ਕਿ ਸ਼ਾਇਦ ਇਕੱਠ ਗੋਲੀ ਚਲਾਏ ਤੋਂ ਬਿਨਾਂ ਨਾ ਖਿੰਡ ਪੁੰਡ ਸਕਦਾ। ਉਨ੍ਹਾਂ ਨੇ ਇਸ ਰਾਏ ਬਾਰੇ ਜਨਰਲ ਡਾਇਰ ਦੇ ਆਪਣੇ ਬਿਆਨਾਂ ਦੀ ਸਹਾਇਤਾ ਲਈ, ਅਤੇ ਉਸ ਦੇ ਕਾਰੇ ਨੂੰ ਮਾਨਵਤਾ ਵਿਰੋਧੀ ਆਖਿਆ :

ਉਨ੍ਹਾਂ ਇਹ ਵੀ ਕਿਹਾ, ਕਿ ਉਸ ਦਾ ਵਤੀਰਾ ਇਹ ਦਸਦਾ ਹੈ, ਕਿ ਉਸ ਨੇ ਹਿੰਦੁਸਤਾਨ ਤੇ ਤਾਕਤ ਨਾਲ ਰਾਜ ਕਰਨ ਦੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਨੇ ਉਸ ਦੀ ਇਸ ਗੱਲ ਦੀ ਵੀ ਨਿਖੇਧੀ ਕੀਤੀ ਕਿ ਉਸ ਨੇ ਜ਼ਖਮੀਆਂ ਦੀ ਹਿਫ਼ਾਜ਼ਤ ਅਤੇ ਮਰਿਆਂ ਦੇ ਸਸਕਾਰ ਤੇ ਦਫਨਾਉਣ ਦਾ ਕੋਈ ਪ੍ਰਬੰਧ ਨਹੀਂ ਕੀਤਾ।

ਉਨ੍ਹਾਂ ਨੇ ਨਿਰਨਾ ਦਿੱਤਾ ਕਿ ਲੋਕਾਂ ਨੂੰ ਮੀਟਿੰਗਾਂ ਦੀ ਪੂਰੀ ਇਤਲਾਹ ਨਹੀਂ ਸੀ ਦਿਤੀ ਗਈ। ਜਨਰਲ ਡਾਇਰ ਨੇ ਹੰਟਰ ਕਮੇਟੀ ਦੀ ਮੀਟਿੰਗ ਵਿਚ ਆਪ ਇਹ ਗੱਲ ਮੰਨੀ ਸੀ ਕਿ,

"ਇਹ ਪੂਰੀ ਤਰ੍ਹਾਂ ਖਿਲਾਰੀ ਗਈ ਸੀ, ਅਤੇ ਉਨ੍ਹਾਂ ਹਾਲਤਾਂ ਵਿਚ ਅਜਿਹੀ ਖ਼ਬਰ ਝੱਟ ਫੈਲਦੀ ਸੀ। ਪਰ ਉਸੇ ਵਕਤ ਹੀ ਅਜਿਹੇ ਬਹੁਤ ਹੋ ਸਕਦੇ ਹਨ ਜਿਨ੍ਹਾਂ ਨੇ ਇਹ ਐਲਾਨ ਨਾ ਸੁਣੇ ਹੋਣ।"

ਉਨ੍ਹਾਂ ਨੇ ਜਨਰਲ ਡਾਇਰ ਤੇ ਸਖ਼ਤ ਨੁਕਤਾਚੀਨੀ ਕੀਤੀ ਕਿ ਉਹ ਮਸ਼ੀਨਗੰਨਾਂ ਤੀਕਰ ਵਰਤਣੀਆਂ ਚਾਹੁੰਦਾ ਸੀ ਅਤੇ ਉਸ ਨੇ ਤਦ ਤੀਕਰ ਗੋਲੀ ਚਲਾਈ, ਜਦ ਤੀਕਰ ਉਸ ਦਾ ਬਾਰੂਦ ਨਾ ਮੁੱਕ ਗਿਆ, ਉਸ ਨੇ ਇਕੱਠ ਦੇ ਖਿੰਡਣਾ ਸ਼ੁਰੂ ਹੋਣ ਤੇ ਵੀ ਗੋਲੀ ਚਲਾਉਣੀ ਜਾਰੀ ਰਖੀ ਅਤੇ ਉਸ ਦਾ ਮੰਤਵ, ਸਿਰਫ ਇਕੱਠ ਨੂੰ ਖਿੰਡਾਉਣਾ ਹੀ ਨਹੀਂ ਸੀ, ਸਗੋਂ ਪੰਜਾਬ ਵਿਚ ਦਹਿਸ਼ਤ ਫੈਲਾਉਣਾ ਸੀ।

ਹਿੰਦ ਸਰਕਾਰ ਨੇ ਦੋਹਾਂ ਰੀਪੋਰਟਾਂ ਤੇ ਵਿਚਾਰ ਕੀਤੀ ਅਤੇ ਦਰਮਿਆਨਾ ਰਾਹ ਅਖਤਿਆਰ ਕਰਦਿਆਂ ਹੋਇਆਂ ਇਸ ਸਿੱਟੇ ਤੇ ਪਹੁੰਚੀ :

"ਜਿਸ ਸਿੱਟੇ ਤੇ ਅਸੀਂ ਪਹੁੰਚੇ ਹਾਂ ਉਹ ਇਹ ਹੈ ਕਿ ਜਨਰਲ ਡਾਇਰ ਨੇ ਇਸ ਕੇਸ ਵਿਚ ਮੁਨਾਸਿਬ ਲੋੜਾਂ ਤੋਂ ਵੱਧ ਕੰਮ ਲਿਆ ਹੈ ਅਤੇ ਅਖਲਾਕੀ ਫ਼ਰਜ਼ ਬਾਰੇ ਗ਼ਲਤ ਸਮਝ ਦਾ ਦਿਖਾਵਾ ਕੀਤਾ ਹੈ, ਜਿਹਦੇ ਨਤੀਜੇ ਦੇ ਤੌਰ ਤੇ ਗ਼ੈਰ-ਜ਼ਰੂਰੀ ਅਤੇ ਅਫਸੋਸਨਾਕ ਜਾਨਾਂ ਦਾ ਨੁਕਸਾਨ ਹੋਇਆ ਹੈ।"

ਹੰਟਰ ਕਮੇਟੀ ਨੇ ਮਾਰਸ਼ਲ ਲਾਅ ਅਧੀਨ ਕੀਤੇ ਗਏ ਅਤਿਆਚਾਰਾਂ ਨਾਲ ਸੰਬੰਧਤ ਕਾਰਵਾਈਆਂ ਅਤੇ ਅਫਸਰਾਂ ਬਾਰੇ ਵੀ ਨਿਰਨਾ ਕੀਤਾ ਅਤੇ ਕਈ ਘਟਨਾਵਾਂ ਬਾਰੇ ਜ਼ਿੰਮੇਵਾਰ ਅਫਸਰਾਂ ਦੀ ਨਿਖੇਧੀ ਕੀਤੀ।

ਉਨ੍ਹੀਂ ਦਿਨੀਂ ਸਰ ਚਾਰਲਸ ਮਨੌਰ, ਕਮਾਂਡਰ ਇਨ ਚੀਫ ਸੀ। ਉਸ ਨੇ ਜਨਰਲ ਡਾਇਰ ਨੂੰ ਦਿੱਲੀ ਬੁਲਾਇਆ। ਡਾਇਰ ਨੂੰ ਪਹਿਲਾਂ ਹੀ ਖੁੜਕ ਗਈ ਸੀ ਕਿ ਹੰਟਰ ਕਮੇਟੀ ਦੀ ਰੀਪੋਰਟ ਤੋਂ ਬਾਅਦ ਉਸ ਦੇ ਵਿਰੁੱਧ ਕੋਈ ਐਕਸ਼ਨ ਸੰਭਵ ਹੈ। ਉਸ ਦੇ ਬਿਆਨਾਂ ਤੋਂ ਬਾਅਦ ਹੀ ਉਸ ਦੇ ਸਾਥੀ ਫੌਜੀ ਅਫਸਰਾਂ ਅਤੇ ਜਨਰਲ ਆਫੀਸਰ



Sri Satguru Jagjit Singh Ji eLibrary NamdhariElibrary@gmail.com

ਕਮਾਂਡਿੰਗ ਬੇਨਨ ਨੇ ਉਸ ਨੂੰ ਤਜਵੀਜ਼ ਕਰ ਦਿਤਾ ਸੀ ਕਿ ਉਸ ਦੇ ਬਿਆਨ ਉਸ ਲਈ ਹਾਨੀਕਾਰਕ ਸਾਬਤ ਹੋਣਗੇ ।

ਕਮਾਂਡਰ ਇਨ ਚੀਫ ਦੇ ਸੱਦੇ ਵੇਲੇ ਜਨਰਲ ਡਾਇਰ ਹਸਪਤਾਲ ਵਿਚ ਦਾਖਲ ਸੀ, ਉਹ ਬੜਾ ਪ੍ਰੇਸ਼ਾਨ ਸੀ । 34 ਸਾਲ ਦੀ ਸਰਵਿਸ ਤੇ ਭਵਿੱਖਤ ਵਿਚ ਹੋਰ ਉਚੇ ਔਹਦੇ ਦੇ ਅਰਮਾਨ ਖਤਮ ਹੁੰਦੇ ਨਜ਼ਰ ਆ ਰਹੇ ਸਨ । ਪਹਿਲਾਂ ਉਸ ਨੇ ਡਾਕਟਰੀ ਸਰਟੀਫੀਕੇਟ ਭੇਜਿਆ, ਪਰ ਤਾਰ ਆਉਣ ਉਤੇ ਉਸ ਨੂੰ ਜਾਣਾ ਪਿਆ ।

ਵਾਪਸੀ ਤੇ ਆ ਕੇ 27 ਮਾਰਚ 1920 ਨੂੰ ਉਸ ਨੇ ਦੂਜੇ ਡਵੀਜ਼ਨ ਦੇ ਜਨਰਲ ਆਫੀਸਰ ਕਮਾਂਡਿੰਗ ਦੇ ਨਾਮ ਹੇਠ ਬਿਨੇ ਪੱਤਰ ਭੇਜਿਆ :

ਸ੍ਰੀ ਮਾਨ ਜੀ,

ਸਨਿਮਰ ਬੇਨਤੀ ਹੈ ਕਿ ਦਿੱਲੀ ਦੀ ਹੁਣੇ ਜਿਹੇ ਫੇਰੀ ਦੇ ਸਮੇਂ ਐਡਜੂਟੈਂਟ ਜਨਰਲ ਇਨ ਇੰਡੀਆ ਨੇ ਮੈਨੂੰ ਇਹ ਸੂਚਨਾ ਦਿਤੀ ਹੈ ਕਿ ਅਪ੍ਰੈਲ 1919 ਨੂੰ ਅੰਮ੍ਰਿਤਸਰ ਵਿਚ ਮੇਰੇ ਐਕਸ਼ਨ ਦੇ ਸੰਬੰਧ ਵਿਚ ਹੰਟਰ ਕਮੇਟੀ ਵਲੋਂ ਦਿਤੀ ਗਈ ਰਾਏ ਦੇ ਆਧਾਰ ਤੇ ਮੇਰੇ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਮੈਂ ਪੰਜਵੇਂ ਇਨਫੈਂਟਰੀ ਬ੍ਰਗੇਡ ਦੇ ਬ੍ਰਗੇਡੀਅਰ ਜਨਰਲ ਕਮਾਂਡਿੰਗ ਦੇ ਤੌਰ ਤੇ ਆਪਣੇ ਪਦ ਤੋਂ ਅਸਤੀਫਾ ਦੇ ਦਿਆਂ । ਉਸ ਦੇ ਅਨੁਸਾਰ ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਮੇਰੇ ਪਦ ਤੋਂ ਸੁਬਕਦੋਸ਼ ਕਰ ਦਿਤਾ ਜਾਵੇ ।

ਉਸ ਦਾ ਬਿਨੇ ਪੱਤਰ ਕਮਾਂਡਰ ਇਨ ਚੀਫ ਨੂੰ ਪਹੁੰਚਾ ਦਿੱਤਾ ਗਿਆ । ਸਰ ਚਾਰਲਸ ਮਨੋਰ ਨੇ ਆਖਿਆ :

"ਕਿ ਹਾਲਾਤ ਜਿਨ੍ਹਾਂ ਦਾ ਉਸ ਨੂੰ ਸਾਹਮਣਾ ਸੀ, ਉਸ ਬਾਰੇ ਉਸ ਨੇ ਪੂਰੀ ਸਮਝ ਦੀ ਅਣਹੋਂਦ ਦਾ ਦਿਖਾਵਾ ਕੀਤਾ ਹੈ । ਅਸੀਂ ਆਪਣੇ ਜਰਨੈਲਾਂ ਤੋਂ ਸੰਕਟ ਦੇ ਸਮੇਂ, ਤਨਾਸਬ ਬਾਰੇ ਵਿਸ਼ਾਲ ਸੂਝ ਅਤੇ ਵਧੇਰੇ ਸਿਆਣਪ ਦੀ ਆਸ ਰਖਦੇ ਹਾਂ । ਪਰ ਉਸ ਨੇ ਇਨ੍ਹਾਂ ਜ਼ਰੂਰੀ ਤੱਤਾਂ ਦੀ ਅਣਹੋਂਦ ਦਿਖਾਈ ਹੈ ।"

ਨਤੀਜੇ ਦੇ ਤੌਰ ਤੇ ਜਨਰਲ ਡਾਇਰ ਨੂੰ ਉਸ ਦੇ ਔਹਦੇ ਤੋਂ ਸੁਬਕਦੋਸ਼ ਕਰ ਦਿੱਤਾ ਗਿਆ, ਅਤੇ ਉਸ ਨੂੰ ਸੂਚਨਾ ਦੇ ਦਿੱਤੀ ਗਈ ਕਿ ਉਸ ਨੂੰ ਹਿੰਦੁਸਤਾਨ ਵਿਚ ਕੋਈ ਹੋਰ ਮੁਲਾਜ਼ਮਤ ਨਹੀਂ ਪੇਸ਼ ਕੀਤੀ ਜਾਏਗੀ ।



Sri Satguru Jagjit Singh Ji eLibrary NamdhariElibrary@gmail.com

# ਆਰਮੀ ਕੌਂਸਿਲ

ਜਨਰਲ ਡਾਇਰ ਕੋਲ ਹੁਣ ਇੰਗਲੈਂਡ ਜਾਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ ਰਹਿ ਗਿਆ। ਉਸ ਦੀ ਤਰੱਕੀ ਦੇ ਸੁਪਨੇ ਅਧੂਰੇ ਰਹਿ ਗਏ ਸਨ। ਉਹ ਕਾਫੀ ਦੇਰ ਤੋਂ ਬੀਮਾਰ ਚਲਿਆ ਆ ਰਿਹਾ ਸੀ। 16 ਮਾਰਚ 1920 ਨੂੰ ਮੈਡੀਕਲ ਬੋਰਡ ਨੇ ਉਸ ਲਈ ਛੇ ਮਹੀਨੇ ਦੀ ਛੁੱਟੀ ਲਈ ਵੀ ਸਿਫਾਰਸ਼ ਕੀਤੀ ਸੀ। ਪਰ ਹੁਣ ਤਾਂ ਉਸ ਨੂੰ ਪੱਕੀ ਛੁੱਟੀ ਮਿਲ ਚੁੱਕੀ ਸੀ। ਉਸ ਨੇ ਇੰਗਲੈਂਡ ਵਾਪਸ ਜਾਣ ਲਈ ਕਰਾਏ ਲਈ ਮੰਗ ਕੀਤੀ। ਪਹਿਲਾਂ ਤਾਂ ਉਸ ਨੂੰ ਨਾਂਹ ਕਰ ਦਿੱਤੀ ਗਈ। ਪਰ ਫੇਰ ਉਸ ਨੂੰ 10 ਅਪ੍ਰੈਲ ਨੂੰ ਜਾਣ ਲਈ ਸਫਰ ਦਾ ਸਾਰਾ ਖ਼ਰਚ ਦੇ ਦਿੱਤਾ ਗਿਆ। ਦੋਨੋਂ ਮੀਆਂ ਬੀਵੀ ਬੀਮਾਰ ਸਨ, ਇਕ ਨੌਕਰ ਅਲਾ ਦਾਦ ਜੋ ਪੁੰਛ (ਕਸ਼ਮੀਰ) ਦੇ ਰਹਿਣ ਵਾਲਾ ਸੀ, ਸਾਹਿਬ ਦੇ ਨਾਲ ਜਾਣਾ ਚਾਹੁੰਦਾ ਸੀ — ਪਰ ਜਹਾਜ਼ ਦੇ ਇਕ ਅਫ਼ਸਰ ਨੇ ਉਸ ਨੂੰ ਜਹਾਜ਼ ਤੋਂ ਹੇਠਾਂ ਉਤਾਰ ਦਿੱਤਾ, ਕਿਉਂਕਿ ਹਿੰਦੁਸਤਾਨੀ ਨੌਕਰਾਂ ਨੂੰ ਉਸ ਜਹਾਜ਼ ਤੇ ਸਫ਼ਰ ਕਰਨ ਦੀ ਆਗਿਆ ਨਹੀਂ ਸੀ।

2 ਮਈ ਨੂੰ ਉਹ ਸਣੇ ਪਰਿਵਾਰ ਸਮੁੰਦਰੀ ਜਹਾਜ਼ ਰਾਹੀਂ ਸਾਊਥ ਹੈਂਪਟਨ ਦੀ ਬੰਦਰਗਾਹ ਤੇ ਆ ਲੱਥਾ। ਇੰਗਲੈਂਡ ਦੀਆਂ ਕਈ ਕੌਮੀ ਅਖ਼ਬਾਰਾਂ ਨੇ ਉਸ ਦੇ ਆਉਣ ਦੀ ਖ਼ਬਰ ਨੂੰ ਖ਼ੂਬ ਫ਼ਲੈਸ਼ ਕਰ ਕੇ ਪਹਿਲੇ ਸਫੇ ਤੇ ਪ੍ਰਕਾਸ਼ਿਤ ਕੀਤਾ। ਜਹਾਜ਼ ਤੋਂ ਉਤਰਦੇ ਦੀਆਂ ਤਸਵੀਰਾਂ ਦਿੱਤੀਆਂ। ਸਾਊਥ ਹੈਂਪਟਨ ਦੀ ਸਥਾਨਕ ਅਖ਼ਬਾਰ "ਸਦਰਨ ਈਕੋ" ਨੇ ਇਸ ਦੀ ਖ਼ਬਰ 3 ਮਈ ਨੂੰ ਇਉਂ ਪ੍ਰਕਾਸ਼ਿਤ ਕੀਤੀ।

"ਬਰਗੇਡੀਅਰ ਜਨਰਲ ਆਰ. ਈ. ਐਚ. ਡਾਇਰ, ਜਿਸ ਦੇ ਪਿਛਲੇ ਸਾਲ ਅਪ੍ਰੈਲ ਵਿਚ ਅੰਮ੍ਰਿਤਸਰ ਵਿਖੇ ਬੇ-ਹਥਿਆਰੇ ਹਿੰਦੁਸਤਾਨੀਆਂ ਦੇ ਇਕ ਮਹਾਨ ਇਕੱਠ ਤੇ 30 ਸਕਿੰਟ ਦੇ ਗੋਲੀ ਚਲਾਉਣ ਦੇ ਕਾਰਨਾਮੇ, ਜਿਸ ਨਾਲ 500 ਮਰੇ ਅਤੇ 1000 ਤੋਂ ਉੱਪਰ ਜ਼ਖ਼ਮੀ ਹੋਏ ਸਨ, ਅਤੇ ਪਏ ਰਹਿਣ ਦਿੱਤੇ ਗਏ, ਤੇ ਨੁਕਤਾਚੀਨੀ ਦਾ ਤੂਫਾਨ ਪੈਦਾ ਹੋਇਆ ਸੀ, ਕੱਲ੍ਹ ਹਸਪਤਾਲੀ ਸਮੁੰਦਰੀ ਜਹਾਜ਼ "ਆਸਾਏ" ਦੁਆਰਾ ਸਾਊਥ ਹੈਂਪਟਨ ਪਹੁੰਚੇ ਹਨ। ਵਧੀਆ ਤੌਰ ਤੇ ਕੀਤੀ ਸਰਵਿਸ, ਜਿਹੜੀ ਕਿ ਵਧ ਕੇ 35 ਸਾਲ ਤੀਕਰ ਹੋ ਜਾਂਦੀ ਹੈ, ਦੇ ਚਿੰਨ੍ਹ ਉਸ ਉੱਤੇ ਸਨ।



Sri Satguru Jagjit Singh Ji eLibrary NamdhariElibrary@gmail.com

ਉਸ ਦਾ ਦਾਹਵਾ ਸੀ ਕਿ ਸ਼ਹਿਰ ਵਿਚ ਵਿਦ੍ਰੋਹ ਸੀ ਅਤੇ ਉੱਥੇ ਹਜ਼ਾਰਾਂ ਦੇਸੀ ਲੋਕ ਉਸ ਵਲ ਅੱਗੇ ਵਧ ਰਹੇ ਸਨ। ਉਸ ਨੇ ਸਲਤਨਤ (ਬਰਤਾਨਵੀ) ਨੂੰ ਬਚਾ ਕੇ ਰੱਖਣ ਅਤੇ ਅੰਗਰੇਜ਼ਾਂ ਦੀ ਰੱਖਿਆ ਕਰਨ ਲਈ, ਜੋ ਉਸ ਵਲ ਰੱਖਿਆ ਲਈ ਦੇਖ ਰਹੇ ਸਨ, ਲਈ ਗੋਲੀ ਚਲਾਈ। ਇਹ ਉਸ ਦੀ ਡਿਊਟੀ ਸੀ ਭਿਆਨਕ ਤੇ ਗੰਦੀ ਡਿਊਟੀ। ਉਸ ਕੋਲ ਕੇਵਲ 30 ਮਿੰਟ ਸਨ, ਫ਼ੈਸਲਾ ਕਰਨ ਵਾਸਤੇ ਕਿ ਕੀ ਐਕਸ਼ਨ ਉਹ ਲਵੇ, ਅਤੇ ਉਹ ਐਕਸ਼ਨ ਭਾਵੇਂ ਕਿੰਨਾ ਭਿਆਨਕ ਸੀ। ਹਰ ਅੰਗ੍ਰੇਜ਼ ਦੁਆਰਾ ਜਿਹਦੇ ਨਾਲ ਵੀ ਉਹਦਾ ਮੇਲ ਹਿੰਦੁਸਤਾਨ ਵਿਚ ਹੋਇਆ, ਉਸ ਨੂੰ ਸਵੀਕਾਰਤਾ ਦਿੱਤੀ ਗਈ। ਅਥਾਰਟੀ ਵਿਚੋਂ ਵੀ ਕਿਸੇ ਨੇ ਉਸ ਦੀ ਨਿਖੇਧੀ ਨਹੀਂ ਕੀਤੀ। ਆਪਣੀ ਨੌਕਰੀ ਬਾਰੇ ਜਨਰਲ ਨੇ ਸ਼ਕਾਇਤ ਕੀਤੀ ਕਿ "ਉਸ ਨੂੰ ਕਿਹਾ ਗਿਆ ਹੈ ਕਿ ਉਹ ਅਸਤੀਫਾ ਦੇ ਦੇਵੇ, ਉਸ ਨੂੰ ਉਸ ਦੀ ਸਫ਼ਾਈ ਵਿਚ ਵੀ ਕੁਝ ਨਹੀਂ ਕਹਿਣ ਦਿੱਤਾ ਗਿਆ। ਜੇ ਮੈਂ ਕੋਈ ਗ਼ਲਤ ਚੀਜ਼ ਕੀਤੀ ਹੈ" ਉਸ ਨੇ ਕਿਹਾ, "ਮੇਰਾ ਕੋਰਟ ਮਾਰਸ਼ਲ ਕਰ ਦੇਣਾ ਚਾਹੀਦਾ ਸੀ, ਪਰ ਉਹਦੇ ਬਾਰੇ ਕੋਈ ਗੱਲ ਨਹੀਂ ਹੋਈ।"

"ਮੈਨੂੰ ਹੰਟਰ ਕਮੇਟੀ ਅੱਗੇ ਗੁਆਹੀ ਦੇਣ ਲਈ ਕਿਹਾ ਗਿਆ ਸੀ, ਜਿਸ ਦੀ ਪ੍ਰਧਾਨਗੀ ਲਾਰਡ ਹੰਟਰ ਕਰ ਰਿਹਾ ਸੀ। ਅਤੇ ਮੈਂ ਇਹ ਕੀਤਾ। ਉਸ ਕਮੇਟੀ ਵਿਚ 3 ਗੋਰੇ ਸਨ, ਜਿਹਨਾਂ ਵਿਚੋਂ ਘੱਟੋ ਘੱਟ ਇਕ ਹਿੰਦੁਸਤਾਨ ਬਾਰੇ ਕੁਝ ਨਹੀਂ ਸੀ ਸਮਝਦਾ। ਅਤੇ ਤਿੰਨ ਹਿੰਦੁਸਤਾਨੀ ਸਨ, ਜਿਹਨਾਂ ਜਾਣ ਬੁਝ ਕੇ ਮੇਰੀ ਨਿਖੇਧੀ ਕੀਤੀ।"

ਹੰਟਰ ਕਮੇਟੀ ਵੇਲੇ ਦੀ ਡਾਇਰ ਦੀ ਆਕੜ ਹੁਣ ਗਿਲੇ ਅਤੇ ਅਨਿਆਂ ਦੇ ਸ਼ਿਕਾਰ ਦੀ ਸ਼ਿਕਾਇਤ ਵਿਚ ਬਦਲ ਚੁੱਕੀ ਸੀ।

10 ਮਈ 1920 ਨੂੰ ਜਨਰਲ ਡਾਇਰ ਨੇ ਲੰਡਨ ਦੇ ਕਰਜ਼ਨ ਹੋਟਲ ਤੋਂ ਇੰਡੀਆ ਆਫਿਸ ਦੇ ਮਿਲਟਰੀ ਸੈਕ੍ਰੇਟਰੀ ਜਨਰਲ ਕੋਬ ਨੂੰ ਇਕ ਖ਼ਤ ਲਿਖਿਆ।

"ਮੈਂ ਸਮਝਦਾ ਹਾਂ ਕਿ ਐਕਸ਼ਨ, ਜਿਹੜਾ ਕਿ ਮੈਂ 1919 ਵਿਚ ਅੰਮ੍ਰਿਤਸਰ ਵਿਖੇ ਲਿਆ ਸੀ, ਆਰਮੀ ਕੌਂਸਲ ਦੁਆਰਾ ਵਿਚਾਰਿਆ ਜਾਏਗਾ। ਜੇ ਇਹ ਮਾਮਲਾ ਹੈ, ਤਦ ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਜ਼ਾਤੀ ਤੌਰ ਤੇ ਹਾਜ਼ਰ ਹੋ ਕੇ, ਜੇ ਲੋੜ ਪਵੇ, ਤਾਂ ਕਾਨੂੰਨੀ ਸਲਾਹਕਾਰ ਦੁਆਰਾ, ਆਪਣਾ ਕੇਸ ਪੇਸ਼ ਕਰਨ ਦੀ ਆਗਿਆ ਦਿੱਤੀ ਜਾਵੇ। ਮੈਂ ਇਸ ਰਾਏ ਦਾ ਹਾਂ ਕਿ ਮੈਨੂੰ ਹੰਟਰ ਕਮੇਟੀ ਅੱਗੇ ਆਪਣਾ ਕੇਸ ਪੂਰੀ ਤਰ੍ਹਾਂ ਪੇਸ਼ ਕਰਨ ਲਈ ਮੁਨਾਸਿਬ ਮੌਕਾ ਨਹੀਂ ਮਿਲਿਆ।"

ਉਂਝ 14 ਮਈ 1920 ਨੂੰ ਵਜ਼ੀਰ ਹਿੰਦ ਮਿਸਟਰ ਮਾਂਟੇਗੋ ਨੇ ਕਮਾਂਡਰ-ਇਨ-ਚੀਫ ਸਰ ਚਾਰਲਸ ਮਨਰੋ ਦੇ ਡਾਇਰ ਬਾਰੇ ਲਏ ਫੈਸਲੇ ਦੀ ਪਰੋੜ੍ਹਤਾ ਵੀ ਕਰ ਦਿੱਤੀ ਸੀ।

ਇਸੇ ਦਿਨ ਹੀ ਆਰਮੀ ਕੌਂਸਲ ਦੀ ਬੈਠਕ ਹੋਈ ਜਿਸ ਵਿਚ ਡਾਇਰ ਦਾ ਮਾਮਲਾ ਲਿਆਂਦਾ ਗਿਆ।



Sri Satguru Jagjit Singh Ji eLibrary NamdhariElibrary@gmail.com

ਆਰਮੀ ਕੌਂਸਲ ਹੇਠ ਲਿਖੇ ਵਿਅਕਤੀਆਂ ਤੇ ਨਿਰਭਰ ਕਰਦੀ ਸੀ :

1. ਮਿਸਟਰ ਵਿਨਸਟਨ ਚਰਚਲ ਸੈਕ੍ਰੇਟਰੀ ਆਫ਼ ਸਟੇਟ ਫਾਰ ਵਾਰ (ਵਜ਼ੀਰਿ ਜੰਗ) ਪ੍ਰਧਾਨ।
2. ਵਿਸਕੌਂਟ ਪੀਲ ਅੰਡਰ ਸੈਕ੍ਰੇਟਰੀ ਆਫ਼ ਸਟੇਟ ਫਾਰ ਵਾਰ।
3. ਫੀਲਡ ਮਾਰਸ਼ਲ ਸਰ ਹੈਨਰੀ ਵਿਲਸਨ, ਚੀਫ ਆਫ ਇੰਪੀਰੀਅਲ ਸਟਾਫ਼।
4. ਲੈਫਟੀਨੈਂਟ ਜਨਰਲ ਸਰ ਜੇ. ਪੀ. ਡੂਕੇਨ, ਮਾਸਟਰ ਜਨਰਲ ਆਫ ਆਰਡੀਨੈਂਸ।
5. ਮੇਜਰ ਜਨਰਲ ਸਰ ਜੀ. ਡਬਲਯੂ. ਡਬਲਯੂ. ਮੈਕਡਾਨਾਫ਼ ਐਡਜੂਟੈਂਟ ਜਨਰਲ।
6. ਲੈਫਟੀਨੈਂਟ ਜਨਰਲ ਸਰ ਟੀ. ਈ. ਕਲਾਰਕ ਕੁਆਰਟਰ ਮਾਸਟਰ ਜਨਰਲ।
7. ਮੇਜਰ ਜਨਰਲ ਸਰ ਸੀ. ਐਚ. ਹੈਰਿੰਗਟਨ, ਡਿਪਟੀ ਚੀਫ ਆਫ ਇੰਪੀਰੀਅਲ ਸਟਾਫ।
8. ਸਰ ਏ. ਵਿਲੀਅਮਸਨ, ਐਮ. ਪੀ. ਫਿਨਾਨਸ਼ਲ ਸੈਕ੍ਰੇਟਰੀ।
9. ਸਰ ਜੇ. ਸਟੀਵਨਸਨ, ਸਰਵੇਅਰ ਜਨਰਲ ਆਫ ਸਪਲਾਈ।
10. ਐਚ. ਜੀ. ਕਰੀਡੀ, ਸੈਕ੍ਰੇਟਰੀ।

ਇਹਨਾਂ ਵਿਚੋਂ ਪੰਜ ਫੌਜੀ ਸਨ, ਦੋ ਅਧਿਕਾਰੀ, ਅਤੇ ਤਿੰਨ ਸਿਆਸਤਦਾਨ। ਫੌਜੀਆਂ ਦਾ ਮੁਖੀ ਫੀਲਡ ਮਾਰਸ਼ਲ ਸਰ ਹੈਨਰੀ ਵਿਲਸਨ, ਚੀਫ ਆਫ ਇੰਪੀਰੀਅਲ ਸਟਾਫ ਸੀ।

ਹੈਨਰੀ ਵਿਲਸਨ, ਆਇਰਲੈਂਡ ਦੇ ਉਸ ਘਰਾਣੇ ਵਿਚੋਂ ਸੀ ਜਿਸ ਨੂੰ 1690 ਵਿਚ ਕੌਂਟੀ ਐਂਟਰਿਮ ਵਿਚ ਕੈਰਿਕ ਫਰਗਸ ਵਿਖੇ ਬਾਦਸ਼ਾਹ ਵਲੋਂ ਜਾਗੀਰ ਮਿਲੀ ਸੀ। ਹੁਣ ਵੀ ਇਸ ਦੇ ਕੋਲ ਡਬਲਨ ਦੇ ਨੇੜੇ ਬਲੈਕ ਰਾਕ ਵਿਚ ਕਰੀਗੋਰਨ ਵਿਖੇ ਤਕੜੀ ਜ਼ਮੀਨ ਸੀ। ਸਰ ਮਾਈਕਲ ਉਡਵਾਇਰ ਵਾਂਗ ਇਹ ਵੀ ਉਹਨਾਂ ਆਇਰਸ਼ਾਂ ਵਿਚੋਂ ਸੀ ਜੋ ਆਇਰਲੈਂਡ ਦੀ ਆਜ਼ਾਦੀ ਦੀ ਲਹਿਰ ਦੀ ਸਦਾ ਵਿਰੋਧਤਾ ਕਰਦੇ ਚਲੇ ਆ ਰਹੇ ਸਨ। ਇਹ ਆਪਣੀ 30 ਜੁਲਾਈ 1921 ਦੀ ਡਾਇਰੀ ਵਿਚ ਲਿਖਦਾ ਹੈ :

"ਆਇਰਲੈਂਡ ਤੋਂ ਲਗਾਤਾਰ ਖ਼ਬਰਾਂ ਆ ਰਹੀਆਂ ਹਨ, ਅੱਗੇ ਤੋਂ ਵੀ ਭੈੜੀਆਂ। ਸਿਨ ਫੇਨ (ਆਜ਼ਾਦੀ ਦੀ ਲਹਿਰ) ਲਗਾਤਾਰ ਹੱਥ ਉੱਪਰ ਰੱਖ ਰਹੀ ਹੈ। ਜਦ ਤੀਕਰ ਵਜ਼ਾਰਤ ਇਸ ਮੁਲਕ ਬਾਰੇ ਕੋਈ ਛੇਤੀ ਕਾਰਵਾਈ ਨਹੀਂ ਕਰੇਗੀ, ਇਥੇ ਸਭ ਕੁਝ ਨਾ-ਸੰਭਾਲਣ-ਯੋਗ ਹੋ ਜਾਏਗਾ। ਬਾਸਿਲ ਥਾਮਸਨ ਦੀ ਇਸ ਹਫ਼ਤੇ ਲਈ ਗੁਪਤ ਰੀਪੋਰਟ ਬੜੀ ਫ਼ਿਕਰ ਵਾਲੀ ਹੈ। ਮੈਂ ਹੁਣੇ ਹੀ ਪੜ੍ਹੀ ਹੈ। ਭਵਿਖ ਬਾਣੀ ਕਰਦੀ ਹੈ ਕਿ ਸਤੰਬਰ ਦੇ ਅੰਤ ਤੀਕਰ ਇਨਕਲਾਬੀ ਹੜਤਾਲਾਂ ਹੋਣਗੀਆਂ, ਅਤੇ ਸਾਡੇ ਕੋਲ ਅਮਲੀ ਤੌਰ ਤੇ ਇਸ ਦਾ ਟਾਕਰਾ ਕਰਨ ਲਈ ਫੌਜੀ ਹਥਿਆਰਬੰਦ ਦਸਤੇ ਨਹੀਂ ਹਨ।"

ਇਸ ਵਿਚਾਰੇ ਨੂੰ ਸਲਤਨਤ ਦਾ ਬੜਾ ਫਿਕਰ ਸੀ। ਆਮ ਫੌਜੀ ਜਰਨੈਲਾਂ ਵਾਂਗੂ, ਜਿਹਨਾਂ ਨੂੰ ਸਦਾ ਹੀ ਸਿਆਸਤਦਾਨਾਂ ਤੇ ਗੁੱਸਾ ਆਉਂਦਾ ਰਹਿੰਦਾ ਹੈ, 11 ਜਨਵਰੀ 1922 ਨੂੰ ਇਕ ਜਗ੍ਹਾ ਲਿਖਦਾ ਹੈ :

"ਫ਼ਿਰ ਆਸਟਨ ਦੀ ਸੀ. ਆਈ. ਡੀ. ਦੀ ਮੀਟਿੰਗ ਸੀ। ਇਹ ਸਾਫ ਸਾਫ ਹੈ



Sri Satguru Jagjit Singh Ji eLibrary NamdhariElibrary@gmail.com

ਕਿ ਹਿੰਦੋਸਤਾਨ ਦੀ ਹਾਲਤ ਮਾਂਟੇਗੋ ਦੀ ਜਕੜ ਵਿਚੋਂ ਪੂਰੀ ਤਰ੍ਹਾਂ ਨਿਕਲ ਚੁੱਕੀ ਹੈ ਅਤੇ ਉਸ ਨੂੰ ਪਤਾ ਹੈ।

"ਮੈਂ ਇਹ ਖ਼ਿਆਲ ਆਉਣ ਤੋਂ ਨਹੀਂ ਰੋਕ ਸਕਦਾ ਕਿ ਲਾਇਡ ਜਾਰਜ ਆਪਣੇ ਰੱਸੇ ਦੇ ਅੰਤ ਤੇ ਹੈ। ਪਰ ਮੈਨੂੰ ਡਰ ਲੱਗਾ ਕਿ ਸਲਤਨਤ ਚਲੀ ਗਈ ਹੈ। ਆਇਰਲੈਂਡ ਫਰੀ ਸਟੇਟ ਚਲੀ ਗਈ ਹੈ, ਅਤੇ ਹਿੰਦੁਸਤਾਨ ਬੜੀ ਖ਼ਤਰਨਾਕ ਹਾਲਤ ਵਿਚ ਹੈ।"

ਹੈਨਰੀ ਵਿਲਸਨ, ਸਦਾ ਹੀ ਆਇਰਲੈਂਡ ਤੇ ਹੋਰਨਾਂ ਅਧੀਨ ਦੇਸ਼ਾਂ ਦੀ ਆਜ਼ਾਦੀ ਲਹਿਰ ਦੇ ਇੰਨਾ ਵਿਰੁਧ ਸੀ ਕਿ ਉਹ ਉਹਨਾਂ ਦੇ ਲੀਡਰਾਂ ਵਿਰੁਧ ਗੁੱਸੇ ਤੇ ਨਫ਼ਰਤ ਦੀ ਭਾਵਨਾ ਪ੍ਰਗਟ ਕਰਨੋਂ ਵੀ ਨਹੀਂ ਸੀ ਝਿਜਕਦਾ।

ਇਕ ਵਾਰ ਉਸ ਸਮੇਂ ਦੇ ਪ੍ਰਾਈਮ ਮਨਿਸਟਰ ਲਾਇਡ ਜਾਰਜ ਨੇ ਉਸ ਨੂੰ ਦੱਸਿਆ ਕਿ ਡੀ. ਵੈਲੇਰਾ (ਆਇਰਲੈਂਡ ਦੀ ਆਜ਼ਾਦੀ ਦਾ ਜਨਮ ਦਾਤਾ) ਆ ਰਿਹਾ ਹੈ ਅਤੇ ਉਸ ਨੂੰ ਵੀ ਉਸ ਨਾਲ ਗੱਲ ਕਰਨ ਦਾ ਮੌਕਾ ਮਿਲੇਗਾ।

ਹੈਨਰੀ ਵਿਲਸਨ ਨੇ ਉੱਤਰ ਦਿੱਤਾ, "ਮੈਂ ਹਤਿਆਰਿਆਂ ਨਾਲ ਗੱਲ ਨਹੀਂ ਕਰਦਾ।"

ਲਾਇਡ ਜਾਰਜ ਨੇ ਕਿਹਾ, "ਤੂੰ ਕਈ ਵਾਰ ਇਵੇਂ ਕੀਤਾ ਹੈ।" ਜਿਸ ਤੇ ਹੈਨਰੀ ਵਿਲਸਨ ਨੇ ਉੱਤਰ ਦਿੱਤਾ, "ਕਦੀ ਨਹੀਂ। ਜੇ ਮੈਂ ਵੈਲੇਰਾ ਨੂੰ ਮਿਲਿਆ, ਮੈਂ ਉਸ ਨੂੰ ਪੁਲੀਸ ਦੇ ਹਵਾਲੇ ਕਰ ਦਿਆਂਗਾ।"

ਇਸ ਸਭ ਕੁਝ ਨੇ ਲਾਇਡ ਜਾਰਜ ਨੂੰ ਨਾਰਾਜ਼ ਕਰ ਦਿੱਤਾ।

14 ਮਈ 1920 ਨੂੰ ਆਰਮੀ ਕੌਂਸਲ ਦੀ ਬੈਠਕ ਹੋਣ ਤੋਂ ਪਹਿਲਾਂ ਵਾਰ ਆਫਿਸ ਨੇ ਹੈਨਰੀ ਵਿਲਸਨ ਨੂੰ ਤਾਰ ਦਿੱਤੀ ਸੀ ਕਿ ਡਾਇਰ ਦੇ ਕੇਸ ਤੇ ਗ਼ੌਰ ਕਰਨ ਲਈ ਅਤੇ ਉਸ ਦੀ ਰਾਏ ਜਾਨਣ ਲਈ ਆਰਮੀ ਕੌਂਸਲ ਹੋਵੇਗੀ। ਉਸ ਨੇ ਉੱਤਰ ਦਿੱਤਾ, ਕਿ "ਅਜੇ ਮੇਰੀ ਕੋਈ ਰਾਏ ਨਹੀਂ, ਅਤੇ ਮੇਰੇ ਕੋਲ ਕਾਗਜ਼ਾਤ ਪੜ੍ਹਨ ਲਈ ਸਮਾਂ ਨਹੀਂ ਸੀ। ਸਾਰੀ ਚੀਜ਼ ਲਈ ਕਿੰਨੀ ਘਟੀਆ ਦੌੜ ਲੱਗੀ ਹੋਈ ਸੀ। ਅਤੇ ਨਿਰੋਲ ਰਾਜਨੀਤਿਕ।"

ਇਸ ਦੇ ਉਪ੍ਰੰਤ ਵੀ ਮੀਟਿੰਗ ਹੋਈ। ਚਰਚਲ ਨੇ ਲੰਬੀ ਚੌੜੀ ਤਕਰੀਰ ਕੀਤੀ। ਡਾਇਰ ਬਾਰੇ ਕੇਬਨਿਟ ਦਾ ਫੈਸਲਾ ਦੱਸਿਆ, "ਉਹ ਜਨਰਲ ਡਾਇਰ ਨੂੰ ਛੁੱਟੀ ਕਰ ਰਹੀ ਹੈ।" ਚਰਚਲ ਨੇ ਆਰਮੀ ਕੌਂਸਲ ਨੂੰ ਵੀ ਮਸ਼ਵਰਾ ਦਿੱਤਾ ਕਿ ਇਹ ਕੌਂਸਿਲ ਵੀ ਉਸ ਨਾਲ ਸਹਿਮਤ ਹੋ ਜਾਏ।

ਹੈਨਰੀ ਵਿਲਸਨ ਉਸ ਮੀਟਿੰਗ ਬਾਰੇ ਲਿਖਦਾ ਹੈ, "ਮੈਨੂੰ ਇਉਂ ਲੱਗਾ ਜਿਵੇਂ ਉਹ ਬੰਬ ਸੁੱਟ ਰਿਹਾ ਸੀ। ਕਹਾਣੀ ਬੜੀ ਸਿੱਧੀ ਸਾਦੀ ਜਿਹੀ ਹੈ। ਫਰਾਕਸ (ਸਿਆਸਤ ਦੇ ਨਾਂ ਲਈ ਉਹਦਾ ਸ਼ਬਦ ਸੀ) ਨੇ ਹਿੰਦੁਸਤਾਨ ਵਿਚ (ਆਇਰਲੈਂਡ ਵਾਂਗੂ ਹੀ) ਗੰਦ ਖਿਲਾਰ ਦਿੱਤਾ ਹੈ। ਫੌਜੀਆਂ ਨੂੰ ਸਦਿਆ, ਉਹਨਾਂ ਕੁਝ ਕੀਤਾ। ਇਹ ਗ਼ੈਰ ਵਫ਼ਾਦਾਰ ਤੱਤਾਂ ਨੇ ਅਸਵੀਕਾਰ ਕੀਤਾ। ਫੌਜੀਆਂ ਨੂੰ ਚੁੱਕ ਕੇ ਹਵਾ ਵਿਚ ਸੁਟ ਦਿੱਤਾ। ਸਭ ਕੁਝ ਸਿੱਧਾ।"



Sri Satguru Jagjit Singh Ji eLibrary NamdhariElibrary@gmail.com

ਹੈਨਰੀ ਵਿਲਸਨ ਨੇ ਮੀਟਿੰਗ ਵਿਚ ਵੀ ਇਹੋ ਗੱਲ ਕੀਤੀ ਕਿ ਮੇਰੇ ਕੋਲ ਕਾਗਜ਼ ਪੜ੍ਹਨ ਲਈ ਸਮਾਂ ਹੀ ਨਹੀਂ ਸੀ, ਇਸ ਲਈ ਮੈਂ ਕੋਈ ਵੀ ਰਾਏ ਪ੍ਰਗਟ ਕਰਨ ਦੇ ਯੋਗ ਨਹੀਂ ਹਾਂ। ਦੂਜੇ ਫੌਜੀ ਮੈਂਬਰਾਂ ਨੇ ਵੀ ਇਹ ਪੱਖ ਲਿਆ। ਭਾਵੇਂ ਵਿਨਸਟਨ ਚਰਚਲ ਨੇ ਕਿਹਾ ਕਿ ਮਸਲਾ ਛੇਤੀ ਤਹਿ ਕਰਨ ਵਾਲਾ ਹੈ। ਪਰ ਮੀਟਿੰਗ ਫੇਰ ਤੇ ਮੁਲਤਵੀ ਕਰਨੀ ਪਈ। ਆਰਮੀ ਕੌਂਸਿਲ ਤੋਂ ਬਾਅਦ ਹੈਨਰੀ ਵਿਲਸਨ ਨੇ ਫੌਜੀ ਮੈਂਬਰਾਂ ਨਾਲ ਇਕ ਛੋਟੀ ਜਿਹੀ ਮੀਟਿੰਗ ਕੀਤੀ, ਜਿਸ ਵਿਚ ਉਸ ਨੇ ਇਹ ਤਜਵੀਜ਼ ਕੀਤਾ ਕਿ "ਇਕ ਭਰਾ ਅਫ਼ਸਰ ਦੀ ਰੱਖਿਆ ਕਰਨਾ ਸਾਡਾ ਕਰਤੱਵ ਹੈ, ਠੀਕ ਤੌਰ ਤੇ ਘੜੀ ਗਈ ਪੜਤਾਲੀਆ ਅਦਾਲਤ ਦੁਆਰਾ ਜਦ ਤੀਕਰ ਉਸ ਨੂੰ ਗ਼ਲਤ ਨਾ ਸਾਬਤ ਕੀਤਾ ਜਾਵੇ।" ਉਹ ਸਾਰੇ ਇਸ ਤੇ ਸਹਿਮਤ ਸਨ ਕਿ ਕਾਗ਼ਜ਼ਾਤ ਧਿਆਨ ਨਾਲ ਪੜ੍ਹੇ ਜਾਣ, ਅਤੇ ਫਿਰ ਸੋਮਵਾਰ ਸਵੇਰੇ ਮਿਲਿਆ ਜਾਵੇ।

ਅਗਲੇ ਦਿਨ ਹੈਨਰੀ ਵਿਲਸਨ ਨੇ ਆਪਣੀ ਡਾਇਰੀ ਵਿਚ ਦਰਜ ਕੀਤਾ ਹੈ :

"ਰਾਲੀ ਮੈਨੂੰ ਮਿਲਣ ਲਈ ਆਇਆ (ਮੈਂ ਉਸ ਨੂੰ ਟੈਲੀਫ਼ੂਨ ਕੀਤਾ ਸੀ)। ਮੈਂ ਉਸ ਨੂੰ ਡਾਇਰ ਬਾਰੇ ਸਥਿਤੀ ਦੀ ਵਿਆਖਿਆ ਕੀਤੀ। ਮੈਨੂੰ ਇਹ ਕਿੰਨਾ ਸਾਫ਼ ਸੀ ਕਿ ਨਿਕਟ ਭਵਿੱਖਤ ਵਿਚ ਹਿੰਦੁਸਤਾਨ ਅਤੇ ਆਇਰਲੈਂਡ ਵਿਚ ਕਿੰਨੇ ਡਾਇਰ ਕੇਸ ਹੋਣਗੇ। ਜੇ ਅਸੀਂ ਸਾਡੇ ਆਪਣੇ ਫ਼ੌਜੀਆਂ ਨਾਲ ਨਾ ਖੜੇ ਹੋਏ, ਅਸੀਂ ਉਹਨਾਂ ਦਾ ਭਰੋਸਾ ਗੁਆ ਬਹਾਂਗੇ। ਫੇਰ ਉਹ ਕੋਈ ਕਾਰਨਾਮਾ ਨਹੀਂ ਕਰਨਗੇ। ਅਤੇ ਫਿਰ ਸਾਨੂੰ ਇਹ ਸਲਤਨਤ ਗੁਆ ਦੇਣੀ ਹੋਵੇਗੀ। ਰਾਲੀ ਇਥੋਂ ਤੀਕ ਕਹਿਣ ਲਈ ਸਹਿਮਤ ਸੀ ਕਿ ਜੇ ਮੁਨਾਸਿਬ ਮਿਲਟਰੀ ਕੋਰਟ ਆਫ ਇਨਕੁਆਇਰੀ ਤੋਂ ਬਗੈਰ ਸਰਕਾਰ ਨੇ ਡਾਇਰ ਨੂੰ ਸਮੁੰਦਰ ਵਿਚ ਸੁੱਟ ਦੇਣਾ ਚਾਹਿਆ, ਉਹ (ਰਾਲੀ) ਹਿੰਦੁਸਤਾਨ ਨੂੰ ਕਮਾਂਡਰ-ਇਨ-ਚੀਫ ਦੇ ਤੌਰ ਤੇ ਨਹੀਂ ਜਾਵੇਗਾ।"

ਸੋਮਵਾਰ ਸਵੇਰੇ ਮਿਲਟਰੀ ਮੈਂਬਰਾਂ ਦੀ ਮੀਟਿੰਗ ਹੋਈ। ਸਾਰੇ ਇਸ ਤੇ ਸਹਿਮਤ ਸਨ ਕਿ ਜਿਹੜੀ ਗੁਆਹੀ ਉਹਨਾਂ ਸਾਹਮਣੇ ਹੈ, ਉਸ ਦੇ ਆਧਾਰ ਤੇ ਉਹ ਜਨਰਲ ਡਾਇਰ ਨੂੰ ਕੱਢਣ ਲਈ ਸਹਿਮਤ ਨਹੀਂ ਹੋਣਗੇ। ਇਹਨਾਂ ਨੇ ਇਹ ਤਜਵੀਜ਼ ਕੀਤਾ ਕਿ ਮੈਸੋਪੋਟੀਮੀਆ ਵਿਚ ਹੋਈ ਪੜਤਾਲ ਵਾਲਾ ਢੰਗ ਅਪਣਾਇਆ ਜਾਵੇ, ਜਿੱਥੇ ਕਿ ਕਥਿਤ ਦੋਸ਼ੀ ਨੂੰ ਉਸ ਦੇ ਵਿਰੁਧ ਕੀਤੇ ਗਏ ਫੈਸਲੇ ਦੀ ਰੀਪੋਰਟ ਦਿੱਤੀ ਗਈ ਸੀ ਅਤੇ ਉਸ ਦਾ ਉੱਤਰ ਦੇਣ ਲਈ ਆਖਿਆ ਗਿਆ ਸੀ।

ਫਿਰ ਆਰਮੀ ਕੌਂਸਲ ਦੀ ਮੀਟਿੰਗ ਹੋਈ। ਵਿਨਸਟਨ ਚਰਚਲ ਨੇ ਫੇਰ ਡਾਇਰ ਨੂੰ ਫੌਜ ਵਿਚੋਂ ਕੱਢ ਦੇਣ ਲਈ ਜ਼ੋਰ ਪਾਇਆ, ਇਹ ਕਹਿੰਦਿਆਂ ਹੋਇਆਂ ਕਿ "ਸਿਰਫ ਇਸ ਮਾਮਲੇ ਨੂੰ ਰੂਪ ਹੀ ਦੇਣਾ ਹੈ।" ਹੈਨਰੀ ਵਿਲਸਨ ਨੇ ਕਿਹਾ, "ਮੈਂ ਇਸ ਨਾਲ ਸਹਿਮਤ ਨਹੀਂ ਹੋ ਸਕਦਾ। ਸਾਡੇ ਕੋਲ ਕਾਫੀ ਗਵਾਹੀ ਨਹੀਂ, ਜਿਸ ਉੱਤੇ ਅਸੀਂ ਕੋਈ ਫੈਸਲੇ ਦੀ ਰਾਏ ਬਣਾ ਸਕੀਏ। ਸਾਨੂੰ ਡਾਇਰ ਨੂੰ ਜ਼ਰੂਰ ਆਖਣਾ ਚਾਹੀਦਾ ਹੈ ਕਿ ਉਹ ਆਪਣਾ ਕੇਸ ਬਿਆਨ ਕਰੇ।"

ਵਿਨਸਟਨ ਚਰਚਲ, ਆਰਮੀ ਕੌਂਸਲ ਕੋਲੋਂ ਡਾਇਰ ਬਾਰੇ ਕੈਬਨਿਟ ਵਲੋਂ ਤਸਦੀਕ ਕੀਤੇ ਗਏ ਫੈਸਲੇ ਤੇ ਮੋਹਰ ਲਵਾਉਣ ਦੇ ਮਾਮਲੇ ਨੂੰ ਇਕ ਸਾਧਾਰਨ ਗੱਲ



Sri Satguru Jagjit Singh Ji eLibrary NamdhariElibrary@gmail.com

ਸਮਝਦਾ ਸੀ। ਹੈਨਰੀ ਵਿਲਸਨ ਅਤੇ ਆਰਮੀ ਦੇ ਦੂਜੇ ਮੈਂਬਰਾਂ ਦੀ ਇਕਮੁਠ ਹੋ ਕੇ ਜ਼ਿੱਦ ਤੇ ਕਾਇਮ ਰਹਿਣ ਦਾ ਉਸ ਨੂੰ ਗਿਆਨ ਨਹੀਂ ਸੀ।

ਇਹ ਰਵਈਆ "ਵਿਨਸਟਨ ਚਰਚਲ ਲਈ ਇਕ ਬੰਬ ਸੀ"। ਪਰ ਜਦੋਂ ਫੀਲਡ ਮਾਰਸ਼ਲ, ਐਡਜੂਟੈਂਟ ਜਨਰਲ, ਕੁਆਰਟਰ ਮਾਸਟਰ ਜਨਰਲ, ਅਤੇ ਮਾਸਟਰ ਜਨਰਲ ਆਫ ਆਰਡੀਨੈਂਸ ਸਭ ਨੇ ਇਕੋ ਗੱਲ ਆਖੀ, ਤਾਂ ਵਿਨਸਟਨ ਚਰਚਲ ਨੇ ਛਿੱਥਾ ਜਿਹਾ ਪੈ ਕੇ ਇਹ ਵਿਸ਼ਾ ਹੀ ਬੰਦ ਕਰ ਦਿੱਤਾ ਅਤੇ ਕਿਹਾ, "ਉਹ ਕਾਨੂੰਨ ਦੇ ਅਫਸਰਾਂ ਨਾਲ ਸਲਾਹ ਮਸ਼ਵਰਾ ਕਰੇਗਾ। ਅਤੇ ਬਾਅਦ ਵਿਚ, ਮਸਲੇ ਤੇ ਹੋਰ ਬਹਿਸ ਲਈ ਆਰਮੀ ਕੌਂਸਲ ਦੀ ਹੋਰ ਮੀਟਿੰਗ ਹੋਵੇਗੀ।"

ਬਾਅਦ ਵਿਚ ਵਿਨਸਟਨ ਚਰਚਲ ਨੇ ਹੈਨਰੀ ਵਿਲਸਨ ਨੂੰ ਬੁਲਾਇਆ ਅਤੇ ਕਿਹਾ, "ਮਿਲਟਰੀ ਮੈਂਬਰਾਂ ਵਲੋਂ ਉਸ ਦੇ ਸਿਰ ਤੇ ਪਸਤੌਲ" ਦੁਆਰਾ ਉਹ ਬਹੁਤ ਤੰਗ ਹੋਇਆ ਹੈ। ਅਤੇ ਭਵਿੱਖਤ ਵਿਚ ਉਹਨਾਂ ਵਲੋਂ ਇਉਂ ਛਾਪਾ ਮਾਰਨ ਤੋਂ ਉਹ ਆਪਣਾ ਬਚਾਓ ਰੱਖਿਆ ਕਰੇਗਾ।" ਹੈਨਰੀ ਵਿਲਸਨ ਨੇ ਉਸ ਨੂੰ ਕਿਹਾ, "ਉਸ ਨੂੰ ਆਪਣਾ ਆਪੇ ਹੀ ਧੰਨਵਾਦ ਕਰਨਾ ਚਾਹੀਦਾ ਹੈ।"

ਸੁਕਰਵਾਰ ਸਵੇਰੇ, ਆਰਮੀ ਕੌਂਸਲ ਦੇ ਮੈਂਬਰਾਂ ਨੂੰ ਹੰਟਰ ਕਮੇਟੀ ਦੀ ਰੀਪੋਰਟ (ਹੈਨਰੀ ਵਿਲਸਨ ਦੇ ਕਹਿਣ ਅਨੁਸਾਰ ਨਾ-ਮੁਕੰਮਲ) ਕੇਬਨਿਟ ਕਮੇਟੀ ਦਾ ਫੈਸਲਾ, ਅਤੇ ਡਾਇਰ ਵਲੋਂ ਹੰਟਰ ਕਮੇਟੀ ਅੱਗੇ ਦਿੱਤੀ ਸਫ਼ਾਈ ਪੇਸ਼ ਕੀਤੀ ਗਈ। ਅਤੇ ਉਸੇ ਦੁਪਹਿਰ ਆਰਮੀ ਕੌਂਸਲ ਨੂੰ ਕਿਹਾ ਗਿਆ ਕਿ ਉਹ ਕੇਬਨਿਟ ਦੇ ਫੈਸਲੇ ਨਾਲ ਸਹਿਮਤ ਹੋਣ। ਪਰ ਹੈਨਰੀ ਵਿਲਸਨ ਨੇ ਫਿਰ ਆਖਿਆ :

"ਮੈਂ ਵਿਨਸਟਨ ਨੂੰ ਯਾਦ ਕਰਾਇਆ ਕਿ ਆਰਮੀ ਕੌਂਸਿਲ ਵਿਚ ਉਸ ਨੇ ਆਪ ਡਾਇਰ ਨੂੰ ਕੱਢ ਦੇਣ ਦੇ ਹੱਕ ਵਿਚ ਬੜੀ ਜ਼ੋਰਦਾਰ ਗੱਲ ਕੀਤੀ ਸੀ। ਅਤੇ ਸਾਨੂੰ ਉਸ ਨਾਲ ਸਹਿਮਤ ਹੋ ਜਾਣ ਦੀ ਕੋਸ਼ਿਸ਼ ਵੀ। ਜਦੋਂ ਅਸੀਂ ਇਹ ਨੁਕਤਾ ਉਠਾਇਆ ਸੀ ਕਿ ਸਾਨੂੰ ਮਾਮਲੇ ਦੀ ਜਾਂਚ ਕਰਨ ਲਈ, ਨਾ ਸਮਾਂ ਅਤੇ ਨਾ ਹੀ ਕੋਈ ਮੌਕਾ ਦਿੱਤਾ ਗਿਆ ਹੈ ਉਸ ਨੇ ਕਿਹਾ ਸੀ, ਕਿ ਮਾਮਲਾ ਮੁਲਤਵੀ ਕਰ ਦੇਣਾ ਚਾਹੀਦਾ ਹੈ। ਪਰ ਬਦ ਕਿਸਮਤੀ ਨਾਲ ਉਹ ਪਹਿਲਾਂ ਹੀ ਡਾਇਰ ਵਿਰੁਧ ਐਲਾਨ ਕਰ ਚੁੱਕਾ ਸੀ। ਜਾਂਚ ਤੇ ਅਸੀਂ ਮਿਲਟਰੀ ਮੈਂਬਰ ਸਰਬ ਸੰਮਤੀ ਨਾਲ ਇਸ ਰਾਏ ਦੇ ਸਾਂ ਕਿ ਸਾਨੂੰ ਹੋਰ ਗੁਆਹੀ ਚਾਹੀਦੀ ਹੈ। ਸੋ ਗੱਲ ਉੱਥੇ ਹੀ ਲਟਕੀ ਰਹੀ। ਉਸ ਨੇ ਦਲੀਲਾਂ ਦੇਣ ਦਾ ਯਤਨ ਕੀਤਾ ਜਿਵੇਂ ਜਿਵੇਂ ਉਹ ਹੋਰ ਦਲੀਲਾਂ ਦਿੰਦਾ, ਮੈਂ ਉਸ ਨੂੰ ਜਿਲ੍ਹਣ ਵਿਚ ਹੋਰ ਡੂੰਘਾ ਕਰੀ ਜਾਂਦਾ, ਆਖ਼ਰਕਾਰ ਉਹ ਹਥਿਆਰ ਸੁੱਟ ਗਿਆ।"

ਵਿਨਸਟਨ ਚਰਚਲ ਦੇ ਯਤਨਾਂ ਦੇ ਬਾਵਜੂਦ ਵੀ ਆਰਮੀ ਕੌਂਸਲ ਦੇ ਮਿਲਟਰੀ ਮੈਂਬਰ ਅੜੇ ਰਹੇ। ਚਰਚਲ ਨੇ ਕਿਹਾ ਕਿ ਉਹ ਕੈਬਨਿਟ ਦੀ ਮੀਟਿੰਗ ਬੁਲਾਏਗਾ, ਅਤੇ ਕੈਬਨਿਟ ਨੂੰ ਸਾਰੇ ਹਾਲਾਤ ਦੀ ਰਿਪੋਰਟ ਕਰ ਦੇਵੇਗਾ। ਅਤੇ ਫਿਰ ਹੋਰ ਆਰਮੀ ਕੌਂਸਲ ਬੁਲਾਏਗਾ। ਹੈਨਰੀ ਵਿਲਸਨ ਨੇ ਇਹ ਕਹਿੰਦਿਆਂ ਗੱਲ ਮੁਕਾ ਦਿੱਤੀ ਕਿ "ਕੋਈ ਫੈਸਲਾ ਨਹੀਂ ਲਿਆ ਜਾ ਸਕਦਾ, ਜਾਂ ਕੁਝ ਨਹੀਂ ਕੀਤਾ ਜਾ ਸਕਦਾ, ਜਦ



Sri Satguru Jagjit Singh Ji eLibrary NamdhariElibrary@gmail.com

ਤੀਕਰ ਕਿ ਆਰਮੀ ਕੌਂਸਲ ਦੀ ਹੋਰ ਮੀਟਿੰਗ ਨਹੀਂ ਹੁੰਦੀ।" ਚਰਚਲ ਤਾਂ ਪਹਿਲਾਂ ਹੀ ਇਹ ਕਹਿ ਚੁੱਕਾ ਸੀ।

ਜਨਰਲ ਡਾਇਰ ਦਾ ਇਕ ਹੋਰ ਖਤ ਵੀ ਪਹੁੰਚ ਚੁੱਕਾ ਸੀ ਜਿਸ ਵਿਚ ਉਹਨੇ ਹੰਟਰ ਕਮੇਟੀ ਦੀ ਰੀਪੋਰਟ ਨੂੰ ਗ਼ਲਤ ਸਾਬਤ ਕਰਨ ਦੀ ਆਗਿਆ ਮੰਗੀ ਹੋਈ ਸੀ। ਇਉਂ ਲੱਗਦਾ ਸੀ ਕਿ ਸਰ ਮਾਈਕਲ ਓਡਵਾਇਰ, ਅਤੇ ਉਸ ਦੇ ਆਪਣੇ ਦੋਸਤਾਂ ਰਾਹੀਂ ਉਸ ਨੂੰ ਸਾਰਾ ਗਿਆਨ ਸੀ ਕਿ ਕੀ ਹੋ ਰਿਹਾ ਹੈ। ਆਰਮੀ ਕੌਂਸਲ ਦੇ ਮਿਲਟਰੀ ਮੈਂਬਰਾਂ ਦੀ ਰਾਏ ਸੀ ਕਿ ਉਸ ਦੇ ਖਤ ਦਾ ਉੱਤਰ ਉਸ ਨੂੰ ਰੀਪੋਰਟ ਦੀ ਕਾਪੀ ਭੇਜਣ ਵਿਚ ਹੋਣਾ ਚਾਹੀਦਾ ਹੈ। ਇਹ ਸਥਿਤੀ ਇੰਨੀ ਤਕੜੀ ਸੀ ਕਿ ਵਿਨਸਟਨ ਚਰਚਲ, ਇਸ ਤਜਵੀਜ਼ ਨੂੰ ਦਲੀਲ ਪੂਰਵਕ ਸਮਝਦਾ ਹੋਇਆ, ਉਸ ਨਾਲ ਸਹਿਮਤ ਹੋ ਗਿਆ।

ਕੈਬਨਿਟ ਡਾਇਰ ਨੂੰ ਫੌਜ ਵਿਚੋਂ ਛੁੱਟੀ ਕਰ ਦੇਣ ਬਾਰੇ ਦਰਿੜ੍ਹ ਇਰਾਦੇ ਨਾਲ ਇਕ ਰਾਏ ਦੀ ਸੀ। ਉਹਨਾਂ ਵਿਨਸਟਨ ਚਰਚਲ ਨੂੰ ਇਹ ਵੀ ਕਿਹਾ ਕਿ ਆਰਮੀ ਕੌਂਸਲ ਕੋਲ ਮਾਮਲਾ ਲਿਜਾਣ ਦੀ ਲੋੜ ਹੀ ਕੀ ਸੀ। ਪਰ ਹੁਣ ਜਦ ਮਾਮਲਾ ਆਰਮੀ ਕੌਂਸਲ ਕੋਲ ਜਾ ਹੀ ਚੁੱਕਾ ਹੈ, ਉਹ ਇਸ ਹਾਲਤ ਵਿਚ ਨਹੀਂ ਸਨ ਕਿ ਉਹ ਮਿਲਟਰੀ ਮੈਂਬਰਾਂ ਦੀ ਇਸ ਬੇਨਤੀ ਨੂੰ ਅਪ੍ਰਵਾਨ ਕਰਨ ਕਿ ਡਾਇਰ ਨੂੰ ਹੰਟਰ ਕਮੇਟੀ ਦੀ ਰੀਪੋਰਟ ਦਾ ਉੱਤਰ ਲਿਖ ਕੇ ਦੇਣ ਤੋਂ ਨਾਂਹ ਕੀਤੀ ਜਾਵੇ।

ਉਂਝ ਵਿਨਸਟਨ ਚਰਚਲ ਨੇ ਮਿਲਟਰੀ ਮੈਂਬਰਾਂ ਨੂੰ ਉਹਨਾਂ ਮੁਸ਼ਕਲਾਂ ਤੋਂ ਵੀ ਸਾਵਧਾਨ ਕੀਤਾ, ਜੋ ਮਿਲਟਰੀ ਮੈਂਬਰਾਂ ਦੇ ਉਸ ਨਾਲੋਂ ਅਤੇ ਕੈਬਨਿਟ ਨਾਲੋਂ ਅਸਹਿਮਤ ਹੋਣ ਤੇ ਪੈਦਾ ਹੋ ਸਕਦੀਆਂ ਹਨ।

ਹੈਨਰੀ ਵਿਲਸਨ ਨੇ ਆਖਿਆ, "ਜਦੋਂ ਅਸੀਂ ਡਾਇਰ ਦੀ ਵਿਆਖਿਆ ਪੜ੍ਹ ਲਈ, ਮਾਮਲੇ ਤੇ ਬਹਿਸ ਲਈ ਕਾਫੀ ਵਕਤ ਹੋਵੇਗਾ।" ਸੋ ਕੁਝ ਸਮੇਂ ਲਈ ਇਹ ਮਾਮਲਾ ਠੱਪ ਹੋ ਗਿਆ।

ਇਹ ਗੱਲ 8 ਜੂਨ ਦੀ ਸੀ। ਪਰ ਹੈਨਰੀ ਵਿਲਸਨ ਦੀ 9 ਜੂਨ ਦੀ ਡਾਇਰੀ ਵਿਚ ਇਹ ਅੰਦਰਾਜ ਇਸ ਗੱਲ ਤੇ ਚਾਨਣਾ ਪਾਉਂਦਾ ਹੈ ਕਿ ਕਿਵੇਂ ਕੈਬਨਿਟ ਆਰਮੀ ਕੌਂਸਲ ਤੋਂ ਫੈਸਲਾ ਛੇਤੀ ਲੈਣ ਵਿਚ ਤੀਬਰ ਸੀ। ਕੈਬਨਿਟ ਦੀਆਂ ਆਪਣੀਆਂ ਸਿਆਸੀ ਲੋੜਾਂ ਸਨ। ਹਿੰਦੁਸਤਾਨ ਦੇ ਕਰੋੜਾਂ ਲੋਕਾਂ ਸਾਹਮਣੇ ਉਹ ਉੱਤਰਦਾਈ ਸੀ ਜਿਹਨਾਂ ਨੂੰ ਸ਼ਾਂਤ ਕਰਨ ਨਾਲ ਹੀ ਉਹ ਆਪਣੀ ਰਾਜਨੀਤੀ ਦੇ ਦਾਓ ਪੇਚਾਂ ਨੂੰ ਅਮਲ ਵਿਚ ਲਿਆ ਸਕਦੀ ਸੀ। ਹੈਨਰੀ ਵਿਲਸਨ ਦਾ ਅੰਦਰਾਜ ਹੈ:

"ਲਗਭਗ ਪੰਜ ਵਜੇ ਐਡਮੰਡ ਟਾਲਬਟ ਨੇ ਮੈਨੂੰ ਇਹ ਪੁੱਛਣ ਲਈ ਟੈਲੀਫੂਨ ਕੀਤਾ ਕਿ ਅਸੀਂ ਡਾਇਰ ਕੇਸ ਬਾਰੇ ਕਦੋਂ ਤਿਆਰ ਹੋਵਾਂਗੇ। ਮੈਂ ਉਸ ਨੂੰ ਦੱਸਿਆ ਕਿ ਅਸੀਂ ਡਾਇਰ ਨੂੰ ਆਪਣੇ ਖਤ ਵਿਚ ਲਿਖਿਆ ਹੈ ਕਿ ਉਹ ਹੰਟਰ ਕਮੇਟੀ ਬਾਰੇ ਆਪਣੇ ਬਿਆਨ ਵਿਚ ਕਹਿ ਸਕਦਾ ਹੈ। ਪਰ ਉਹ ਖਤ ਅਜੇ ਗਿਆ ਨਹੀਂ ਜਿਵੇਂ ਕਿ ਵਿਨਸਟਨ (ਚਰਚਲ) ਨੇ ਕਿਹਾ ਸੀ ਕਿ ਉਹ ਬਹਿਸ ਤੀਕਰ ਨਹੀਂ ਜਾਣਾ ਚਾਹੀਦਾ। ਡਾਇਰ ਨੇ ਸਾਨੂੰ ਦਸ ਮਈ ਨੂੰ ਲਿਖਿਆ ਸੀ ਕਿ ਉਹ ਸ਼ਾਇਦ ਆਪਣੇ



Sri Satguru Jagjit Singh Ji eLibrary NamdhariElibrary@gmail.com

ਬਿਆਨ ਵਿਚ ਕੁਝ ਕਹੇ। ਅਸੀਂ ਉਸ ਨੂੰ ਉੱਤਰ ਨਹੀਂ ਦਿੱਤਾ ਸੀ। ਅਤੇ ਇਹ ਸਭ ਕੁਝ ਫਰਾਕਸ (ਸਿਆਸਤਦਾਨਾਂ) ਕਰ ਕੇ। ਟਾਲਬਟ ਨੇ ਮੈਨੂੰ ਦੱਸਿਆ ਕਿ ਐਸਕੁਇਥ ਛੇਤੀ ਫੈਸਲਾ ਮੰਗ ਰਿਹਾ ਹੈ। ਐਸਕੁਇਥ...ਜੇ ਤੁਸੀਂ ਮਿਹਰਬਾਨੀ ਕਰ ਕੇ...ਅਤੇ ਬਹਿਸ, ਜਿਹੜੀ ਕਿ ਕੱਲ੍ਹ ਨੂੰ ਸੀ, ਅਗਲੇ ਹਫ਼ਤੇ ਤੇ ਪਾ ਦਿੱਤੀ ਹੈ। ਅਤੇ ਐਸਕੁਇਥ ਸੋਮਵਾਰ ਜਾਂ ਮੰਗਲਵਾਰ ਲਈ ਰੌਲਾ ਪਾ ਰਿਹਾ ਹੈ।

"ਮੈਂ ਐਸਕੁਇਥ ਬਾਰੇ ਕੁਝ ਕਾਟਵੀਆਂ ਚੀਜ਼ਾਂ ਕਹੀਆਂ। ਅਤੇ ਇਹ ਕਹਿ ਕੇ ਮੁਕਾ ਦਿੱਤਾ, ਕਿ ਵਿਨਸਟਨ ਚਰਚਲ ਦੇ ਆਦੇਸ਼ਾਂ ਅਨੁਸਾਰ ਹਾਲੇ ਡਾਇਰ ਨੂੰ ਖਤ ਨਹੀਂ ਗਿਆ। ਅਤੇ ਵਿਨਸਟਨ ਚਰਚਲ ਲੱਭ ਨਹੀਂ ਰਿਹਾ।"

ਕੇਬਨਿਟ ਪਾਰਲੀਮੈਂਟ ਵਿਚ ਡਾਇਰ ਦੇ ਮਾਮਲੇ ਤੇ ਬਹਿਸ ਤੋਂ ਪਹਿਲਾਂ ਆਰਮੀ ਕੌਂਸਿਲ ਦੀ ਸਹਿਮਤੀ ਲੈ ਲੈਣਾ ਚਾਹੁੰਦੀ ਸੀ ਤਾਂ ਕਿ ਉਹ ਬਹਿਸ ਵਿਚਕਾਰ ਆਪਣਾ ਪੱਖ ਮਜ਼ਬੂਤੀ ਨਾਲ ਪੇਸ਼ ਕਰ ਸਕੇ। ਮਿਸਟਰ ਮਾਂਟੇਗੋ ਵਜ਼ੀਰ ਹਿੰਦ ਐਡਜੂਟੈਂਟ ਜਨਰਲ ਨੂੰ ਮਿਲਣ ਆਇਆ ਅਤੇ ਕਿਹਾ ਕਿ ਇਹ ਆਦੇਸ਼ ਹੈ ਕਿ ਖਤ ਇਕ ਦਮ ਭੇਜ ਦਿੱਤਾ ਜਾਵੇ। ਮਿਸਟਰ ਬੋਨਾਰ ਲਾ ਨੇ ਵੀ ਕਿਹਾ ਕਿ ਖਤ ਅਵੱਸ਼ ਭੇਜਣਾ ਚਾਹੀਦਾ ਹੈ।"

9 ਜੂਨ 1920 ਨੂੰ ਆਰਮੀ ਕੌਂਸਿਲ ਨੇ ਜਨਰਲ ਡਾਇਰ ਨੂੰ ਹੰਟਰ ਕਮੇਟੀ ਦੀ ਰੀਪੋਰਟ ਬਾਰੇ ਆਪਣਾ ਬਿਆਨ, ਅਤੇ ਆਪਣਾ ਕੇਸ ਲਿਖ ਕੇ ਦੇਣ ਦੀ ਛੁੱਟੀ ਦੇ ਦਿੱਤੀ। ਵਾਰ ਆਫਿਸ ਦੇ ਸੈਕ੍ਰੇਟਰੀ ਸਰ ਹਰਬਰਟ ਕ੍ਰੀਡੀ ਨੇ ਇਹ ਚਿੱਠੀ ਭਿਜਵਾ ਦਿੱਤੀ।

ਉਂਝ ਤਾਂ ਸਰ ਮਾਈਕਲ ਉਡਵਾਇਰ ਨੇ ਵੀ ਹੰਟਰ ਕਮੇਟੀ ਦੀ ਰੀਪੋਰਟ ਤੇ ਬਿਆਨ ਦੇਣ ਦੀ ਆਗਿਆ ਮੰਗੀ ਸੀ। ਪਰ ਉਹ ਰੱਦ ਕਰ ਦਿੱਤੀ ਗਈ ਸੀ।

ਜਨਰਲ ਡਾਇਰ ਨੇ ਆਪਣਾ ਉੱਤਰ 3 ਜੁਲਾਈ 1920 ਨੂੰ ਦਿੱਤਾ, ਜੋ 33 ਕਲੇਰਜਿਜ ਸਟਰੀਟ ਲੰਡਨ ਤੋਂ ਭੇਜਿਆ ਗਿਆ। ਡਾਇਰ ਕੋਲ ਸਲਾਹਕਾਰਾਂ ਦੀ ਕੋਈ ਕਮੀ ਨਹੀਂ ਸੀ। ਸਰ ਮਾਈਕਲ ਉਡਵਾਇਰ ਅਤੇ ਇਸ ਪੱਖ ਦੇ ਹੋਰ ਮਦਦਗਾਰਾਂ ਦੀ ਇਕ ਟੋਲੀ ਉਸ ਦੇ ਨਾਲ ਸੀ। ਉਹ ਵਕੀਲਾਂ ਦੀ ਇਕ ਵਧੀਆ ਫਰਮ ਮੈਸਰਜ਼ ਸ਼ਾਰਪ ਪਰਿਚਰਡ ਐਂਡ ਕੰਪਨੀ ਕੋਲ ਗਿਆ, ਜਿਸ ਨੇ ਉਸ ਨੂੰ ਦੋ ਬੜੇ ਸਿਆਣੇ ਸਲਾਹਕਾਰ ਰਿਜਨਲਡ ਹਿਲਸੀਅਨ ਅਤੇ ਆਸਟਨ ਜਾਨ ਮਦੱਦ ਲਈ ਦਿੱਤੇ। ਜਨਰਲ ਡਾਇਰ ਕੋਲ ਪੁਰਾਣਾ ਤਜਰਬਾ ਵੀ ਸੀ। ਉਹਦਾ ਘੁਮੰਡ ਵੀ ਨੀਵਾਂ ਹੋ ਚੁੱਕਾ ਸੀ। ਉਸ ਨੇ ਆਪਣਾ ਕੇਸ ਬੜੀ ਸਿਆਣਪ ਨਾਲ ਤਿਆਰ ਕੀਤਾ। ਉਸ ਦੀ ਜੀਵਨੀ ਲਿਖਣ ਵਾਲੇ ਨੇ ਇਸ ਖਤ ਦੀ ਬੜੀ ਸਿਫ਼ਤ ਕੀਤੀ ਹੈ।

"ਵਾਰ ਆਫਿਸ ਨੂੰ ਲਿਖਿਆ ਇਹ ਖਤ ਇੰਨਾ ਦਲੀਲ ਪੂਰਵਕ, ਅਤੇ ਤੱਤਾਂ ਨਾਲ ਇੰਨਾ ਸਹਾਇਤਾ ਭਰਪੂਰ ਸੀ ਕਿ ਹਿਜ਼ ਮੈਜਿਸਟੀ ਦੀ ਸਰਕਾਰ ਨੂੰ ਇਸ ਦਾ ਉੱਤਰ ਦੇਣਾ ਬਹੁਤ ਮੁਸ਼ਕਿਲ ਪ੍ਰਤੀਤ ਹੋਇਆ।"

ਹਿੰਦੁਸਤਾਨ ਦੇ ਇਕ ਪੁਰਾਣੇ ਵਾਇਸਰਾਏ ਲਾਰਡ ਕਰਜ਼ਨ ਨੇ ਵੀ ਇਸ ਖਤ ਬਾਰੇ ਕਿਹਾ : ਜੇ ਉਹ ਇਸ ਰੀਪੋਰਟ ਦਾ ਬਗ਼ੈਰ ਸਹਾਇਤਾ ਤੋਂ ਲੇਖਕ ਹੈ...ਉਹ



Sri Satguru Jagjit Singh Ji eLibrary NamdhariElibrary@gmail.com

ਬਹੁਤ ਕਾਬਲ ਆਦਮੀ ਹੋਵੇਗਾ।"

ਪਰ ਲਾਰਡ ਕਰਜ਼ਨ ਵਲੋਂ, ਹਿੰਦੁਸਤਾਨ ਵਿਚ, ਆਪਣੀ ਵਾਇਸਰਾਏਸ਼ਿਪ ਦੇ ਦੋਰਾਨ ਸਾਮਰਾਜੀ ਨੀਤੀਆਂ ਲਾਗੂ ਕਰਨ ਦੇ ਯਤਨਾਂ ਅਤੇ ਲੋਕਾਂ ਵਿਚ ਪੈਦਾ ਹੋ ਰਹੀ ਬੇਚੈਨੀ ਤੋਂ ਸਭ ਜਾਣੂ ਸਨ। ਅਜਿਹੇ ਤਬਕੇ ਵਲੋਂ ਜਨਰਲ ਡਾਇਰ ਦੀ ਹਮਾਇਤ, ਜਾਂ ਰਾਏ ਤੇ ਕਿਸੇ ਨੂੰ ਕੋਈ ਹੈਰਾਨੀ ਨਾ ਹੋਈ।

ਆਰਮੀ ਕੌਂਸਿਲ ਦੀ ਇਕ ਮੀਟਿੰਗ ਵਿਚ, ਹੰਟਰ ਕਮੇਟੀ ਦੀ ਰੀਪੋਰਟ, ਅਤੇ ਜਨਰਲ ਡਾਇਰ ਦੇ ਬਿਆਨਾਂ ਤੇ ਵਿਚਾਰ ਕੀਤੀ ਗਈ। ਉਹਨਾਂ ਗ਼ੌਰ ਕੀਤਾ ਕਿ 13 ਅਪ੍ਰੈਲ 1919 ਨੂੰ ਜਲ੍ਹਿਆਂ ਵਾਲੇ ਬਾਗ਼ ਵਿਚ, ਬਾਵਜੂਦ ਇਸ ਅਫਸਰ ਦੇ ਆਪਣੇ ਆਪ ਨੂੰ ਕਠਿਨ ਸਥਿਤੀ ਵਿਚ ਪਾਏ ਜਾਣ ਦੇ ਵੀ ਨਿਰਨਾ ਕਰਨ ਦੀ ਗ਼ਲਤੀ ਤੋਂ ਉਸਨੂੰ ਬਰੀ ਨਹੀਂ ਕੀਤਾ ਜਾ ਸਕਦਾ।

ਉਹਨਾਂ ਦੇਖਿਆ ਕਿ ਹਿੰਦੁਸਤਾਨ ਵਿਚਲੇ ਕਮਾਂਡਰ-ਇਨ-ਚੀਫ਼ ਨੇ ਬਰਗੇਡੀਅਰ ਜਨਰਲ ਡਾਇਰ ਕੋਲੋਂ ਉਸਦੀ ਮੁਲਾਜ਼ਮਤ ਤੋਂ ਅਸਤੀਫ਼ਾ ਲੈ ਲਿਆ ਹੈ ਅਤੇ ਉਸ ਨੂੰ ਸੂਚਨਾ ਦੇ ਦਿੱਤੀ ਗਈ ਹੈ ਕਿ ਅੱਗੇ ਤੋਂ ਉਸਨੂੰ ਹਿੰਦੁਸਤਾਨੀ ਫੌਜ ਵਿਚ ਕੋਈ ਮੁਲਾਜ਼ਮਤ ਨਹੀਂ ਦਿੱਤੀ ਜਾਵੇਗੀ।

ਇਹ ਫੈਸਲੇ ਆਰਮੀ ਕੌਂਸਿਲ ਸਵੀਕਾਰ ਕਰਦੀ ਹੈ। 8 ਜੁਲਾਈ 1920 ਨੂੰ ਅਖ਼ਬਾਰ "ਮਾਰਨਿੰਗ ਪੋਸਟ" (ਦੀ ਟੈਲੀਗਰਾਫ) ਨੇ ਪ੍ਰਕਾਸ਼ਤ ਕੀਤਾ —

"ਕਿ ਆਰਮੀ ਕੌਂਸਿਲ ਦਾ ਫੈਸਲਾ ਇਵੇਂ ਲਾਗੂ ਹੁੰਦਾ ਹੈ :

1. ਹਿੰਦੁਸਤਾਨੀ ਸਰਕਾਰ ਦਾ ਇਹ ਫੈਸਲਾ ਕਿ ਜਨਰਲ ਡਾਇਰ ਨੂੰ ਫੌਜ ਵਿਚੋਂ ਜ਼ਰੂਰ ਹੀ ਰੀਟਾਇਰ ਕਰ ਦਿੱਤਾ ਜਾਵੇ, ਤਸਦੀਕ ਨਹੀਂ ਕੀਤਾ ਗਿਆ। ਕਿੰਗਜ਼ ਰੈਗੂਲੇਸ਼ਨਜ਼ ਦੇ ਅਧੀਨ, ਉਸਨੂੰ ਬਿਨਾਂ ਨੌਕਰੀ ਤੋਂ ਅੱਧੀ ਤਨਖ਼ਾਹ ਤੇ ਛੁੱਟੀ ਕਰ ਦਿੱਤੀ ਗਈ ਕਿਉਂਕਿ ਉਸਦੀ ਰਿਟਾਇਰਮੇਂਟ ਵਿਚ ਅਠਾਰਾਂ ਮਹੀਨੇ ਬਾਕੀ ਸਨ, ਪਰ ਉਸਨੂੰ ਜ਼ਰੂਰੀ ਰਿਟਾਇਰ ਨਹੀਂ ਕੀਤਾ ਗਿਆ।
2. ਇਹ ਫੈਸਲਾ ਕਿ ਜਨਰਲ ਡਾਇਰ ਨੂੰ ਹਿੰਦੁਸਤਾਨ ਵਿਚ ਕੋਈ ਹੋਰ ਮੁਲਾਜ਼ਮਤ ਨਾ ਦਿੱਤੀ ਜਾਵੇ ਤਸਦੀਕ ਕੀਤਾ ਗਿਆ।
3. ਇਹ ਸਿਫਾਰਸ਼ ਕੀਤੀ ਗਈ ਕਿ ਜਨਰਲ ਡਾਇਰ ਨੂੰ ਬਰਤਾਨਵੀ ਫੌਜ ਵਿਚ ਵੀ ਕੋਈ ਮੁਲਾਜ਼ਮਤ ਨਾ ਦਿੱਤੀ ਜਾਵੇ।



Sri Satguru Jagjit Singh Ji eLibrary NamdhariElibrary@gmail.com

# ਬਰਿਟਿਸ਼ ਪਾਰਲੀਮੈਂਟ, ਪਰੈੱਸ ਅਤੇ ਡਾਇਰ

ਇਸ ਤਨਾਓ ਦੇ ਵਾਤਾਵਰਨ ਵਿਚ ਡਾਇਰ ਦਾ ਮਾਮਲਾ ਪਾਰਲੀਮੈਂਟ ਵਿਚ ਲਿਆਂਦਾ ਗਿਆ। ਉਸ ਸਮੇਂ ਇੰਗਲੈਂਡ ਵਿਚ ਕੁਲੀਸ਼ਨ ਗੌਰਮੈਂਟ ਸੀ, ਜਿਸ ਵਿਚ ਟੋਰੀ ਤੇ ਲਿਬਰਲ ਬਹੁ-ਗਿਣਤੀ ਵਿਚ ਸਨ। ਲਿਬਰਲ ਪਾਰਟੀ ਦਾ ਲਾਇਡ ਜਾਰਜ ਪ੍ਰਧਾਨ ਮੰਤਰੀ, ਮਾਂਟੇਗੋ ਵਜ਼ੀਰ ਹਿੰਦ, ਚਰਚਲ ਵਾਰ ਮਨਿਸਟਰ, ਟੋਰੀ ਪਾਰਟੀ ਦਾ ਬਾਨਰਲਾ ਕਾਨੂੰਨ ਮੰਤਰੀ ਸਨ। ਲੇਬਰ ਪਾਰਟੀ ਦੀ ਬਹੁ-ਗਿਣਤੀ ਅਪੋਜੀਸ਼ਨ ਬੈਂਚਾਂ ਤੇ ਸੀ।

8 ਜੁਲਾਈ 1920 ਨੂੰ ਮਿਸਟਰ ਮਾਂਟੇਗੋ ਵਜ਼ੀਰ ਹਿੰਦ (ਜੋ ਕੈਂਬੋਰਿਜ ਤੋਂ ਲਿਬਰਲ ਐਮ. ਪੀ. ਸਨ) ਨੇ ਪੰਜਾਬ ਦੀ ਗੜਬੜ, ਲਾਰਡ ਹੰਟਰ ਦੀ ਕਮੇਟੀ, ਆਰਮੀ ਕੌਂਸਲ ਅਤੇ ਜਨਰਲ ਡਾਇਰ ਬਾਰੇ ਇਕ ਵਿਸਥਾਰ ਪੂਰਵਕ ਬਿਆਨ ਦਿਤਾ। ਉਸ ਨੇ ਆਖਿਆ :

"ਜਜ ਨਾਲ ਝਗੜਨਾ ਬੜਾ ਸੌਖਾ ਹੁੰਦਾ ਹੈ, ਜਦੋਂ ਤੁਸੀਂ ਉਸਦੇ ਫੈਸਲੇ ਨਾਲ ਸਹਿਮਤ ਨਾ ਹੋਵੋ। ...... ਅਸਲੀ ਮਸਲੇ ਨੂੰ ਇਕੋ ਵਾਕ ਵਿਚ ਹੀ ਬਿਆਨ ਕੀਤਾ ਜਾ ਸਕਦਾ ਹੈ ਅਤੇ ਮੈਂ ਹਾਉਸ ਨੂੰ ਇਕੋ ਸੁਆਲ ਪੁੱਛ ਕੇ ਆਪਣੇ ਆਪ ਵਿਚ ਸਬਰ ਕਰ ਲਵਾਂਗਾ। ਜੇ ਇਕ ਅਫਸਰ ਆਪਣੇ ਵਤੀਰੇ ਨੂੰ ਠੀਕ ਆਖੇ, ਭਾਵੇਂ ਉਸ ਦਾ ਰੀਕਾਰਡ ਕਿਨਾ ਵੀ ਚੰਗਾ ਹੋਵੇ। ਅਤੇ ਹਰੇਕ ਜਾਣਦਾ ਹੈ ਕਿ ਜਨਰਲ ਡਾਇਰ ਦਾ ਪੁਰਾਣਾ ਰੀਕਾਰਡ ਕਿਨਾ ਸ਼ਾਨਦਾਰ ਸੀ, ਪਰ ਉਸ ਦਾ ਇਹ ਕਹਿਣਾ, ਕਿ ਇਸ ਵਿਚ ਕੋਈ ਨਾਜਾਇਜ਼ ਸਖਤਾਈ ਨਹੀਂ ਸੀ, ਕਿ ਜੇ ਉਸ ਕੋਲ ਹੋਰ ਵਧੇਰੇ ਵਸੀਲੇ ਹੁੰਦੇ ਤਾਂ ਹੋਰ ਵਧੇਰੇ ਮੌਤਾਂ ਕਰਦਾ ਅਤੇ ਉਸਦਾ ਮੰਤਵ ਸਾਰੇ ਪੰਜਾਬ ਨੂੰ ਅਖਲਾਕੀ ਸਬਕ ਸਿਖਾਉਣਾ ਸੀ।

"ਮੈਂ ਬਗੈਰ ਕਿਸੇ ਜੱਕੋ ਤਕੋ ਦੇ ਕਹਿੰਦਾ ਹਾਂ ਅਤੇ ਕਮੇਟੀ ਨੂੰ ਆਖਦਾ ਹਾਂ ਕਿ ਮੈਨੂੰ ਟੋਕੋ, ਜੇ ਮੈਂ ਗ਼ਲਤ ਕਹਿੰਦਾ ਹਾਂ ਕਿਉਂਕਿ ਸਾਰੀ ਗਲ ਇਸ ਦੇ ਦੁਆਲੇ ਘੁੰਮਦੀ ਹੈ ਕਿ ਇਹ ਦਹਿਸ਼ਤ-ਪਸੰਦੀ ਦਾ ਸਿਧਾਂਤ ਹੈ। ...... ਜੇ ਤੁਸੀਂ ਦਹਿਸ਼ਤ ਪਸੰਦੀ ਤੇ ਤੁਲ ਜਾਓ, ਜਿਵੇਂ ਕਿ ਡਾਇਰ ਨੇ ਕੀਤਾ, ਫਿਰ ਉਸਦਾ ਕੋਈ ਅੰਤ ਨਹੀਂ। ਫਿਰ



Sri Satguru Jagjit Singh Ji eLibrary NamdhariElibrary@gmail.com

ਤੁਸੀਂ ਵਿਸ਼ੇਸ਼ ਇਕੱਠ ਦੇ ਵਤੀਰੇ ਅਤੇ ਇਰਾਦੇ ਨੂੰ ਧਿਆਨ ਵਿਚ ਲਿਆਉਣ ਤੋਂ ਬਿਨਾਂ ਹੀ ਗੋਲੀ ਤੋਂ ਬਾਦ ਗੋਲੀ ਚਲਾਉਂਦੇ ਚਲੇ ਜਾਉਗੇ, ਸਣੇ ਉਸ ਦਹਿਲ ਦੇ ਜੋ ਇਸ ਵਿਚ ਸ਼ਾਮਲ ਹੈ, ਸਿਰਫ ਇਸ ਲਈ ਕਿ ਤੁਸੀਂ ਕਿਸੇ ਨੂੰ ਸਬਕ ਸਿਖਾਉਣਾ ਚਾਹੁੰਦੇ ਹੋ।

"ਮੈਂ ਹੋਰ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਤੁਸੀਂ ਇਹ ਹੁਕਮ ਪਾਸ ਕਰਦੇ ਹੋ, ਕਿ ਹਰ ਹਿੰਦੁਸਤਾਨੀ, ਭਾਵੇਂ ਉਹ ਕੋਈ ਵੀ ਹੋਵੇ, ਇਕ ਖਾਸ ਥਾਂ ਤੇ ਰਿੜ੍ਹ ਕੇ ਲੰਘੇ, ਜਦੋਂ ਤੁਸੀਂ ਇਹ ਆਖਣ ਲਈ ਹੁਕਮ ਪਾਸ ਕਰਦੇ ਹੋ ਕਿ ਹਰ ਹਿੰਦੁਸਤਾਨੀ ਭਾਵੇਂ ਉਹ ਕੋਈ ਵੀ ਹੋਵੇ, ਜ਼ਬਰਦਸਤੀ ਜਾਂ ਰਜ਼ਾਕਾਰਨਾ ਤੌਰ ਤੇ ਜ਼ਰੂਰ ਹੀ ਹਿਜ਼ ਮੈਜਸਟੀ ਦੀ ਕਿੰਗ ਦੇ ਅਫਸਰਾਂ ਨੂੰ ਸਲਾਮ ਕਰੇ, ਤੁਸੀਂ ਉਨ੍ਹਾਂ ਉਤੇ ਨਸਲੀ ਹੀਣਤਾ ਠੋਸਦੇ ਹੋ।

"ਮੈਂ ਤੀਜੀ ਗੱਲ ਇਹ ਕਹਿੰਦਾ ਹਾਂ ਕਿ ਜਦੋਂ ਤੁਸੀਂ ਸਕੂਲ ਵਿਚੋਂ ਕੁੱਝ ਵਿਦਿਆਰਥੀ ਚੁਣ ਲੈਂਦੇ ਹੋ, ਗੁਨਾਂਹਗਾਰ ਜਾਂ ਬੇਗੁਨਾਂਹ ਅਤੇ ਸ਼ਰੇਆਮ ਕੋਰੜੇ ਮਾਰਦੇ ਹੋ। ਜਦੋਂ ਤੁਸੀਂ ਚਰਖੜੀਆਂ ਗੱਡਦੇ ਹੋ, ਜਿਥੇ ਕੁੱਝ ਗੜਬੜ ਹੋਈ, ਜਿਸ ਬਾਰੇ ਸਾਨੂੰ ਵੀ ਅਫਸੋਸ ਹੈ, ਤੇ ਹਿੰਦੁਸਤਾਨੀਆਂ ਨੂੰ ਵੀ ਅਫਸੋਸ ਹੈ। ਤੁਸੀਂ ਲੋਕਾਂ ਦੇ ਬੈਂਤਾਂ ਮਾਰਦੇ ਹੋ ਜਿਹਨਾਂ ਨੂੰ ਕੋਈ ਸਜ਼ਾ ਨਹੀਂ ਦਿੱਤੀ ਗਈ। ਜਦੋਂ ਤੁਸੀਂ ਇਕ ਜਨੇਤ ਦੇ ਕੋਰੜੇ ਠੋਕਦੇ ਹੋ। ਤੁਸੀਂ ਲੋਕਾਂ ਵਿਚ ਇਕ ਡਰ ਪੈਦਾ ਕਰਨ ਵਿਚ ਰੁਝੇ ਹੋਏ ਹੋ। ਮੇਰੇ ਕੋਲ ਕੋਈ ਹੋਰ ਯੋਗ ਸ਼ਬਦ ਨਹੀਂ ਜਿਹੜੇ ਇਸ ਨੂੰ ਬਿਆਨ ਕਰ ਸਕਣ। ...

"ਕੀ ਤੁਸੀਂ ਹਿੰਦੁਸਤਾਨ ਉਤੇ ਆਪਣੀ ਪਕੜ, ਦਹਿਸ਼ਤ-ਪਸੰਦੀ, ਨਸਲੀ ਹੀਣਤਾ, ਅਧੀਨਗੀ ਅਤੇ ਡਰਾਵੇ ਨਾਲ ਰੱਖਣਾ ਚਾਹੁੰਦੇ ਹੋ, ਜਾਂ ਤੁਸੀਂ ਆਪਣੀ ਹਿੰਦੁਸਤਾਨੀ ਸਲਤਨਤ ਦੇ ਲੋਕਾਂ ਦੀ ਸ਼ੁਭ-ਇਛਿਆ ਤੇ, ਵਧ ਰਹੀ ਸ਼ੁਭ ਇਛਿਆ ਤੇ? ......

"ਦਹਿਸ਼ਤ ਪਸੰਦੀ ਅਤੇ ਤਾਕਤ ਨਾਲ ਰਾਜ ਕਰਨ ਤੇ ਸਭ ਤੋਂ ਵਡਾ ਇਤਰਾਜ਼ ਇਹ ਹੈ, ਕਿ ਤੁਸੀਂ ਉਨ੍ਹਾਂ ਲੋਕਾਂ ਬਾਰੇ ਜਿਹੜੇ ਇਸ ਦਾ ਸ਼ਿਕਾਰ ਹੁੰਦੇ ਹਨ, ਸੋਚੇ ਬਿਨਾਂ ਲਾਗੂ ਕਰਦੇ ਚਲੇ ਜਾਂਦੇ ਹੋ। ਜਦੋਂ ਤੁਸੀਂ ਇਕ ਵਾਰੀ ਏਦਾਂ ਕਰਦੇ ਹੋ, ਫਿਰ ਕਰਦੇ ਚਲੇ ਜਾਂਦੇ ਹੋ।

"ਹਰ ਵਾਰੀ ਜਦੋਂ ਘਟਨਾ ਵਾਪਰਦੀ ਹੈ, ਤੁਹਾਨੂੰ ਲੋਕਾਂ ਦਾ ਜੋ ਇਸ ਤੋਂ ਪੀੜਤ ਹੁੰਦੇ ਹਨ, ਸਾਹਮਣਾ ਕਰਨਾ ਪੈਂਦਾ ਹੈ। ਅਤੇ ਫਿਰ ਇਸਦਾ ਕੋਈ ਅੰਤ ਨਹੀਂ। ਜਦ ਤੀਕਰ ਕਿ ਉਹ ਲੋਕ ਜਿਨ੍ਹਾਂ ਦੇ ਨਾਮ ਤੇ ਤੁਸੀਂ ਹਿੰਦੁਸਤਾਨ ਤੇ ਰਾਜ ਕਰਦੇ ਹੋ, ਭਾਵ ਇਸ ਮੁਲਕ ਦੇ ਲੋਕਾਂ ਤੇ ਹਿੰਦੁਸਤਾਨੀ ਲੋਕਾਂ ਦੇ ਜਜ਼ਬੇ ਤੇ ਅਣਖ ਰੋਸ ਵਜੋਂ ਇਕੱਠੇ ਉੱਠਣ ਅਤੇ ਹਿੰਦੁਸਤਾਨ ਵਿਚੋਂ ਤੁਹਾਡਾ ਰਾਜ ਖਤਮ ਕਰ ਦੇਣ। ...

"ਸਾਨੂੰ ਬਰਤਾਨਵੀ ਜਾਨਾਂ ਬੜੀਆਂ ਪਿਆਰੀਆਂ ਹਨ ਪਰ ਸਾਨੂੰ ਹਿੰਦੁਸਤਾਨੀ ਜਾਨਾਂ ਵੀ ਪਿਆਰਿਆਂ ਹੋਣੀਆਂ ਚਾਹੀਦੀਆਂ ਹਨ। ...

"ਉਹ ਲੋਕੀ ਜਿਹੜੇ ਸਰਕਾਰ ਤੇ ਇਸ ਨੁਕਤੇ ਤੇ ਨੁਕਤਾਚੀਨੀ ਕਰਦੇ ਹਨ, ਉਨ੍ਹਾਂ ਦਾ ਇਕ ਸਿਧਾਂਤ ਹੈ ਕਿ ਹਿੰਦੁਸਤਾਨੀ ਉਹ ਵਿਅਕਤੀ ਹੈ, ਜੋ ਤਦ ਤੀਕਰ ਬਰਦਾਸ਼ਤ ਕੀਤਾ ਜਾ ਸਕਦਾ ਹੈ, ਜਦ ਤੀਕਰ ਤੁਹਾਡਾ ਹੁਕਮ ਮੰਨਦਾ ਹੈ। ਪਰ ਜਦ ਉਹ ਪੜ੍ਹੇ ਲਿਖੇ ਲੋਕਾਂ ਦੀ ਸ਼੍ਰੇਣੀ ਵਿਚ ਰਲਦਾ ਹੈ, ਜਾਂ ਉਹ ਆਪਣੇ ਬਾਰੇ ਸੋਚਦਾ ਹੈ, ਜੇ ਉਹ ਤੁਹਾਡੀਆਂ ਮੁਹੱਈਆ ਕੀਤੀਆਂ ਹੋਈਆਂ ਵਿਦਿਅਕ ਸਹੂਲਤਾਂ ਤੋਂ ਕੋਈ ਲਾਭ



Sri Satguru Jagjit Singh Ji eLibrary NamdhariElibrary@gmail.com

ਉਠਾਉਂਦਾ ਹੈ। ਜੇ ਇਕ ਵਾਰ ਉਹ ਵੀ ਨਿਜੀ ਆਜ਼ਾਦੀ ਜੋ ਬਰਤਾਨਵੀ ਲੋਕਾਂ ਨੂੰ ਬਹੁਤ ਪਿਆਰੀ ਹੈ, ਦੇ ਵਿਚਾਰਾਂ ਨੂੰ ਅਪਣਾਉਂਦਾ ਹੈ ਕਿਉਂ ਤੁਸੀਂ ਉਸਨੂੰ ਇਕ ਐਜੂਕੇਟਡ ਇੰਡੀਅਨ ਅਤੇ ਐਜੀਟੇਟਰ ਕਰਾਰ ਦੇ ਦਿੰਦੇ ਹੋ ? ਸਾਰੇ ਕੇਸ ਬਾਰੇ ਕਿੰਨਾ ਅਜੀਬ ਤੇ ਸਨਕੀ ਫੈਸਲਾ ਹੈ ?

"ਇਕ ਸਿਧਾਂਤ, ਜਿਸ ਤੇ ਮੈਂ ਸਮਝਦਾ ਹਾਂ, ਜਨਰਲ ਡਾਇਰ ਨੇ ਅਮਲ ਕੀਤਾ ਹੈ, ਉਹ ਹੈ, ਦਹਿਸ਼ਤ ਪਾਉਣ ਦਾ ਸਿਧਾਂਤ, ਨਸਲੀ ਹੀਣਤਾ ਦਾ ਸਿਧਾਂਤ। ...

"ਕੌਣ ਕਹਿੰਦਾ ਹੈ ਕਿ ਉਥੇ ਨਾਜਾਇਜ਼ ਸਖਤਾਈ ਦਾ ਕੋਈ ਸੁਆਲ ਨਹੀਂ ਸੀ ? ..."

ਮਿਸਟਰ ਮਾਂਟੇਗੋ ਦੀ ਇਸ ਤਕਰੀਰ ਤੇ ਕੁਝ ਟੋਰੀ ਮੈਂਬਰਾਂ ਵਿਚ ਬੜੀ ਭੜਕਾਹਟ ਹੋਈ। ਸਰ ਮਾਈਕਲ ਉਡਵਾਇਰ, ਜਨਰਲ ਡਾਇਰ ਨੂੰ ਲੈ ਕੇ ਪਾਰਲੀਮੈਂਟ ਦੇ ਇਸ ਇਜਲਾਸ ਤੇ ਪਹੁੰਚਾ ਹੋਇਆ ਸੀ। ਉਹ ਦੋਨੋ ਬਹਿਸ ਸਮੇਂ ਪਬਲਿਕ ਗੈਲਰੀ ਵਿਚ ਮੌਜੂਦ ਸਨ।

ਜਨਰਲ ਡਾਇਰ ਦੀ ਵਕਾਲਤ ਕਰਦਿਆਂ ਹੋਇਆਂ, ਡਨਕੇਅਰਨ ਤੋਂ ਚੁਣੇ ਗਏ ਟੋਰੀ ਐਮ. ਪੀ. ਸਰ. ਈ. ਕਾਰਸਨ ਨੇ ਆਖਿਆ :

"ਤੁਸੀਂ ਉਸ ਅਫਸਰ ਨੂੰ ਤੋੜ ਭੰਨ ਰਹੇ ਹੋ, ਜਿਸਨੇ ਆਪਣੇ ਬਿਹਤਰੀਨ ਯਤਨ ਕੀਤੇ ਹਨ। ਉਸ ਕਾਰਨਾਮੇ ਦੇ ਹਵਾਲੇ ਨਾਲ ਜਿਸ ਲਈ ਤੁਸੀਂ ਉਸ ਨੂੰ ਭੰਨ ਤੋੜ ਦਿੱਤਾ ਹੈ, ਜਾਂ ਤੋੜ ਰਹੇ ਹੋ, ਉਸਦੀ 34 ਸਾਲ ਦੀ ਸ਼ਾਨਦਾਰ ਸਰਵਿਸ ਦੇ ਬਾਦ ਤੁਹਾਨੂੰ ਇਹ ਮੰਨਣਾ ਚਾਹੀਦਾ ਹੈ, ਜਿਸਨੇ ਉਸ ਮੁਲਕ ਨੂੰ ਖ਼ੂਨੀ ਬਗਾਵਤ ਤੋਂ ਬਚਾਇਆ ਹੈ। ਹੋ ਸਕਦਾ ਹੈ, ਉਹ ਥਾਂ ਉਹੋ ਜਿਹੀ ਬਣ ਜਾਂਦੀ, ਜਿਥੇ ਹਜ਼ਾਰਾਂ ਜਾਨਾਂ ਦਾ ਨੁਕਸਾਨ ਹੁੰਦਾ ਅਤੇ ਉਸ ਨੇ ਮੁਲਕ ਨੂੰ ਗ਼ਦਰ ਤੋਂ ਬਚਾਇਆ ਹੈ, ਉਸ ਗ਼ਦਰ ਤੋਂ, ਜਿਸਦੇ ਸਾਹਮਣੇ ਪਿਛਲਾ ਗ਼ਦਰ ਛੋਟਾ ਲਗਦਾ।"

ਮਿਸਟਰ ਚਰਚਲ ਜੋ ਡੰਡੀ ਤੋਂ ਲਿਬਰਲ ਐਮ; ਪੀ. ਸਨ, ਨੇ ਵੀ ਸਰਕਾਰੀ ਫੈਸਲੇ ਦੇ ਹੱਕ ਵਿਚ ਬੋਲਦਿਆਂ ਆਖਿਆ :

"ਇਕ ਅਸਲੀਅਤ ਪੂਰੀ ਤਰ੍ਹਾਂ ਖੜ੍ਹੀ ਹੈ। ਮੇਰਾ ਭਾਵ ਹੈ 13 ਅਪ੍ਰੈਲ ਨੂੰ ਜਲ੍ਹਿਆਂ ਵਾਲਾ ਬਾਗ ਵਿਖੇ, 400 ਬੰਦਿਆਂ ਨੂੰ ਕੋਹਿਆ ਗਿਆ ਹੈ ਅਤੇ ਤਿੰਨ ਜਾਂ ਚਾਰ ਗੁਣਾਂ ਵੱਧ ਲੋਕਾਂ ਨੂੰ ਜ਼ਖ਼ਮੀ ਕੀਤਾ ਗਿਆ ਹੈ। ਇਹ ਇਕ ਐਸੀ ਦੁਰਘਟਨਾ ਹੈ, ਜਿਸ ਦੇ ਬਰਾਬਰ ਕੋਈ ਹੋਰ ਬਰਤਾਨਵੀ ਸਲਤਨਤ ਦੇ ਵਰਤਮਾਨ ਇਤਿਹਾਸ ਵਿਚ ਨਹੀਂ ਵਾਪਰੀ।"

ਮਿਸਟਰ ਚਰਚਲ ਨੇ ਅਫ਼ਸਰਾਂ ਦਿਆਂ ਫਰਜ਼ਾਂ ਵਲ ਧਿਆਨ ਦੁਆਉਂਦਿਆਂ ਹੋਇਆਂ, ਇਹ ਗੱਲ ਸਾਫ ਕੀਤੀ ਕਿ ਉਨ੍ਹਾਂ ਨੂੰ ਹਥਿਆਰਬੰਦ ਲੋਕਾਂ ਦਾ ਮੁਕਾਬਲਾ ਕਰਦਿਆਂ ਹੋਇਆਂ ਗੋਲੀ ਚਲਾਉਣੀ ਚਾਹੀਦੀ ਹੈ, ਨਿਹੱਥੇ ਲੋਕਾਂ ਤੇ ਨਹੀਂ।

"ਲਾਜ਼ਮੀ ਤੌਰ ਤੇ ਇਕ ਮਨਾਹੀ ਕਰਨੀ ਚਾਹੀਦੀ ਹੈ, ਮੇਰਾ ਭਾਵ ਹੈ ਦਹਿਸ਼ਤ ਫੈਲਾਉਣ ਵਿਰੁੱਧ ਮਨਾਹੀ। ਦਹਿਸ਼ਤ ਫੈਲਾਉਣ ਤੋਂ ਮੇਰਾ ਭਾਵ ਹੈ, ਲੋਕਾਂ ਦੇ ਇਕ ਵਿਸ਼ੇਸ਼ ਇਕੱਠ ਨੂੰ ਕੋਹਣਾ ਤੇ ਕਤਲ ਕਰਨਾ, ਨਾ ਸਿਰਫ ਉਸ ਵਿਸ਼ੇਸ਼ ਇਕੱਠ ਦੇ



Sri Satguru Jagjit Singh Ji eLibrary NamdhariElibrary@gmail.com

ਦਿਲ ਵਿਚ ਹੀ ਦਹਿਲ ਪਾਉਣ ਦੀ ਨੀਤ ਨਾਲ, ਸਗੋਂ ਸਾਰੇ ਜ਼ਿਲ੍ਹੇ, ਬਲਕਿ ਸਾਰੇ ਮੁਲਕ ਵਿਚ ।''

ਉਨ੍ਹਾਂ ਫਿਰ ਕਿਹਾ :

''ਮੈਨੂੰ ਹਕੀਕਤ ਦੱਸਣ ਦਿਓ । ਇਕੱਠ ਬਿਲਕੁਲ ਨਿਹੱਥਾ ਸੀ ਸਿਵਾਏ ਡੰਡਿਆਂ ਤੋਂ । ਉਹ ਕਿਸੇ ਚੀਜ਼ ਜਾਂ ਕਿਸੇ ਵਿਅਕਤੀ ਤੇ ਹਮਲਾ ਨਹੀਂ ਸੀ ਕਰ ਰਿਹਾ । ਉਹ ਇਕ ਸਰਕਾਰ ਵਿਰੋਧੀ ਮੀਟਿੰਗ ਕਰ ਰਿਹਾ ਸੀ, ਜਦ ਗੋਲੀ ਚਲਣੀ ਸ਼ੁਰੂ ਹੋਈ ਇਸ ਨੂੰ ਖਿੰਡਾਉਣ ਲਈ । ਲੋਕਾਂ ਦੌੜਨ ਦਾ ਯਤਨ ਕੀਤਾ, ਉਹ ਬੜੀ ਥੋੜ੍ਹੀ ਥਾਂ ਵਿਚ ਘਿਰੇ ਹੋਏ ਸਨ, ਟਰਫਾਲਗਰ ਸੁਕੇਅਰ ਤੋਂ ਵੀ ਛੋਟੀ, ਮੁਸ਼ਕਲ ਨਾਲ ਕੋਈ ਬਾਹਰ ਨਿਕਲਣ ਦਾ ਰਾਹ ਹੋਵੇਗਾ ।

''ਉਹ ਇਦਾਂ ਠੁਸੇ ਹੋਏ ਸਨ ਕਿ ਇਕ ਕਾਰਤੂਸ ਤਿੰਨਾਂ ਜਾਂ ਚਹੁੰ ਸਰੀਰਾਂ ਵਿਚ ਦੀ ਲੰਘਦਾ ਸੀ । ਲੋਕੀ ਪਾਗਲਾਂ ਵਾਂਗ ਇਧਰ ਉਧਰ ਰਾਹ ਲੱਭ ਰਹੇ ਸਨ । ਜਦੋਂ ਗੋਲੀ ਕੇਂਦਰ ਦੀ ਦਿਸ਼ਾ ਵੱਲ ਚਲੀ, ਉਹ ਪਾਸਿਆਂ ਵੱਲ ਹੋਏ । ਇਨ੍ਹਾਂ ਪਾਸਿਆਂ ਵਲ ਫਾਇਰ ਸ਼ੁਰੂ ਕਰ ਦਿਤੇ । ਜਦੋਂ ਕੋਈ ਜ਼ਮੀਨ ਤੇ ਪੈ ਗਏ, ਇਨ੍ਹਾਂ ਜ਼ਮੀਨ ਵਲ ਗੋਲੀ ਚਲਾਉਣੀ ਆਰੰਭ ਕਰ ਦਿਤੀ । ਇਹ ਅੱਠ ਜਾਂ ਦਸ ਮਿੰਟ ਲਗਾਤਾਰ ਜਾਰੀ ਰਿਹਾ, ਉਦੋਂ ਰੁਕਿਆ ਜਦੋਂ ਬਾਰੂਦ ਮੁੱਕਣ ਦੇ ਨੁਕਤੇ ਤੇ ਪਹੁੰਚ ਗਿਆ ।

''ਉਨ੍ਹਾਂ ਦਾਰੂ ਸਿੱਕਾ ਰੱਖ ਲਿਆ, ਜਿਸ ਨਾਲ ਫੌਜ ਹਿਫਾਜ਼ਤ ਨਾਲ ਵਾਪਸ ਟਿਕਾਣੇ ਤੇ ਪਹੁੰਚ ਸਕੇ । ਇਹ ਅਫਸਰ ਕਹਿੰਦਾ ਹੈ, ਕਿ ਜੇ ਹੋਰ ਫੌਜ ਹੁੰਦੀ ਤਾਂ ਮੌਤਾਂ ਉਸੇ ਅਨੁਪਾਤ ਨਾਲ ਹੋਰ ਵਧੇਰੇ ਹੁੰਦੀਆਂ । ਜੇ ਗਲੀ ਤੰਗ ਨਾ ਹੁੰਦੀ, ਤਾਂ ਉਹ ਮਸ਼ੀਨ-ਗੰਨਾਂ ਤੇ ਹਥਿਆਰ-ਬੰਦ ਕਾਰਾਂ ਵੀ ਇਸ ਵਿਚ ਸ਼ਾਮਲ ਕਰਦਾ । ਅੰਤ ਜਦੋਂ ਦਾਰੂ ਸਿੱਕਾ ਇਸ ਨੁਕਤੇ ਤੇ ਪਹੁੰਚ ਗਿਆ ਕਿ ਫੌਜ ਦੇ ਹਿਫਾਜ਼ਤੀ ਥਾਂ ਤੀਕਰ ਜਾਣ ਲਈ ਕਾਫੀ ਸੀ ਅਤੇ 379 ਵਿਅਕਤੀਆਂ, ਜਿੰਨੇ ਕੁ ਅੱਜ ਇਸ ਹਾਲ ਵਿਚ ਇਕੱਠੇ ਹਨ, ਨੂੰ ਮਾਰ ਦੇਣ ਅਤੇ 1200 ਜਾਂ ਵਧੇਰਿਆਂ ਨੂੰ ਜ਼ਖਮੀ ਕਰ ਦੇਣ ਤੋਂ ਬਾਅਦ ਜਦ ਕਿ ਫੌਜ ਦੇ ਉਤੇ ਇਕ ਢੀਮ ਵੀ ਨਹੀਂ ਸੁੱਟੀ ਗਈ, ਉਹ ਗੇੜੇ ਕਢਦਾ, ਵਾਪਸ ਮਾਰਚ ਕਰ ਗਿਆ ।...

''ਸਾਨੂੰ ਸਾਫ ਸਾਫ ਇਹ ਦਸ ਦੇਣਾ ਚਾਹੀਦਾ ਹੈ ਕਿ ਕੰਮ ਨੂੰ ਇੰਝ ਕਰਨ ਦਾ ਇਹ ਤਰੀਕਾ ਬਰਿਟਸ਼ ਨਹੀਂ ।''

ਟਵਿਕਨਮ ਤੋਂ ਚੁਣੇ ਗਏ ਟੋਰੀ ਮੈਂਬਰ ਸਰ ਵ. ਜਾਇਨਸਨ ਹਿਕਸ ਨੇ ਸਰਕਾਰੀ ਫੈਸਲੇ ਦੀ ਵਿਰੋਧਤਾ ਕਰਦਿਆਂ ਹੋਇਆਂ ਕਿਹਾ :

''ਜਨਰਲ ਡਾਇਰ ਦਾ ਕਾਰਨਾਮਾ ਠੀਕ ਸੀ, ਕਿਉਂਕਿ ਇਹ ਬਗਾਵਤ ਸੀ, ਜਿਹੜੀ ਕਿ ਕਿਸੇ ਚੀਜ਼ ਵਲ ਵੀ ਲਿਜਾ ਸਕਦੀ ਸੀ । ਅਸਲ ਵਿਚ ਇਹ ਖੁੱਲ੍ਹੀ ਬਗਾਵਤ ਸੀ ।

''ਇਨ੍ਹਾਂ ਹਾਲਾਤ ਵਿਚ ਇਹ ਸੁਆਲ ਨਹੀਂ ਕਿ ਜਨਰਲ ਡਾਇਰ ਕਿਸ ਹੱਦ ਤੀਕਰ ਗਿਆ, ਕਿਉਂਕਿ ਉਹ ਹਿੰਦੁਸਤਾਨ ਦੇ ਲੋਕਾਂ ਦੇ ਇਕ ਹਿੱਸੇ ਨਾਲ ਜੰਗ ਕਰ ਰਿਹਾ ਸੀ ਅਤੇ ਹਿੰਦੁਸਤਾਨ ਦੇ ਲੋਕਾਂ ਦਾ ਇਕ ਹਿੱਸਾ ਉਸ ਨਾਲ ਜੰਗ ਕਰ



Sri Satguru Jagjit Singh Ji eLibrary NamdhariElibrary@gmail.com

ਰਿਹਾ ਸੀ।

''ਮੈਂ ਦੂਸਰੇ ਹੱਥ ਇਹ ਕਹਿਣਾ ਚਾਹੁੰਦਾ ਹਾਂ, ਕਿ ਜੇ ਬਗ਼ਾਵਤ ਦਾ ਅੰਤ ਕਰਨਾ ਜਾਂ ਉਸ ਨੂੰ ਰੋਕਣਾ ਸੀ, ਤਦ ਉਸ ਨੂੰ ਇਸ ਗੱਲ ਦਾ ਹੱਕ ਸੀ ਕਿ ਉਹ ਇਹ ਨਿਰਨਾ ਕਰੇ ਕਿ ਮਿਲਟਰੀ ਫੈਸ਼ਨ ਅਨੁਸਾਰ ਕੀ ਜ਼ਰੂਰੀ ਹੈ ?''

ਮਿਸਟਰ ਬੀ.ਸੀ. ਸਪੂਰ, ਜੋ ਬਿਸ਼ਪ ਆਕਲੈਂਡ ਤੋਂ ਲੇਬਰ ਐਮ.ਪੀ. ਸਨ, ਉਨ੍ਹਾਂ ਵੀ ਸਰਕਾਰੀ ਫੈਸਲੇ ਤੇ ਅਸਹਿਮਤੀ ਦੀ ਇਕ ਤਹਿਰੀਕ ਪੇਸ਼ ਕੀਤੀ ਪਰ ਇਕ ਵੱਖਰੇ ਪੱਖ ਤੋਂ। ਉਨ੍ਹਾਂ ਆਖਿਆ,

''ਕੋਈ ਪੰਦਰਾਂ ਦਿਨ ਪਹਿਲਾਂ, ਲੇਬਰ ਪਾਰਟੀ ਦੀ ਇਕ ਬਹੁਤ ਵੱਡੀ ਕਾਨਫਰੰਸ ਹੋਈ ਹੈ। ਇਸ ਤੋਂ ਪਹਿਲਾਂ ਅਜਿਹੀ ਕੋਈ ਬਰਿਟਸ਼ ਲੇਬਰ ਮੂਵਮੈਂਟ ਵਿਚ ਨਹੀਂ ਹੋਈ। ਉਸ ਕਾਨਫਰੰਸ ਵਿਚ ਲੱਖਾਂ ਸੰਘਠਤ ਮਜ਼ਦੂਰਾਂ ਦੇ ਪ੍ਰਤੀਨਿਧ ਇਕੱਠੇ ਹੋਏ। ਇਕ ਮਤਾ, ਜੋ ਅੰਮ੍ਰਿਤਸਰ ਦੇ ਸੁਆਲ ਨਾਲ ਸੰਬੰਧਤ ਸੀ ਇਸ ਕਾਨਫਰੰਸ ਵਿਚ ਪੇਸ਼ ਕੀਤਾ ਗਿਆ। ਇਸ ਮਤੇ ਵਿਚ ਕਿਹਾ ਗਿਆ ਹੈ ਕਿ ਵਾਇਸਰਾਏ ਨੂੰ ਵਾਪਸ ਬੁਲਾਇਆ ਜਾਵੇ, ਸਰ ਮਾਈਕਲ ਉਡਵਾਇਰ ਨੂੰ ਨੌਕਰੀ ਤੋਂ ਕੱਢ ਦਿੱਤਾ ਜਾਵੇ ਅਤੇ ਉਨ੍ਹਾਂ ਸਾਰੇ ਅਫਸਰਾਂ ਤੇ ਜਿਨ੍ਹਾਂ ਵਿਰੁੱਧ ਇਲਜ਼ਾਮ ਹਨ, ਅਦਾਲਤਾਂ ਵਿਚ ਮੁਕੱਦਮਾ ਚਲਾਇਆ ਜਾਵੇ ਅਤੇ ਉਹ ਸਾਰੇ ਸਖਤ ਤੇ ਦਬਾਉਣ ਵਾਲੇ ਕਾਨੂੰਨ ਮਨਸੂਖ ਕੀਤੇ ਜਾਣ, ਹਿੰਦੁਸਤਾਨ ਦੀ ਵਰਤਮਾਨ ਨਾ-ਖ਼ੁਸ਼ ਹਾਲਤ ਜਿਨ੍ਹਾਂ ਦੀ ਦੇਣ ਹੈ।

''ਬੜੀ ਗੰਭੀਰਤਾ ਨਾਲ ਮੈਂ ਇਹ ਪੇਸ਼ ਕਰਨਾ ਚਾਹੁੰਦਾ ਹਾਂ, ਕਿ ਇਹ ਮਤਾ ਅਤੇ ਜਜ਼ਬਾਤ, ਜੋ ਕਾਨਫਰੰਸ ਵਿਚ ਦੇਖਣ ਆਏ, ਉਹ ਇਸ ਦੇਸ਼ ਦੇ ਲੋਕਾਂ ਦੇ ਆਮ ਅਹਿਸਾਸ ਦੀ ਪ੍ਰਤੀਨਿਧਤਾ ਕਰਦੇ ਹਨ, ਜਿਨ੍ਹਾਂ ਦੀ ਅੱਜ ਦੁਪਹਿਰੇ ਇਥੇ ਪ੍ਰਦਰਸ਼ਨੀ ਕੀਤੀ ਗਈ ਹੈ।''

ਉਨ੍ਹਾਂ ਨੇ ਹੋਰ ਆਖਿਆ, ''ਸਰ ਈ. ਕਾਰਸਨ ਨੇ ਕਿਹਾ ਹੈ, 'ਸਾਨੂੰ ਇਕ ਬਹਾਦਰ ਰੋਜੀ ਵੱਲ ਨਿਆਂ ਪੂਰਵਕ ਹੋਣਾ ਚਾਹੀਦਾ ਹੈ।' ਮੈਂ ਸੈਂਕੜੇ ਹਿੰਦੁਸਤਾਨੀਆਂ ਵਲ ਵੀ ਨਿਆਂ ਪੂਰਵਕ ਹੋਣਾ ਚਾਹੁੰਦਾ ਹਾਂ, ਜਿਹੜੇ ਆਪਣੀਆਂ ਜਾਨਾਂ ਖੋ ਬੈਠੇ ਹਨ। ਮੈਂ ਉਨ੍ਹਾਂ ਬੱਚਿਆਂ ਵੱਲ ਵੀ ਨਿਆਂ ਪੂਰਵਕ ਹੋਣਾ ਚਾਹੁੰਦਾ ਹਾਂ, ਜਿਨ੍ਹਾਂ ਉਤੇ ਬਰਿਟਸ਼ ਅਫਸਰਾਂ ਨੇ ਜਹਾਜ਼ਾਂ ਰਾਹੀਂ ਬੰਬਾਰੀ ਕੀਤੀ।''

ਹਾਊਸ ਆਫ ਕਾਮਨਜ਼ ਵਿਚ ਹੋਈ ਇਸ ਬਹਿਸ ਨੇ ਪੰਜਾਬ ਤੇ ਅੰਮ੍ਰਿਤਸਰ ਦੀਆਂ ਘਟਨਾਵਾਂ ਨੂੰ ਬੜੇ ਵਿਸਥਾਰ ਨਾਲ ਸਾਹਮਣੇ ਲਿਆਂਦਾ ਅਤੇ ਬਰਤਾਨਵੀ ਲੋਕਾਂ ਦੇ ਵਖ ਵਖ ਹਿਸਿਆਂ ਦੇ ਵਖ ਵਖ ਦ੍ਰਿਸ਼ਟੀਕੋਣ ਨੂੰ ਅਤੇ ਉਨ੍ਹਾਂ ਦੇ ਹਿੰਦੁਸਤਾਨ ਪ੍ਰਤੀ ਰਵਈਏ ਨੂੰ ਵੀ।

ਬਹਿਸ ਦੇ ਅੰਤ ਤੇ ਵੋਟਿੰਗ ਹੋਈ। ਟੋਰੀ ਮੈਂਬਰ ਸਰ ਈ. ਕਾਰਸਨ ਦੀ ਤਹਿਰੀਕ ਦੇ ਹੱਕ ਵਿਚ 129 ਵੋਟ ਮਿਲੇ ਅਤੇ ਸਰਕਾਰ ਦੇ ਹੱਕ ਵਿਚ 230 — ਇਸੇ ਤਰਾਂ ਲੇਬਰ ਮੈਂਬਰ ਮਿਸਟਰ ਸਪਰੂ ਦੀ ਤਹਿਰੀਕ ਦੇ ਹਕ ਵਿਚ ਵੀ 37 ਅਤੇ ਵਿਰੁੱਧ 274 ਵੋਟ ਹੋਏ। ਇੰਝ ਸਰਕਾਰੀ ਫੈਸਲੇ ਦੀ ਪਰੋੜਤਾ ਹੋ ਗਈ, ਜਿਸ ਅਨੁਸਾਰ :

ਜਨਰਲ ਡਾਇਰ ਨੂੰ ਅੱਧੀ ਤਨਖਾਹ ਤੇ ਛੁੱਟੀ ਕਰ ਦਿਤੀ ਗਈ, ਜਿਸ ਵਿਚ ਅੱਗੇ



Sri Satguru Jagjit Singh Ji eLibrary NamdhariElibrary@gmail.com

ਤੋਂ ਕਿਸੇ ਵੀ ਮੁਲਾਜ਼ਮਤ ਦੇ ਪੇਸ਼ ਨਾ ਕਰਨ ਦਾ ਫੈਸਲਾ ਵੀ ਸ਼ਾਮਲ ਸੀ।

ਜਨਰਲ ਡਾਇਰ ਤੇ ਸਰ ਮਾਈਕਲ ਉਡਵਾਇਰ ਹਾਊਸ ਆਫ ਕਾਮਨਜ਼ ਤੋਂ ਉਦਾਸ ਹੋ ਕੇ ਨਿਕਲੇ। ਪਰ ਅਜੇ ਹਾਊਸ ਆਫ ਲਾਰਡਜ਼ ਬਾਕੀ ਸੀ। 19 ਜੁਲਾਈ ਨੂੰ ਵਿਸਕੌਂਟ ਫਿਨਲੇ ਨੇ ਉਥੇ ਇਕ ਤਹਿਰੀਕ ਪੇਸ਼ ਕੀਤੀ।

"ਇਹ ਹਾਊਸ ਜਨਰਲ ਡਾਇਰ ਦੇ ਕੇਸ ਬਾਰੇ ਕੀਤੀ ਕਾਰਵਾਈ ਜੋ ਇਸ ਅਫਸਰ ਨਾਲ ਅਨਿਆਂ ਹੈ ਅਤੇ ਇਕ ਐਸੀ ਮਸਾਲ ਸਥਾਪਤ ਕਰਦੀ ਹੈ, ਜੋ ਬਗ਼ਾਵਤ ਦਾ ਸਾਹਮਣਾ ਕਰਨ ਵੇਲੇ, ਅਮਨ ਨੂੰ ਬਰਕਾਰ ਰੱਖਣ ਲਈ ਖ਼ਤਰਨਾਕ ਹੈ, ਇਸ ਉਤੇ ਅਫਸੋਸ ਪ੍ਰਗਟ ਕਰਦਾ ਹੈ।"

ਕਾਫੀ ਬਹਿਸ ਪਿਛੋਂ ਤਹਿਰੀਕ ਦੇ ਹਕ ਵਿਚ 129 ਤੇ ਵਿਰੁੱਧ 86 ਵੋਟ ਮਿਲੇ, ਜਿਸ ਅਨੁਸਾਰ ਸਰਕਾਰ ਵਿਰੋਧੀ ਤਹਿਰੀਕ ਪਾਸ ਹੋ ਗਈ। 8 ਡੀਊਕ, 31 ਅਰਲ, 6 ਮਾਰਕੁਏਸਜ਼, 10 ਵਿਸਕੌਂਟ ਅਤੇ 74 ਬੈਰਨ ਸਰਕਾਰ ਦੇ ਵਿਰੁੱਧ ਗਏ। ਆਰਚਬਿਸ਼ਪ ਆਫ ਕੈਂਟਰਬਰੀ, ਲਾਰਡ ਚਾਨਸਲਰ (ਲਾਰਡ ਬਰਕਨਹੈਡ) 2 ਮਾਰਕੁਏਸਜ਼, 19 ਅਰਲ, 15 ਵਿਸਕੌਂਟ ਅਤੇ 46 ਬੈਰਨ ਸਰਕਾਰ ਦੀ ਹਮਾਇਤ ਤੇ ਰਹੇ।

ਹੁਣ ਡਾਇਰ ਖ਼ੁਸ਼ ਸੀ। ਘਟੋ ਘਟ ਹਾਊਸ ਆਫ ਲਾਰਡਜ਼ ਦੀ ਬਹੁ ਗਿਣਤੀ ਅਤੇ ਹਾਊਸ ਆਫ ਕਾਮਨਜ਼ ਦੇ ਇਕ ਤਕੜੇ ਹਿਸੇ ਨੇ ਉਸਨੂੰ ਸਲਾਹਿਆ ਸੀ।

ਭਾਵੇਂ ਪਾਰਲੀਮੈਂਟ ਵਿੱਚ ਬਹਿਸ ਤੋਂ ਬਾਹਦ ਮਾਮਲਾ ਖ਼ਤਮ ਹੋ ਚੁੱਕਾ ਸੀ, ਅਤੇ ਹੋ ਸਕਦਾ ਸੀ ਕਿ ਜਨਰਲ ਡਾਇਰ ਇਸ ਫੈਸਲੇ ਨੂੰ ਚੁੱਪ ਕਰਕੇ ਸਵੀਕਾਰ ਕਰ ਲੈਂਦਾ ਪਰ ਬਰਤਾਨਵੀ ਲੋਕਾਂ ਦੇ ਇਕ ਟੋਲੇ ਵਲੋਂ ਉਸਨੂੰ ਹੀਰੋ ਦੇ ਤੌਰ ਤੇ ਸਨਮਾਨਣ ਦੇ ਯਤਨ ਆਰੰਭ ਕੀਤੇ ਗਏ।

ਇਸ ਦੇ ਪਿਛੇ ਨਸਲੀ, ਰਾਜਨੀਤਕ ਤੇ ਨਿੱਜੀ ਲਾਗਬਾਜ਼ੀ ਤੇ ਵਿਰੋਧਤਾਈਆਂ ਕੰਮ ਕਰਦੀਆਂ ਸਨ। ਕਨਜ਼ਰਵੇਟਿਵ ਬਰਤਾਨਵੀ ਪ੍ਰੈਸ ਅਤੇ ਟੋਰੀ ਸਿਆਸਤਦਾਨਾਂ ਵਲੋਂ ਤਸਵੀਰ ਨੂੰ ਗ਼ਲਤ ਰੰਗ ਦੇ ਕੇ ਪੇਸ਼ ਕਰਨ ਦਾ ਉਪ੍ਰਾਲਾ ਕੀਤਾ ਗਿਆ। ਹਿੰਦੁਸਤਾਨ ਵਿਚ ਹਥਿਆਰਬੰਦ ਬਗ਼ਾਵਤ 1857 ਦੇ ਗ਼ਦਰ ਵੇਲੇ ਦੇ ਹਾਲਾਤ ਅਤੇ ਸਾਜ਼ਸ਼ਾਂ ਬਾਰੇ ਕਹਾਣੀਆਂ ਘੜੀਆਂ ਤੇ ਪ੍ਰਕਾਸ਼ਤ ਕੀਤੀਆਂ ਗਈਆਂ। ਪਾਰਲੀਮੈਂਟ ਅਤੇ ਆਰਮੀ ਕੌਂਸਿਲ ਦੀ ਕਾਰਵਾਈ ਤੋਂ ਉਤਸ਼ਾਹ ਲੈ ਕੇ ਉਨ੍ਹਾਂ ਨੇ ਜਨਰਲ ਡਾਇਰ ਨਾਲ ਬੇਇਨਸਾਫੀ ਦੀ ਆਵਾਜ਼ ਉਚੀ ਕਰਨੀ ਆਰੰਭ ਕੀਤੀ ਅਤੇ ਉਸ ਨੂੰ ਸਲਤਨਤ ਦੇ ਰਖਿਅਕ ਦੇ ਤੌਰ ਤੇ ਪੇਸ਼ ਕਰਨਾ ਸ਼ੁਰੂ ਕੀਤਾ। ਐਚ. ਏ. ਗਵਾਇਨ ਦੀ ਸੰਪਾਦਕੀ ਹੇਠ ਨਿਕਲਣ ਵਾਲੇ ਮਾਰਨਿੰਗ ਪੋਸਟ (ਦੀ ਟੈਲੀਗਰਾਫ) ਅਖਬਾਰ ਨੇ ਆਪਣੇ ਕਾਲਮਾਂ ਦੇ ਕਾਲਮ ਡਾਇਰ ਨੂੰ ਹੀਰੋ ਬਣਾਉਣ, ਅਤੇ ਵਜ਼ੀਰ ਹਿੰਦ ਮਾਂਟੇਗੋ ਦੀ ਬਦਖੋਹੀ ਕਰਨ ਤੇ ਕਾਲੇ ਕਰਨੇ ਸ਼ੁਰੂ ਕਰ ਦਿਤੇ। ਉਸਨੇ ਪ੍ਰਕਾਸ਼ਤ ਕੀਤਾ —



Sri Satguru Jagjit Singh Ji eLibrary NamdhariElibrary@gmail.com

## ਦੇਸ਼ ਭਗਤਾਂ ਨੂੰ ਅਪੀਲ

"ਉਸ ਆਦਮੀ ਬਾਰੇ ਮਹਾਨ ਗ਼ਲਤੀ ਕੀਤੀ ਗਈ ਹੈ, ਜਿਸਨੇ ਆਪਣੇ ਦੇਸ਼ ਦੀ ਬਹੁਤ ਵਧੀਆ ਸੇਵਾ ਕੀਤੀ ਹੈ। ਜਿਸਨੇ ਆਪਣੇ ਹੌਂਸਲੇ ਅਤੇ ਖ਼ਤਰਨਾਕ ਸੰਕਟ ਸਮੇਂ ਫੈਸਲੇ ਦੇ ਨਾਲ ਅਣਮਿਣਵੀਂ ਬਗ਼ਾਵਤ ਨੂੰ ਠੱਲ੍ਹ ਦਿੱਤਾ।"

"ਹੁਣ ਜਨਰਲ ਡਾਇਰ ਟੁੱਟ ਚੁੱਕਾ ਹੈ, ਫੌਜੀ ਦੇ ਤੌਰ ਤੇ ਉਸਦਾ ਸ਼ਾਨਦਾਰ ਕੈਰੀਅਰ ਬੰਦ ਹੋ ਚੁੱਕਾ ਹੈ। ਇਸ ਤੋਂ ਇਲਾਵਾ ਉਹ ਇਕ ਗ਼ਰੀਬ ਆਦਮੀ ਹੈ। ...

"ਫੌਜੀਆਂ ਨੂੰ ਸਿਆਸਤਦਾਨਾਂ ਜਿੰਨੀ ਤਨਖਾਹ ਨਹੀਂ ਮਿਲਦੀ। ਉਸਨੂੰ ਆਪਣੇ ਨਾਲ ਬੇਇਨਸਾਫੀ ਵਿਰੁੱਧ ਨਿਆਂ ਦੀ ਪ੍ਰਾਪਤੀ ਦੇ ਯਤਨਾਂ ਵਿਚ ਭਾਰੀ ਖਰਚ ਕਰਨਾ ਪਿਆ ਸੀ। ਉਹ ਨਾ ਸਿਰਫ ਉਸ ਤਰਾਂ ਹੀ ਟੁੱਟ ਚੁੱਕਾ ਹੈ, ਸਗੋਂ ਉਸਦਾ ਮਾਲੀ ਤੌਰ ਤੇ ਵੀ ਕਚੂਮਰ ਨਿਕਲ ਚੁੱਕਾ ਹੈ।"

ਉਹਨਾਂ ਦੇਸ਼ ਭਗਤਾਂ ਦੀ ਲੋੜ ਹੈ — "ਜੋ ਉਸਨੂੰ ਇਸ ਤਲਖੀ ਅਤੇ ਮਹਾਨ ਪੀੜਾ ਦੀ ਘੜੀ ਸਮੇਂ ਇਹ ਯਕੀਨ ਦਿਵਾਉਣ ਕਿ ਘਟੋ ਘਟ ਉਸਦੇ ਕੁਝ ਸਾਥੀ ਦੇਸ਼ਵਾਸੀ ਉਸ ਨਾਲ ਹਮਦਰਦੀ, ਉਸ ਵਿਚ ਵਿਸ਼ਵਾਸ਼ ਅਤੇ ਧੰਨਵਾਦ ਸਾਹਿਤ ਸ਼ਲਾਘਾ ਦਾ ਹੱਥ ਵਧਾਉਂਦੇ ਹਨ ਅਤੇ ਆਪਣੇ ਆਪ ਨੂੰ ਸਿਆਸਤਦਾਨਾਂ ਅਤੇ ਵੇਲਾ ਟਪਾਊਆਂ ਦੇ ਕਮੀਨੇ ਅਤੇ ਬੁਜ਼ਦਿਲਾਨਾ ਵਤੀਰੇ ਤੋਂ ਵਖਰਾ ਕਰਦੇ ਹਨ।"

9 ਜੁਲਾਈ ਨੂੰ, ਉਸਨੇ ਮਾਂਟੇਗੋ ਬਾਰੇ ਲਿਖਿਆ —

"ਮਿਸਟਰ ਮਾਂਟੇਗੋ ਦੇ ਸੁਧਾਰਾਂ ਤੋਂ ਉਤਸ਼ਾਹ ਲੈਕੇ, ਬਗ਼ਾਵਤ ਦਾ ਹਰ ਅਨਸਰ ਹਰ ਲਾਅ-ਕਾਨੂੰਨੀ ਅਤੇ ਲਹੂ-ਪੀਣੀਆਂ ਪ੍ਰਵਿਰਤੀਆਂ ਅੱਗ ਦੀਆਂ ਲਾਟਾਂ ਵਾਂਗ ਬਲ ਰਹੀਆਂ ਹਨ। ਅੰਮ੍ਰਿਤਸਰ ਵਿਚ ਅਪ੍ਰੈਲ 1919 ਵਿਚ ਜੋ ਸੰਕਟ ਖੜ੍ਹਾ ਹੋਇਆ, ਉਹ ਇਕ ਬਗ਼ਾਵਤ ਸੀ ਅਤੇ ਜੋ ਯਕੀਨ ਕਰਨ ਵਾਲੀਆਂ ਗੁਆਹੀਆਂ ਦੇ ਅਨੁਸਾਰ ਦੂਜੇ ਗ਼ਦਰ ਦੇ ਸੱਮ ਸੀ।

"ਇਸ ਭੱਦਰ ਪੁਰਸ਼ ਦੇ ਰਾਜ ਹੇਠਾਂ, ਹਿੰਦੁਸਤਾਨ ਵਿਚ ਪੂਰੀ ਲਾ-ਕਾਨੂੰਨੀਅਤ ਹੈ ਅਤੇ ਯੋਰਪੀਨ ਮਰਦਾਂ, ਇਸਤਰੀਆਂ ਅਤੇ ਬੱਚਿਆਂ ਦੀਆਂ ਜਾਨਾਂ ਅੱਤ ਖ਼ਤਰੇ ਵਿਚ ਹਨ।"

ਹਿੰਦੁਸਤਾਨ ਵਿਚ ਗ਼ੈਰ-ਵਫਾਦਾਰਾਂ ਉਹ ਸ਼ੋਰ ਪਾਇਆ ਹੈ ਕਿ ਮਿਸਟਰ ਮਾਂਟੇਗੋ ਡਰ ਗਿਆ ਹੈ।

ਸਾਨੂੰ ਵਿਸ਼ਵਾਸ ਹੈ, ਉਹ ਆਪਣੀ ਸ਼ਕਤੀ ਖੋ ਬੈਠਾ ਹੈ। 10 ਜੁਲਾਈ ਨੂੰ ਫਿਰ ਲਿਖਿਆ :

"ਇਕ ਅੰਗਰੇਜ਼ ਸਭ ਕੁੱਝ ਬਰਦਾਸ਼ਤ ਕਰ ਸਕਦਾ ਹੈ ਪਰ ਉਹ ਸਕੈਂਡਲ ਭਰੀ ਬੇਇਨਸਾਫੀ ਨਹੀਂ, ਅਤੇ ਨਾ ਹੀ ਬਿਨਾਂ ਮੁਕੱਦਮਾ ਚਲਾਏ ਸਜ਼ਾ ਦੇਣ ਦੇ ਉਸਾਰੇ ਜਾ ਰਹੇ ਢੰਗਾਂ ਨੂੰ :

ਅਸੀਂ ਫਿਰ ਦੁਹਰਾਉਣਾ ਚਾਹੁੰਦੇ ਹਾਂ ਕਿ ਯਹੂਦੀ ਇਸ ਲਾਅ-ਕਾਨੂੰਨੀ ਦੀ ਲਹਿਰ



Sri Satguru Jagjit Singh Ji eLibrary NamdhariElibrary@gmail.com

ਵਿਚ ਵਧ ਚੜ੍ਹ ਕੇ ਹਿੱਸਾ ਲੈ ਰਹੇ ਹਨ, ਜਿਵੇਂ ਕਿ ਉਹ ਯੂਰਪ ਵਿਚ ਕਰਦੇ ਆ ਰਹੇ ਹਨ।" (ਮਿਸਟਰ ਮਾਂਟੇਗੋ ਯਹੂਦੀ ਸਨ)

ਇਸ ਦੇ ਨਾਲ ਹੀ 'ਮਾਰਨਿੰਗ ਪੋਸਟ' ਨੇ ਜਨਰਲ ਡਾਇਰ ਲਈ ਫੰਡ ਖੋਹਲ ਦਿੱਤਾ ਤੇ ਗ਼ਰੀਬ ਆਦਮੀ ਦੀ ਸਹਾਇਤਾ ਦੀ ਅਪੀਲ ਕੀਤੀ। ਪਹਿਲੇ ਦਿਨ ਹੀ 586 ਪੌਂਡ 8 ਸ਼ਲਿੰਗ 4 ਪੈਂਸ ਇਕੱਠੇ ਹੋਏ।

ਸਰ ਮਾਈਕਲ ਉਡਵਾਇਰ, ਪੰਜਾਬ ਦੇ ਸਾਬਕ ਲੈਫਟੀਨੈਂਟ ਗਵਰਨਰ ਨੇ ਪਹਿਲੇ ਦਿਨ ਹੀ 20 ਪੌਂਡ ਦਿੱਤੇ। ਇਸ ਤੋਂ ਬਿਨਾਂ, ਸੋ ਪੌਂਡ ਤੋਂ ਲੈ ਕੇ ਦਸਾਂ ਪੈਨੀਆਂ ਤੀਕਰ ਦੇਣ ਵਾਲਿਆਂ ਦੀ ਲਿਸਟ ਹੈ। ਜਿਸ ਵਿਚ ਸਰ ਐਡਵਰਡ ਕਾਰਸਨ, ਸਰ ਗਿਲਫੋਰਡ ਮਾਲਸਵਰਥ, ਸਰ ਜੇ. ਪੀ. ਹੀਊਟ, ਲੇਡੀ ਮਕੈਨਜ਼ੀ, ਮੇਜਰ ਜਨਰਲ ਟਾਲਬਟ, ਅਰਲ ਆਫ ਹੇਅਰਵੁਡ, ਚਾਰਲਸ ਪਾਮਰ ਐਮ. ਪੀ. ਆਦਿ ਦੇ ਨਾਮ ਮਿਲਦੇ ਹਨ।

ਤੀਸਰੇ ਦਿਨ ਤੀਕਰ 1589 ਪੌਂਡ 15 ਸ਼ਲਿੰਗ 10 ਪੈਂਸ ਇਕੱਠੇ ਹੋ ਗਏ ਸਨ, ਛੇਆਂ ਦਿਨਾਂ ਵਿਚ ਇਹ ਉਗਰਾਹੀ 8854 ਪੌਂਡ ਤੀਕਰ ਪਹੁੰਚ ਗਈ।

ਇਨ੍ਹਾਂ ਵਿਚ, ਲੈਫਟੀਨੈਂਟ ਕਰਨਲ ਗਰਾਂਟ ਮਾਰਡਨ, ਲੇਡੀ ਆਡਿਰਨਸਾਈਡ ਅਤੇ ਡੀਊਕ ਆਫ ਬੈਡਫੋਰਡ ਤੋਂ ਇਲਾਵਾ ਕੁਝ ਬੜੇ ਦਿਲਚਸਪ ਦਾਨੀ ਮਿਲਦੇ ਹਨ, ਜਿਵੇਂ ਏ. ਜੀ., ਏ. ਸੀ., ਜੇ. ਟੀ. ਵੀ., ਛਾਂਟੀ ਹੋ ਚੁੱਕਾ ਫੌਜੀ, ਇਕ ਇਸਤਰੀ, ਐਂਗਲੋ ਇੰਡੀਅਨ, ਇਕ ਵਿਧਵਾ 26 ਸਾਲ ਭਾਰਤ ਵਿਚ, ਇਕ ਪਾਠਕ, ਨੈਸ਼ਨਲ ਪਾਰਟੀ, ਇਕ ਦੇਸ਼ ਭਗਤ, ਕਲਕੱਤੇ ਦੇ ਸੁਦਾਗਰ, ਇਕ ਪਤੀ, ਭਾਰਤ ਦੀ ਪਿਨਸ਼ਨ ਲਿਸਟ ਵਾਲੀ ਇਕ ਬਹਾਦਰ ਮੇਮ ਸਾਹਿਬ, ਇਕ ਬਹੁਤ ਗਰੀਬ ਅੰਗਰੇਜ਼, ਇਕ ਵਿਧਵਾ ਅਤੇ ਉਹਦੀ ਧੀ ਵਲੋਂ ਜਿਸ ਨੂੰ ਮਿਸਟਰ ਮਾਂਟੇਗੋ ਨਾਲੋਂ ਜ਼ਿਆਦਾ ਹਿੰਦੁਸਤਾਨ ਬਾਰੇ ਪਤਾ ਹੈ, 12 ਸ਼ਲਿੰਗ 6 ਪੈਂਸ ਆਏ।

ਇਕ ਉਸ ਪਤੀ ਵਲੋਂ, ਜਿਹੜਾ ਆਪਣੀ ਕੁਰੱਪਟ ਸਰਕਾਰ ਵਲੋਂ ਅਨਿਆਈ ਤੌਰ ਤੇ ਟੁੱਟ ਚੁੱਕਾ ਹੈ 4 ਸ਼ਲਿੰਗਾ ਆਈਆਂ, ਇਕ ਗਰੀਬ ਅੰਗਰੇਜ਼ੀ ਲੇਡੀ ਨੇ 6 ਪੈਂਸ ਦਿੱਤੇ। ਮਿਸਿਜ਼ ਕੇ — ਇਕ ਉਸ ਦੀ ਧੀ ਵਲੋਂ, ਜਿਸ ਨੇ ਹੈਲਵਾਕ ਦੇ ਬੈਂਡ ਨਾਲ ਲਖਨਊ ਦੀ ਮੁਕਤੀ ਵੇਲੇ ਮਾਰਚ ਕੀਤਾ ਸੀ, ਕੁਝ ਫੰਡ ਮਿਲਿਆ।

ਹਿੰਦੁਸਤਾਨ ਉਤੇ ਤਾਕਤ ਨਾਲ ਕਬਜ਼ਾ ਜਮਾ ਕੇ ਰਖਣ ਅਤੇ ਹਿੰਦੁਸਤਾਨੀ ਲੋਕਾਂ ਵਿਚੋਂ ਸਵਤੰਤਰਤਾ ਦੀ ਭਾਵਨਾ ਨੂੰ ਖੂਨ ਦੀ ਲਹਿਰ ਵਿਚ ਡੋਬ ਦੇਣ ਦੇ ਬਹਾਦਰੀ ਭਰੇ ਕਾਰਨਾਮੇ ਦੇ ਹਮਾਇਤੀਆਂ ਵਲੋਂ ਜਨਰਲ ਡਾਇਰ ਨੂੰ 26,317 ਪੌਂਡ ਦੀ ਭਾਰੀ ਰਕਮ ਭੇਂਟ ਕੀਤੀ ਗਈ। ਉਸ ਵੇਲੇ ਦੇ ਪੌਂਡ ਦੀ ਕਦਰ ਕੀਮਤ ਦੇ ਸਾਹਮਣੇ ਇਹ ਇਕ ਬੜੀ ਵੱਡੀ ਰਕਮ ਸੀ।

ਸਰ ਮਾਈਕਲ ਉਡਵਾਇਰ ਨੇ ਫੇਰ ਉਸ ਦੀ ਤਾਰੀਫ ਕੀਤੀ — "ਉਸ ਦੇ ਕਾਰਨਾਮੇ ਦੀ ਖ਼ਬਰ ਜਾਣੇ ਜਾਣ ਤੋਂ ਬਾਅਦ, ਬਗਾਵਤ ਜਿਹੜੀ ਕਿ ਉਦੋਂ ਤੀਕਰ ਜੰਗਲ ਦੀ ਅੱਗ ਵਾਂਗ ਫੈਲ ਚੁੱਕੀ ਸੀ, ਬੜੀ ਤੇਜ਼ੀ ਨਾਲ ਢਹਿ ਢੇਰੀ ਹੋ ਗਈ ਅਤੇ ਉਸ ਤੋਂ ਬਾਅਦ ਪੰਜਾਬ ਵਿਚ ਇਕ ਵੀ ਹੋਰ ਗੋਲੀ ਚਲਾਉਣ ਦੀ ਲੋੜ ਨਹੀਂ ਪਈ।"



Sri Satguru Jagjit Singh Ji eLibrary NamdhariElibrary@gmail.com

ਪਰ ਸ਼ਾਇਦ ਉਸਦਾ ਹਾਫਜ਼ਾ ਕਮਜ਼ੋਰ ਹੋ ਚੁੱਕਾ ਸੀ । ਜਲਿਆਂਵਾਲੇ ਬਾਗ ਵਿਚ 13 ਅਪ੍ਰੈਲ ਨੂੰ ਗੋਲੀ ਚਲਦੀ ਹੈ, ਪੰਜਾਬ ਵਿਚ ਮਾਰਸ਼ਲ ਲਾਅ ਉਸਤੋਂ ਬਾਦ ਲਾਗੂ ਹੋਇਆ, ਅਤੇ ਜੋ ਕੁਝ ਉਨ੍ਹਾਂ ਦੋ ਮਹੀਨਿਆਂ ਵਿਚ ਹੋਇਆ, ਪਤਾ ਨਹੀਂ, ਉਹ ਸਰ ਮਾਈਕਲ ਉਡਵਾਇਰ ਨੂੰ ਕਿਵੇਂ ਭੁੱਲ ਗਿਆ ।

ਡਿਊਕ ਅਤੇ ਡਚੱਸ ਆਫ ਸਾਮਰਸੈਟ ਨੇ ਵੀ ਇਕ ਬਿਆਨ ਦਿੱਤਾ :

"ਇਸ ਗੱਲ ਦਾ ਅਫਸੋਸ ਹੈ ਕਿ ਸਾਡੇ ਕੋਲ ਆਇਰਲੈਂਡ ਵਿਚ, ਹੁਣ ਦੇ ਸਮੇਂ, ਬਰਤਾਨਵੀ ਰਾਜ ਵਿਰੁੱਧ ਸਾਜ਼ਸ਼ਾਂ ਨੂੰ ਕੁਚਲਣ ਵਾਸਤੇ ਜਨਰਲ ਡਾਇਰ ਨਹੀਂ ਹੈ ।"

"ਮਾਰਨਿੰਗ ਪੋਸਟ" ਵਿਚ ਉਹਦੇ ਹੱਕ ਵਿਚ ਪ੍ਰਕਾਸ਼ਤ ਖ਼ਤਾਂ ਅਤੇ ਸਭ ਤੋਂ ਵਧ ਉਸ ਵਲੋਂ ਇਕੱਠੀ ਕਰ ਕੇ ਪੇਸ਼ ਕੀਤੀ ਗਈ 26 ਹਜ਼ਾਰ 3 ਸੌ 17 ਪੌਂਡ ਦੀ ਭਾਰੀ ਰਕਮ ਪਾ ਕੇ ਉਸ ਦੇ ਸਭ ਉਦ੍ਰੇਵੇਂ ਦੂਰ ਹੋ ਗਏ ਸਨ ।



Sri Satguru Jagjit Singh Ji eLibrary NamdhariElibrary@gmail.com

# ਕਾਂਗਰਸ ਸਬ ਕਮੇਟੀ

ਹੰਟਰ ਕਮੇਟੀ ਵਿਚ ਪੂਰਨ ਅਵਿਸ਼ਵਾਸ਼ ਦੇ ਕਾਰਣ ਇੰਡੀਅਨ ਨੈਸ਼ਨਲ ਕਾਂਗਰਸ ਨੇ ਪੜਤਾਲ ਵਾਸਤੇ ਇਕ ਆਪਣੀ ਪੰਜਾਬ ਸਬ ਕਮੇਟੀ ਕਾਇਮ ਕੀਤੀ ਸੀ, ਜਿਸ ਵਿਚ ਮਹਾਤਮਾ ਗਾਂਧੀ, ਸੀ. ਆਰ. ਦਾਸ, ਅੱਬਾਸ ਤਈਅਬ, ਜੀ. ਐਮ. ਆਰ. ਜਾਇਕਰ ਅਤੇ ਕੇ. ਸੰਤਾਨਮ ਸ਼ਾਮਲ ਸਨ ।

ਕਾਂਗਰਸ ਸਬ ਕਮੇਟੀ ਨੇ 17 ਨਵੰਬਰ 1919 ਨੂੰ ਆਪਣਾ ਕੰਮ ਸ਼ੁਰੂ ਕੀਤਾ । 1700 ਦੇ ਕਰੀਬ ਗੁਆਹੀਆਂ ਲਈਆਂ ਗਈਆਂ । 650 ਦੇ ਬਿਆਨ ਇਸ ਕਮੇਟੀ ਦੀ ਰੀਪੋਰਟ ਨਾਲ ਸ਼ਾਮਲ ਹਨ, ਜੋ 20 ਫਰਵਰੀ 1920 ਨੂੰ ਪ੍ਰਕਾਸ਼ਤ ਕੀਤੀ ਗਈ । ਇਸ ਕਮੇਟੀ ਦੇ ਕੰਮਾਂ ਦੀ ਸਹਾਇਤਾ ਲਈ ਸ੍ਰੀ ਜਵਾਹਰ ਲਾਲ ਨਹਿਰੂ ਵੀ ਪੰਜਾਬ ਵਿਚ ਠਹਿਰੇ, ਜੋ ਉਹਨੀਂ ਦਿਨੀਂ ਇਕ ਨੌਜਵਾਨ ਸਨ । ਪੜਤਾਲ ਦੇ ਦੌਰਾਨ ਵਿਚ ਪਤਾ ਲੱਗਣ ਵਾਲੀਆਂ ਘਟਨਾਵਾਂ ਨੇ ਉਹਨਾਂ ਦੇ ਭਵਿਖਤ ਦੇ ਜੀਵਨ ਤੇ ਵੀ ਬੜਾ ਪ੍ਰਭਾਵ ਪਾਇਆ ।

ਕਾਂਗਰਸ ਸਬ ਕਮੇਟੀ ਨੇ ਆਪਣੀ ਰੀਪੋਰਟ ਦੇ ਅੰਤ ਵਿਚ ਇਸ ਗੱਲ ਦੀ ਮੰਗ ਕੀਤੀ ਕਿ :

(ੳ) ਰੋਲਟ ਐਕਟ ਨੂੰ ਰੱਦ ਕੀਤਾ ਜਾਵੇ ।

(ਅ) ਤਾਜ ਹੇਠਲੇ ਕਿਸੇ ਵੀ ਅਹੁਦੇ ਤੋਂ ਸਰ ਮਾਈਕਲ ਉਡਵਾਇਰ ਨੂੰ ਛੁੱਟੀ ਕੀਤੀ ਜਾਵੇ ।

(ੲ) ਤਾਜ ਹੇਠਲੀ ਕਿਸੇ ਵੀ ਜ਼ੁੰਮੇਵਾਰ ਪੁਜ਼ੀਸ਼ਨ ਤੇ ਜਨਰਲ ਡਾਇਰ, ਕਰਨਲ ਜਾਹਨਸਨ, ਕਰਨਲ ਓਬਰਾਇਨ, ਮਿ. ਬਾਸਵਰਥ ਸਮਿਥ, ਰਾਏ ਸਾਹਿਬ ਸ੍ਰੀ ਰਾਮਸੂਦ ਅਤੇ ਮਲਕ ਸਾਹਿਬ ਖਾਂ ਨੂੰ ਨਾ ਰਹਿਣ ਦਿੱਤਾ ਜਾਵੇ ।

(ਸ) ਛੋਟੇ ਅਫਸਰਾਂ ਦੀਆਂ ਭ੍ਰਿਸ਼ਟਾਚਾਰ ਦੀਆਂ ਕਾਰਵਾਈਆਂ ਦੀ ਸਥਾਨਕ ਪੜਤਾਲ ਕਰਵਾਈ ਜਾਵੇ, ਜਿਹਨਾਂ ਦੇ ਨਾਵਾਂ ਦਾ ਜ਼ਿਕਰ ਸਾਡੇ ਪ੍ਰਕਾਸ਼ਤ



Sri Satguru Jagjit Singh Ji eLibrary NamdhariElibrary@gmail.com

ਕੀਤੇ ਗਏ ਬਿਆਨਾਂ ਵਿਚ ਹੈ। ਕਸੂਰ ਸਾਬਤ ਹੋਣ ਤੇ ਬਰਖਾਸਤ ਕੀਤੇ ਜਾਣ।

(ਹ) ਵਾਇਸਰਾਏ ਨੂੰ ਵਾਪਸ ਸੱਦਿਆ ਜਾਵੇ।

(ਕ) ਸਪੈਸ਼ਲ ਟ੍ਰੀਬੀਊਨਲਾਂ ਅਤੇ ਸਮਰੀ ਕੋਰਟਾਂ ਵਲੋਂ ਜਿਹਨਾਂ ਲੋਕਾਂ ਨੂੰ ਸਜ਼ਾ ਦਿੱਤੀ ਗਈ ਹੈ, ਉਨ੍ਹਾਂ ਕੋਲੋਂ ਇਕੱਠੇ ਕੀਤੇ ਗਏ ਜੁਰਮਾਨੇ ਵਾਪਸ ਕੀਤੇ ਜਾਣ।

(ਖ) ਤਾਜ਼ੀਰੀ ਜੁਰਮਾਨੇ ਠੋਸਣ ਦਾ ਜਿਹਨਾਂ ਸ਼ਹਿਰਾਂ ਤੇ ਅਸਰ ਹੋਇਆ ਹੈ, ਉਹਨਾਂ ਤੋਂ ਹਟਾਇਆ ਜਾਵੇ। ਜਿੱਥੇ ਇਹ ਇਕੱਠਾ ਕੀਤਾ ਜਾ ਚੁੱਕਾ ਹੈ, ਵਾਪਸ ਕੀਤਾ ਜਾਵੇ ਅਤੇ ਤਾਜ਼ੀਰੀ ਪੁਲਸ ਚੌਕੀਆਂ ਚੁੱਕੀਆਂ ਜਾਣ।

ਦਸੰਬਰ 1919 ਵਿਚ ਅੰਮ੍ਰਿਤਸਰ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦਾ 34 ਵਾਂ ਇਜਲਾਸ ਹੋਇਆ, ਜਿੱਥੇ ਇਸ ਦੇ ਪ੍ਰਧਾਨ ਪੰਡਤ ਮੋਤੀ ਲਾਲ ਨਹਿਰੂ ਨੇ ਤਕਰੀਰ ਕਰਦੇ ਹੋਏ ਆਖਿਆ :

"ਸਭ ਤੋਂ ਵਧੇਰੇ ਅਫ਼ਸੋਸਨਾਕ ਅਤੇ ਦੁਖਦਾਈ ਉਹ ਦੁਖਾਂਤਕ ਘਟਨਾ ਸੀ, ਜੋ ਇਥੇ ਜਲ੍ਹਿਆਂ ਵਾਲੇ ਬਾਗ ਵਿਚ ਵਿਸਾਖੀ ਵਾਲੇ ਦਿਹਾੜੇ ਵਾਪਰੀ। ਕੋਈ ਵੀ ਹਿੰਦੁਸਤਾਨੀ ਅਤੇ ਸੱਚਾ ਅੰਗਰੇਜ਼, ਜਿਵੇਂ ਕਿ ਆਮ ਕਿਹਾ ਜਾਂਦਾ ਹੈ, ਖ਼ੂਨੀ ਬਾਗ ਦੀ ਇਹ ਕਹਾਣੀ ਨਹੀਂ ਸੁਣ ਸਕਦਾ। ਦਹਿਸ਼ਤ ਦੇ ਕੰਬਾ ਦੇਣ ਵਾਲੇ ਅਹਿਸਾਸ ਤੋਂ ਬਿਨਾਂ, ਇਕ ਮਿੱਤਰ ਮਿਸਟਰ ਸੀ. ਐਫ. ਐਂਡਰੀਊਜ਼ ਨੇ, ਜਿਹਨਾਂ ਦਾ ਇਹ ਸੂਬਾ ਤੇ ਸਾਡਾ ਦੇਸ਼ ਬਹੁਤ ਦੇਣਦਾਰ ਹੈ, ਇਸ ਨੂੰ ਜਾਣਿਆਂ ਬੁੱਝਿਆ ਤੇ ਭਿਆਨਕ ਕਤਲਾਮ ਬਿਆਨ ਕੀਤਾ ਹੈ। ਉਹਨਾਂ ਕਿਹਾ ਹੈ :

'ਜਿੰਨੀ ਕੁ ਨਿੱਜੀ ਪੜਤਾਲ ਕੀਤੀ ਜਾ ਸਕਦੀ ਸੀ, ਮੈਂ ਕੀਤੀ। ਮੈਂ ਬੜੇ ਧਿਆਨ ਨਾਲ ਅਤੇ ਬਗੈਰ ਕਿਸੇ ਲਾਗ ਲਪੇਟ ਤੋਂ ਹਰ ਇਕ ਇਕੱਲੀ ਤਫਸੀਲ ਵਿਚ ਦੀ ਲੰਘਿਆ ਹਾਂ ਅਤੇ ਮੈਨੂੰ ਇਉਂ ਲੱਗਿਆ ਹੈ, ਜਿਵੇਂ ਇਹ ਨਾ-ਸਰਾਹੀ ਜਾਣ ਵਾਲੀ ਬੇਇਜ਼ਤੀ ਸੀ, ਜਿਸ ਦੀ ਨਾ ਕੋਈ ਸਫ਼ਾਈ ਦਿੱਤੀ ਜਾ ਸਕਦੀ ਹੈ, ਨਾ ਕਾਬਲੇ ਮੁਆਫ਼ੀ ਹੈ, ਜਿਸ ਲਈ ਕੋਈ ਵੀ ਬਹਾਨਾ ਨਹੀਂ ਬਣਾਇਆ ਜਾ ਸਕਦਾ।'

"ਇਹ ਇਕ ਅੰਗਰੇਜ਼ ਦਾ ਫੈਸਲਾ ਹੈ। ਸਾਥੀ ਡੇਲੀਗੇਟੋ, ਮੈਂ ਆਪਣੇ ਤੇ ਤੁਹਾਡੇ ਅਨੁਭਵਾਂ ਦੇ ਪ੍ਰਗਟਾ ਲਈ, ਕਿਹੜੇ ਸ਼ਬਦਾਂ ਦੀ ਵਰਤੋਂ ਕਰ ਸਕਦਾ ਹਾਂ, ਜਿਹਨਾਂ ਦੇ ਸੈਂਕੜੇ ਸਾਕ ਸੰਬੰਧੀਆਂ ਦਾ ਬੇਰਹਿਮੀ ਨਾਲ ਗੋਲੀ ਚਲਾ ਕੇ ਨਿਰਦਈ ਖ਼ੂਨ ਕੀਤਾ ਗਿਆ।

"ਇਸ ਘਟਨਾ ਦੀ ਅਸਲੀਅਤ ਸਾਡੇ ਸਾਹਮਣੇ ਹੈ। ਕਾਫੀ ਹੱਦ ਤੀਕਰ ਉਹ ਅਧਿਕਾਰੀਆਂ ਵਲੋਂ ਸਵੀਕਾਰ ਕੀਤੀ ਜਾ ਚੁੱਕੀ ਹੈ, ਪਰ ਮੈਨੂੰ ਇਸ ਗੱਲ ਬਾਰੇ ਕੋਈ ਪਤਾ ਨਹੀਂ ਕਿ ਅਧਿਕਾਰੀਆਂ ਨੇ ਇਸ ਦੀ ਨਿਖੇਧੀ ਕੀਤੀ ਹੋਵੇ। ਮੈਨੂੰ ਕਿਸੇ ਵੱਡੇ



Sri Satguru Jagjit Singh Ji eLibrary NamdhariElibrary@gmail.com

ਅਫ਼ਸਰ ਬਾਰੇ ਜਾਣਕਾਰੀ ਨਹੀਂ ਜਿਸ ਨੇ ਇਸ ਵਾਰਦਾਤ ਵਿਰੁਧ ਰੋਸ ਪ੍ਰਗਟ ਕੀਤਾ ਹੋਵੇ।

"ਇਹ ਅਫ਼ਸਰਾਨਾ ਜ਼ਹਿਨੀਅਤ ਦੀ ਬੇ-ਪਰਦਗੀ ਹੈ, ਜਿਸ ਨੇ ਮੈਨੂੰ ਹਿਲਾ ਦਿੱਤਾ ਹੈ। ਇਸ ਕਾਰਨਾਮੇ ਦਾ ਕਰਤਾ, ਜਨਰਲ ਡਾਇਰ ਆਪਣੀ ਕਰਤੂਤ ਬਾਰੇ ਸ਼ੇਖ਼ੀ ਮਾਰਦਾ ਹੈ। ਉਹ ਇਸ ਨੂੰ ਨਿਆਂ ਪੂਰਵਕ ਕਰਾਰ ਦੇਣਾ ਚਾਹੁੰਦਾ ਹੈ। ਉਹਦੇ ਵਾਸਤੇ ਗ਼ੈਰ-ਹਮਲਾਕਰੂ ਇਕੱਠ ਤੇ, ਬਿਨਾਂ ਵਾਰਨਿੰਗ ਦਿੱਤਿਆਂ ਗੋਲੀ ਚਲਾਉਣੀ ਇਕ ਰਹਿਮ ਭਰਿਆ ਕਾਰਨਾਮਾ ਸੀ। ਕਿਉਂਕਿ ਜੇ ਉਹ ਏਦਾਂ ਨਾ ਕਰਦਾ ਤਾਂ ਲੋਕੀਂ ਉਹਦਾ ਮਖ਼ੌਲ ਉਡਾਉਂਦੇ।

"ਉਹ ਮੰਨਦਾ ਹੈ, ਕਿ ਉਹ ਬਿਨਾਂ ਗੋਲੀ ਚਲਾਏਂ ਵੀ ਹਜੂਮ ਨੂੰ ਖਿੰਡਾ ਸਕਦਾ ਸੀ। ਪਰ ਇਹ ਅਮਨ ਤੇ ਕਾਨੂੰਨ ਦੇ ਰਖਵਾਲੇ ਦੀ ਸ਼ਾਨ ਦੀ ਹੱਤਕ ਸੀ, ਅਤੇ ਏਸ ਲਈ ਆਪਣੇ ਸਵੈ ਸਤਿਕਾਰ ਨੂੰ ਕਾਇਮ ਰੱਖਣ ਲਈ ਉਹਨੇ ਸੋਚਿਆ, ਕਿ ਉਹਦੀ ਡਿਊਟੀ ਹੈ, ਕਿ ਉਹ ਗੋਲੀ ਚਲਾਵੇ ਤੇ ਖ਼ੂਬ ਚਲਾਵੇ। ਜਦ ਤਕ ਕਿ ਸਾਰਾ ਦਾਰੂ ਸਿੱਕਾ ਨਾ ਮੁੱਕ ਜਾਵੇ, ਅਤੇ ਦੋ ਹਜ਼ਾਰ ਲੋਕੀ ਮਰ ਜਾਂ ਜ਼ਖ਼ਮੀ ਨਾ ਹੋ ਜਾਣ।

"ਇਸ ਵਿਚ ਕਿਸੇ ਦਾ ਕੋਈ ਦਖ਼ਲ ਨਹੀਂ ਸੀ। ਕਾਨੂੰਨ ਤੇ ਅਮਨ ਦੇ ਰਾਖਿਆਂ ਨੇ ਇਕ ਮਹਾਨ ਜਿੱਤ ਜਿੱਤੀ ਸੀ। ਉਹਨਾਂ ਇਕ ਬਹੁਤ ਵੱਡੀ ਬਗ਼ਾਵਤ ਨੂੰ ਕੁਚਲ ਦਿੱਤਾ ਸੀ। ਹੋਰ ਵਧੇਰੇ ਕੀ ਚਾਹੀਦਾ ਸੀ ?

"ਇਹ ਸੀ ਉਹ ਕਾਰਨਾਮਾ, ਜਿਸ ਨੂੰ ਸਰ ਮਾਈਕਲ ਉਡਵਾਇਰ ਵਲੋਂ ਪੂਰੀ ਥਾਪੀ ਮਿਲੀ। ਇਹ ਸੀ ਉਹ ਕਾਰਨਾਮਾ, ਜਿਹਦੀ ਸਫ਼ਾਈ, ਲਾਰਡ ਹੰਟਰ ਕਮੇਟੀ ਅੱਗੇ ਇਕ ਤੋਂ ਬਾਦ ਦੂਜੇ ਅਫ਼ਸਰ ਨੇ ਪੇਸ਼ ਕੀਤੀ। ਲੋੜ ਦੀ ਦਲੀਲ ਉਭਾਰੀ ਗਈ। ਇਹ ਵੀ ਦਲੀਲ ਦਿੱਤੀ ਗਈ ਕਿ ਆਲੇ ਦੁਆਲੇ ਦੇ ਜ਼ਿਲ੍ਹਿਆਂ ਵਿਚ ਇਸ ਕਤਲਾਮ ਨੇ ਬਹੁਤ ਚੰਗਾ ਅਸਰ ਪਾਇਆ ਹੈ।

"ਅਸੀਂ ਇਸ ਤੋਂ ਪਹਿਲਾਂ ਵੀ ਸੁਣ ਚੁੱਕੇ ਹਾਂ। ਜਦ ਲੋਵੇਨ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਗਈ ਸੀ, ਅਤੇ ਜਦ ਡੀਨਾਟ ਤਰਮੋਂਡੇ ਉੱਤੇ ਬੇਪਨਾਹ ਤਸ਼ੱਦਦ ਕੀਤਾ ਗਿਆ ਸੀ। ਮਨੁੱਖਤਾ ਵਿਰੁਧ ਇਹਨਾਂ ਜੁਰਮਾਂ ਕਰਕੇ ਹੀ ਕੈਸਰ ਤੇ ਉਹਦੇ ਹਵਾਰੀਆਂ ਤੇ ਮੁਕੱਦਮਾ ਚਲਾਇਆ ਗਿਆ ਸੀ। ਪਰ ਜਨਰਲ ਡਾਇਰ ਖੁੱਲ੍ਹਾ ਫਿਰ ਰਿਹਾ ਹੈ। ਉਸ ਦੇ ਪਿਛਲੇ ਚੀਫ (ਸਰ ਮਾਈਕਲ ਉਡਵਾਇਰ 26 ਮਈ 1919 ਨੂੰ ਲੈਫ਼ਟੀਨੈਂਟ ਗਵਰਨਰ ਦੇ ਔਹਦੇ ਤੋਂ ਹਟ ਗਿਆ ਸੀ ਤੇ ਉਸ ਦੀ ਥਾਂ ਸਰ ਐਡਵਰਡ ਮੈਕਲੇਗਨ ਆ ਗਿਆ ਸੀ) ਨੇ ਉਸ ਨੂੰ ਅਸ਼ੀਰਵਾਦ ਦਿੱਤੀ ਸੀ, ਅਤੇ ਇਸ ਮੁਲਕ ਵਿਚਲੇ ਉਸ ਦੇ ਨਾਲ ਦੇ ਹੋਰ ਫੌਜੀ ਤੇ ਸਿਵਿਕ ਰਾਜ ਪ੍ਰਬੰਧ ਵਿਚਲੇ ਉਸ ਦੇ ਸਾਥੀ ਉਸ ਦੇ ਨਾਲ ਖੜ੍ਹੇ ਸਨ, ਅਤੇ ਉਸ ਦੇ ਕਾਰਨਾਮੇ ਨੂੰ ਸਲਾਹ ਰਹੇ ਸਨ, ਆਦਿ।"

ਕਾਂਗਰਸ ਸਬ ਕਮੇਟੀ ਨੇ ਵਾਇਸਰਾਇ ਬਾਰੇ ਵੀ ਨਿਰਨਾ ਕੀਤਾ ਅਤੇ ਆਖਿਆ :

"ਵਾਇਸਰਾਇ ਨੇ ਕਦੀ ਲੋਕਾਂ ਦੇ ਕੇਸ ਦਾ ਮੁਆਇਨਾ ਕਰਨ ਦੀ ਤਕਲੀਫ਼ ਨਹੀਂ ਕੀਤੀ। ਉਸ ਨੇ ਲੋਕ-ਜਥੇਬੰਦੀਆਂ ਤੇ ਵਿਅਕਤੀਆਂ ਵਲੋਂ ਖ਼ਤਾਂ ਤੇ ਤਾਰਾਂ ਨੂੰ



Sri Satguru Jagjit Singh Ji eLibrary NamdhariElibrary@gmail.com

ਨਜ਼ਰ-ਅੰਦਾਜ਼ ਕੀਤਾ ਹੈ। ਉਸ ਨੇ ਬਗੈਰ ਪੜਤਾਲ ਤੋਂ ਪੰਜਾਬ ਸਰਕਾਰ ਦੇ ਫੈਸਲੇ ਦੀ ਤਸਦੀਕ ਕੀਤੀ ਹੈ। ਉਸ ਨੇ ਗ਼ੈਰ-ਸ਼ਾਨਦਾਰ ਕਾਹਲੀ ਵਿਚ ਇਨਡੈਮਨਿਟੀ ਨਾਲ ਅਫ਼ਸਰਾਂ ਨੂੰ ਲੁਕਾਉਣ ਦੀ ਕੋਸ਼ਿਸ਼ ਕੀਤੀ ਹੈ। ਉਸ ਨੇ ਘਟਨਾਵਾਂ ਵਾਪਰਨ ਤੋਂ ਬਾਦ ਵੀ, ਨਿੱਜੀ ਪੜਤਾਲ ਕਰਨ ਲਈ ਕਦੀ ਪੰਜਾਬ ਜਾਣ ਦੀ ਕੋਸ਼ਿਸ਼ ਨਹੀਂ ਕੀਤੀ। ਉਹ ਆਪ ਵੀ ਇਕ ਧੜੇ ਵਿਚ ਸ਼ਾਮਲ ਹੋ ਗਿਆ।

"ਸਾਨੂੰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਲਾਰਡ ਚੈਮਸਫੋਰਡ ਨੇ ਆਪਣੇ ਆਪ ਨੂੰ ਇਸ ਵੱਡੇ ਅਹੁਦੇ ਦੇ ਅਯੋਗ ਸਾਬਤ ਕਰ ਦਿੱਤਾ ਹੈ, ਜਿਸ ਲਈ ਉਸ ਨੂੰ ਥਾਪਿਆ ਗਿਆ ਸੀ।"



Sri Satguru Jagjit Singh Ji eLibrary NamdhariElibrary@gmail.com

# ਅੰਤ

ਜਨਥਲ ਡਾਇਰ ਦੀ ਸਿਹਤ ਤਾਂ ਹਿੰਦੁਸਤਾਨ ਵਿਚ ਹੀ ਖ਼ਰਾਬ ਰਹਿੰਦੀ ਸੀ ! ਇੰਗਲੈਂਡ ਵਿਚ ਆ ਕੇ ਲਗਾਤਾਰ ਭੱਜ ਦੌੜ ਅਤੇ ਮਾਨਸਿਕ ਤਨਾਓ ਦਾ ਇਸ ਤੇ ਅਸਰ ਪੈਣ ਨਾਲ ਇਹ ਹੋਰ ਵੀ ਵਿਗੜ ਗਈ। ਹਾਊਸ ਆਫ ਲਾਰਡਜ਼ ਦੀ ਬਹਿਸ ਤੋਂ ਬਾਹਦ ਉਸ ਨੇ ਆਪਣੇ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਉਹ ਪਹਿਲਾਂ ਯਾਰਕਸ਼ਾਇਰ ਵਿਚ ਹੈਰੋ ਗੇਟ ਆਪਣੇ ਇਲਾਜ ਲਈ ਗਿਆ। ਫਿਰ ਸਰ ਜਾਫਰੀ ਬਾਰਟਨ ਨੇ ਉਸਨੂੰ ਪੇਸ਼ਕਸ਼ ਕੀਤੀ ਕਿ ਉਹ ਉਸਦੇ ਡਮਫਰੀ (ਸਕਾਟਲੈਂਡ ਵਿਖੇ, ਫਾਰਮ ਤੇ ਆਰਾਮ ਕਰਨ ਲਈ ਆ ਜਾਵੇ। ਇਲਾਜ ਤੇ ਆਰਾਮ ਨਾਲ ਉਸ ਦੀ ਸਿਹਤ ਬਿਹਤਰ ਹੋ ਗਈ। ਫਿਰ ਉਹ ਗਲਾਸਟਰ ਸ਼ਾਇਰ ਵਿਚ ਆਸਟਨ ਫ਼ੀਲਡ ਚਲਾ ਗਿਆ। ਇਥੇ ਇਕ ਮਕਾਨ ਉਸਨੇ ਆਪਣੇ ਪੁੱਤਰ ਜਾਫਰੀ ਲਈ ਖ਼ਰੀਦਿਆ ਹੋਇਆ ਸੀ।

ਜਨਰਕ ਡਾਇਰ Arterial Sclerosis ਦਾ ਮਰੀਜ਼ ਸੀ। ਨਵੰਬਰ 1921 ਵਿਚ ਉਸ ਤੇ ਅਧਰੰਗ ਦਾ ਸਟਰੋਕ ਵੀ ਹੋਇਆ। ਫੇਰ Thermobosis ਦਾ। ਜਿਸ ਨਾਲ ਉਹ ਕਾਫੀ ਕਮਜ਼ੋਰ ਹੋ ਗਿਆ। ਉਹ ਉਦਾਸ ਰਹਿਣ ਲਗ ਪਿਆ।

1926 ਵਿਚ ਉਹ ਆਪਣੇ ਪੁਰਾਣੇ ਘਰ, ਬਰਿਸਟਲ ਦੇ ਨੇੜੇ ਲਾਂਸ ਆਸ਼ਟਨ ਵਿਚ ਸੇਂਟ ਮਾਰਟਿਨ ਵਿਖੇ ਆ ਗਿਆ। 11 ਜੁਲਾਈ 1927 ਨੂੰ ਫਿਰ ਸਟੋਰਕ ਹੋਇਆ। ਇਥੇ ਹੀ 23 ਜੁਲਾਈ 1927 ਨੂੰ ਉਸਦੀ ਮੌਤ ਹੋ ਗਈ। ਉਸ ਦਿਨ ਸ਼ਨਿਚਰ ਵਾਰ ਸੀ। ਕਿਹਾ ਜਾਂਦਾ ਹੈ, ਕਿ ਉਹ ਕਿਹਾ ਕਰਦਾ ਸੀ, ਕਿ ਉਸ ਜਲ੍ਹਿਆਂ ਵਾਲੇ ਬਾਗ਼ ਵਿਚ ਜੋ ਕੀਤਾ ਹੈ, ਉਹ ਠੀਕ ਹੈ, ਜਾਂ ਗ਼ਲਤ, ਇਹ ਸਿਰਫ ਈਸ਼ਵਰ ਹੀ ਜਾਣਦਾ ਹੈ।"

ਲਾਂਗ ਆਸਟਨ ਦੇ ਆਲਸੇਂਟ ਚਰਚ ਵਿਚ ਸਰਵਿਸ ਤੋਂ ਪਿਛੋਂ ਉਸਦੇ ਮਿਰਤਕ ਸਰੀਰ ਨੂੰ ਲੰਡਨ ਲਿਆਂਦਾ ਗਿਆ। ਫ਼ੌਜੀ ਤਰੀਕੇ ਨਾਲ ਅਰਥੀ ਕੱਢੀ ਗਈ, ਫ਼ੌਜੀ ਗੱਡੀ ਤੇ ਲਿਟਾ ਕੇ ਉਸਨੂੰ ਉਸ ਯੂਨੀਅਨ ਜੈਕ ਨਾਲ ਢਕਿਆ ਗਿਆ ਤੇ ਹੋਰ ਮਾਤਮ ਕਰਨ ਵਾਲੇ ਉਸਦੇ ਪਿੱਛੇ ਪਿੱਛੇ ਸਨ। ਸੇਂਟ ਮਾਰਟਿਨ ਇਨ ਦੀ ਫੀਲਡਜ਼ ਵਿਚ ਇਕ



Sri Satguru Jagjit Singh Ji eLibrary NamdhariElibrary@gmail.com

ਹੋਰ ਧਾਰਮਕ ਰਸਮ ਹੋਈ, ਅਤੇ ਫਿਰ ਗੋਲਡਰਜ ਗਰੀਨ ਵਿਖੇ ਉਸਦੇ ਸਰੀਰ ਨੂੰ ਲਾਟਾਂ ਦੇ ਹਵਾਲੇ ਕਰ ਦਿੱਤਾ ਗਿਆ।

ਜਨਰਲ ਡਾਇਰ ਦੇ ਅੰਤ ਨਾਲ ਹੀ ਇਸ ਕਹਾਣੀ ਦਾ ਅੰਤ ਨਹੀਂ ਹੋਇਆ। 13 ਅਪ੍ਰੈਲ 1919 ਦੀ ਭਿਆਨਕ ਰਾਤ ਦੇ ਕਾਲੇ ਪ੍ਰਛਾਵੇਂ, ਕਿਵੇਂ ਕਰੋੜਾਂ ਹਿੰਦੁਸਤਾਨੀਆਂ ਦੇ ਮਨ ਤੋਂ ਦੂਰ ਕੀਤੇ ਜਾ ਸਕਦੇ ਸਨ।

ਸਤਿਕਾਰ ਯੋਗ ਮਾਈ ਰਤਨ ਦੇਵੀ ਦੀ ਇਹ ਦਾਸਤਾਨ ਕਿਵੇਂ ਮਨ ਵਿਚੋਂ ਕੱਢੀ ਜਾ ਸਕਦੀ ਹੈ.

"ਮੈਂ ਜਲ੍ਹਿਆਂ ਵਾਲੇ ਬਾਗ ਦੇ ਨੇੜੇ ਆਪਣੇ ਘਰ ਵਿਚ ਸਾਂ, ਜਦ ਮੈਂ ਗੋਲੀ ਦਾ ਖੜਾਕ ਸੁਣਿਆ। ਮੈਂ ਯਕਦਮ ਉਠ ਖੜੋਤੀ, ਮੈਨੂੰ ਫਿਕਰ ਲੱਗ ਗਿਆ ਕਿਉਂਕਿ ਮੇਰੇ ਪਤੀ ਬਾਗ ਨੂੰ ਗਏ ਹੋਏ ਸਨ। ਮੈਂ ਕੁਰਲਾਉਣਾ ਸ਼ੁਰੂ ਕਰ ਦਿਤਾ ਅਤੇ ਦੋ ਤੀਵੀਆਂ ਆਪਣੀ ਸਹਾਇਤਾ ਲਈ ਲੈ ਕੇ ਉਸ ਥਾਂ ਤੇ ਪਹੁੰਚੀ। ਮੈਂ ਉਥੇ ਲਾਸ਼ਾਂ ਦੇ ਢੇਰ ਲੱਗੇ ਹੋਏ ਦੇਖੇ, ਮੈਂ ਆਪਣੇ ਪਤੀ ਦੀ ਤਲਾਸ਼ ਸ਼ੁਰੂ ਕਰ ਦਿੱਤੀ।

ਢੇਰਾਂ ਦੇ ਵਿਚ ਦੀ ਲੰਘ ਕੇ ਮੈਂ ਆਪਣੇ ਪਤੀ ਦੀ ਲਾਸ਼ ਲੱਭ ਲਈ। ਉਸ ਤੱਕ ਪਹੁੰਚਣ ਲਈ ਰਸਤਾ ਲਹੂ ਤੇ ਲਾਸ਼ਾਂ ਨਾਲ ਭਰਿਕਾ ਪਿਆ ਸੀ। ਕੁੱਝ ਸਮੇਂ ਪਿਛੋਂ ਲਾਲਾ ਸੁੰਦਰ ਦਾਸ ਦੇ ਦੋਨੋਂ ਪੁੱਤਰ ਉਥੇ ਆਏ। ਮੈਂ ਉਨ੍ਹਾਂ ਨੂੰ ਆਖਿਆ ਕਿ ਮੇਰੇ ਪਤੀ ਦੀ ਲਾਸ਼ ਨੂੰ ਘਰ ਲਿਜਾਣ ਵਾਸਤੇ ਮੰਜਾ ਲਿਆਉਣ, ਮੈਂ ਉਨਾਂ ਦੋਹਾਂ ਤੀਵੀਆਂ ਨੂੰ ਵੀ ਵਾਪਸ ਭੇਜ ਦਿੱਤਾ। ਉਹ ਦੋਨੋਂ ਮੁੜੇ ਵੀ ਚਲੇ ਗਏ।

ਪਰ ਇਸ ਵੇਲੇ ਅੱਠ ਵੱਜ ਗਏ। ਕਰਫੀਊ ਆਰਡਰ ਲਾਗੂ ਹੋ ਗਿਆ। ਕੋਈ ਵੀ ਘਰੋਂ ਬਾਹਰ ਨਹੀਂ ਸੀ ਨਿਕਲ ਸਕਦਾ। ਸਾਢੇ ਅੱਠ ਵਜੇ ਇੱਕ ਸਿੱਖ ਸ਼ਰੀਫ ਆਦਮੀ ਉਥੇ ਆਇਆ। ਕੁੱਝ ਹੋਰ ਵੀ ਉਥੇ ਸਨ, ਜੋ ਲਾਸ਼ਾਂ ਵਿਚੋਂ ਆਪਣੇ ਬੰਦੇ ਲੱਭ ਰਹੇ ਸਨ। ਮੈਂ ਉਨ੍ਹਾਂ ਨੂੰ ਨਹੀਂ ਜਾਣਦੀ। ਮੈਂ ਇਸ ਸਿੱਖ ਭਲੇ ਪੁਰਸ਼ ਨੂੰ ਆਖਿਆ ਕਿ ਉਹ ਮੇਰੇ ਪਤੀ ਦੇ ਸਰੀਰ ਨੂੰ ਕਿਸੇ ਸੁੱਕੀ ਥਾਂ ਲੈ ਜਾਣ ਵਿਚ ਮੇਰੀ ਸਹਾਇਤਾ ਕਰੇ।

ਕਿਉਂਕਿ ਉਹ ਸਾਰੀ ਲਹੂ ਨਾਲ ਭਰ ਗਈ ਸੀ। ਉਸ ਨੇ ਸਰੀਰ ਨੂੰ ਸਿਰ ਤੋਂ ਚੁੱਕਿਆ ਅਤੇ ਮੈਂ ਲੱਤਾਂ ਤੋਂ ਅਤੇ ਇਕ ਸੁੱਕੀ ਥਾਂ ਤੇ ਲੱਕੜ ਦੇ ਫੱਟੇ ਤੇ ਪਾ ਦਿੱਤਾ। ਮੈਂ ਦਸ ਵਜੇ ਤੀਕਰ ਉਡੀਕਿਆ, ਪਰ ਕੋਈ ਉਥੇ ਨਾ ਆਇਆ। ਮੈਂ ਉਠੀ ਅਤੇ ਕਟੜੇ ਵੱਲ ਤੁਰੀ। ਮੈਂ ਸੋਚਿਆ, ਠਾਕਰ ਦੁਆਰੇ ਵਿਚ ਰਹਿ ਰਹੇ ਵਿਦਿਆਰਥੀਆਂ ਨੂੰ ਆਖਾਂ, ਕਿ ਉਹ ਮੇਰੇ ਪਤੀ ਨੂੰ ਘਰ ਲਿਜਾਣ ਵਿਚ ਮੇਰੀ ਸਹਾਇਤਾ ਕਰਨ। ਮੈਂ ਹਾਲੇ ਕੋਈ ਜ਼ਿਆਦਾ ਦੂਰ ਨਹੀਂ ਸੀ ਗਈ, ਜਦ ਇਕ ਘਰ ਦੀ ਤਾਕੀ ਵਿਚ ਬੈਠੇ ਇਕ ਆਦਮੀ ਨੇ ਮੈਨੂੰ ਪੁੱਛਿਆ ਕਿ ਮੈਂ ਐਨੇ ਕੁਵੇਲੇ ਕਿੱਥੇ ਜਾ ਰਹੀ ਹਾਂ।

ਮੈਂ ਦੱਸਿਆ ਕਿ ਮੈਨੂੰ ਕੁੱਝ ਬੰਦੇ ਚਾਹੀਦੇ ਹਨ. ਜੋ ਮੇਰੇ ਪਤੀ ਦੀ ਲਾਸ਼ ਨੂੰ ਚੁੱਕ ਕੇ ਘਰ ਛੱਡ ਆਉਣ। ਉਸ ਨੇ ਆਖਿਆ ਕਿ ਉਹ ਆਪ ਤਾਂ ਇਕ ਜ਼ਖਮੀ ਦੀ ਦੇਖ ਭਾਲ ਕਰ ਰਿਹਾ ਹੈ, ਪਰ ਚੂੰਕਿ ਅੱਠ ਤੋਂ ਉਤੇ ਹੋ ਚੁੱਕੇ ਸਨ, ਉਸ ਵੇਲੇ ਕੋਈ ਵੀ ਮੇਰੀ ਮਦਦ ਨਹੀਂ ਸੀ ਕਰ ਸਕਦਾ। ਤਦ ਮੈਂ ਕਟੜੇ ਵੱਲ ਤੁਰੀ। ਇਕ ਹੋਰ ਆਦਮੀ



Sri Satguru Jagjit Singh Ji eLibrary NamdhariElibrary@gmail.com

ਨੇ ਫੇਰ ਉਹੀ ਸੁਆਲ ਪੁੱਛਿਆ। ਮੈਂ ਉਸਨੂੰ ਉਹੀ ਆਖਿਆ, ਪਰ ਉਸ ਨੇ ਵੀ ਉਹੋ ਉੱਤਰ ਦਿੱਤਾ।

ਮੈਂ ਹਾਲੇ ਤਿੰਨ ਚਾਰ ਕਦਮ ਹੀ ਗਈ ਹੋਵਾਂਗੀ ਕਿ ਮੈਂ ਇਕ ਬਜ਼ੁਰਗ ਨੂੰ ਦੇਖਿਆ, ਜੋ ਬੈਠਾ ਹੁੱਕਾ ਪੀ ਰਿਹਾ ਸੀ ਅਤੇ ਕੁਝ ਬੰਦੇ ਉਹਦੇ ਲਾਗੇ ਸੁੱਤੇ ਪਏ ਸਨ। ਮੈਂ ਦੋਨੋਂ ਹੱਥ ਜੋੜ ਕੇ ਦੁੱਖ ਭਰੀ ਵਾਰਤਾ ਸੁਣਾਈ। ਉਸਨੂੰ ਮੇਰੇ ਤੇ ਤਰਸ ਆਇਆ ਅਤੇ ਉਸਨੇ ਆਦਮੀਆਂ ਨੂੰ ਕਿਹਾ ਕਿ ਉਹ ਮੇਰੇ ਨਾਲ ਜਾਣ। ਉਨਾਂ ਆਖਿਆ ਕਿ ਹੁਣ ਦਸ ਵੱਜ ਚੁਕੇ ਹਨ ਤੇ ਉਹ ਨਹੀਂ ਚਾਹੁੰਦੇ ਕਿ ਉਨ੍ਹਾਂ ਨੂੰ ਕੋਈ ਗੋਲੀ ਮਾਰ ਦੇਵੇ। ਇਹ ਵੇਲਾ ਬਾਹਰ ਨਿਕਲਣ ਦਾ ਨਹੀਂ। ਉਹ ਐਨੀ ਦੂਰ ਕਿਵੇਂ ਜਾ ਸਕਦੇ ਹਨ ?

ਮੈਂ ਵਾਪਸ ਮੁੜ ਪਈ ਅਤੇ ਆਪਣੇ ਪਤੀ ਦੀ ਲਾਸ਼ ਕੋਲ ਹੀ ਜਾ ਬੈਠੀ। ਕੁਦਰਤੀਂ ਇਕ ਬਾਂਸ ਦੀ ਸੋਟੀ ਮੇਰੇ ਹੱਥ ਆ ਗਈ, ਜਿਸ ਨਾਲ ਮੈਂ ਕੁੱਤਿਆਂ ਨੂੰ ਹਟਾਉਂਦੀ ਰਹੀ। ਮੈਂ ਦੇਖਿਆ, ਤਿੰਨ ਆਦਮੀ ਪੀੜ ਨਾਲ ਕਰਾਹ ਰਹੇ ਸਨ। ਇਕ ਮੱਝ ਦਰਦ ਨਾਲ ਮੱਛੀ ਹੋ ਰਹੀ ਹੈ। ਇਕ ਬਾਰਾਂ ਸਾਲਾਂ ਦਾ ਮੁੰਡਾ ਪੀੜ ਨਾਲ ਵਿਆਕੁਲ ਹੋ ਰਿਹਾ ਸੀ ਅਤੇ ਮੈਨੂੰ ਕਹਿ ਰਿਹਾ ਸੀ, ਕਿ ਮੈਂ ਇਹਨੂੰ ਛੱਡ ਕੇ ਨਾ ਜਾਵਾਂ। ਮੈਂ ਉਸਨੂੰ ਦਸਿਆ ਕਿ ਮੈਂ ਆਪਣੇ ਪਤੀ ਦੇ ਮਿਰਤਕ ਸਰੀਰ ਨੂੰ ਛੱਡਕੇ ਕਿਤੇ ਨਹੀਂ ਜਾ ਰਹੀ।

ਮੈਂ ਉਸਨੂੰ ਪੁੱਛਿਆ ਕਿ ਜੇ ਉਸ ਨੂੰ ਪਾਲਾ ਲਗਦਾ ਹੈ, ਤਾਂ ਉਸਦੇ ਉਤੇ ਕੋਈ ਕੱਪੜਾ ਪਾ ਦਿੰਦੀ ਹਾਂ। ਉਸਨੇ ਪਾਣੀ ਮੰਗਿਆ ਪਰ ਉਸ ਸਮੇਂ ਉਸ ਥਾਂ ਤੇ ਪਾਣੀ ਦਾ ਇਕ ਘੁੱਟ ਮਿਲਣਾ ਵੀ ਮੁਸਕਲ ਸੀ।

ਮੈਨੂੰ ਹਰ ਘੰਟੇ ਪਿਛੋਂ ਘੜਿਆਲ ਦੇ ਖੜਕਣ ਦੀ ਆਵਾਜ਼ ਆਉਂਦੀ ਸੀ। ਦੋ ਕੁ ਵਜੇ ਸੁਲਤਾਨ ਵਿੰਡ ਦਾ ਇਕ ਜੱਟ ਜੋ ਕੰਧ ਦੇ ਨੇੜੇ ਜ਼ਖਮੀ ਪਿਆ ਸੀ, ਉਸਨੇ ਆਖਿਆ ਕਿ ਮੈਂ ਨੇੜੇ ਆ ਕੇ ਉਸਦੀ ਫਸੀ ਹੋਈ ਲੱਤ ਕੱਢ ਦਿਆਂ। ਮੈਂ ਉਠੀ, ਉਸਦੇ ਲਹੂ ਭਿੱਜੇ ਕੱਪੜੇ ਇੱਕ ਪਾਸੇ ਕਰਕੇ, ਮੈਂ ਉਸਦੀ ਲੱਤ ਆਰਾਮ ਨਾਲ ਕਢਵਾ ਦਿੱਤੀ।

ਉਸ ਤੋਂ ਬਾਦ ਸਾਢੇ ਪੰਜ ਵਜੇ ਤੀਕਰ ਕੋਈ ਨਹੀਂ ਆਇਆ। ਕੋਈ ਛੇ ਵਜੇ ਦੇ ਲੱਗ ਭੱਗ ਲਾਲਾ ਸੁੰਦਰ ਦਾਸ, ਉਸਦੇ ਪੁੱਤਰ, ਤੇ ਮੇਰੀ ਗਲੀ ਦੇ ਕੁੱਝ ਹੋਰ ਬੰਦੇ ਮੰਜਾ ਲੈ ਕੇ ਆਏ ਅਤੇ ਮੈਂ ਆਪਣੇ ਪਤੀ ਦੀ ਲਾਸ਼ ਨੂੰ ਘਰ ਲਿਆਈ। ਮੈਂ ਦੇਖਿਆ, ਬਾਗ ਵਿਚ ਕੁਝ ਹੋਰ ਲੋਕ ਵੀ ਆਪਣੇ ਰਿਸ਼ਤੇਦਾਰਾਂ ਨੂੰ ਲੱਭ ਰਹੇ ਸਨ। ਮੈਂ ਆਪਣੀ ਸਾਰੀ ਰਾਤ ਉਥੇ ਗੁਜ਼ਾਰੀ। ਮੇਰੇ ਲਈ ਇਹ ਦੱਸਣਾ ਸੰਭਵ ਨਹੀਂ. ਕਿ ਮੈਂ ਕੀ ਮਹਿਸੂਸ ਕਰਦੀ ਸਾਂ। ਲਾਸ਼ਾਂ ਦੇ ਢੇਰ ਲੱਗੇ ਹੋਏ ਸਨ, ਕਈ ਪਿੱਠਾਂ ਭਾਰ ਡਿਗੇ ਹੋਏ ਸਨ, ਕਈ ਮੂੰਹ ਪਰਨੇ ਸਨ।

ਉਨ੍ਹਾਂ ਵਿਚ ਅਨੇਕਾਂ ਮਾਸੂਮ ਜਿਹੇ ਬੱਚੇ ਸਨ। ਮੈਂ ਇਹ ਦਰਿਸ਼ ਕਦੀ ਨਹੀਂ ਭੁੱਲ ਸਕਦੀ। ਮੈਂ ਇਸ ਜੰਗਲ ਬੀਆਬਾਨ ਵਿਚ ਸਾਰੀ ਰਾਤ ਕੱਲਮ ਕੱਲੀ ਸਾਂ। ਸਿਵਾਏ ਕੁੱਤਿਆਂ ਦੇ ਭੌਂਕਣ ਅਤੇ ਖੋਤਿਆਂ ਦੇ ਹੀਂਗਣ ਤੋਂ ਕੋਈ ਆਵਾਜ਼ ਨਹੀਂ ਸੀ ਆ ਰਹੀ। ਚਹੁੰ ਪਾਸੀਂ ਸੈਂਕੜੇ ਲਾਸ਼ਾਂ ਸਨ, ਮੈਂ ਸਾਰੀ ਰਾਤ ਰੋਂਦਿਆਂ ਤੇ ਇਹ ਭਿਆਨਕ ਦ੍ਰਿਸ਼ ਵੇਖਦਿਆਂ ਕੱਟੀ। ਮੈਂ ਹੋਰ ਕੁੱਝ ਨਹੀਂ ਕਹਿ ਸਕਦੀ, ਜੋ ਉਸ ਰਾਤ ਮੇਰੇ ਨਾਲ ਬੀਤੀ, ਜਾਂ ਮੈਂ ਜਾਣਦੀ ਹਾਂ, ਜਾਂ ਮੇਰਾ ਈਸ਼ਵਰ।"



Sri Satguru Jagjit Singh Ji eLibrary NamdhariElibrary@gmail.com

ਉਹ ਭਲਾ ਪੁਰਸ਼, ਜਿਸਦਾ ਜ਼ਿਕਰ ਮਾਤਾ ਰਤਨ ਦੇਵੀ ਜੀ ਨੇ ਕੀਤਾ, ਸ਼ਾਇਦ ਉਹ ਸੁਨਾਮ ਦੇ ਇਕ ਕੰਬੋ ਘਰਾਣੇ ਦਾ ਨੌਜਵਾਨ ਊਧਮ ਸਿੰਘ ਸੀ, ਜੋ ਯਤੀਮਖਾਨੇ ਦੇ ਕੁੱਝ ਮੁੰਡਿਆਂ ਨੂੰ ਲੈ ਕੇ ਜ਼ਖਮੀਆਂ ਦੀ ਮਦਦ ਲਈ ਆਇਆ ਸੀ। ਉਸਨੇ ਮਾਤਾ ਰਤਨ ਦੇਵੀ ਜੀ ਨੂੰ ਉਦਾਸ ਖੜੇ ਦੇਖਿਆ, ਉਨ੍ਹਾਂ ਦੇ ਪਤੀ ਦੀ ਲਾਸ਼ ਲੱਭਣ ਵਿਚ ਸਹਾਇਤਾ ਕੀਤੀ। ਇਸ ਸਾਰੇ ਦ੍ਰਿਸ਼ ਨੇ ਉਸਦੇ ਮਨ ਨੂੰ ਝੰਜੋੜ ਦਿੱਤਾ। ਉਸਨੇ ਆਪਣੇ ਦੇਸ਼ ਦੇ ਲੋਕਾਂ ਦੀ ਬੇਬਸੀ ਨੂੰ ਮਹਿਸੂਸ ਕੀਤਾ। ਉਸਦੇ ਮਨ ਵਿਚ ਉਨ੍ਹਾਂ ਜ਼ਾਲਮਾਂ ਪ੍ਰਤੀ ਘਿਰਨਾ ਦੀ ਅੱਗ ਪੈਦਾ ਹੋਈ, ਜਿਨ੍ਹਾਂ ਇਹ ਖ਼ੂਨੀ ਕਾਰਾ ਕੀਤਾ ਸੀ। ਉਸ ਨੇ ਉਸ ਦਿਨ ਹੀ ਬਦਲਾ ਲੈਣ ਦਾ ਪ੍ਰਣ ਕਰ ਲਿਆ।

21 ਸਾਲ ਉਹ ਬਦਲੇ ਲਈ ਮੁਨਾਸਬ ਮੌਕੇ ਦੀ ਤਲਾਸ਼ ਵਿਚ ਘੁੰਮਦਾ ਰਿਹਾ। 1933 ਵਿਚ ਉਹ ਲੰਡਨ ਪਹੁੰਚ ਗਿਆ ਸੀ। ਇਸ ਕਾਂਡ ਦਾ ਇਕ ਨਾਇਕ ਜਨਰਲ ਡਾਇਰ ਤਾਂ 1927 ਵਿਚ ਹੀ ਈਸ਼ਵਰ ਨੂੰ ਪਿਆਰਾ ਹੋ ਚੁੱਕਾ ਸੀ। ਪਰ ਖਲਨਾਇਕ ਸਰ ਮਾਈਕਲ ਉਡਵਾਇਰ ਅਜੇ ਜੀਉਂਦਾ ਸੀ।

ਜਲ੍ਹਿਆਂ ਵਾਲੇ ਬਾਗ ਦੀ ਘਟਨਾ ਨੂੰ ਆਮ ਤੌਰ ਤੇ ਜਨਰਲ ਡਾਇਰ ਨਾਲ ਸਬੰਧਤ ਕੀਤਾ ਜਾਂਦਾ ਹੈ, ਜਿਹੜਾ ਕਿ ਮੌਕੇ ਤੇ ਵਾਪਰੇ ਇਸ ਦੁਖਾਂਤ ਦਾ ਮੁੱਖ ਤੇ ਪ੍ਰਗਟ ਰੂਪ ਵਿਚ ਜ਼ੁੰਮੇਵਾਰ ਸੀ। ਪਰ ਜੇ ਇਸ ਸਾਰੀ ਘਟਨਾ ਨੂੰ ਇਤਿਹਾਸਕ ਪ੍ਰਸੰਗ ਵਿਚ ਰੱਖ ਕੇ ਦੇਖੀਏ, ਤਾਂ ਇਸ ਦੀ ਮੁੱਖ ਜ਼ੁੰਮੇਵਾਰੀ ਅੰਗਰੇਜ਼ ਨੌਕਰਸ਼ਾਹਾਂ ਦੀ ਉਸ ਸ਼੍ਰੇਣੀ ਤੇ ਆਉਂਦੀ ਹੈ, ਜਿਹੜੀ ਭਾਰਤ ਉੱਤੇ ਤਾਕਤ ਦੇ ਜ਼ੋਰ ਨਾਲ ਰਾਜ ਕਰਨ ਵਿਚ ਵਿਸ਼ਵਾਸ ਰੱਖਦੀ ਸੀ ਅਤੇ ਹਿੰਦੁਸਤਾਨ ਦੀ ਪੜ੍ਹੀ ਲਿਖੀ ਸ਼੍ਰੇਣੀ ਨੂੰ ਜਿਹੜੀ ਕਿ ਉਸ ਵੇਲੇ ਭਾਰਤ ਵਿਚ ਆਜ਼ਾਦੀ ਦੀ ਪ੍ਰਾਪਤੀ ਦੇ ਭਾਵਾਂ ਨੂੰ ਜਾਗ੍ਰਿਤ ਕਰਨ ਲਈ ਮੋਹਰਲੇ ਦਸਤੇ ਵਿਚ ਸੀ ਤੇ ਲੋਕਾਂ ਵਿਚ ਆ ਰਹੀ ਨਵੀਂ ਚੇਤੰਨਤਾ ਤੇ ਆਜ਼ਾਦੀ ਦੀਆਂ ਭਾਵਨਾਵਾਂ ਨੂੰ ਸਖ਼ਤ ਨਫਰਤ ਕਰਦੀ ਸੀ। ਉਹਨਾਂ ਦੇ ਹੀ ਇਕ ਪ੍ਰਤੀਨਿਧ ਸਰ ਚਾਰਲਸ ਇਨਸ ਨੇ ਲੈਜਿਸਲੇਟਿਵ ਅਸੈਂਬਲੀ ਵਿਚ ਇਹ ਕਿਹਾ ਸੀ:

"ਤੁਸੀਂ ਸਰਕਾਰ ਦਾ ਰੂਪ ਬਦਲ ਸਕਦੇ ਹੋ, ਪਰ ਤੁਸੀਂ ਹਿੰਦੁਸਤਾਨ ਦੇ ਲੋਕਾਂ ਦਾ ਸੁਭਾਅ ਨਹੀਂ ਬਦਲ ਸਕਦੇ, ਜਿਹੜੇ ਇਕ-ਪੁਰਖੀ ਰਾਜ ਪਸੰਦ ਕਰਦੇ ਹਨ।"

"ਹਿੰਦੁਸਤਾਨੀ ਸਿਆਸਤਦਾਨ, ਸਰਕਾਰ ਦੇ ਰੂਪ ਵਿਚ ਦਿਲਚਸਪੀ ਰੱਖਦੇ ਹਨ। ਪਰ ਬਰਤਾਨਵੀ ਹਿੰਦੁਸਤਾਨ ਵਿਚ 24 ਕਰੋੜ ਲੋਕ ਹਨ, ਜਿਹੜੇ ਸਰਕਾਰ ਦੇ ਰੂਪ ਬਾਰੇ ਰਤੀ ਭਰ ਵੀ ਪਰਵਾਹ ਨਹੀਂ ਕਰਦੇ, ਸਿਰਫ ਉਹ ਪਾਏਦਾਰ ਸਰਕਾਰ ਚਾਹੁੰਦੇ ਹਨ। ਪੁਲਸ ਅਤੇ ਇੰਡੀਅਨ ਸਿਵਲ ਸਰਵਿਸ ਤੋਂ ਬਿਨਾਂ ਕੋਈ ਸਰਕਾਰ ਵੀ ਪਾਏਦਾਰ ਨਹੀਂ ਹੋ ਸਕਦੀ।"

ਪੰਜਾਬ ਵਿਚ ਅਜਿਹੇ ਵਿਚਾਰਾਂ ਦਾ ਮੋਢੀ ਉਦੋਂ ਦਾ ਲੈਫਟੀਨੈਂਟ ਗਵਰਨਰ ਸਰ ਮਾਈਕਲ ਉਡਵਾਇਰ ਸੀ, ਜਿਹੜਾ ਕਿ ਪੰਜਾਬ ਦੇ ਸਾਰੇ ਸਿਵਿਲ ਪ੍ਰਬੰਧ ਦਾ ਜ਼ੁੰਮੇਵਾਰ ਸੀ, ਜਿਸ ਨੇ 1913 ਵਿਚ ਆਪਣੇ ਔਹਦੇ ਦੀ ਵਾਗ ਡੋਰ ਸੰਭਾਲੀ ਅਤੇ ਮਈ 1919 ਤੀਕਰ ਉਹਨੇ ਪੰਜਾਬ ਵਿਚ ਚੰਮ ਦੀਆਂ ਚਲਾਈਆਂ। ਡੰਡੇ ਦੇ ਜ਼ੋਰ ਨਾਲ ਰਾਜ ਕਰਨ ਦੀ ਉਸ ਦੀ ਨੀਤੀ ਨੇ ਪੰਜਾਬ ਵਿਚਲੇ ਸਿਆਸਤਦਾਨਾਂ ਨਾਲ



Sri Satguru Jagjit Singh Ji eLibrary NamdhariElibrary@gmail.com

ਉਸ ਦੀ ਵਿਰੋਧਤਾ ਨੂੰ ਤਿੱਖਾ ਕੀਤਾ। ਉਸ ਨੇ ਸੂਬੇ ਦੇ ਸਿਆਸੀ ਹਾਲਾਤ ਦਾ ਸਹੀ ਨਿਰਣਾ ਕਰ ਕੇ ਸੁਚੱਜੇ ਸਟੇਟਸਮੈਨਾਂ ਵਾਲਾ ਪੈਂਤੜਾ ਅਪਣਾਉਣ ਦੀ ਬਜਾਏ ਤਾਨਾਸ਼ਾਹਾਂ ਵਾਲਾ ਰਸਤਾ ਅਖ਼ਤਿਆਰ ਕੀਤਾ।

ਲਾਹੌਰ ਤੋਂ ਨਿਕਲਣ ਵਾਲਾ ਅਖ਼ਬਾਰ 'ਇਨਕਲਾਬ' ਨੇ 20 ਫਰਵਰੀ 1919 ਨੂੰ ਇਹ ਲਿਖਿਆ —

"ਉਡਵਾਇਰ ਦੇ ਰਾਜ ਨੇ ਅਤਿਆਚਾਰਾਂ ਦੀਆਂ ਪੁਰਾਣੀਆਂ ਕਹਾਣੀਆਂ ਭੁਲਾ ਦਿੱਤੀਆਂ ਹਨ। ਇਸ ਦੀ ਸਭ ਤੋਂ ਵੱਡੀ ਪਰਾਪਤੀ ਇਹ ਹੈ ਕਿ ਉਸ ਨੇ ਲੋਕਾਂ ਨੂੰ ਉਹਨਾਂ ਦੇ ਕੌਮੀ ਜੀਵਨ ਤੋਂ ਲਗਪਗ ਵਾਂਝਿਆਂ ਕਰ ਦਿੱਤਾ ਹੈ। ਸ਼ਾਇਦ ਇਹ ਹੀ ਕਾਰਣ ਸੀ ਕਿ ਕੌਮੀ ਪ੍ਰੈਸ ਨੇ ਉਸ ਨੂੰ ਨਾਦਰਸ਼ਾਹ ਨਾਲ ਤਸ਼ਬੀਹ ਦਿੱਤੀ।"

ਸਰ ਮਾਈਕਲ ਉਡਵਾਇਰ, ਆਇਰਲੈਂਡ ਦੀ ਕਾਉਂਟੀ ਟਿਪਰੈਰੀ ਦੇ ਇਕ ਪਿੰਡ ਦਾ ਜੰਮਪਲ ਜਨਰਲ ਸੀ। ਇਸ ਦੇ ਪਰਿਵਾਰ ਕੋਲ ਕੋਈ 500 ਏਕੜ ਜ਼ਮੀਨ ਸੀ। ਇਸ ਦਾ ਪਰਿਵਾਰ ਉਸ ਖ਼ਾਨਦਾਨ ਨਾਲ ਸਬੰਧਤ ਸੀ, ਜੋ "ਮਹਾਨ ਬਗ਼ਾਵਤ ਵਿਚ ਪਾਰਲੀਮੈਂਟ ਦੇ ਵਿਰੁਧ ਬਾਦਸ਼ਾਹ ਦੇ ਹੱਕ ਵਿਚ ਲੜਿਆ।"

ਸ਼ਾਹ ਪਰਿਵਾਰ ਹੋਣ ਦੇ ਨਾਤੇ ਉਸ ਦੇ ਦਿਲ ਵਿਚ ਆਇਰਲੈਂਡ ਦੀ ਕੌਮੀ ਆਜ਼ਾਦੀ ਦੀ ਲਹਿਰ ਵਿਰੁਧ ਵੀ ਉੱਨੀ ਹੀ ਘਿਰਨਾ ਸੀ, ਜਿੰਨੀ ਹਿੰਦੁਸਤਾਨ ਦੀ ਕੌਮੀ ਆਜ਼ਾਦੀ ਦੀ ਲਹਿਰ ਨਾਲ। ਉਹ ਆਪ ਲਿਖਦਾ ਹੈ —

"ਮਿਸਿਜ਼ ਬੇਸੈਂਟ ਦੀ ਹਿੰਦ ਵਿਚ ਹੋਮ ਰੂਲ ਲਹਿਰ, ਜਿਹੜੀ ਕਿ ਪਿੱਛੋਂ ਅਤਿਵਾਦੀਆਂ ਅਪਣਾਈ ਅਤੇ ਫੈਲਾਈ. ਆਇਰਲੈਂਡ ਵਿਚਲੇ ਈਸਟਰ ਮੰਡੇ ਦੀ ਬਗ਼ਾਵਤ ਦੇ ਛੇਤੀ ਬਾਅਦ ਹੀ 1916 ਵਿਚ ਸ਼ੁਰੂ ਹੋ ਗਈ।" ਉਹ ਭਾਰਤ ਦੀ ਆਜ਼ਾਦੀ ਦੀ ਲਹਿਰ ਨੂੰ ਕਦੇ ਆਇਰਿਸ਼ ਹੋਮ ਰੂਲ ਦੀ ਲਹਿਰ ਨਾਲ ਜੋੜਦਾ ਸੀ ਅਤੇ ਕਦੀ ਬਾਲਸ਼ਵਿਕਾਂ ਨਾਲ।

ਉਹ ਬਚਪਨ ਤੋਂ ਹੀ ਸ਼ਿਕਾਰੀਆਂ ਦੇ ਮਾਹੌਲ ਵਿਚ ਪਲਿਆ ਸੀ, ਅਤੇ ਸ਼ਾਇਦ ਇਸ ਗੱਲ ਵਿਚ ਵਿਸ਼ਵਾਸ ਵੀ ਰੱਖਦਾ ਸੀ ਕਿ ਜੇ ਤੁਸੀਂ ਖੂੰਖਾਰ ਬਘਿਆੜਾਂ ਨੂੰ ਵੰਗਾਰਨਾ ਹੈ, ਤਾਂ ਬੰਦੂਕ ਦੇ ਘੋੜੇ ਤੇ ਹੱਥ ਰਖੋ, ਵਰਨਾ ਤੁਸੀਂ ਹੈ ਨਹੀਂ।

ਇਹੋ ਰਵੱਈਆ ਉਸ ਨੇ ਆਪਣੇ ਔਹਦੇ ਦੇ ਦੌਰਾਨ ਅਖ਼ਤਿਆਰ ਕੀਤਾ। ਉਸ ਨੇ ਉਹਨਾਂ ਨੂੰ ਜੋ ਅੰਨ੍ਹੇਵਾਹ ਉਸ ਦੇ ਵਿਚਾਰਾਂ ਦੀ ਤਕਲੀਦ ਕਰਦੇ ਸਨ, ਰੱਜ ਕੇ ਨਿਵਾਜਿਆ, ਪਰ ਆਪਣੇ ਵਿਰੋਧੀਆਂ ਨੂੰ ਹਰ ਤਰੀਕੇ ਨਾਲ ਤੰਗ ਕਰਨ ਅਤੇ ਕੁਚਲ ਦੇਣ ਤੀਕਣ ਗਿਆ।

ਜਨਵਰੀ 1918 ਵਿਚ ਬਰਤਾਨੀਆਂ ਦਾ ਵਜ਼ੀਰ ਹਿੰਦ, ਮਿਸਟਰ ਮਾਨਟੇਗੋ, ਜਦ ਹਿੰਦੁਸਤਾਨ ਵਿਚ ਹਾਲਾਤ ਦਾ ਜਾਇਜ਼ਾ ਲੈਣ ਗਿਆ ਤਾਂ ਉਹ ਇਸ ਨੂੰ ਵੀ ਮਿਲਿਆ। ਉਹਨੇ ਆਪਣੀ ਡਾਇਰੀ ਵਿਚ ਲਿਖਿਆ ਹੈ:

"ਫਿਰ ਮੈਂ ਉਡਵਾਇਰ ਨੂੰ ਮਿਲਿਆ, ਜਿਹੜਾ ਕਿ ਹਰ ਚੀਜ਼ ਦੀ ਹਾਲੇ ਵੀ ਵਿਰੋਧਤਾ ਕਰ ਰਿਹਾ ਸੀ, ਜਿਵੇਂ ਕਿ ਉਸ ਦਾ ਮੈਮੋਰੈਂਡਮ ਦੱਸ ਰਿਹਾ ਹੈ। ਉਸ ਨੇ ਆਪਣੇ ਆਪ ਨੂੰ ਪਿਛਾਂਹਖਿੱਚੂ ਸ਼ਕਤੀਆਂ ਦੇ ਚੌਧਰੀ ਦੀ ਪੁਜ਼ੀਸ਼ਨ ਵਿਚ ਰੱਖਣ ਦਾ



Sri Satguru Jagjit Singh Ji eLibrary NamdhariElibrary@gmail.com

ਦ੍ਰਿੜ੍ਹ ਇਰਾਦਾ ਕੀਤਾ ਹੋਇਆ ਹੈ ਅਤੇ ਸਖ਼ਤ ਹੱਥਾਂ ਨਾਲ ਰਾਜ ਕਰਨ ਦੇ ਯਤਨ ਕਰ ਰਿਹਾ ਹੈ ।

"ਫਿਰ ਮੈਂ ਸਰ ਮਾਈਕਲ ਨਾਲ ਗੱਲ ਕੀਤੀ । ਉਹ ਇਕ ਛੋਟਾ ਜਿਹਾ ਅਤੇ ਅੜਬ ਆਇਰਿਸ਼ ਹੈ, ਜਿਹੜਾ ਗੱਲ ਦੀ ਖ਼ੂਬ ਮਾਅਰਕੇ ਨਾਲ ਵਿਆਖਿਆ ਕਰਦਾ ਹੈ ।"

ਸਰ ਮਾਈਕਲ ਉਡਵਾਇਰ ਚੂੰਕਿ ਆਪ ਇਕ ਜਾਗੀਰਦਾਰ ਸ਼੍ਰੇਣੀ ਨਾਲ ਸਬੰਧ ਰੱਖਦਾ ਸੀ, ਇਸ ਲਈ ਪੰਜਾਬ ਵਿਚ ਲੈਫਟੀਨੈਂਟ ਗਵਰਨਰ ਬਣਨ ਤੋਂ ਪਹਿਲਾਂ ਜਦ ਉਹ ਜ਼ਿਲ੍ਹਾ ਸ਼ਾਹ ਪੁਰ ਵਿਚ ਲੈਂਡ ਸੈਟਲਮੈਂਟ ਅਫਸਰ ਰਿਹਾ, ਉਸ ਨੇ ਇਸੇ ਤਬਕੇ ਨਾਲ ਆਪਣੇ ਸਬੰਧ ਪੱਕੇ ਕੀਤੇ, ਜੋ ਲੈਫਟੀਨੈਂਟ ਗਵਰਨਰ ਬਣਨ ਵੇਲੇ ਸੂਬਾਈ ਪੱਧਰ ਤੇ ਪਹੁੰਚ ਗਏ ।

ਇਹਨਾਂ ਵਿਚ ਮਜੀਠੀਏ ਤੇ ਸੰਧਾਵਾਲੀਏ, ਟਿਵਾਣੇ ਤੇ ਕਜ਼ਲਬਾਸ਼ ਅਤੇ ਰਾਏ ਬਹਾਦਰ ਅਮਰਨਾਥ ਅਤੇ ਰਾਜਾ ਨਰਿੰਦਰ ਨਾਥ ਅਤੇ ਹੋਰ ਅਨੇਕਾਂ ਪਿਛਾਂਹਖਿੱਚੂ ਅਤੇ ਅੰਗਰੇਜ਼-ਪ੍ਰਸਤ ਅਨਸਰ ਸ਼ਾਮਲ ਸਨ, ਜਿਹਨਾਂ ਨੂੰ ਉਸ ਨੇ ਪੰਜਾਬ ਦੀ ਜ਼ਰਈ ਬਹੁ-ਗਿਣਤੀ ਦੇ ਪ੍ਰਤੀਨਿਧਾਂ ਦੇ ਰੂਪ ਵਿਚ ਪੇਸ਼ ਕੀਤਾ, ਅਤੇ ਉਹਨਾਂ ਦੀਆਂ ਸੇਵਾਵਾਂ ਨੂੰ ਆਜ਼ਾਦੀ ਦੀ ਲਹਿਰ ਵਿਰੁਧ ਅੰਗਰੇਜ਼ੀ ਸਾਮਰਾਜ ਦੀ ਚਾਕਰੀ ਲਈ ਵਰਤਿਆ ।

ਸਰ ਮਾਈਕਲ ਉਡਵਾਇਰ ਤੋਂ ਪਹਿਲਾਂ ਪੰਜਾਬ ਦਾ ਲੈਫਟੀਨੈਂਟ ਗਵਰਨਰ ਸਰ ਲੂਈ ਡੇਨ ਸੀ, ਜਿਹੜਾ ਕਿ ਉਸ ਦੇ ਸੁਭਾ ਤੋਂ ਬਿਲਕੁਲ ਵੱਖਰਾ ਸੀ । ਇਸੇ ਲਈ ਇਸ ਨੂੰ ਜਾਣ ਬੁਝ ਕੇ ਉਦੋਂ ਦੇ ਵਾਇਸਰਾਏ ਨੇ ਪੰਜਾਬ ਲਈ ਚੁਣਿਆ ਸੀ ਕਿਉਂਕਿ ਉਹ ਜਾਣਦਾ ਸੀ :

"ਕਿ ਲੈਫਟੀਨੈਂਟ ਗਵਰਨਰ ਇੰਡੀਆ ਸਿਵਲ ਸਰਵਿਸ ਦੇ ਉਸ ਸਕੂਲ ਨਾਲ ਸਬੰਧ ਰੱਖਦਾ ਸੀ ਜੋ ਇਸ ਵਿਚ ਵਿਸ਼ਵਾਸ ਰੱਖਦੇ ਸਨ ਕਿ ਚਿੱਟੇ ਲੋਕਾਂ ਦਾ ਮਿਸ਼ਨ ਭਾਰਤ ਦੇ ਅਸੀਮਤ ਸੋਮਿਆਂ ਦੀ ਲੁੱਟ ਘਸੁੱਟ ਕਰਨਾ ਹੈ, ਸਵਦੇਸ਼ੀ ਲਹਿਰ ਨੂੰ ਕੁਚਲਣਾ ਹੈ ਅਤੇ ਭਾਰਤ ਉੱਤੇ ਬਰਤਾਨੀਆ ਦੀ ਆਰਥਿਕ ਅਤੇ ਰਾਜਨੀਤਕ ਜਕੜ ਨੂੰ ਮਜ਼ਬੂਤ ਕਰਨਾ ਹੈ (ਜੇ ਲੋੜ ਪਵੇ ਤਾਂ ਤਾਕਤ ਨਾਲ ਵੀ) ।"

ਅਤੇ ਸਰ ਮਾਈਕਲ ਉਡਵਾਇਰ ਆਪ ਵੀ ਇਸ ਗੱਲ ਨੂੰ ਭਲੀ ਭਾਂਤ ਜਾਣਦਾ ਸੀ ਕਿ ਪੰਜਾਬ ਵਧੀਆ ਲੜਾਕੂ ਨਸਲਾਂ ਦਾ ਘਰ ਹੈ ਅਤੇ ਬਾਕੀ ਸਾਰੇ ਹਿੰਦੁਸਤਾਨ ਤੋਂ ਵਧ ਲੜਾਕੂ ਮੁਹੱਈਆ ਕਰਦਾ ਹੈ ।

ਉਹ ਲੜਾਕੂ ਜਿਹੜੇ ਕਿ ਅੰਗਰੇਜ਼ੀ ਫੌਜਾਂ ਵਿਚ ਭਰਤੀ ਹੋ ਕੇ ਬਰਾਈਟਨ ਤੋਂ ਲੈ ਕੇ ਬਸਰੇ ਤੀਕਰ ਅੰਗਰੇਜ਼ੀ ਸਲਤਨਤ ਨੂੰ ਬਠਾਉਣ ਲਈ ਆਪਣੀਆਂ ਜਾਨਾਂ ਦਿੰਦੇ ਰਹੇ ।

ਉਹ ਨਹੀਂ ਸੀ ਚਾਹੁੰਦਾ ਕਿ ਪੰਜਾਬ ਦੇ ਬਹਾਦਰ ਲੋਕਾਂ ਵਿਚ ਆਜ਼ਾਦੀ ਦੀ ਚੇਤਨਤਾ ਦਾ ਵਿਕਾਸ ਹੋ ਸਕੇ । ਉਸ ਦੇ ਆਪਣੇ ਕਹਿਣ ਮੁਤਾਬਿਕ :

"ਅਸੀਂ ਜੰਗ ਦੇ ਦਰਮਿਆਨ ਸਾਂ, ਤਸ਼ੱਦਦ ਭਰੀ ਲਹਿਰ ਸੂਬੇ ਵਿਚ ਤਬਾਹਕੁਨ ਨਤੀਜੇ ਪੈਦਾ ਕਰ ਸਕਦੀ ਸੀ ।"



Sri Satguru Jagjit Singh Ji eLibrary NamdhariElibrary@gmail.com

ਉਹ ਸਾਫ ਕਹਿੰਦਾ ਸੀ :

"ਜੇ ਉਸ ਦੇ ਇਲਾਕੇ ਵਿਚ ਅਮਨ ਹੈ, ਜੇ ਉਸ ਦੇ ਪਿਆਰੇ ਕਿਸਾਨਾਂ (ਟਿਵਾਣੇ ਤੇ ਮਜੀਠੀਏ ਵਰਗੇ) ਦੇ ਢਿੱਡ ਭਰੇ ਹੋਏ ਹਨ, ਅਤੇ ਜੇ ਲਗਾਨ ਦਾ ਦਰ ਥੋੜ੍ਹਾ ਹੈ, ਤਦ ਉਹਦੇ ਲਈ ਇਹ ਤਸੱਵਰ ਕਰਨਾ ਬੜਾ ਮੁਸ਼ਕਿਲ ਹੈ ਕਿ ਲੋਕ ਕਿਉਂ ਆਜ਼ਾਦੀ ਦੇ ਵਿਸ਼ੇ ਤੇ ਗੱਲ ਕਰਨੀ ਚਾਹੁੰਦੇ ਹਨ।"

ਉਹ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦਾ ਹੈ : "ਮੇਰੇ ਵਿਚਾਰਾਂ ਅਨੁਸਾਰ ਗਾਂਧੀ ਦਾ ਸਿੱਧਾਂਤ, ਤਾਲਸਤਾਏ ਦੇ ਸਿੱਧਾਂਤ ਦੇ ਬਰਾਬਰ ਹੈ। ਤਾਲਸਤਾਏ ਦਾ ਸਿੱਧਾਂਤ ਅੰਤ ਵਿਚ ਬਾਲਸ਼ਵਿਜ਼ਮ ਵਲ ਨੂੰ ਲੈ ਗਿਆ ਹੈ, ਅਤੇ ਗਾਂਧੀ ਦਾ ਸਿੱਧਾਂਤ ਵੀ ਜੇ ਉਸੇ ਢੰਗ ਨਾਲ ਅਪਣਾਇਆ ਗਿਆ, ਤਾਂ ਉਹੀ ਸਿੱਟੇ ਕੱਢੇਗਾ, ਜਿਹੜੇ ਰੂਸ ਵਿਚ ਨਿਕਲੇ ਹਨ।

"ਜਦੋਂ ਮੈਂ ਰੂਸ ਵਿਚ ਸਾਂ, ਤਾਲਸਤਾਏ ਦਾ ਸਿੱਧਾਂਤ ਆਪਣਾ ਪ੍ਰਭਾਵ ਵਧਾ ਰਿਹਾ ਸੀ। ਮੈਂ ਇਸ ਬਾਰੇ ਕਈ ਰੂਸੀ ਬੁਧੀਜੀਵੀਆਂ ਨਾਲ ਵਿਚਾਰ ਵਟਾਂਦਰਾ ਕੀਤਾ ਸੀ। ਜਿਹੜੇ ਕਿ ਇਕ-ਪੁਰਖੀ ਰਾਜ ਦੀ ਤਾਕਤ ਦਾ ਅੰਤ ਕਰਨ ਲਈ ਇਸ ਨੂੰ ਅਪਣਾ ਰਹੇ ਸਨ। ਮੈਂ ਉਹਨਾਂ ਨੂੰ ਕਿਹਾ ਸੀ :

"ਤੁਹਾਨੂੰ ਨਹੀਂ ਪਤਾ ਕਿ ਤੁਸੀਂ ਕਿਹੜੀਆਂ ਤਾਕਤਾਂ ਦੀ ਜ਼ੰਜੀਰ ਲਾਹ ਰਹੇ ਹੋ। ਤਾਲਸਤਾਏ ਦੇ ਸਿੱਧਾਂਤ ਦਾ ਅੰਤ ਬੁਧੀਜੀਵੀਆਂ ਦੀ ਅਣਹੋਂਦ ਅਤੇ ਆਮ ਲੋਕਾਂ ਦੇ ਹਾਲਾਤ ਦੇ ਸੁਆਮੀ ਹੋਣ ਦੀ ਸ਼ਕਲ ਵਿਚ ਹੋਇਆ। ਜੇ ਗਾਂਧੀ ਦਾ ਸਿੱਧਾਂਤ ਅਪਣਾ ਲਿਆ ਗਿਆ ਤਾਂ ਬੁਧੀਜੀਵੀ ਵੀ ਨਹੀਂ ਰਹਿਣਗੇ, ਤੇ ਸਰਕਾਰ ਵੀ ਨਹੀਂ ਰਹੇਗੀ।"

ਉਸ ਦੇ ਵਿਚਾਰ ਇਸ ਗੱਲ ਦਾ ਪ੍ਰਗਟਾਵਾ ਕਰਦੇ ਹਨ ਕਿ ਉਹ ਆਮ ਲੋਕਾਂ ਨੂੰ ਹਾਲਾਤ ਦੇ ਸੁਆਮੀ ਬਣਨ ਦੇਣ ਤੋਂ ਡਰਦਾ ਸੀ ਅਤੇ ਉਸ ਸ਼ਕਤੀ ਦੀ ਪ੍ਰਤੀਨਿਧਤਾ ਕਰਦਾ ਸੀ, ਜਿਹੜੀਆਂ ਸ਼ਕਤੀਆਂ ਉੱਤੇ ਤਾਨਾਸ਼ਾਹ ਤੇ ਜੇਤੂ, ਲੋਕਾਂ ਨੂੰ ਆਪਣੇ ਜੂਲੇ ਥੱਲੇ ਰੱਖਣ ਲਈ ਨਿਰਭਰ ਕਰਦੇ ਹਨ। ਸੰਖੇਪ ਤੌਰ ਤੇ ਉਹਨੇ ਆਪਣੇ ਅਹਿਦ ਵਿਚ ਲੋਕਾਂ ਨਾਲ ਕੀਤੇ ਗਏ ਸਭ ਅਤਿਆਚਾਰਾਂ ਤੇ ਅਨਿਆਂ ਨੂੰ ਹੱਕ ਬਜਾਨਬ ਠਹਿਰਾਇਆ ਤੇ ਉਸ ਉੱਤੇ ਹੰਕਾਰ ਦਾ ਪ੍ਰਗਟਾ ਕੀਤਾ। ਜਿਵੇਂ ਕਿ ਉਹ ਜਲ੍ਹਿਆਂ ਵਾਲੇ ਬਾਗ ਦੇ ਹਾਦਸੇ ਬਾਰੇ ਲਿਖਦਾ ਹੈ --

"ਮੈਨੂੰ ਇਹ ਜਾਣ ਕੇ ਸ਼ਾਂਤੀ ਹੋਈ ਕਿ ਅੰਮ੍ਰਿਤਸਰ ਜਿਹੜਾ ਕਿ ਬਗਾਵਤ ਦਾ ਗੜ੍ਹ ਸੀ, ਵਿਚ ਹਾਲਾਤ ਪੂਰੇ ਕਾਬੂ ਵਿਚ ਸਨ ਅਤੇ ਇਹ ਸੁਣ ਕੇ ਵੀ ਕਿ ਉਸ ਨੇ ਹਿੰਦੁਸਤਾਨੀ ਫੌਜੀ ਇਸਤੇਮਾਲ ਕੀਤੇ ਅਤੇ ਉਸ ਨਾਲ ਦੋ ਬ੍ਰਿਟਿਸ਼ ਪੁਲਸ ਅਫਸਰ ਵੀ ਸਨ, ਉਹਨਾਂ ਨਾਲ ਸਲਾਹ ਮਸ਼ਵਰਾ ਕੀਤਾ ਗਿਆ ਜਾਂ ਨਹੀਂ, ਮੈਨੂੰ ਨਹੀਂ ਪਤਾ ਪਰ ਮੈਨੂੰ ਇਸ ਬਾਰੇ ਸਮੁੱਚੇ ਤੌਰ ਤੇ ਕੋਈ ਦਲੀਲ ਨਹੀਂ ਮਿਲੀ, ਕਿ ਮੈਂ ਉਸ ਦੇ (ਜਨਰਲ ਡਾਇਰ ਦੇ) ਕਾਰਨਾਮੇ ਦੀ ਸਵੀਕਾਰਤਾ ਕਿਉਂ ਰੋਕੀ ਰੱਖਾਂ।

"ਉਸ ਦਾ ਕਾਰਨਾਮਾ ਜਿਵੇਂ ਕਿ ਮੈਂ ਸਮਝਦਾ ਹਾਂ, ਉਸ ਨੇ ਲਹਿਰ ਨੂੰ ਉਹਨਾਂ ਦੇ ਗੱਲ ਵਿਚ ਹੀ ਕੁਚਲ ਕੇ ਰੱਖ ਦਿੱਤਾ।

"ਉਸ ਸਮੇਂ ਪੰਜਾਬ ਸਰਕਾਰ ਦੇ ਮੁਖੀ ਹੋਣ ਦੇ ਨਾਤੇ ਮੈਂ ਇਹੀ ਕਹਾਂਗਾ, ਕਿ



Sri Satguru Jagjit Singh Ji eLibrary NamdhariElibrary@gmail.com

ਜੇ ਜਨਰਲ ਡਾਇਰ ਤਾਕਤ ਦੇ ਨਾਲ ਇਕੱਠ ਨੂੰ ਨਾ ਖਿੰਡਾਉਂਦਾ, ਤਾਂ ਸਾਨੂੰ ਬਹੁਤ ਗੰਭੀਰ ਬਗਾਵਤ ਦੇ ਹਾਲਾਤ ਦਾ ਸਾਹਮਣਾ ਕਰਨਾ ਪੈਂਦਾ ।

"ਮੈਨੂੰ ਇਹ ਨਹੀਂ ਪਤਾ ਕਿ ਕੁਲ ਮੌਤਾਂ ਕਿੰਨੀਆਂ ਹੋਈਆਂ, ਪਰ ਇਹ ਜ਼ਰੂਰੀ ਸੀ, ਕਿ ਉਸ ਇਕੱਠ ਨੂੰ ਖਿੰਡਾਉਣ ਲਈ ਤਾਕਤ ਵਰਤੀ ਜਾਵੇ ।

"ਹੋਰ ਕੁਝ ਨਹੀਂ, ਸਿਰਫ਼ ਤਾਕਤ ਹੀ ਉਸ ਨੂੰ ਖਿੰਡਾਉਣ ਲਈ ਅਸਰ ਪਾ ਸਕਦੀ ਸੀ ।"

"ਇਹੀ ਮੇਰੀ ਰਾਏ ਹੈ ਅਤੇ ਮੇਰਾ ਖ਼ਿਆਲ ਹੈ, ਕਿ ਮੈਂ ਪੰਜਾਬ ਦੇ ਕਰੈਕਟਰ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ ।

"ਮੈਂ ਆਪ ਵੀ ਲਾਹੌਰ ਸ਼ਹਿਰ ਵਿਚ ਲੰਘਦਾ ਹੋਇਆ ਚੁਕੰਨਾ ਰਹਿੰਦਾ ਸਾਂ ਅਤੇ ਸਦਾ ਆਪਣੇ ਕੋਲ ਰੀਵਾਲਵਰ ਵੀ ਰੱਖਦਾ ਸਾਂ । 28 ਮਈ ਤੀਕਰ, ਜਦੋਂ ਮੈਂ ਇਹ ਸੂਬਾ ਛੱਡਿਆ, ਇਹ ਰੀਵਾਲਵਰ ਮੇਰੇ ਕੋਲ ਹੁੰਦਾ ਸੀ ।"

1919 ਵਿਚ ਜਲ੍ਹਿਆਂ ਵਾਲੇ ਬਾਗ ਵਿਚ ਬੇਗੁਨਾਹ ਤੇ ਨਿਹੱਥੇ ਲੋਕਾਂ ਨੂੰ ਜਿਸ ਜ਼ਾਲਮਾਨਾ ਤੇ ਬੇਦਰਦੀ ਨਾਲ ਕੋਹਿਆ ਗਿਆ, ਉਹ ਕਿਸੇ ਹੰਗਾਮੀ ਜਾਂ ਵਕਤੀ ਜਜ਼ਬੇ ਦਾ ਨਤੀਜਾ ਨਹੀਂ ਹੋ ਸਕਦਾ, ਨਾ ਹੀ ਜਨਰਲ ਡਾਇਰ ਦੇ ਫੌਰੀ ਤੌਰ ਤੇ ਲਏ ਫੈਸਲੇ ਦਾ । ਸਰ ਮਾਈਕਲ ਉਡਵਾਇਰ, ਜਿਸ ਪਾਲਿਸੀ ਤੇ 1913 ਤੋਂ ਲੈ ਕੇ ਅਮਲ ਕਰਦਾ ਚਲਿਆ ਆ ਰਿਹਾ ਸੀ, ਉਹ ਨਸਲੀ ਬਰਤਰੀ ਤੇ ਤਾਕਤ ਦੇ ਜ਼ੋਰ ਨਾਲ ਰਾਜ ਕਰਨ ਦੇ ਜਜ਼ਬੇ ਤੇ ਨਿਰਭਰ ਕਰਦੀ ਸੀ । ਉਹ ਕਿਸੇ ਸੁਨਹਿਰੀ ਮੌਕੇ ਦੀ ਤਲਾਸ਼ ਵਿਚ ਸੀ, ਜਦੋਂ ਹਿੰਦੁਸਤਾਨੀਆਂ ਨੂੰ ਸਬਕ ਸਿਖਾਇਆ ਜਾ ਸਕੇ ।

ਉਸ ਨੇ 7 ਅਪਰੈਲ ਨੂੰ ਪੰਜਾਬ ਲੈਜਿਸਲੇਟਿਵ ਅਸੈਂਬਲੀ ਵਿਚ ਜਲ੍ਹਿਆਂਵਾਲੇ ਬਾਗ ਦੀ ਦੁਰਘਟਨਾ ਤੋਂ 6 ਦਿਨ ਪਹਿਲਾਂ ਇਹ ਆਖਿਆ ਸੀ :

"ਇਸ ਸੂਬੇ ਦੀ ਸਰਕਾਰ ਜਿਸ ਨੇ ਜੰਗ ਦੇ ਦੌਰਾਨ ਵਿਚ, ਸਫਲਤਾ ਨਾਲ ਸੂਬੇ ਦੇ ਅਮਨ ਕਾਨੂੰਨ ਨੂੰ ਬਰਕਰਾਰ ਰੱਖਿਆ, ਇਹ ਦ੍ਰਿੜ੍ਹ ਇਰਾਦਾ ਕਰੀ ਬੈਠੀ ਹੈ ਕਿ ਇਸ ਨੂੰ ਅਮਨ ਦੇ ਸਮੇਂ ਵਿਚ ਵੀ ਕਾਇਮ ਰੱਖਿਆ ਜਾਵੇਗਾ ।...

"ਲਾਹੌਰ ਤੇ ਅੰਮ੍ਰਿਤਸਰ ਦੇ ਕੁਝ ਵਿਅਕਤੀਆਂ ਵਿਰੁਧ ਜਿਹਨਾਂ ਦਾ ਮੰਤਵ ਭਾਵੇਂ ਕੁਝ ਹੋਵੇ, ਉਹ ਸਰਕਾਰ ਵਿਰੁਧ ਲੋਕਾਂ ਦੇ ਭਾਵਾਂ ਨੂੰ ਉਭਾਰ ਰਹੇ ਸਨ, ਡੀਫੈਂਸ ਆਫ ਇੰਡੀਆ ਐਕਟ ਅਧੀਨ ਕਾਰਵਾਈ ਕੀਤੀ ਜਾ ਚੁੱਕੀ ਹੈ ।

"ਬਰਤਾਨਵੀ ਸਰਕਾਰ, ਜਿਹੜੀ ਕਿ ਵਿਦੇਸ਼ੀ ਦੁਸ਼ਮਣਾ ਨੂੰ ਕੁਚਲ ਸਕਦੀ ਹੈ ਅਤੇ ਅੰਦਰੂਨੀ ਬਗ਼ਾਵਤ ਦਬਾ ਸਕਦੀ ਹੈ, ਇਹਨਾਂ ਐਜੀਟੇਟਰਾਂ ਨਾਲ ਨਿਬੜ ਸਕਦੀ ਹੈ...।

"ਉਸ ਨੇ ਆਪਣੀ ਇਕ ਤਕਰੀਰ ਵਿਚ ਪ੍ਰੈਸ ਨੂੰ ਵੀ ਖਬਰਦਾਰ ਕੀਤਾ । ਉਸ ਨੇ ਇਕ ਕਹਾਣੀ ਸੁਣਾਈ । ਦੁਸ਼ਮਣ ਦੀ ਫੌਜ ਦੇ ਇਕ ਨਗਾਰਚੀ ਨੇ ਜੇਤੂ ਫੌਜ ਦੇ ਸਿਪਾਹੀ ਤੋਂ ਇਸ ਆਧਾਰ ਤੇ ਜਾਨ ਬਖਸ਼ਣ ਦੀ ਪ੍ਰਾਰਥਨਾ ਕੀਤੀ, ਕਿ ਉਹ ਤਾਂ ਲੜਾਕਾ ਨਹੀਂ ਸੀ । ਸਿਪਾਹੀ ਨੇ ਉਹ ਪ੍ਰਾਰਥਨਾ ਇਸ ਆਧਾਰ ਤੇ ਰੱਦ ਕਰ ਦਿੱਤੀ ਕਿ ਜੇ ਉਹ ਨਗਾਰਾ ਨਾ ਵਜਾਉਂਦਾ ਤਾਂ ਦੁਸ਼ਮਣ ਦੀ ਫੌਜ ਚੜ੍ਹਾਈ ਨਾ ਕਰਦੀ । ਨਤੀਜਾ ਸਾਫ ਹੈ ।



Sri Satguru Jagjit Singh Ji eLibrary NamdhariElibrary@gmail.com

"ਉਸ ਨੇ ਪੰਜਾਬ ਦੇ ਲੋਕਾਂ ਦੀ ਆਜ਼ਾਦੀ ਦੀ ਲਹਿਰ ਨੂੰ ਦੁਸ਼ਮਣ ਦੀ ਫੌਜ ਨਾਲ ਤਸ਼ਬੀਹ ਦਿੱਤੀ ਅਤੇ ਸਤਿਕਾਰ ਯੋਗ ਸਿਆਸੀ ਲੀਡਰ ਅਤੇ ਕੌਮੀ ਪ੍ਰੈਸ ਨੂੰ ਨਗਾਰਚੀਆਂ ਨਾਲ, ਆਪਣੇ ਆਪ ਨੂੰ ਜੇਤੂ ਫੌਜ ਨਾਲ।

ਉਸ ਨੇ ਇਹ ਵੀ ਆਖਿਆ, ਕਿ ਜਿਹਨਾਂ ਲੋਕਾਂ ਨੇ ਅਣਜਾਣ ਲੋਕਾਂ ਨੂੰ ਗੁੰਮਰਾਹ ਕੀਤਾ ਹੈ, ਉਹਨਾਂ ਦੇ ਹਿਸਾਬ ਦੇਣ ਦਾ ਵਕਤ ਵੀ ਆ ਗਿਆ ਹੈ।"

"ਉਸ ਦੀ ਇਸ ਤਕਰੀਰ ਦਾ ਫੌਰੀ ਨੋਟਿਸ ਲਿਆ ਗਿਆ। ਸੂਬੇ ਦੇ ਸਭ ਤੋਂ ਵੱਡੇ ਅੰਗਰੇਜ਼ੀ ਅਖ਼ਬਾਰ ਟ੍ਰਿਬਿਊਨ ਨੇ 10 ਅਪ੍ਰੈਲ ਨੂੰ ਜਿਸ ਵਿਚ ਉਸ ਦੀ ਤਕਰੀਰ ਛਾਪੀ, ਇਕ ਲੀਡਿੰਗ ਆਰਟੀਕਲ ਵੀ ਲਿਖਿਆ, ਜਿਸ ਵਿਚ ਉਸ ਨੇ ਸਰ ਮਾਈਕਲ ਨੂੰ ਇਸ ਸਿਆਣਪ ਰਹਿਤ ਅਤੇ ਸਟੇਟਸਮੈਨਸ਼ਿਪ ਤੋਂ ਕੋਰੀ ਤਕਰੀਰ ਤੇ ਝਾੜਿਆ। ਉਸ ਨੇ ਅੰਤ ਵਿਚ ਲਿਖਿਆ :

"ਜਿੱਥੋਂ ਤੀਕਰ ਉਸ ਭਾਸ਼ਾ ਦਾ ਸਬੰਧ ਹੈ, ਜਿਹੜੀ ਕਿ ਸਰ ਮਾਈਕਲ ਨੇ ਵਾਰ ਵਾਰ ਧਮਕੀਆਂ ਦੇਣ ਲਈ ਵਰਤੀ ਹੈ, ਅਸੀਂ ਸਿਰਫ ਇਹੋ ਸ਼ਬਦ ਕਹਿਣਾ ਚਾਹੁੰਦੇ ਹਾਂ। ਪਿਛਲੇ ਛੇਆਂ ਲੰਮੇ ਸਾਲਾਂ ਤੋਂ ਸ੍ਰੀਮਾਨ ਜੀ ਸਿਆਸੀ ਐਜੀਟੇਟਰਾਂ ਬਾਰੇ ਉਹ ਕੁਝ ਕਹਿਣੋਂ ਨਹੀਂ ਟਲੇ, ਜੋ ਉਹ ਉਹਨਾਂ ਤੋਂ ਆਸ ਰੱਖਦੇ ਹਨ, ਇਹੋ ਜਿਹੀਆਂ ਧਮਕੀਆਂ ਅਜਾਈਂ ਹਨ।"

ਨਾ ਸਿਰਫ ਪਬਲਿਕ ਤੌਰ ਤੇ ਸਗੋਂ ਨਿੱਜੀ ਮੁਲਾਕਾਤਾਂ ਵਿਚ ਵੀ ਉਹ ਆਪਣੇ ਇਸ ਰਵੱਈਏ ਦਾ ਪ੍ਰਗਟਾਵਾ ਕਰਨੋਂ ਨਹੀਂ ਸੀ ਝਿਜਕਦਾ। ਰੌਲਟ ਐਕਟ ਵਿਰੁਧ ਚਾਰ ਅਪਰੈਲ ਨੂੰ ਹੋਈ ਹੜਤਾਲ ਪਿੱਛੋਂ ਜਾਲੰਧਰ ਦੇ ਪ੍ਰਸਿੱਧ ਵਕੀਲ ਰਾਇਜ਼ਾਦਾ ਭਗਤ ਰਾਮ ਸਰ ਮਾਈਕਲ ਨੂੰ ਮਿਲੇ। ਰਾਇਜ਼ਾਦਾ ਨੇ ਉਹਨਾਂ ਨੂੰ ਦੱਸਿਆ :

ਜਲੰਧਰ ਵਿਚ ਮੁਕੰਮਲ ਹੜਤਾਲ ਹੋਈ। ਪਰ ਬਿਲਕੁਲ ਸ਼ਾਂਤ ਰਹੀ। ਇਸ ਦਾ ਕਾਰਣ ਮਹਾਤਮਾ ਗਾਂਧੀ ਦੀ ਰੂਹਾਨੀ ਤਾਕਤ ਸੀ।

ਸਰ ਮਾਈਕਲ ਨੇ ਆਖਿਆ, "ਰਾਇਜ਼ਾਦਾ ਸਾਹਿਬ ਇਹ ਵੀ ਯਾਦ ਰੱਖੋ, ਕਿ ਰੂਹਾਨੀ ਤਾਕਤ ਤੋਂ ਵੱਡੀ ਇਕ ਦੂਜੀ ਤਾਕਤ ਵੀ ਹੈ।"

ਪੰਜਾਬ ਦੇ ਇਹ ਲੈਫਟੀਨੈਂਟ ਗਵਰਨਰ ਇਸ ਖ਼ਿਆਲ ਦੇ ਹਾਮੀ ਸਨ ਕਿ ਸਖ਼ਤੀ ਅਤੇ ਤਸ਼ੱਦਦ ਤੇ ਅਮਲ ਕਰ ਕੇ ਹੀ ਸੂਰਤ ਹਾਲਾਤ ਤੇ ਕਾਬੂ ਪਾਇਆ ਜਾ ਸਕਦਾ ਹੈ। ਸਿਆਸੀ ਸੁਧਾਰਾਂ ਦੀ ਮੰਗ, ਪੜ੍ਹੇ ਲਿਖੇ ਤਬਕੇ ਅਤੇ ਲੋਕਾਂ ਦੀਆਂ ਖ਼ਾਹਸ਼ਾਂ ਅਤੇ ਉਮੀਦਾਂ ਦੇ ਬਾਰੇ ਇਹਨਾਂ ਦੇ ਦਿਲਾਂ ਵਿਚ ਜੋ ਨਫਰਤ ਸੀ, ਉਹ ਕੋਈ ਲੁਕੀ ਛਿਪੀ ਗੱਲ ਨਹੀਂ ਸੀ।

ਸਰ ਮਾਈਕਲ ਉਡਵਾਇਰ ਦੇ ਅਜਿਹੇ ਵਤੀਰੇ ਅਤੇ ਰਾਜ ਪ੍ਰਬੰਧ ਦੀ ਵਿਧੀ ਦੇ ਢੰਗਾਂ ਕਾਰਣ ਉਸ ਸਮੇਂ ਦੇ ਪੰਜਾਬ ਦੇ ਹਾਲਾਤ ਦਾ ਨਿਰਨਾ ਕਰਦੇ ਹੋਏ ਕਲਕੱਤਾ ਕਾਂਗਰਸ ਦੇ ਪ੍ਰਧਾਨ ਲਾਲਾ ਲਾਜਪਤ ਰਾਏ ਨੇ ਇਹ ਕਿਹਾ ਸੀ :

"ਇਕ ਵਿਅਕਤੀ ਜਿਹੜਾ ਕਿ ਪੰਜਾਬ ਵਿਚਲੀਆਂ ਦੁਖਾਂਤਕ ਘਟਨਾਵਾਂ ਦਾ ਮੁਖੀ ਤੌਰ ਤੇ ਜ਼ੁੰਮੇਵਾਰ ਹੈ 'ਜਿਸ ਦੀ ਆਮ ਪਾਲਿਸੀ ਨੇ ਇਹ ਵਾਤਾਵਰਨ ਉਤਪੰਨ ਕੀਤਾ, ਜਿਸ ਨਾਲ ਇਹ ਸੰਭਵ ਹੋ ਸਕਿਆ ਕਿ ਜਨਰਲ ਡਾਇਰ, ਬਾਸਵਰਥ ਸਮਿਥ,



Sri Satguru Jagjit Singh Ji eLibrary NamdhariElibrary@gmail.com

ਬਰਾਇਨ, ਡਾਟਨ, ਫਰੈਂਕ ਜਾਨਸਨ ਤੇ ਹੋਰ ਛੋਟੇ ਛੋਟੇ ਸੂਰਮੇ ਪੰਜਾਬ ਵਿਚ ਮਾਰਸ਼ਲ ਲਾ ਲਾਗੂ ਹੋਣ ਦੇ ਪਹਿਲੇ ਪੰਜਾਂ ਦਿਨਾਂ ਵਿਚ ਅਤੇ ਫਿਰ 1919 ਦੀ ਸਾਰੀ ਬਸੰਤ ਰੁੱਤ ਵਿਚ ਨਾ ਕਹੇ ਜਾਣ ਵਾਲੇ ਅਤਿਆਰਾਂ, ਜਿਸ ਦੇ ਉਹ ਦੋਸ਼ੀ ਸਿੱਧ ਹੋ ਚੁੱਕੇ ਹਨ, ਗੁਜ਼ਾਰਦੇ ਰਹੇ, ਉਹ ਸਰ ਮਾਈਕਲ ਉਡਵਾਇਰ ਹੈ।''

ਉਸ ਘੜੀ ਤੋਂ ਹੀ ਜਦੋਂ ਤੋਂ ਉਸ ਨੇ ਸੂਬੇ ਦੀ ਵਾਗ ਡੋਰ ਸੰਭਾਲੀ, ਉਸ ਨੇ ਆਪਣੇ ਰਾਜ ਕਰਨ ਦਾ ਅਜਿਹਾ ਅਸੂਲ ਬਣਾ ਲਿਆ, ਜਿਹੜਾ ਕਿ ਡਿਕਟੇਟਰਾਂ ਦਾ ਹੁੰਦਾ ਹੈ। ਪੂਰੇ ਛੇ ਸਾਲ ਉਹ ਪੰਜਾਬ ਵਿਚ ਰਿਹਾ, ਉਸ ਨੇ ਹਰ ਮਨਮਾਨੀ ਕੀਤੀ ਅਤੇ ਸ਼ਹੀਦਾਂ ਦੇ ਖੂਨ ਨਾਲ ਹੱਥ ਰੰਗਣ ਦੀ ਨੀਤੀ ਤੇ ਅਮਲ ਕੀਤਾ। ਉਹ ਹਰ ਸਕੀਮ ਪੂਰੇ ਧਿਆਨ ਨਾਲ ਤਿਆਰ ਕਰਦਾ, ਅਤੇ ਆਪਣੇ ਅੰਗਰੇਜ਼ੀ ਤੇ ਦੇਸੀ ਪਿੱਠੂਆਂ ਵਿਚ ਉਹਨਾਂ ਦੇ ਜ਼ੁੰਮੇ ਲਾਉਂਦਾ, ਜਿਹੜੇ ਸਰਕਾਰ ਦੇ ਮੁਖੀ ਦੀਆਂ ਖਾਹਸ਼ਾਂ ਦਾ ਚੰਗੀ ਤਰ੍ਹਾਂ ਪਾਲਨ ਕਰਨ। ਜੇ ਕੋਈ ਉਸ ਦੇ ਕੰਮ ਵਿਚ ਦਖਲ ਦਿੰਦਾ, ਕਿਸੇ ਤਰਮੀਮ ਦੀ ਜੁਰੱਅਤ ਕਰਦਾ, ਉਹਨੂੰ ਫੌਰੀ ਤੌਰ ਤੇ ਬਦਲ ਦਿੱਤਾ ਜਾਂਦਾ।

ਅਖਲਾਕੀ ਤੌਰ ਤੇ ਤਾਂ ਕੀ ਗ਼ੌਰ ਕਰਨਾ ਸੀ, ਕਾਨੂੰਨੀ ਤੌਰ ਤੇ ਵੀ ਕੋਈ ਗ਼ੌਰ ਨਾ ਕੀਤਾ ਜਾਂਦਾ। ਇਥੋਂ ਤਕ ਕਿ ਉਸ ਨਾਲ ਸਹਿਮਤੀ ਨਾ ਰੱਖਣ ਵਾਲੇ ਅੰਗਰੇਜ਼ ਸਿਵਲ ਸਰਵੈਂਟ ਵੀ ਗੁੱਠੇ ਲਾ ਦਿੱਤੇ ਜਾਂਦੇ।

ਉਸ ਨੇ ਹਿੰਦੂਆਂ ਤੇ ਮੁਸਲਮਾਨਾਂ ਤੇ ਸਿੱਖਾਂ ਨੂੰ ਪਾੜਨ ਦਾ ਯਤਨ ਕੀਤਾ। ''ਉਹ ਪਾੜੋ ਤੇ ਰਾਜ ਕਰੋ'' ਦੀ ਨੀਤੀ ਤੇ ਚੱਲਿਆ :

ਉਸ ਨੇ ਸੂਬੇ ਵਿਚ ਪੜ੍ਹੇ ਲਿਖੇ ਤੇ ਮਾਰਸ਼ਲ ਕੌਮਾਂ, ਪੇਂਡੂ ਤੇ ਸ਼ਹਿਰੀ ਮੁਫਾਦ ਆਦਿ ਦੀ ਬਨਾਵਟੀ ਤੇ ਸ਼ਰਾਰਤ ਭਰੀ ਖਾਈ ਅਤੇ ਗ਼ੈਰ ਸਿਹਤਮੰਦ ਈਰਖਾ ਉਪਜਾਣ ਦਾ ਯਤਨ ਕੀਤਾ।

ਉਸ ਨੇ ਜੰਗ ਦੇ ਦੌਰਾਨ ਭਰਤੀ ਕਰਨ ਲਈ ਹਰ ਜਾਇਜ਼ ਨਾਜਾਇਜ਼ ਤਰੀਕਾ ਅਖਤਿਆਰ ਕੀਤਾ। ਇਸੇ ਤਰ੍ਹਾਂ ਵਾਰ ਫੰਡ ਦੀ ਉਗਰਾਹੀ ਵਿਚ, ਉਸ ਨੇ ਵਾਰ ਫੰਡ ਤੇ ਕਰਜ਼ੇ ਦੀ ਉਗਰਾਹੀ ਵਿਚ ਜਿਹੜੀਆਂ ਵਧੀਕੀਆਂ ਹੋਈਆਂ, ਉਹਨਾਂ ਨੂੰ ਅੱਖੋਂ ਪਰੋਖੇ ਕੀਤਾ ਅਤੇ ਹੇਠਲਿਆਂ ਦੀ ਰਿਸ਼ਵਤਖੋਰੀ ਅਤੇ ਕੁਰਪਸ਼ਨ ਨੂੰ ਉਤਸ਼ਾਹ ਦਿੱਤਾ।

ਉਸ ਨੇ ਕਾਨੂੰਨੀ ਢੰਗਾਂ ਤੇ ਉਸ ਤੇ ਅਮਲ ਨੂੰ ਬਿਲਕੁਲ ਛਿੱਕੇ ਟੰਗ ਕੇ ਵਿਰੋਧੀਆਂ ਨੂੰ ਕੁਚਲਣ ਦਾ ਰਾਹ ਅਖਤਿਆਰ ਕੀਤਾ। ਜਿਹਨਾਂ ਲੋਕਾਂ ਨੇ ਉਹਦੀ ਦਮਨ ਨੀਤੀ, ਅੱਗੇ ਗੋਡੇ ਟੇਕਣ ਤੋਂ ਨਾਂਹ ਕੀਤੀ ਅਤੇ ਰਤਾ ਭਰ ਵੀ ਆਜ਼ਾਦੀ ਭਰੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ, ਉਹਨਾਂ ਨੂੰ ਤਬਾਹ ਕਰਨ ਲਈ ਪੂਰਾ ਯਤਨ ਕੀਤਾ।

ਉਸ ਨੇ ਹਿੰਦ ਸਰਕਾਰ ਨੂੰ ਗੁਮਰਾਹ ਕੀਤਾ, ਕਿ ਪੰਜਾਬ ਵਿਚ ਮਾਰਸ਼ਲ ਲਾ ਦੀ ਲੋੜ ਹੈ, ਅਤੇ ਸਾਧਾਰਣ ਲੋਕਾਂ ਨੂੰ ਵੀ ਸਪੈਸ਼ਲ ਆਰਡੀਨੈਂਸਾਂ ਕਾਰਣ ਕਾਨੂੰਨੀ ਰੱਖਿਆ ਤੋਂ ਵਾਂਝੇ ਕੀਤਾ।

ਉਸ ਦੇ ਰਵੱਈਏ ਦੇ ਅਫਸਰਾਂ ਨੇ ਸਿਰਫ ਉਸ ਨੂੰ ਖ਼ੁਸ਼ ਕਰਨ ਲਈ ਵਧ ਤੋਂ ਵਧ ਲੋਕਾਂ ਤੇ ਅਤਿਆਚਾਰ ਕੀਤੇ। ਉਹਨਾਂ ਪ੍ਰਤੀ ਬੇਇੱਜ਼ਤੀ ਭਰਿਆ ਵਤੀਰਾ ਅਖਤਿਆਰ ਕੀਤਾ।



Sri Satguru Jagjit Singh Ji eLibrary NamdhariElibrary@gmail.com

ਜਲ੍ਹਿਆਂ ਵਾਲੇ ਬਾਗ ਦੇ ਸਾਕੇ ਦੇ ਮੌਕੇ ਦੇ ਜ਼ੁੰਮੇਵਾਰ ਜਨਰਲ ਡਾਇਰ ਨੂੰ ਉਸ ਨੇ ਪੂਰੀ ਥਾਪੀ ਦਿੱਤੀ। ਇੰਗਲੈਂਡ ਵਿਚ ਆ ਕੇ ਵੀ 1920 ਵਿਚ ਪਾਰਲੀਮੈਂਟ ਵਿਚ ਉਸ ਦੇ ਹੱਕ ਵਿਚ ਲਾਬੀ ਕੀਤੀ। ਉਸ ਦੇ ਮਸਲੇ ਤੇ ਬਹਿਸ ਵੇਲੇ, ਉਸ ਦੇ ਨਾਲ ਜਾਂਦਾ ਰਿਹਾ ਅਤੇ ਜਦ ਡੇਲੀ ਮਾਰਨਿੰਗ ਪੋਸਟ (ਟੈਲੀਗਰਾਫ) ਨੇ ਡਾਇਰ ਲਈ ਫੰਡ ਇਕੱਠਾ ਕਰਨ ਦੀ ਅਪੀਲ ਕੀਤੀ ਤਾਂ ਉਸ ਨੇ ਸਭ ਤੋਂ ਪਹਿਲਾਂ ਵੀਹ ਪੌਂਡ ਦਿੱਤੇ।

ਉਸ ਨੇ ਮਾਰਸ਼ਲ ਲਾ ਐਡਮਨਿਸਟਰੇਸ਼ਨ ਤੇ ਉਹਦੀ ਪਾਲਿਸੀ ਨੂੰ ਘੜਨ ਤੇ ਅਮਲ ਵਿਚ ਲਿਆਉਣ ਲਈ ਪੂਰੀ ਰਹਿਨੁਮਾਈ ਦਿੱਤੀ, ਜਿਹਦੇ ਅਧੀਨ ਪੰਜਾਬ ਕਈ ਹਫਤੇ ਦੋਜ਼ਖ ਦੀ ਅੱਗ ਨਾਲੋਂ ਵਧ ਅਤਿਆਚਾਰਾਂ ਦਾ ਸ਼ਿਕਾਰ ਹੋਇਆ।

ਉਸ ਨੇ ਪੰਜਾਬ ਵਿਚੋਂ ਆਪਣੀ ਵਿਦਾਇਗੀ ਵੇਲੇ ਪੰਜਾਬ ਦੇ ਲੋਕਾਂ ਤੋਂ ਐਡਰੈਸ ਲੈਣ ਲਈ ਕੋਸ਼ਿਸ਼ ਕੀਤੀ, ਐਡਰੈਸਾਂ ਵਿਚ ਆਪਣੇ ਮੰਤਵ ਮੁਤਾਬਿਕ ਤਬਦੀਲੀਆਂ ਕਰਵਾਈਆਂ, ਤੇ ਬਾਅਦ ਵਿਚ ਇੰਗਲੈਂਡ ਵਿਚ ਉਹਨਾਂ ਨੂੰ ਆਪਣੀ ਸਫਾਈ ਲਈ ਵਰਤਿਆ।

ਜੰਗ ਦੇ ਦੌਰਾਨ ਵਿਚ ਉਸ ਨੇ ਸੈਂਕੜੇ ਬੰਦੇ ਜੇਹਲਾਂ ਤੇ ਪਿੰਡਾਂ ਵਿਚ ਨਜ਼ਰਬੰਦ ਕੀਤੇ। ਅਪਰੈਲ 1918 ਵਿਚ ਉਸ ਦੇ ਆਪਣੇ ਕਹਿਣ ਮੁਤਾਬਿਕ 1625 ਨਜ਼ਰਬੰਦ ਸਨ।

ਸਰ ਮਾਈਕਲ ਓਡਵਾਇਰ ਦੀ ਲੈਫਟੀਨੈਂਟ ਗਵਰਨਰੀ ਦੇ ਸਮੇਂ ਹੀ ਪੰਜਾਬ ਵਿਚ ਗ਼ਦਰੀ ਸੂਰਮੇ ਆਏ। ਸਰ ਮਾਈਕਲ ਨੇ ਸਪੈਸ਼ਲ ਆਰਡੀਨੈਂਸ ਜਾਰੀ ਕੀਤੇ, ਸਪੈਸ਼ਲ ਅਦਾਲਤਾਂ ਬਣਾਕੇ ਕਈ ਸਾਜ਼ਿਸ਼ ਕੇਸ ਬਣਾਏ, ਜਿਹਨਾਂ ਦੇ ਅਧੀਨ

ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ 45 ਹੋਰ ਦੇਸ਼ ਭਗਤ ਗ਼ਦਰੀ ਫਾਂਸੀਆਂ ਤੇ ਚੜ੍ਹੇ।

133 ਨੂੰ ਉਮਰ ਕੈਦਾਂ ਤੇ ਹੋਰ ਲੰਮੀਆਂ ਸਜ਼ਾਵਾਂ ਹੋਈਆਂ।

ਇਸ ਦੇ ਅਹਿਦ ਵਿਚ ਜਲ੍ਹਿਆਂ ਵਾਲੇ ਬਾਗ਼ ਦੀ ਦੁਰਘਟਨਾ ਤੇ ਪੰਜਾਬ ਵਿਚ ਮਾਰਸ਼ਲ ਲਾ ਦੇ ਅਧੀਨ ਅਤਿਆਚਾਰ ਵਾਪਰੇ। ਜਿਸ ਵਿਚ,

1200 ਵਿਅਕਤੀ ਗੋਲੀਆਂ ਨਾਲ ਭੁੰਨ ਦਿੱਤੇ ਗਏ।

3600 ਤੋਂ ਉੱਤੇ ਜ਼ਖ਼ਮੀ ਹੋਏ।

ਮਾਰਸ਼ਲ ਲਾ ਦੇ ਅਹਿਦ ਵਿਚ ਬਣਾਏ ਗਏ ਕਮਿਸ਼ਨਾਂ ਨੇ 108ਵਿਅਕਤੀਆਂ ਨੂੰ ਮੌਤ ਦੀ ਸਜ਼ਾ ਦਿੱਤੀ ਅਤੇ 265 ਨੂੰ ਉਮਰ ਕੈਦ ਦੀਆਂ ਸਜ਼ਾਵਾਂ ਹੋਈਆਂ।

ਸਮਰੀ ਕੋਰਟਾਂ ਦੇ ਅਧੀਨ ਹਜ਼ਾਰਾਂ ਬੰਦਿਆਂ ਦੀਆਂ ਸਜ਼ਾਵਾਂ ਇਸ ਤੋਂ ਵੱਖਰੀਆਂ ਹਨ। ਉਹ ਕਈ ਵਾਰੀ ਸ਼ੇਖ ਸਾਅਦੀ ਦਾ ਲਿਖਿਆ ਫਾਰਸੀ ਦਾ ਸ਼ੇਅਰ ਪੜ੍ਹਿਆ ਕਰਦਾ ਸੀ।

ਸਰੇ ਚਸ਼ਮਾ ਬਾ ਬਿਆਦ ਗਰਿਫਤਨ 'ਬਾ ਮੀਲ
ਚਿ ਪੁਰ ਸ਼ੁਦ ਗੁਜ਼ਸਤਾਨ ਬਾ ਫੀਲ।

(ਇਕ ਨਦੀ ਨੂੰ ਉਸ ਦੇ ਸਮੇਂ ਉੱਤੇ ਤੁਸੀਂ ਤੀਲੇ ਨਾਲ ਰੋਕ ਸਕਦੇ ਹੋ, ਉਸ ਨੂੰ ਵਗਣ ਦਿਉ, ਉਸ ਵਿਚ ਹਾਥੀ ਵੀ ਡੁੱਬ ਜਾਂਦੇ ਹਨ)



Sri Satguru Jagjit Singh Ji eLibrary NamdhariElibrary@gmail.com

ਪਰ ਇਤਿਹਾਸ ਦਾ ਪਹੀਆ ਉਡਵਾਇਰ ਦੀਆਂ ਇੱਛਾਵਾਂ ਅਨੁਸਾਰ ਨਹੀਂ ਗਿੜਿਆ। ਉਹ ਜਿਸ ਨਦੀ ਦੇ ਸੋਮੇ ਨੂੰ ਰੋਕਦਾ ਰਿਹਾ, ਉਹ ਤੂਫਾਨ ਬਣੀ। ਅਤੇ ਬਰਤਾਨਵੀ ਜਕੜ ਦਾ ਸਫੈਦ ਹਾਥੀ ਉਸ ਵਿਚ ਡੁੱਬ ਗਿਆ। ਜਿਹੜੀ ਨਫਰਤ ਉਸ ਨੇ ਉਪਜੀ, ਉਸੇ ਦਾ ਸ਼ਿਕਾਰ ਉਹ ਆਪ ਹੋ ਗਿਆ। ਊਧਮ ਸਿੰਘ ਨੇ ਰੂਹਾਨੀ ਤਾਕਤ ਤੋਂ ਵੱਖਰੀ ਇਕ ਦੂਜੀ ਤਾਕਤ ਨੂੰ ਵਰਤ ਕੇ ਉਸ ਦਾ ਸਦਾ ਲਈ ਅੰਤ ਕਰ ਦਿੱਤਾ। ਇਕ ਐਸੀ ਦੂਜੀ ਤਾਕਤ, ਜਿਸ ਦਾ ਉਸ ਨੇ ਰਾਏਜ਼ਾਦਾ ਭਗਤ ਰਾਮ ਕੋਲ ਜ਼ਿਕਰ ਕੀਤਾ ਸੀ।

13 ਮਾਰਚ 1940 ਨੂੰ ਜਲ੍ਹਿਆਂਵਾਲੇ ਬਾਗ ਦੀ ਘਟਨਾ ਦੇ ਪੂਰੇ 20 ਸਾਲ 11 ਮਹੀਨੇ ਬਾਅਦ, ਲੰਡਨ ਦੇ ਕੈਕਸਟਨ ਹਾਲ ਵਿਚ, ਸ਼ਹੀਦ ਊਧਮ ਸਿੰਘ ਨੇ ਸਰ ਮਾਈਕਲ ਉਡਵਾਇਰ ਨੂੰ ਆਪਣੇ ਪਸਤੌਲ ਦੀ ਗੋਲੀ ਨਾਲ ਨਿਸ਼ਾਨਾ ਬਣਾਇਆ ਅਤੇ ਇਓਂ ਹਿੰਦੁਸਤਾਨ ਦੇ ਅਣਖੀਲੇ ਲੋਕਾਂ ਵਲੋਂ ਜਲ੍ਹਿਆਂ ਵਾਲੇ ਬਾਗ ਦੀ ਘਟਨਾ ਬਾਰੇ ਆਪਣੇ ਫੈਸਲੇ ਦਾ ਐਲਾਨ ਕੀਤਾ। ਉਹ ਫੈਸਲਾ, ਜੋ ਹਾਊਸ ਆਫ ਲਾਰਡਜ਼, ਹਾਊਸ ਆਫ ਕਾਮਨਜ਼ ਤੇ ਮਾਰਨਿੰਗ ਪੋਸਟ ਦੇ ਫੈਸਲੇ ਤੋਂ ਕਿਤੇ ਵੱਖਰਾ ਸੀ।



Sri Satguru Jagjit Singh Ji eLibrary NamdhariElibrary@gmail.com

# ਅੰਤਿਕਾ

1919 ਦੇ ਪੰਜਾਬ ਵਿਚ ਉਹਨਾਂ ਲੋਕਾਂ ਵਿਚ ਵੀ ਜਾਗ੍ਰਤੀ ਦੇ ਚਿਨ੍ਹ ਦੇਖੇ ਗਏ, ਜਿਹਨਾਂ ਵਿਚ ਪਹਿਲਾਂ ਨਹੀਂ ਸਨ। ਗ਼ਦਰ ਲਹਿਰ ਅਮ੍ਰੀਕਾ ਤੇ ਕੈਨੇਡਾ ਤੋਂ ਆਏ ਸੂਰਬੀਰਾਂ ਤੀਕਰ ਹੀ ਸੀਮਿਤ ਰਹੀ। ਉਹ ਲੋਕਾਂ ਦੇ ਬਹੁਤੇ ਹਿਸੇ ਨੂੰ ਆਪਣੇ ਵਿਸ਼ਾਲ ਘੇਰੇ ਵਿਚ ਨਾ ਲੈ ਸਕੀ। ਫ਼ੌਜਾਂ ਵਿਚ ਉਸਦਾ ਅਸਰ ਛੋਟੇ ਪੱਧਰ ਤੇ ਹੀ ਰਿਹਾ।

1919 ਦੀਆਂ ਘਟਨਾਵਾਂ ਵਿਚ ਪੜ੍ਹਿਆ ਲਿਖਿਆ ਤਬਕਾ, ਵਕੀਲ, ਵਿਦਿਆਰਥੀ ਅਤੇ ਸ਼ਹਿਰਾਂ ਦੇ ਹੋਰ ਲੋਕ ਸ਼ਾਮਲ ਹੋਏ। ਸਰਕਾਰ ਇਸ ਸਾਰੀ ਗੜਬੜ ਨੂੰ ਇਕ ਬਗ਼ਾਵਤ ਦੱਸਣ ਅਤੇ ਸਾਬਤ ਕਰਨ ਤੇ ਜ਼ੋਰ ਲਾਉਂਦੀ ਰਹੀ, ਤਾਂ ਕਿ ਉਹ ਆਪਣੇ ਅਤਿਆਚਾਰਾਂ ਨੂੰ ਜ਼ਾਇਜ ਕਰਾਰ ਦੇ ਸਕੇ। ਹਾਲਾਂਕਿ ਇਹ ਸਾਫ਼ ਸਾਬਤ ਹੁੰਦਾ ਹੈ ਕਿ ਇਹ ਰੌਲਟ ਐਕਟ ਦੇ ਵਿਰੁਧ ਇਕ ਸ਼ਾਂਤਮਈ ਰੋਸ ਲਹਿਰ ਸੀ। ਸਰਕਾਰੀ ਕਾਰਵਾਈਆਂ ਨੇ ਇਸ ਨੂੰ ਭੜਕਾ ਕੇ ਤਸ਼ਦਦ ਦੇ ਰਾਹ ਪਾਇਆ। ਇਹ ਵੀ ਸੰਭਵ ਹੈ ਕਿ ਸਰਕਾਰ ਦੇ ਕੁਝ ਆਪਣੇ ਬੰਦੇ ਵੀ ਇਸਨੂੰ ਗ਼ਲਤ ਰਾਹ ਪਾਉਣ ਲਈ ਦਾਖ਼ਲ ਹੋਏ ਹੋਣ।

ਕਾਂਗਰਸ ਸਬ ਕਮੇਟੀ ਦੀ ਰੀਪੋਰਟ ਵਿਚ ਦਰਜ ਹੈ :—

"ਸਾਡਾ ਵਿਸ਼ਵਾਸ ਹੈ, ਜੇ ਮਹਾਤਮਾ ਗਾਂਧੀ ਨੂੰ ਨਾ ਗਰਿਫ਼ਤਾਰ ਕੀਤਾ ਜਾਂਦਾ, ਜਦੋਂ ਉਹ ਦਿੱਲੀ ਨੂੰ ਜਾ ਰਹੇ ਸਨ, ਸਤਿਆਪਾਲ ਅਤੇ ਡਾਕਟਰ ਕਿਚਲੂ ਨੂੰ ਨਾ ਗਰਿਫ਼ਤਾਰ ਕੀਤਾ ਜਾਂਦਾ, ਅੰਗਰੇਜ਼ਾਂ ਦੀਆਂ ਜਾਨਾਂ ਅਤੇ ਕੀਮਤੀ ਸੰਪਤੀ ਸਮੇਤ ਇਸਾਈ ਗਿਰਜਿਆਂ ਦੇ ਬਚਾਈਆਂ ਜਾ ਸਕਦੀਆਂ ਸਨ।"

ਰੇਲਵੇ ਮਜ਼ਦੂਰਾਂ ਦੀ ਹੜਤਾਲ, ਮਹਿੰਗਾਈ ਦੇ ਵਿਰੁਧ ਸੀ। ਉਸਨੂੰ ਇਸ ਗੜ-ਬੜ ਨਾਲ ਜੋੜਨਾ ਵਿਅਰਥ ਦੀ ਗੱਲ ਸੀ।

ਹੰਟਰ ਕਮੇਟੀ ਅੱਗੇ ਭੁਗਤੀਆਂ ਗੁਆਹੀਆਂ ਤੋਂ ਬਗ਼ਾਵਤ ਦਾ ਸਿਧਾਂਤ ਸਾਬਤ ਨਹੀਂ ਹੋਇਆ। ਹੰਟਰ ਕਮੇਟੀ ਨੇ ਇਸਨੂੰ ਖ਼ਤਰਨਾਕ ਅਵਸਥਾ ਤਾਂ ਦਸਿਆ ਹੈ, ਪਰ ਬਗ਼ਾਵਤ ਨਹੀਂ। ਬਗ਼ਾਵਤ ਤਾਂ ਯੋਜਨਾਵੱਧ, ਕਿਸੇ ਸੰਸਥਾ ਦੇ ਅਧੀਨ, ਹਥਿਆਰਬੰਦ ਟੱਕਰ ਲੈਣਾ ਹੋ ਸਕਦਾ ਹੈ। ਜਿਹੜੀ ਕਿ ਇਹਨਾਂ ਘਟਨਾਵਾਂ ਵਿਚ ਕਿਤੇ ਨਹੀਂ



Sri Satguru Jagjit Singh Ji eLibrary NamdhariElibrary@gmail.com

ਮਿਲਦੀ।

ਮੇਜਰ ਜਨਰਲ ਸਰ ਜਾਰਜ ਬੈਰੋ ਜੋ ਪਿਸ਼ਾਵਰ ਡਵੀਯਨ ਦਾ ਕਮਾਂਡਿੰਗ ਆਫੀਸਰ ਸੀ, ਇਹਨਾਂ ਘਟਨਾਵਾਂ ਦਾ ਸਿੱਟਾ ਕਢਦਾ ਹੋਇਆ ਲਿਖਦਾ ਹੈ :

"ਇਸ ਗੜਬੜ ਪਿੱਛੇ ਕਿਸੇ ਸੰਸਥਾ ਦੇ ਹੋਣ ਦੀ ਗੁਆਹੀ ਨਹੀਂ ਮਿਲਦੀ, ਜਾਂ ਇਹ ਵਕਤੀ ਭੜਕਾਹਟ ਤੋਂ ਬਿਨਾਂ ਕੁਝ ਹੋਰ ਵੀ ਸੀ। ਇਥੇ ਕੋਈ ਗ਼ਦਰ ਨਹੀਂ ਸੀ।"

ਪੰਜਾਬ ਦੀ ਸਰਕਾਰ, ਜੋ ਗ਼ਦਰ ਲਹਿਰ ਨੂੰ ਉਠਣ ਨਹੀਂ ਦੇਣਾ ਚਾਹੁੰਦੀ ਸੀ। ਉਸਦੇ ਕੋਲ ਸਿਰਫ ਇਕ ਹਥਿਆਰ ਸੀ — ਤਸ਼ਦਦ ਦਾ ਹਥਿਆਰ, ਜੋ ਉਸਨੇ ਲਾਗੂ ਕੀਤਾ। ਜਦੋਂ ਸਰਕਾਰ ਦੇ ਇਸ ਤਸ਼ਦਦ ਦੇ ਵਿਰੁੱਧ ਦੇਸ਼ ਭਰ ਵਿਚ ਰੋਸ ਦੀ ਲਹਿਰ ਪੈਦਾ ਹੋਈ ਤਾਂ ਦਿੱਲੀ ਤੇ ਲੰਡਨ ਦੀਆਂ ਸਰਕਾਰਾਂ ਨੂੰ ਵੀ ਹਰਕਤ ਵਿਚ ਆਉਣਾ ਪਿਆ। ਸਭ ਕੁਝ ਵਾਪਰਨ ਤੋਂ ਬਾਹਦ ਜਿਵੇਂ ਕਿ ਹੁੰਦਾ ਹੈ, ਸਰਕਾਰੀ ਕਾਰਵਾਈਆਂ ਨੂੰ ਦਰੁਸਤ ਸਾਬਤ ਕਰਨ ਲਈ ਅਨੇਕਾਂ ਕਹਾਣੀਆਂ ਘੜੀਆਂ ਜਾਂਦੀਆਂ ਹਨ। ਇਸ ਨੂੰ ਵੀ ਅਫਗਾਨਿਸਤਾਨ ਵਿਚ ਹੋ ਰਹੀ ਅਦਲਾ ਬਦਲੀ, ਖ਼ੈਬਰ ਅਤੇ ਹੋਰ ਸਰਹੱਦੀ ਇਲਾਕਿਆਂ ਵਿਚ ਸਰਹਦੀ ਕਬੀਲਿਆਂ ਨਾਲ ਹੋ ਰਹੀ ਗੜਬੜ, ਆਦਿ, ਨੂੰ ਇਸ ਨਾਲ ਸਬੰਧਤ ਕਰਨ ਦੀ ਕੋਸ਼ਿਸ਼ ਕੀਤੀ ਗਈ।

ਸਰ ਮਾਈਕਲ ਉਡਵਾਇਰ, ਜਨਰਲ ਡਾਇਰ ਅਤੇ ਹੋਰ ਉਹਨਾਂ ਦੇ ਪੱਖੀ ਤਾਂ ਇਸਨੂੰ ਬਗਾਵਤ ਕਹਿੰਦੇ ਹੀ ਸਨ। ਪਿਛੇ ਜਿਹੇ ਪ੍ਰਕਾਸ਼ਤ ਹੋਈ ਭਗਤ ਸਿੰਘ ਬਿਲਗਾ ਦੀ ਪੁਸਤਕ "ਗ਼ਦਰ ਲਹਿਰ ਦੇ ਅਣਫੋਲੇ ਵਰਕੇ" ਵਿਚ ਵੀ ਇਸਨੂੰ ਬਗਾਵਤ ਕਿਹਾ ਗਿਆ ਹੈ। ਸਰ ਮਾਇਕਲ ਉਡਵਾਇਰ ਆਪਣੇ ਕੀਤੇ ਜ਼ੁਲਮਾਂ ਤੇ ਪਰਦਾ ਪਾਉਣ ਅਤੇ ਲੋਕਾਂ ਨੂੰ ਦੋਸ਼ੀ ਗਰਦਾਨਣ ਲਈ ਅਤੇ ਭਗਤ ਸਿੰਘ ਬਿਲਗਾ ਗ਼ਦਰ ਲਹਿਰ ਦਾ ਪ੍ਰਭਾਵ ਅਤੇ ਲੋਕਾਂ ਦੀ ਸੂਰਮਗਤੀ ਦੱਸਣ ਲਈ। ਉਂਝ ਭਗਤ ਸਿੰਘ ਬਿਲਗਾ ਇਸ ਸੰਦਰਭ ਵਿਚ ਸਰ ਮਾਇਕਲ ਉਡਵਾਇਰ ਦੇ ਲਿਖੇ ਨੂੰ ਹੀ ਆਪਣੇ ਕਥਨ ਦੀ ਪ੍ਰੋੜਤਾ ਵਿਚ ਵਰਤਦਾ ਹੈ।

ਇਤਨਾ ਸਾਰੀਆਂ ਘਟਨਾਵਾਂ ਪ੍ਰਤੀ ਸਰਕਾਰਪ੍ਰਸਤਾਂ ਦਾ ਰੋਲ ਬੇਸ਼ਰਮੀ ਭਰਿਆ ਜ਼ਰੂਰ ਹੈ, ਹੈਰਾਨੀ ਭਰਿਆ ਨਹੀਂ। ਖਿਤਾਬਾਂ, ਜਾਗੀਰਾਂ ਅਤੇ ਹੋਰ ਜ਼ੱਰਾਨਿਵਾਜ਼ੀਆਂ ਦੀ ਕੀਮਤ ਸਰਕਾਰ ਅਜਿਹੇ ਮੌਕਿਆਂ ਤੇ ਹੀ ਵਸੂਲ ਕਰਦੀ ਹੈ।

ਸਰਕਾਰੀ ਕਰਮਚਾਰੀਆਂ ਦੀ ਦਸ਼ਾ ਬੜੀ ਤਰਸਯੋਗ ਹੁੰਦੀ ਹੈ। ਉਹ ਸਰਕਾਰ ਦੇ ਰਾਜਨੀਤਕ ਉਦੇਸ਼ਾਂ ਦੀ ਪੂਰਤੀ ਲਈ ਉਸਦੀ ਨੀਤੀ ਲਾਗੂ ਕਰਦੇ ਹਨ। ਜੇ ਕਰਨ ਤਾਂ ਲੋਕਾਂ ਦੇ ਗੁੱਸੇ ਦਾ ਸ਼ਿਕਾਰ ਹੁੰਦੇ ਹਨ, ਜੇ ਨਾ ਕਰਨ ਤਾਂ ਸਰਕਾਰੀ ਅਤਾਬ ਦਾ। ਕਈ ਵਾਰ ਸਰਕਾਰ ਉਹਨਾਂ ਤੋਂ ਕੁਕਰਮ ਕਰਵਾਕੇ, ਮਗਰੋਂ ਲੋਕਾਂ ਦੇ ਜ਼ੋਰ ਦੇਣ ਤੇ ਉਹਨਾਂ ਦੇ ਵਿਰੁਧ ਹੀ ਕਾਰਵਾਈ ਕਰਦੀ ਹੈ। ਉਂਝ ਇਹ ਵੀ ਹੁੰਦਾ ਹੈ, ਕਿ ਕਈ ਕਰਮਚਾਰੀ ਆਪਣੇ ਉਤਲੇ ਅਫਸਰਾਂ ਦੀ ਸ਼ਾਬਾਸ਼ ਲੈਣ ਲਈ ਆਪਣੀ ਗ਼ੈਰ-ਮਨੁੱਖੀ ਮਨੋ-ਬਿਰਤੀ ਵੀ ਨਾਲ ਰਲਾ ਦਿੰਦੇ ਹਨ।

ਜਲ੍ਹਿਆਂ ਵਾਲੇ ਬਾਗ਼ ਦੀ ਦੁਰਘਟਨਾ ਦੇ ਬੜੇ ਦੂਰ-ਰਸ ਨਤੀਜੇ ਨਿਕਲੇ ਹਨ। ਮਾਰਸ਼ਲ ਲਾ ਦੀਆਂ ਕਾਰਵਾਈਆਂ ਨਾਲ ਹਰ ਹਿੰਦੁਸਤਾਨੀ ਨੂੰ ਆਪਣੀ ਹਤੱਕ ਦਾ



Sri Satguru Jagjit Singh Ji eLibrary NamdhariElibrary@gmail.com

ਅਹਿਸਾਸ ਹੋਇਆ। ਸਰਕਾਰ ਜੋ ਉਸ ਸਮੇਂ ਮਾਂਟੇਗੋ ਚੇਮਸਫੋਰਡ ਸੁਧਾਰ ਸਕੀਮ ਲਈ ਹਿੰਦੁਸਤਾਨ ਦੇ ਰਾਜਨੀਤਕ ਲੀਡਰਾਂ ਦੀ ਮਿਲਵਰਤਨ ਲੈਣਾ ਚਾਹੁੰਦੀ ਸੀ, ਸਾਰੀ ਗਲ ਦੀ ਤੰਦ ਜਨਰਲ ਡਾਇਰ ਦੇ ਗਲਤ ਫੈਸਲੇ ਦੇ ਦੁਆਲੇ ਲਪੇਟਣ ਵਿਚ ਸਫਲ ਹੋ ਗਈ। ਇਸ ਤਰਾਂ ਇਕ ਸ਼੍ਰੇਣੀ ਵਲੋਂ ਕੀਤੀਆਂ ਕਾਰਵਾਈਆਂ ਨੂੰ ਇੱਕਲੇ ਵਿਅਕਤੀ ਦੁਆਲੇ ਥੱਪ ਕੇ, ਬਾਕੀ ਸਾਰੀ ਸਮੁੱਚੀ ਕਾਰਵਾਈ, ਮਾਰਸ਼ਲ ਲਾ ਤੇ ਉਸਦੇ ਅਧੀਨ ਕੀਤੇ ਗਏ ਅਤਿਆਚਾਰਾਂ ਨੂੰ ਸ਼ੁਧ ਕਰਨ ਦਾ ਉਪਰਾਲਾ ਕੀਤਾ ਗਿਆ। ਅਤੇ ਅਸਲੀ ਜ਼ਿਮੇਵਾਰ ਸ਼੍ਰੇਣੀ ਨੂੰ ਬਚਾਣ ਦਾ ਵੀ ਮਾਨਵਹੀਨ ਕਰਮ ਕਰਵਾ ਕੇ, ਫਿਰ ਇਕ ਵਿਅਕਤੀ ਨੂੰ ਸ਼ਿਕਾਰ ਬਣਾ ਕੇ ਮਾਨਵ ਦੋਸਤੀ ਦਾ ਸੁਆਂਗ ਰਚਿਆ ਗਿਆ। ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਗਈ, ਕਿ ਸਰਕਾਰ ਚੰਗੀ ਹੈ, ਬੱਸ ਕੁਝ ਵਿਅਕਤੀਆਂ ਨੇ ਵਧੀਕੀ ਕੀਤੀ। ਅੰਗਰੇਜ਼ ਬੜੇ ਚੰਗੇ ਹਨ, ਬਸ ਇਹ ਕਾਰਨਾਮਾ ਅੰਗਰੇਜ਼ਾਂ ਵਾਲਾ ਨਹੀਂ ਸੀ, ਗੋਲੀ ਚਲਾਉਣੀ ਤਾਂ ਜ਼ਰੂਰੀ ਸੀ, ਪਰ ਜ਼ਰਾ ਜ਼ਿਆਦਾ ਦੇਰ ਚਲਾਈ ਹੈ। ਕਰਾਲਿੰਗ ਆਰਡਰ ਬਹੁਤ ਮਾੜਾ ਸੀ, ਬੱਸ ਜ਼ਰਾ ਮਿਸ ਸ਼ੇਰਵੁਡ ਨੂੰ ਸਾਇਕਲ ਤੋਂ ਸੁੱਟਣ ਕਰਕੇ ਅੰਗਰੇਜ਼ ਫੋਜੀ ਜੋਸ਼ ਵਿਚ ਆ ਗਏ। ਇਹ ਕਹਿਣ ਵਾਲੇ ਉਦੋਂ ਇਹ ਭੁੱਲ ਜਾਂਦੇ ਹਨ, ਕਿ ਜਲ੍ਹਿਆਂ ਵਾਲੇ ਬਾਗ਼ ਵਿਚ ਹਰ ਕੌਰ, ਤੇ ਉਮਰ ਬੀਬੀ ਤੇ ਗੋਲੀ ਚਲਾਂਉਣ ਵੇਲੇ ਅੰਗਰੇਜ਼ਾਂ ਵਲੋਂ ਇਸਤ੍ਰੀਆਂ ਦਾ ਸਤਿਕਾਰ ਕਿਥੇ ਗਿਆ ਸੀ, ਜੋ ਅੰਗਰੇਜ਼ ਮਿਸ ਸ਼ੇਰਵੁਡ ਨੂੰ ਸਾਈਕਲ ਤੋਂ ਡੇਗਣ ਤੇ (ਜਿਸਨੂੰ ਇਕ ਹਿੰਦੁਸਤਾਨੀ ਘਰ ਨੇ ਪਨਾਹ ਦਿਤੀ) ਜੋਸ਼ ਵਿਚ ਆ ਸਕਦੇ ਹਨ ਤਾਂ ਹਿੰਦੁਸਤਾਨੀ ਕਿਉਂ ਨਹੀਂ ਆ ਸਕਦੇ। ਬਸਤੀਵਾਦੀ ਦੇਸ਼ਾਂ ਦੇ ਲੋਕ ਜਾਣਦੇ ਹਨ ਕਿ ਹਾਕਮ ਲੋਕਾਂ ਦੇ ਨੈਤਿਕਤਾ ਦੇ ਸਿਧਾਂਤ ਆਪਣੇ ਲਈ ਹੋਰ ਤੇ ਅਧੀਨ ਲੋਕਾਂ ਲਈ ਹੋਰ ਹੁੰਦੇ ਹਨ। ਗ਼ੁਲਾਮੀ ਨੂੰ ਕਬੂਲ ਕਰ ਲੈਣ ਵਾਲੇ ਸਾਊ ਲੋਕਾਂ ਦੇ ਪ੍ਰਤੀਨਿਧ ਅਤੇ ਅਮਨ ਪਸੰਦ ਸ਼ਹਿਰੀ ਅਖਵਾਉਂਦੇ ਹਨ। ਆਜ਼ਾਦੀ ਲਈ ਸੰਗ੍ਰਾਮ ਕਰਨ ਵਾਲੇ ਸ਼ਰਾਰਤੀ ਅਨਸਰ, ਐਜੀਟੇਟਰ ਤੇ ਭੜਕਾਊ। ਇਤਿਹਾਸ ਨੂੰ ਇਹਨਾਂ ਗੱਲਾਂ ਦਾ ਸਾਫ਼ ਸਾਫ਼ ਤੇ ਸੱਚਾ ਉੱਤਰ ਦੇਣਾ ਹੁੰਦਾ ਹੈ।

ਭਾਵੇਂ ਸਰਕਾਰ ਵਲੋਂ ਜਨਰਲ ਡਾਇਰ ਨੂੰ ਹੀ ਧਿਆਨ ਦਾ ਕੇਂਦਰ ਬਣਾਉਣ ਦਾ ਯਤਨ ਕੀਤਾ ਗਿਆ। ਪਰ ਰਾਜਨੀਤਕ ਵਿਰੋਧਤਾਈਆਂ, ਨਸਲੀ ਹੰਕਾਰ, ਅਤੇ ਨਿਜੀ ਦੋਸਤੀਆਂ ਦੁਸ਼ਮਣੀਆਂ ਕਾਰਨ ਡਾਇਰ ਦੇ ਹੱਕ ਅਤੇ ਵਿਰੋਧ ਵਿਚ ਵੀ ਕਾਫੀ ਬਹਿਸ ਮੁਬਾਹਸਾ ਹੋਇਆ। ਕਈ ਇਕ-ਪਾਸੜ ਪਰਕਾਸ਼ਨਾਵਾਂ ਨੇ ਡਾਇਰ ਦਾ ਪੱਖ ਲੈਣ ਲਈ ਹਾਲਾਤ ਨੂੰ ਤੋੜ ਮਰੋੜ ਕੇ ਵੀ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ।

"ਕਈਆਂ ਲੋਕਾਂ ਦੇ ਦਿਮਾਗ਼ ਵਿਚ ਜੋ ਹਾਲਾਤ ਦੀ ਡੂੰਘਾਈ ਤੀਕਰ ਜਾਣ ਦੀ ਸਮਰਥਾ ਨਹੀਂ ਰਖਦੇ, ਇਹਨਾਂ ਦਾ ਪ੍ਰਭਾਵ ਪਿਆ ਵੀ। ਕਈਆਂ ਨੇ ਇਹ ਵੀ ਕਿਹਾ ਕਿ ਇਕ ਬਹਾਦਰ ਸਿਪਾਹੀ ਦਾ ਕੈਰੀਅਰ ਜਿਸਨੇ ਆਪਣੇ ਦੇਸ਼ ਦੀ ਅਣਗਿਣਤ ਸੇਵਾ ਕੀਤੀ, ਬਰਬਾਦ ਕਰ ਦਿਤਾ ਗਿਆ।"

ਫੀਲਡ ਮਾਰਸ਼ਲ ਹੈਨਰੀ ਵਿਲਸਨ ਦੀ ਡਾਇਰੀ ਇਸ ਗਲ ਦਾ ਪ੍ਰਮਾਣ ਹੈ, ਕਿ ਉਸਨੇ ਡਾਇਰ ਬਾਰੇ ਹੰਟਰ ਕਮੇਟੀ ਦੀ ਰਿਪੋਰਟ ਮਿਲਣ ਤੋਂ ਪਹਿਲਾਂ ਹੀ ਭਰਾ ਫੌਜੀ ਦੀ ਮਦਦ ਦਾ ਫੈਸਲਾ ਕਰ ਲਿਆ ਸੀ, ਅਤੇ ਇਸ ਲਈ ਉਸਨੇ ਦੂਸਰੇ ਮਿਲਟਰੀ



Sri Satguru Jagjit Singh Ji eLibrary NamdhariElibrary@gmail.com

ਮੈਂਬਰਾਂ ਨੂੰ ਵੀ ਤਿਆਰ ਕੀਤਾ। ਜੇ ਗੱਲ ਪਹਿਲਾਂ ਹੀ ਤਹਿ ਹੋ ਚੁੱਕੀ ਹੋਵੇ ਤਾਂ ਬਾਕੀ ਕਾਰਵਾਈ ਤਾਂ ਐਵੇਂ ਹੀ ਕੀਤੀ ਗਈ ਹੁੰਦੀ ਹੈ।

ਉਸਨੂੰ ਮਿਲਣ ਵਾਲੀ ਸਜ਼ਾ ਵੀ ਕੋਈ ਵਧੇਰੇ ਨਹੀਂ ਸੀ। ਉਹ ਰਿਟਾਇਰ ਹੋਣ ਤੋਂ ਅਠਾਰਾਂ ਮਹੀਨੇ ਪਹਿਲਾਂ ਅੱਧੀ ਤਨਖ਼ਾਹ ਤੇ ਰਿਟਾਇਰ ਕਰ ਦਿਤਾ ਗਿਆ। ਫ਼ੌਜ ਵਿਚੋਂ ਕਢਿਆ ਨਹੀਂ ਗਿਆ। ਪਰ ਇਹ ਵੀ ਕਈਆਂ ਦੀ ਨਜ਼ਰ ਵਿਚ "ਅਨਿਆ ਪੂਰਵਕ" ਸੀ ਜੋ ਉਹਨੂੰ ਮਿਲਣੀ ਨਹੀਂ ਚਾਹੀਦੀ ਸੀਂ, ਇਹ ਜਰੂਰਤ ਤੋਂ ਵਧੇਰੇ ਸਖ਼ਤ ਸੀ।

ਇਕ ਨੇ ਲਿਖਿਆ :—

"ਜਿਵੇਂ ਇਕ ਜੰਗਲੀ ਖ਼ੂੰਖ਼ਾਰ ਜਾਨਵਰ ਨੂੰ ਖਤਮ ਕਰ ਦੇਣਾ ਇਨਸਾਨੀ ਖਿਦਮਤ ਹੈ, ਇਵੇਂ ਇਕ ਬਗ਼ਾਵਤ ਨੂੰ ਖ਼ਤਮ ਕਰ ਦੇਣਾ ਵੀ ਇਨਸਾਨੀ ਖ਼ਿਦਮਤ ਹੈ, ਇਹੋ ਹੀ ਜਨਰਲ ਡਾਇਰ ਦੀ ਸਫ਼ਾਈ ਹੈ।"

"ਕੁਝ ਅਜਿਹੇ ਸੈਂਕੜੇ ਲੋਕਾਂ ਦੀ ਮੌਤ ਜੋ ਵਿਦ੍ਰੋਹੀ ਹਨ, ਜਾਂ ਉਹਨਾਂ ਨੂੰ ਸਾਥੀ, ਕੁਝ ਅਰਥ ਨਹੀਂ ਰਖਦੇ, ਜਦੋਂ ਅਸੀਂ ਉਹਨਾਂ ਲਖਾਂ ਬਾਰੇ ਗ਼ੌਰ ਕਰਦੇ ਹਾਂ, ਜੋ ਸਲਤਨਤ ਦੀ ਰਖਿਆ ਲਈ ਬੜੀ ਵਡੀ ਕੀਮਤ ਦੇ ਤੌਰ ਤੇ ਆਪਣੀਆਂ ਜਾਨਾਂ ਦੇ ਗਏ ਹਨ।"

ਪਰ ਇਸਦੇ ਵਿਪ੍ਰੀਤ ਇਹ ਵੀ ਵਿਚਾਰ ਸਨ : —

"ਮੁਕਾਬਲਾ-ਰਹਿਤ ਲੋਕਾਂ ਦੇ ਇਕ ਇੱਕਠ ਨੂੰ ਗੋਲੀਆਂ ਚਲਾ ਕੇ ਢੇਰ ਕਰ ਦੇਣਾ, ਆਪਣੇ ਆਪ ਵਿਚ ਕੋਈ ਬਹਾਦਰੀ ਵਾਲਾ ਕੰਮ ਨਹੀਂ, ਪਰ ਬਰਤਾਨਵੀ ਲੋਕਾਂ ਦੇ ਇੱਕ ਭਾਗ ਵਿਚ ਉਸ ਆਦਮੀ ਨੂੰ ਜਿਸਨੇ ਇਹ ਬੁਜ਼ਦਿਲਾਨਾ ਕਾਰਾ ਕੀਤਾ, ਇਕ ਹੀਰੋ ਵਾਂਗ ਪੇਸ਼ ਕਰਨ ਦਾ ਯਤਨ ਕੀਤਾ ਗਿਆ। ਜਦੋਂ ਕਿ ਦੂਸਰੇ ਅਜਿਹੇ ਲੋਕ ਵੀ ਹਨ, ਜੋ ਇਸਨੂੰ ਨਾ-ਕਾਬਲੇ ਮੁਆਫ਼ੀ ਬੇਵਕੂਫ਼ੀ ਸਮਝਦੇ ਸਨ।"

ਡਾਇਰ ਨੇ ਇਮਾਨਦਾਰੀ ਨਾਲ ਕਤਲ ਆਮ ਕੀਤਾ, ਜਾਂ ਉਸਨੇ ਹਾਲਾਤ ਨੂੰ ਸਮਝਣ ਵਿਚ ਗ਼ਲਤੀ ਕੀਤੀ, ਜਾਂ ਉਸਦੀ ਸੂਝ ਦਾ ਪੱਧਰ ਉੱਚਾ ਨਹੀਂ ਸੀ, ਪਰ ਬਰਤਾਨਵੀ ਪਰੈਸ, ਪਾਰਲੀਮੈਂਟ ਦੇ ਮੈਂਬਰਾਂ, ਅਤੇ ਜ਼ਿਮੇਵਾਰ ਪਬਲਿਕ ਵਿਅਕਤੀਆਂ ਵਲੋਂ ਉਸਦੀ ਹਮਾਇਤ ਨੇ ਉਹਨਾਂ ਸਾਮਰਾਜੀ ਅਤੇ ਨਸਲੀ ਨਫਰਤ ਦੀ ਸੋਚ ਦਾ ਪ੍ਰਗਟਾ ਜ਼ਰੂਰ ਕੀਤਾ : ਉਹ ਨਸਲੀ ਤੌਰ ਤੇ ਨਾ ਕੇਵਲ ਹਿੰਦੁਸਤਾਨ ਦੀ ਆਜ਼ਾਦੀ ਵੀ ਮੰਗ ਕਰ ਰਹੇ ਲੀਡਰਾਂ, ਅਤੇ ਹੰਟਰ ਕਮੇਟੀ ਦੇ ਹਿੰਦੁਸਤਾਨੀ ਮੈਂਬਰਾਂ ਨਾਲ ਹੀ ਨਫਰਤ ਕਰਦੇ ਸਨ, ਸਗੋਂ ਇਸਦੀ ਬੋ ਉਹਨਾਂ ਦੇ ਉਸ ਰਵਈਏ ਤੋਂ ਵੀ ਆਉਂਦੀ ਸੀ, ਜੋ ਉਹਨਾਂ ਵਜ਼ੀਰ ਹਿੰਦ ਐਡਵਿਨ ਮਾਂਟੇਗੋ ਵਲ ਧਾਰਨ ਕੀਤਾ, ਕਿਉਂਕਿ ਉਹ ਇਕ ਯਹੂਦੀ ਸੀ, "ਕਈ ਕਨਜ਼ਰਵੇਟਿਵ ਚਰਚਲ ਨਾਲ ਵੀ ਨਾਰਾਜ਼ ਸਨ। ਉਹਨਾਂ ਦਾ ਉਸ ਨਾਲ ਨਾਰਾਜ਼ ਹੋਣ ਦਾ ਇਹ ਕਾਰਨ ਵੀ ਸੀ ਕਿ ਕਮੀਸ਼ਨ ਜਿਸਨੇ ਡਾਇਰ ਦੀ ਨਿਖੇਧੀ ਕੀਤੀ, ਇਕ ਯਹੂਦੀ (ਇਰਵਨ ਮਾਂਟੇਗੋ) ਨੇ ਸਥਾਪਤ ਕੀਤਾ ਸੀ।"

ਹਾਊਸ ਆਫ ਕਾਮਨਜ਼ ਵਿਚ ਡਾਇਰ ਦੇ ਮਾਮਲੇ ਤੇ ਜਦੋਂ ਬਹਿਸ ਹੋ ਰਹੀ ਸੀ, ਐਡਵਿਨ ਮਾਂਟੇਗੋ ਦੀ ਤਕਰੀਰ ਸਮੇਂ ਕਨਜ਼ਰਵੇਟਿਵ ਬੜੇ ਔਖੇ ਹੋਏ। ਸੰਡਰਲੈਂਡ



Sri Satguru Jagjit Singh Ji eLibrary NamdhariElibrary@gmail.com

ਲਿਖ਼ਦਾ ਹੈ :

"ਮਾਂਟੇਗੋ ਲਗਾਤਾਰ ਘੱਟ ਦਿਮਾਗ਼ ਵਾਲੇ ਟੋਰੀਆਂ ਦੇ ਅੰਦਰੋਂ ਅੰਦਰੀਂ ਜਜ਼ਬਾਤ ਉਭਾਰਦਾ ਰਿਹਾ। ਉਹ ਇੰਨੇ ਗੁੱਸੇ ਵਿਚ ਸਨ ਕਿ ਉਹ ਉਸ ਤੇ ਸਰੀਰਕ ਹਮਲਾ ਵੀ ਕਰ ਸਕਦੇ ਸਨ। ਇਹ ਵਧੇਰੇ ਇਸ ਕਰ ਕੇ ਨਹੀਂ ਕਿ ਉਹ ਕਹਿੰਦਾ ਕੀ ਸੀ, ਸਗੋਂ ਇਸ ਲਈ ਕਿ ਉਹ ਕਹਿੰਦਾ ਕਿਵੇਂ ਸੀ। ਇਸੇ ਨੇ ਉਹਨਾਂ ਨੂੰ ਜੋਸ਼ ਦਿਵਾਇਆ। ਬਾਰ ਬਾਰ ਟੋਕਣ ਤੇ ਉਹ ਗਰਮ ਜੋਸ਼ੀ ਵਿਚ ਆ ਗਿਆ ਸੀ। ਜਦੋਂ ਉਹ ਤਕਰੀਰ ਕਰ ਰਿਹਾ ਸੀ ਉਹ ਹੋਰ ਨਸਲਵਾਦੀਆਂ ਵਾਂਗ ਅਤੇ ਯਹੂਦੀਆਂ ਵਾਂਗ ਕਰ ਰਿਹਾ ਸੀ। ਪਿਛਲੀਆਂ ਬੈਂਚਾਂ ਤੇ ਬਹਿਣ ਵਾਲੇ ਅਤੇ ਆਮ ਤੌਰ ਤੇ ਚੁੱਪ ਰਹਿਣ ਵਾਲੇ ਟੋਰੀ ਚੀਕਵੀਆਂ ਆਵਾਜ਼ਾਂ ਕਢ ਕਢ ਕੇ ਅਤੇ ਸਿਰ ਹਿਲਾ ਹਿਲਾ ਕੇ ਯਹੂਦੀਆਂ ਵਿਰੋਧੀ ਭਾਵਾਂ ਦਾ ਪ੍ਰਗਟਾ ਕਰ ਰਹੇ ਸਨ।"

ਐਚ. ਏ. ਐਲ. ਫਿਸ਼ਰ ਨੇ ਪ੍ਰਾਈਮ ਮਨਿਸਟਰ ਲਾਇਡ ਜਾਰਜ ਨੂੰ ਉਸ ਦਿਨ ਦੀ ਰਿਪੋਰਟ ਦਿੰਦਿਆਂ ਲਿਖਿਆ : "ਹਰ ਕੋਈ ਇਸ ਤੇ ਪ੍ਰੇਸ਼ਾਨ ਸੀ।"

ਅੰਗਰੇਜ਼ੀ ਇਤਿਹਾਸਕਾਰ ਹਿੰਦੁਸਤਾਨ ਬਾਰੇ ਲਿਖਦੇ ਹੋਏ ਅੰਗਰੇਜ਼ਾਂ ਨੂੰ ਬੜੀ ਬਹਾਦਰ, ਨਿਆਂਕਾਰ ਅਤੇ ਨੈਤਿਕ ਅਸੂਲਾਂ ਨੂੰ ਮੁਖ ਰਖ ਕੇ ਵਰਤਾਰਾ ਕਰਨ ਵਾਲੀ ਕੌਮ ਕਹਿੰਦੇ ਸਨ, ਅਤੇ ਇਹ ਕਹਿ ਸਕਦੇ ਸਨ :

"ਅਸੀਂ ਰਣ ਖੇਤਰ ਤੋਂ ਬਿਨਾ ਕੋਈ ਖ਼ੂਨ ਨਹੀਂ ਵਹਾਇਆ, ਅਤੇ ਖ਼ੂਨ ਜੋ ਵਹਾਇਆ ਵੀ ਹੈ, ਲੋਕਾਂ ਤੇ ਜ਼ੁਲਮ ਕਰਨ ਵਾਲਿਆਂ ਦਾ ਹੈ।"

ਪਰ ਇਹਨਾਂ ਘਟਨਾਵਾਂ ਤੋਂ ਬਾਅਦ, ਵਿਸ਼ੇਸ਼ ਕਰ ਕੇ ਹਾਊਸ ਆਫ ਲਾਰਡਜ਼ ਵਿਚ ਅਤੇ ਕੁਝ ਹੋਰ ਵਰਨਣ ਯੋਗ ਵਿਅਕਤੀਆਂ ਵਲੋਂ ਇਸ ਦੀ ਸਵੀਕਾਰਤਾ ਨੇ ਬਰਤਾਨਵੀ ਪ੍ਰਸਿਧਤਾ ਨੂੰ ਹਾਣੀ ਪਹੁੰਚਾਈ।

ਮਦਰਾਸ ਦੇ ਬਿਸ਼ਪ ਵਾਈਟ ਹੈੱਡ ਨੇ ਆਪਣੇ ਕੁਝ ਹਿੰਦੁਸਤਾਨੀ ਦੋਸਤਾਂ ਬਾਰੇ, ਜੋ ਸਰਕਾਰੀ ਸਰਵਿਸਾਂ ਵਿਚ ਚੰਗੀਆਂ ਪਦਵੀਆਂ ਤੇ ਸਨ ਅਤੇ ਸਦਾ ਬਰਤਾਨਵੀ ਸਰਕਾਰ ਦੇ ਵਫ਼ਾਦਾਰ ਰਹੇ, ਆਖਿਆ :

"ਉਹ ਇਸ ਵਿਸ਼ੇ ਤੇ ਇੰਨੀ ਤਲਖ਼ੀ ਮਹਿਸੂਸ ਕਰ ਰਹੇ ਹਨ ਕਿ ਯੋਰਪੀਅਨਾਂ ਦੀ ਹੋਂਦ ਵਿਚ ਉਹ ਇਸ ਬਾਰੇ ਗੱਲ ਕਰਨ ਲੱਗਿਆਂ, ਆਪਣੇ ਆਪ ਤੇ ਵਿਸ਼ਵਾਸ਼ ਨਹੀਂ ਕਰਦੇ।"

ਹੌਲੀ ਹੌਲੀ ਇਸ ਤਲਖ਼ੀ ਨੂੰ ਮੱਠੀ ਕਰਨ ਦਾ ਯਤਨ ਕੀਤਾ ਜਾਣ ਲੱਗਾ। ਇੰਡੀਅਨ ਨੈਸ਼ਨਲ ਕਾਂਗਰਸ ਦਾ 34ਵਾਂ ਇਜਲਾਸ ਦਸੰਬਰ 1919 ਵਿਚ ਅੰਮ੍ਰਿਤਸਰ ਵਿਖੇ ਹੋਇਆ। ਬਾਦਸ਼ਾਹ ਜਾਰਜ ਪੰਜਵੇਂ ਨੇ ਆਮ ਮੁਆਫ਼ੀ ਦਾ ਐਲਾਨ ਕਰ ਕੇ ਇਸ ਲਹਿਰ ਨਾਲ ਸੰਬੰਧਤ ਸਾਰੇ ਕੈਦੀ ਰਿਹਾ ਕਰ ਦਿੱਤੇ, ਅਤੇ ਪਾਬੰਦੀਆਂ ਚੁੱਕ ਲਈਆਂ। ਡਾ. ਸਤਿਆਪਾਲ ਅਤੇ ਡਾ. ਕਿਚਲੂ ਨੂੰ ਵੀ ਰਿਹਾ ਕਰ ਦਿੱਤਾ ਗਿਆ। ਉਹ ਵੀ ਕਾਂਗਰਸ ਦੇ ਅਜਲਾਸ ਵਿਚ ਸ਼ਾਮਲ ਹੋਏ।

ਮਾਂਟੇਗੋ ਚੈਮਸਫੋਰਡ ਸੁਧਾਰ ਸਕੀਮ ਦੇ ਅਧੀਨ ਸੂਬਿਆਂ ਨੂੰ ਕੁਝ ਤਾਕਤ ਦਿੱਤੀ ਗਈ, ਜਿੱਥੇ ਸਿਰਫ ਵਿਕਾਸ ਦੇ ਵਿਭਾਗ ਚੁਣੇ ਹੋਏ ਵਜ਼ੀਰਾਂ ਦੇ ਹਵਾਲੇ ਕੀਤੇ ਗਏ,



Sri Satguru Jagjit Singh Ji eLibrary NamdhariElibrary@gmail.com

ਜਦ ਕਿ ਘਰੇਲੂ, ਪੁਲੀਸ, ਜੇਲ੍ਹਾਂ, ਕਰ, ਮਾਲ ਅਤੇ ਆਮ ਪ੍ਰਬੰਧ ਦੇ ਵਿਭਾਗ ਥਾਪੇ ਗਏ ਐਗਜ਼ੇਕਟਿਵ ਕੌਂਸਲਰਾਂ ਦੇ ਹਵਾਲੇ ਕੀਤੇ ਗਏ।

ਭਾਵੇਂ ਇਹ ਸੁਧਾਰ ਕੁਝ ਵੀ ਨਾ ਹੋਇਆਂ ਦੇ ਬਰਾਬਰ ਸਨ, ਗ਼ੈਰ ਮੁਨਾਸਿਬ, ਗ਼ੈਰ ਤਸੱਲੀ ਬਖ਼ਸ਼ ਅਤੇ ਨਿਰਾਸ਼ਾਜਨਕ ਸਨ। ਫਿਰ ਵੀ ਕਾਂਗਰਸ ਨੇ ਇਹਨਾਂ ਨਾਲ ਮਿਲਵਰਤਨ ਦਾ ਫੈਸਲਾ ਕਰ ਲਿਆ। ਕਾਂਗਰਸ ਦੇ ਅਜਲਾਸ ਵਿਚ ਐਡਵਿਨ ਮਾਂਟੇਗੋ ਦਾ, ਇਹਨਾਂ ਕੋਸ਼ਸ਼ਾਂ ਲਈ ਧੰਨਵਾਦ ਕੀਤਾ ਗਿਆ। ਹਰ ਧਿਰ ਆਪਣੇ ਆਪਣੇ ਪੈਂਤੜੇ ਤੇ ਸੀ। ਇਤਿਹਾਸ ਤਾਂ ਅੱਗੇ ਚਲਦਾ ਹੀ ਰਹਿੰਦਾ ਹੈ, ਇਹ ਤਾਂ ਕੇਵਲ ਇਕ ਦਰਿਸ਼ ਸੀ ਅਤਿ ਭਿਆਨਕ ਦਰਿਸ਼।



Sri Satguru Jagjit Singh Ji eLibrary NamdhariElibrary@gmail.com

# ਤਰਤੀਬ


### ੳ

ਉਡਵਾਇਰ ਮਾਈਕਲ ਸਰ
ਉਮਰ ਬੀਬੀ
ਉਮਰ ਹਿਆਤ ਖਾਂ ਟਿਵਾਣਾ ਸਰ
ਓਬਰਾਇਨ ਲੈਫਟੀਨੈਂਟ ਕਰਨਲ
ਊਧਮ ਸਿੰਘ ਸ਼ਹੀਦ
ਉਬੇਦ ਉੱਲਾ

### ਅ

ਅਜੀਤ ਸਿੰਘ
ਅਤਰ ਸਿੰਘ ਕਾਲਿਆਂ ਵਾਲਾ
ਅਲੀ ਰਜ਼ਾ ਖਾਂ ਨਵਾਬ
ਅਮਰ ਨਾਥ ਰਾਏ ਬਹਾਦਰ
ਅਵਤਾਰ ਸਿੰਘ ਚਾਹਲ
ਅਰੂੜ ਸਿੰਘ ਨੁਸ਼ਹਿਰਾ ਨੰਗਲ
ਆਨੰਦ ਸਰੂਪ ਲਾਲਾ
ਅਮਰ ਨਾਥ ਲਾਲਾ ਰਾਏ ਬਹਾਦਰ
ਆਇੰਗਰ ਸ: ਕ: ਰ:
ਅਸਗਰ ਅਲੀ
ਅਸ਼ਰਫ ਖਾਂ
ਅਬਦਲ ਮਜੀਦ
ਆਡਰਨਸਾਈਡ ਲੇਡੀ
ਆਜ਼ਾਦ ਅਬਦੁਲ ਕਲਾਮ ਮੌਲਾਨਾ
ਅਬਦਲ ਰਹਿਮਾਨ ਖਾਂ ਖਾਨ ਬਹਾਦਰ
ਅਲਾ ਯਾਰ ਖਾਂ ਮਿਹਰ ਖਾਨ ਬਹਾਦਰ
ਅਮੀਰ ਸ਼ਾਹ ਡਾਕਟਰ ਖ਼ਾਨ ਬਹਾਦਰ
ਅਬਦਲ ਕਾਦਰ ਸ਼ੇਖ
ਅਮਰ ਨਾਥ ਪੰਡਿਤ
ਅਮੀਰ ਸ਼ਾਹ ਸਈਅਦ ਖ਼ਾਨ ਬਹਾਦਰ
ਅਲਾ ਦਾਦ
ਐਸਕੁਇਥ
ਐਂਡਰੀਉ ਸੀ. ਐਫ.

### ੲ

ਇਰਫਾਨ ਹਬੀਬ
ਇਰਵਿੰਗ
ਈਸਾਬਲ ਮੈਰੀ ਈਸਡਨ
ਇਨਜ ਕਿਪ
ਇਨਜ਼ ਚਾਰਲਸ
ਇਬਰਾਹੀਮ ਅਲੀ ਖਾਂ

### ਸ

ਸੂਰਤ ਸਿੰਘ ਰਾਜਾ
ਸੰਤ ਸਿੰਘ ਸੂਬੇਦਾਰ
ਸੋਹਣ ਸਿੰਘ ਜਮਾਂਦਾਰ
ਸੂਬਾ ਸਿੰਘ ਹਵਾਲਦਾਰ
ਸਵਿਨਸਨ




Sri Satguru Jagjit Singh Ji eLibrary NamdhariElibrary@gmail.com

ਸਤਿਆਪਾਲ ਡਾਕਟਰ
ਸਮਿਥ ਹੈਨਰੀ ਕਰਨਲ
ਸੰਤ ਰਾਮ ਗਰੋਵਰ
ਸਮਿਥ ਬਾਸਵਰਥ
ਸਿਰੀ ਰਾਮ ਸੂਦ ਲਾਲ ਰਾਏ ਸਾਹਿਬ
ਸੀਤਲਵਾਦ ਚਮਨ ਲਾਲ ਹੀਰਾ ਲਾਲ
ਸਨਤਾਨਮ ਕੇ
ਸਪਰੂ ਤੇਜ ਬਹਾਦਰ
ਸਾਰਬੋਰਨ
ਸਟੋਕਸ ਐਚ. ਜੀ.
ਸਮਿਥ ਥਾਮਸ
ਸੁਲਤਾਨ ਅਹਿਮਦ ਖਾਂ ਸਰਦਾਰ
ਸਾਮਰਸਟ ਡੀਊਕ ਐਂਡ ਡੱਚਸ
ਸਪਰੂ ਬੀ. ਸੀ.
ਸਰਾਭਾ ਕਰਤਾਰ ਸਿੰਘ ਸ਼ਹੀਦ
ਸੁੰਦਰ ਸਿੰਘ ਮਜੀਠੀਆ
ਸੁੰਦਰ ਸਿੰਘ ਗੁੱਜਰ ਖਾਂ
ਸੇਵਕ ਰਾਮ ਰਾਏ ਬਹਾਦਰ
ਸਟੀਵਨਸਨ ਜੇ.
ਸੰਡਰ ਲੈਂਡ
ਸੋਹਣ ਲਾਲ ਬਖ਼ਸ਼ੀ ਰਾਏ ਬਹਾਦਰ

ਹ

ਹਾਸ਼ਮ
ਹਰੀ ਸਿੰਘ ਨਲਵਾ
ਹੰਸ ਰਾਜ
ਹਰਕਿਸ਼ਨ ਲਾਲ ਲਾਲਾ
ਹਸਨ ਅਮਾਮ
ਹੰਟਰ
ਹਡਸਨ ਹੈਵਲਾਕ ਲੈਂਫਟੀਨੈਂਟ ਜਨਰਲ
ਹੀਊਟ ਜੇ. ਪੀ.
ਹੇਅਰਵੁਡ, ਅਰਲ ਆਫ
ਹਿਕਸ ਡਬਲਯੂ ਜਾਇਨਸਨ
ਹੱਕ ਨਿਵਾਜ਼ ਖਾਂ ਮੀਆਂ
ਹਰਨਾਮ ਸਿੰਘ ਭਾਈ
ਹਰੀ ਚੰਦ ਰਾਏ ਬਹਾਦਰ
ਹੀਰਾ ਲਾਲ ਡਾਕਟਰ ਰਾਏ ਬਹਾਦਰ
ਹਰੀ ਰਾਮ ਮੁੰਜ਼ਗ
ਹੋਲੀ
ਹੈਰਿੰਗਟਨ ਸੀ. ਐਚ.
ਹਿਲਸੀਅਨ ਰਿਜਨਲਡ
ਹਰੀ ਸਿੰਘ ਮਾਸਟਰ
ਹਰ ਕੌਰ ਲੋਪੋਕੇ

ਕ

ਕਿਰਪਾ ਰਾਮ ਦੀਵਾਨ
ਕਿੰਗ ਸੀ. ਐਮ.
ਕਨਾਟ ਡੀਊਕ ਆਫ
ਕਰਮ ਸਿੰਘ ਲੈਸ ਨਾਇਕ
ਕੁੰਜ ਬਿਹਾਰੀ ਥਾਪਰ ਰਾਏ ਬਹਾਦਰ
ਕਿਚਲੂ ਸੈਫ ਦੀਨ ਡਾਕਟਰ
ਕਿਚਨ ਕਮਿਸ਼ਨਰ ਲਾਹੌਰ
ਕਲਾਰਕ ਐਫ. ਏ. ਐਸ. ਮੇਜਰ
ਕਾਲਵਿਨ ਈਅਨ
ਕਾਲੀ ਨਾਥ ਰਾਏ
ਕਾਰਬਰੀ ਮੇਜਰ
ਕਾਰਸਨ ਐਡਵਰਡ
ਕਰਮ ਇਲਾਹੀ ਚੌਧਰੀ
ਕਰਤਾਰ ਸਿੰਘ ਕੁਰਦੇਂਦਾ ਡਾਕਟਰ
ਕਰਿਸ਼ਨ ਕਿਸ਼ੋਰ ਦਿਵਾਨ
ਕਰਮ ਚੰਦ ਪੁਰੀ
ਕਾਂਸ਼ੀ ਰਾਮ ਰਾਏ ਸਾਹਿਬ
ਕੰਵਰ ਸੈਨ
ਕੋਬ ਜਨਰਲ
ਕਲਾਰਕ ਟੀ. ਈ.
ਕਰੀਡੀ ਐਚ. ਜੀ.
ਕਰਜ਼ਨ ਲਾਰਡ



Sri Satguru Jagjit Singh Ji eLibrary NamdhariElibrary@gmail.com

ਗ

ਗੁਲਮੁਹੰਮਦ ਖ਼ੁਆਜਾ
ਗੋਰਡਨ
ਗੱਜਣ ਸਿੰਘ ਨਾਰੰਗਵਾਲ
ਗੋਪਾਲ ਸਿੰਘ ਭਾਗੋਵਾਲ
ਗਾਂਧੀ ਮੋਹਣਦਾਸ ਕਰਮਚੰਦ ਮਹਾਤਮਾ
ਗਰੇਸੀ
ਗੁਰਦਿਆਲ ਸਿੰਘ ਸਾਲਾਰੀਆ
ਗੋਪੀ ਨਾਥ
ਗੁਰਬਖਸ਼ ਰਾਏ
ਗੁਲ ਮੁਹੰਮਦ ਸੇਠ
ਗੇਟ ਐਡਵਰਡ ਸਰ
ਗੁਰਬਖਸ਼ ਸਿੰਘ ਗਿਆਨੀ
ਗੁਰਬਚਨ ਸਿੰਘ ਗਰੰਥੀ ਭਾਈ
ਗੁਲਜ਼ਾਰ ਸਿੰਘ
ਗੁਰਦਿਤ ਸਿੰਘ ਭਾਈ
ਗੋਪਾਲ ਸਿੰਘ ਕੈਪਟਨ
ਗੰਗਾ ਰਾਮ ਸਰ ਰਾਏ ਬਹਾਦਰ
ਗਿਰਧਾਰੀ ਲਾਲ ਰਾਏ ਬਹਾਦਰ
ਗੋਪਾਲ ਦਾਸ ਭੰਡਾਰੀ ਰਾਏ ਬਹਾਦਰ
ਗਵਾਇਨ ਐਚ. ਏ.

ਘ

ਘਨਈਆ ਲਾਲ ਵਕੀਲ

ਚ

ਚੈਮਿਸਫੋਰਡ ਲਾਰਡ
ਚਕਰਵਰਤੀ ਬ.
ਚੰਦਾ ਕਾਮਨੀ ਕੁਮਾਰ
ਚਤਰ ਸਿੰਘ ਅਟਾਰੀ ਵਾਲਾ
ਚਰਚਲ ਵਿਨਸਟਨ
ਚੁਨੀ ਲਾਲ ਰਾਏ ਬਹਾਦਰ

ਛ

ਛੋਟੂ ਰਾਮ ਚੌਧਰੀ

ਜ

ਜਮਾਲ ਖਾਂ ਲਗਾਰੀ
ਜੈ ਸਿੰਘ ਰਸਾਲਦਾਰ
ਜੈਕਬ
ਜਾਹਨਸਨ ਫਰੈਂਕ
ਜੋਜ਼ਿਫ ਬਾਪਟਿਸਟਾ
ਜਿਨਾਹ ਮੁਹੰਮਦ ਅਲੀ
ਜਗਤ ਨਾਰਾਇਣ ਪੰਡਤ
ਜਾਇਕਰ ਐਮ. ਆਰ.
ਜੈ ਸਿੰਘ ਪਲੀਡਰ
ਜਗਬੀਰ ਸਿੰਘ ਸਰਦਾਰ
ਜੋਗਿੰਦਰ ਸਿੰਘ ਏਰੂ ਸਰ
ਜਾਨ ਆਸਟਨ
ਜਾਰਜ ਪੰਜਵਾਂ ਬਾਦਸ਼ਾਹ

ਝ

ਝੰਡਾ ਸਿੰਘ ਮਲਵਈ

ਟ

ਟਾਲਬਟ ਐ. ਮੇਜਰ ਜਨਰਲ
ਟੈਗੋਰ ਰਬਿੰਦਰ ਨਾਥ

ਠ

ਠਾਕਰ ਸਿੰਘ
ਠਾਕਰ ਸਿੰਘ ਸੂਬੇਦਾਰ ਮੇਜਰ

ਡ

ਡਲਹੌਜ਼ੀ ਲਾਰਡ
ਡਾਇਰ ਆਰ. ਈ. ਐਚ. ਜਨਰਲ
ਡਡਕਿਨਜ਼ ਲੈਫਟੀਨੈਂਟ ਕਰਨਲ
ਡੇਵਿਸ ਸਾਰਜੰਟ




Sri Satguru Jagjit Singh Ji eLibrary NamdhariElibrary@gmail.com

ਡਾਵਟਨ ਕੈਪਟਨ
ਡੇਨ ਲੂਈ ਸਰ
ਡੂ ਕੇਨ ਜੇ. ਪੀ.

ਤ

ਤੇਜਾ ਸਿੰਘ ਰਾਜਾ
ਤਰਲੋਚਨ ਸਿੰਘ
ਤਾਰਾ ਸਿੰਘ ਜਮਾਦਾਰ
ਤੇਜਾ ਸਿੰਘ
ਤਿਲਕ ਬਾਲ ਗੰਗਾਧਰ
ਤਈਅਬ ਜੀ ਅੱਬਾਸ
ਤਾਲਸਤਾਏ ਲੀਓ
ਤਖ਼ਤ ਸਿੰਘ ਭਾਈ
ਤਿਲੋਕ ਸਿੰਘ ਲਾਲਾ

ਥ

ਥਾਮਸਨ ਜੇ. ਵੀ.
ਥਾਮਪਸਨ ਜੇ. ਪੀ.
ਥਾਮਸਨ ਸੀ. ਪੀ.

ਦ

ਦੱਤ ਰਮੇਸ਼ ਚੰਦਰ
ਦਲੀਪ ਸਿੰਘ ਠੇਕਰਵਾਲ
ਦਲਜੀਤ ਸਿੰਘ ਰਾਜਾ
ਦੀਨਾ ਨਾਥ
ਦੁਰਗਾ ਦਾਸ
ਦਾਰ ਸਿੰਘ
ਦੁਨੀ ਚੰਦ ਲਾਲਾ
ਦਾਸ ਸੀ. ਆਰ.
ਦੌਲਤ ਰਾਏ ਦੀਵਾਨ ਦੀਵਾਨ ਬਹਾਦਰ
ਦੇਵੀ ਦਿੱਤਾ ਮੱਲ

ਨ

ਨਵਾਜ਼ਿਸ਼ ਅਲੀ ਖਾਂ ਸਰ
ਨਾਦਰ ਹੁਸੈਨ ਸ਼ਾਹ ਸਈਅਦ ਭਲਵਾਲ
ਨਵਾਬਦੀਨ
ਨਾਇਰ ਸੰਕਰਨ ਸਰ
ਨਹਿਰੂ ਮੋਤੀ ਲਾਲ
ਨਹਿਰੂ ਜਵਾਹਰ ਲਾਲ
ਨੇਲੀ ਬੈਂਜਮਨ ਮਿਸ
ਨਰਾਇਣ ਸਿੰਘ ਮਹੰਤ
ਨਸੀਰੁਦੀਨ ਸ਼ੇਖ ਖ਼ਾਨ ਬਹਾਦਰ
ਨਰੰਜਣ ਦਾਸ ਰਾਏ ਬਹਾਦੁਰ
ਨਰਸਿੰਘ ਦਾਸ

ਪ

ਪਟੇਲ ਵੀ. ਕੇ.
ਪਾਮਰ ਚਾਰਲਸ
ਪਲੂਮਰ D.S.P.
ਪ੍ਰਤਾਪ ਸਿੰਘ ਭਾਈ
ਪ੍ਰਤਾਪ ਸਿੰਘ ਸਿਪਾਹੀ

ਫ

ਫਤਿਹ ਖਾਂ ਮਲਿਕ
ਫਿਨਲੇ ਵਿਸਕੌਂਰ
ਫ਼ਜ਼ਲ ਅਲੀ ਖਾਂ ਚੌਧਰੀ ਖਾਨ ਬਹਾਦਰ
ਫਿਸ਼ਰ ਐਚ. ਏ. ਐਲ
ਫਲੋਡਰੀਓ ਕੈਪਟਨ
ਫਤਿਹ ਸਿੰਘ ਰਾਜਾ
ਫਤਿਹ ਅਲੀ ਕਜ਼ਲਬਾਸ਼ ਨਵਾਬ
ਫ਼ਰੇਂਚ ਐਲੀ
ਫੀਰੋਜ਼ਦੀਨ ਮੀਆਂ

ਬ

ਬਖਸ਼ੀਸ਼ ਸਿੰਘ ਸੰਧਾਵਾਲੀਆ
ਬੂਟਾ ਸਿੰਘ ਸਰਦਾਰ ਬਹਾਦਰ




Sri Satguru Jagjit Singh Ji eLibrary NamdhariElibrary@gmail.com

ਬੈਨਰਜੀ ਸੁਰਿੰਦਰ ਨਾਥ
ਬਕ ਕਰਨਲ
ਬੀਰ ਸਿੰਘ ਸੂਬੇਦਾਰ
ਬੂੜ ਸਿੰਘ ਰਸਾਲਦਾਰ
ਬਸ਼ੀਰ ਡਾਕਟਰ
ਬਰਿਗਜ਼ ਐਫ. ਸੀ. ਕੈਪਟਨ
ਬੱਗਾ
ਬਰਿਜ ਲਾਲ
ਬਟਲਰ ਹਰਬਰਟਨ
ਬੈਰੋ ਜਾਰਜ ਸਰ ਮੇਜਰ ਜਨਰਲ
ਬਸ਼ੀਰ ਅਲੀ ਖ਼ਾਂ
ਬਸ਼ੀਰ ਸਿੰਘ ਚੋਧਰੀ
ਬਸੰਤ ਸਿੰਘ ਸ.ਸ.ਸ.
ਬਿਸ਼ਨ ਦਾਸ ਰਾਏ ਬਹਾਦਰ
ਬਿਕਰਮ ਸਿੰਘ ਸਰਦਾਰ
ਬਰਕਨੈਹਡ ਲਾਰਡ
ਬਾਲ ਕਿਸ਼ਨ ਰਾਏ ਬਹਾਦਰ
ਬੁਲਾਕੀ ਦਾਸ ਸੇਠ
ਬੈਡਫੋਰਡ ਡੀਊਕ ਆਫ
ਬਿਲਗਾ ਭਗਤ ਸਿੰਘ
ਬੋਨਾਰ ਲਾ
ਬੇਨਨ ਵਿਲੀਅਮ ਸਰ
ਬਹਿਰਾਮ ਖਾਂ ਨਵਾਬ ਮਜ਼ਾਰੀ
ਬੇਸੈਂਟ ਐਨੀ ਮਿਸਿਜ਼

ਭ

ਭਗਵਾਨ ਸਿੰਘ ਡਾਕਟਰ
ਭਗਤ ਰਾਮ ਰਾਏਜ਼ਾਦਾ

ਮ

ਮੁਹਕਮ ਚੰਦ ਦੀਵਾਨ
ਮੁਹੰਮਦ ਯਾਰ ਖਾਂ
ਮੁਹੰਮਦ ਅਮੀਨ ਖਾਂ ਮਲਿਕ
ਮਹਿਦੀ ਸ਼ਾਹ ਸਈਅਦ
ਮੈਸੀ ਕੈਪਟਨ
ਮਕਬੂਲ ਮਹਿਮੂਦ
ਮੈਕਡਾਨਲਡ ਮੇਜਰ
ਮਨੋਹਰ ਲਾਲ ਸਰ
ਮੁਹੰਮਦ ਰਮਜ਼ਾਨ
ਮੂਲ ਸਿੰਘ
ਮਾਰਸਡਨ ਐਸ.ਡੀ.ਓ.
ਮੋਨਜ਼
ਮਾਂਟੇਗੋ ਇਰਵਿਨ
ਮਜ਼ਹਰ ਅਲ ਹੱਕ
ਮਨਰੋ ਚਾਰਲਸ ਸਰ
ਮੈਕਲੇਸਨ
ਮਾਲਸਵਰਥ ਗਿਲਫੋਰਡ
ਮਕੈਨਜ਼ੀ ਲੇਡੀ
ਮਾਰਡਨ ਗਰਾਂਟ
ਮੁਹੰਮਦ ਖਾਂ ਮੀਰ ਖਾਨ ਬਹਾਦਰ
ਮਹਿਮੂਦ ਆਲਮ ਮੌਲਵੀ
ਮਹਿਤਾਬ ਸਿੰਘ ਸਰਦਾਰ ਬਹਾਦਰ
ਮਿਹਰ ਸਿੰਘ ਚਾਵਲਾ
ਮੋਹਣ ਲਾਲ ਰਾਏ ਬਹਾਦਰ
ਮੂਲ ਚੰਦ ਸਹਿਗਲ ਰਾਏ ਸਾਹਿਬ
ਮੂਲ ਰਾਜ ਰਾਏ ਬਹਾਦਰ
ਮਹਾਰਾਜ ਕਰਿਸ਼ਨ ਕੈਪਟਨ
ਮਨੋਹਰ ਲਾਲ ਭਾਈ
ਮੋਤੀ ਸਾਗਰ ਵਕੀਲ ਰਾਏ ਸਾਹਿਬ
ਮੁਕੰਦ ਲਾਲ ਪੁਰੀ
ਮਹਾਂ ਦੇਵਾ
ਮੁਹੰਮਦ ਖਾਂ ਫਾਰੂਕੀ ਸ਼ੇਖ਼
ਮਥਰਾ ਦਾਸ ਪੁਰੀ ਲਾਲਾ
ਮੁਹੰਮਦ ਫ਼ਜ਼ਲ ਦੀਨ
ਮੋਹਣ ਲਾਲ ਰਾਏ ਬਹਾਦਰ



Sri Satguru Jagjit Singh Ji eLibrary NamdhariElibrary@gmail.com

ਮੁਮਤਾਜ਼ ਅਲੀ ਸਈਅਦ
ਮਾਰਲੇ ਲਾਰਡ
ਮਿੰਟੋ ਲਾਰਡ
ਮੈਕਲੇਗਨ ਈ. ਡੀ.
ਮੈਕਡਾਨਾਫ ਜੀ. ਡਬਲਯੂ. ਡਬਲਯੂ.

ਯ
ਯੰਗ ਪੋਪਹਮ ਕਰਨਲ
ਯੂਸਫ਼ ਸ਼ਾਹ ਖ਼ੁਆਜਾ

ਰ
ਰਣਜੀਤ ਸਿੰਘ ਮਹਾਰਾਜਾ
ਰਾਮ ਸਿੰਘ ਨੂਰਪੁਰ
ਰਾਧਾ ਕਿਸ਼ਨ ਪੰਡਿਤ
ਰਾਮਸਰਨ ਦਾਸ ਰਾਏ ਬਹਾਦਰ
ਰੌਲਟ ਸਿਡਨੀ ਜਸਟਿਸ ਸਰ
ਰੀਹਲ ਐਸ. ਪੀ.
ਰੋਲੈਂਡ
ਰਾਬਿਨਸਨ
ਰਾਏ ਰਾਮ ਸਿੰਘ
ਰਾਟੀਕੀਨ ਹੈਨਰੀ ਸਰ
ਰਾਮ ਭਜ ਦੱਤ ਪੰਡਤ
ਰਾਏ ਜੇ. ਐਨ.
ਰਾਏ ਕਾਲੀ ਨਾਥ
ਰੈਂਕਿਨ ਜੀ. ਸੀ.
ਰਤਨ ਦੇਵੀ
ਰਿਆਜ਼ ਓਹੁਦੀਨ ਸ਼ੇਖ
ਰਾਜਿੰਦਰ ਸਿੰਘ ਸਰਦਾਰ ਬਹਾਦਰ
ਰਾਮ ਸਿੰਘ ਕਾਬਲੀ
ਰਘਬੀਰ ਸਿੰਘ ਮਹੰਤ
ਰਿਖੀ ਰਾਮ ਪੰਡਤ
ਰਾਲੀ

ਲ
ਲਾਰੰਸ ਹੈਨਰੀ
ਲਾਰੰਸ ਜਾਹਨ
ਲਾਜਪਤ ਰਾਏ ਲਾਲਾ
ਲਹਿਣਾ ਸਿੰਘ ਮਜੀਠੀਆ
ਲਾਲ ਚੰਦ ਚੌਧਰੀ ਰਾਏ ਬਹਾਦਰ
ਲਾਲ ਹਵਾਲਦਾਰ
ਲਛਮਣ ਸਿੰਘ ਸਰਦਾਰ ਬਹਾਦਰ
ਲਹਿਣਾ ਸਿੰਘ
ਲਾਇਡ ਜਾਰਜ
ਲਾਲ ਸਿੰਘ ਸੋਢੀ
ਲਾਊਂਡਸ ਜਾਰਜ ਸਰ

ਵ
ਵੀਹਲਰ ਜਨਰਲ
ਵੀਰ ਸਿੰਘ ਭਾਈ
ਵੇਦਨ ਪਰਿੰਸੀਪਲ
ਵਿਨਸੈਂਟ
ਵਾਲਟਰ ਗਰੈਗਰੀ
ਵਿਸਾਖਾ ਸਿੰਘ ਰਾਏ ਸਾਹਿਬ
ਵਿਨਸੈਂਟ ਵਿਲੀਅਮ ਸਰ
ਵਾਈਟ ਹੈਡ ਬਿਸ਼ਪ
ਵਿਲੀਅਮਸਨ ਏ.
ਵਿਲੇਰਾ ਡੀ.
ਵਿਲਸਨ ਹੈਨਰੀ ਸਰ

ਸ਼
ਸ਼ਾਹ ਜਹਾਨ
ਸ਼ਮਸ਼ੇਰ ਸਿੰਘ
ਸ਼ਮਸ਼ਾਦ ਖਾਂ ਨਾਇਕ
ਸ਼ਾਸ਼ਤਰੀ ਸ੍ਰੀ ਨਿਵਾਸ
ਸ਼ਾਹਦੀਨ ਮਲਿਕ ਖਾਨ ਬਹਾਦਰ



Sri Satguru Jagjit Singh Ji eLibrary NamdhariElibrary@gmail.com

ਸ਼ਾਦੀ ਲਾਲ ਜਸਟਿਸ ਸਰ
ਸ਼ਿਵ ਨਰਾਇਣ ਸਿੰਘ ਸਰਦਾਰ ਸਾਹਿਬ
ਸ਼ੇਰਵੁਡ ਮਰਸਿਲਾ ਮਿਸ
ਸ਼ਰਧਾ ਨੰਦ ਸੁਆਮੀ
ਸ਼ਫੀ ਮੁਹੰਮਦ ਮੀਆਂ ਖਾਨ ਬਹਾਦਰ ਸਰ
ਸ਼ਮਸ਼ ੳ ਦੀਨ ਹਾਜੀ
ਸ਼ਿਵ ਨਾਰਾਇਣ ਲਾਲਾ
ਸ਼ਿਵ ਨਾਰਾਇਣ ਪੰਡਿਤ
ਸ਼ਹਾਬਦੀਨ ਚੌਧਰੀ ਸਰ

ਗ਼

ਗ਼ੁਲਾਮ ਮੁਹੰਮਦ ਖਾਂ ਨਵਾਬ ਘੇਬਾ
ਗ਼ੁਲਾਮ ਜੈਲਾਨੀ
ਗ਼ੁਲਾਮ ਯਾਸੀਨ ਬਾਰ ਐਟ ਲਾ
ਗ਼ੁਲਾਮ ਸਾਦਿਕ ਸ਼ੇਖ

ਖ਼

ਖ਼ੁਦਾ ਬਖਸ਼ ਨਵਾਬ ਸਰ
ਖ਼ੁਸ਼ਹਾਲ ਸਿੰਘ ਜਮਾਂਦਾਰ
ਖ਼ੁਦਾਦਾਦ ਖਾਂ ਜਮਾਂਦਾਰ
ਖ਼ੈਰ ਦੀਨ
ਖ਼ਜਾਨ ਸਿੰਘ ਬੈਰਿਸਟਰ

ਜ਼

ਜ਼ੁਲਫਿਕਾਰ ਅਲੀ ਖਾਂ ਨਵਾਬ

ਫ਼

ਫ਼ੀਰੋਜਦੀਨ ਮੀਆਂ



Sri Satguru Jagjit Singh Ji eLibrary NamdhariElibrary@gmail.com

# BIBLIOGRAPHY


1. The Agrarian System of Mughal India. "Irfan Habib"
2. Punjab Peasent in Freedom Struggle. Master Hari Singh.
3. Punjab in Ferment. Sri Ram Sharma
4. Freedom Movement in Punjab 1905-1929. S. C. Mittal
5. The Awakening of India. Ramsay Mac Donald.
6. British Oppression in Punjab. B. G. Horniman.
7. ਅਕਾਲੀ ਮੋਰਚਿਆਂ ਦਾ ਇਤਿਹਾਸ : ਸੋਹਣ ਸਿੰਘ ਜੋਸ਼
8. ਬੱਬਰ ਅਕਾਲੀ ਲਹਿਰ : ਬਾਬਾ ਸੁੰਦਰ ਸਿੰਘ ਮਖਸੂਸਪੁਰੀ ।
9. Autobiography. J. L. Nehru
10. Agrarian Scene in British Punjab. Master Hari Singh.
11. The Wealth and Welfare of Punjab. H. C. Calvert.
12. Punjab Prosperity and Debtness. M. Darling.
13. Tilak and the Struggle for the Indian Freedom.
14. India Today. Rajni Palm Dutt.
15. The Economic History of India. Ramesh Chandar Dutt.
16. Advance History of Punjab. G. Chopra.
17. The Land of Five Rivers. H. Kennedy Trevaski.
18. Punjab and War. M. S. Leigh
19. India and First World War.
20. Hunter Committee Reports (Majority & Minority)
21. Evidences to Hunter Committee.
22. Collected Works M. K. Gandhi.
23. Proceedings of Indian Legislative Council.
24. Six Minutes to Sunset. Arthur Swinson.
25. Massacure of Amritsar. Rupert Furnehux
26. India's Freedom Movement. Sharma
27. Debates House of Commons
28. Debates House of Lords.
29. Mccarie by George Pollak.
30. India As I Know it. Sir Micheal Odwyer.
31. The Life of General Dyer. Ian Colvin.




Sri Satguru Jagjit Singh Ji eLibrary NamdhariElibrary@gmail.com

32. The Life of Sir Charles Monroe. George Barrow.
33. Gandhi and Anarchy. Sir Sankran Nair
34. History of Indian National Congress. Pattabi Sitaramays.
35. Report Congress Sub Committee
36. Proceedings of Amritsar Congress Dec. 1919.
37. The Agony of Punjab. Tagore & Co. Madras.
38. Punjab Administrative Reports.
39. The Sikhs of the Punjab. Perry R.E.
40. Report on Present Indebtness and Land Alienation. S. S. Thorburn.
41. Turmoil and Tragedy in India. Macnun Sir.
42. Report of Labour Party Conference 1920.
43. New Light on Disturbances of 1919. V. N. Dutta
44. Gandhi and Punjab. Malhotra.
45. Speeches and Writings of Lala Lajpat Rai.
46. Amritsar the Massacre that ended the Raj. Alfred.
47. Hardial. Dharmvir.
48. Punjab as a Sovereign State By Dr. G. L. Chopra
49. Development of Irrigation in Punjab. Sohan Lal
50. Punjab Banking Enquiry Committee Report.
51. ਗ਼ਦਰ ਪਾਰਟੀ ਦੇ ਅਣਫੋਲੇ ਵਰਕੇ : ਭਗਤ ਸਿੰਘ ਬਿਲਗਾ
52. ਕਿਰਤੀ ਪਾਰਟੀ ਦਾ ਇਤਿਹਾਸ : ਚੈਨ ਸਿੰਘ ਚੈਨ
53. ਜਲ੍ਹਿਆਂ ਵਾਲਾ ਬਾਗ : ਪੰਜਾਬ ਸਰਕਾਰ
54. ਪੰਜਾਬ ਕੀ ਸਿਆਸੀ ਤਹਿਰੀਕੇਂ (ਉਰਦੂ) : ਅਬਦੁਲਾ ਮਲਿਕ
55. An English Woman. Blackwood Magazine.
56. Field Marshal Sir H. Wilson "His Life & Diaries". Major General Sir CE Callwell.
57. World in Torment. Martin Gilbert.
58. Winston Churchil. Martin Gilbert. Vol IV P 401-411
59. Indian Diary. Edwin Montagu.

## NEWSPAPERS

1. The Times London
2. The Morning Post (The Telegraph) London.
3. The Southren Echo. Southampton.



Sri Satguru Jagjit Singh Ji eLibrary NamdhariElibrary@gmail.com

4. The Civil & Military Gazette Lahore.
5. The Times of India. Bombay.
6. The Pioneer Lucknow.
7. The Tribune Lahore.
8. The Zimindar. (Urdu) Lahore.
9. The Daily Express London.
10. The Daily Mirror London.

## LIBRARIES

1. School Of Asian African Studies. University of London.
2. Kensington and Chelsea Library. (Biographies)
3. Southall Library. (General Books)
4. Aldershot County Library. (Biographies)
5. British Newspaper Library. (British Museum)
6. India Office & Records Library (Records)
7. Central Reference Library London W.C. (Hansards)
8. Southampton City Library (Blackwood Magazine)
9. Imperial War Museum Library (First World War)
10. Library, University of Manitoba. Canada
    (Punjab Formation of Legislative Council)

Sri Satguru Jagjit Singh Ji eLibrary NamdhariElibrary@gmail.com

੧੪੯੮ ਸਮਾਗ ਅੱਕਰ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com